ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 10 | Issue 32 | 19 August 2020 to 25 August 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

➢ ਅੰਦਰ ਪੜ੍ਹੋ

10 ਖ਼ਬਰਸਾਰ
ਕੌਮੀ ਸੁਰੱਖਿਆ ਲਈ ਖ਼ਤਰਾ ਬਣ ਸਕਦੀ ਹੈ ਐੱਸ.ਵਾਈ.ਐਲ.


13 ਰਾਜਨੀਤੀ
ਮੋਦੀ ਦੀ ਰਾਜਨੀਤੀ ਦਾ ਬਦਲ ਕਾਂਗਰਸ ਜਾਂ ਵਿਰੋਧੀ ਪਾਰਟੀਆਂ ਕੋਲ ਨਹੀਂ


16 ਵਿਸ਼ੇਸ਼ ਰਿਪੋਰਟ
ਸਿੱਖ ਪੱਤਰਕਾਰ ਨੇ ਮੁਸਲਮਾਨ ਪੱਤਰਕਾਰ ਨੂੰ ਮਨੂਵਾਦੀ ਭੀੜ ਤੋਂ ਬਚਾਇਆ


# ਕਮਲਾ ਹੈਰਿਸ ਬਾਰੇ ਟਰੰਪ ਨੇ ਵਿਵਾਦ ਛੇੜਿਆ

## ਕਮਲਾ ਹੈਰਿਸ ਬੇਸ਼ੱਕ ਭਾਰਤੀ ਮੂਲ ਦੀ ਹੈ ਪਰ ਭਾਰਤ ਸਰਕਾਰ ਦੀਆਂ ਨੀਤੀਆਂ ਤੇ ਕਸ਼ਮੀਰ ਨੂੰ ਲੈਕੇ ਉਸ ਦੀ ਭੂਮਿਕਾ ਆਲੋਚਕਾਂ ਵਾਲੀ ਰਹੀ

**ਨਿਊਯਾਰਕ/ਏ.ਟੀ.ਨਿਊਜ਼:** 55 ਸਾਲਾ ਅਮਰੀਕੀ ਕਮਲਾ ਹੈਰਿਸ ਦਾ ਨਾਂਅ ਇਕ ਦਿਨ ਵਿਚ ਹੀ ਦੁਨੀਆ ਭਰ ਵਿਚ ਛਾ ਗਿਆ ਹੈ। ਸੈਂਕੜੇ ਵਰਿਆਂ ਤੋਂ ਹਰ ਚਾਰ ਸਾਲ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਦੀ ਚਰਚਾ ਅਤੇ ਨਤੀਜਾ ਇਕ ਬਹੁਤ ਵੱਡੀ ਕੌਮਾਂਤਰੀ ਘਟਨਾ ਹੁੰਦੀ ਹੈ। ਇਸ ਵਾਰ ਇਹ ਚੋਣ ਨਵੰਬਰ ਦੇ ਮਹੀਨੇ ਵਿਚ ਹੋਣ ਜਾ ਰਹੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਵੀ ਕਿਸੇ ਨਾ ਕਿਸੇ ਕਾਰਨ ਕਰਕੇ ਦੁਨੀਆ ਭਰ ਦੇ ਦੇਸ਼ਾਂ ਦੀਆਂ ਨਜ਼ਰਾਂ ਰਹੀਆਂ ਹਨ। ਵੱਡੀ ਚਰਚਾ ਦੇ ਨਾਲ-ਨਾਲ ਉਨਾਂ ਦੀ ਆਲੋਚਨਾ ਵੀ ਹੁੰਦੀ ਰਹੀ ਹੈ। ਅਮਰੀਕਾ ਕੋਰੋਨਾ ਮਹਾਂਮਾਰੀ ਦਾ ਵੀ ਵੱਡਾ ਸ਼ਿਕਾਰ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਇਕ ਕਾਲੇ ਜਾਰਜ ਫਲਾਇਡ ਦੇ ਇਕ ਪੁਲਿਸ ਜਾਰੀ ਹੱਥੋਂ ਮਾਰੇ ਜਾਣ ਨਾਲ ਦੇਸ਼ ਭਰ ਵਿਚ ਵੱਡਾ ਨਸਲੀ ਵਿਵਾਦ ਛਿੜਿਆ ਸੀ। ਅਮਰੀਕਾ ਨਸਲਵਾਦ ਦਾ ਹਮੇਸ਼ਾ ਸ਼ਿਕਾਰ ਰਿਹਾ ਹੈ। ਹਾਲਾਂਕਿ ਬਰਾਕ ਓਬਾਮਾ ਦੇ ਰਾਸ਼ਟਰਪਤੀ ਬਣਨ ਨਾਲ ਅਤੇ 8 ਸਾਲ ਤੱਕ ਉਸ ਵਲੋਂ ਦਿਖਾਈ ਚੰਗੀ ਕਾਰਗੁਜ਼ਾਰੀ ਕਰਕੇ ਇਹ ਭੇਦ ਕਾਫੀ ਘਟਿਆ ਜਾਪਦਾ ਸੀ ਪਰ ਜਾਰਜ ਫਲਾਇਡ ਦੀ ਘਟਨਾ ਨੇ ਇਕ ਵਾਰ ਫਿਰ ਇਸ ਨੂੰ ਚਰਚਾ ਵਿਚ ਲੈ ਆਉਂਦਾ। ਜਿਥੇ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿਚ ਇਸ ਅਹੁਦੇ ਦੇ ਉਮੀਦਵਾਰਾਂ ਦੀ ਵੱਡੀ ਚਰਚਾ ਹੁੰਦੀ ਰਹਿੰਦੀ ਹੈ, ਉਥੇ ਮੁਕਾਬਲਤਨ ਉਪ-ਰਾਸ਼ਟਰਪਤੀ ਦੇ ਨਾਂਅ ਤੇ ਚੋਣ ਵਿਚ ਬਹੁਤਾ ਉਭਾਰ ਨਹੀਂ ਦੇਖਿਆ ਜਾਂਦਾ ਪਰ ਕਮਲਾ ਹੈਰਿਸ ਦੇ ਨਾਮ ਦੇ



ਉੱਭਰਨ ਸੰਬੰਧੀ ਕਈ ਕਾਰਨ ਹਨ। ਪਿਛਲੇ ਮਹੀਨਿਆਂ ਵਿਚ ਬਣੇ ਰੰਗ-ਭੇਦ ਦੇ ਮਾਹੌਲ ਵਿਚ ਡੈਮੋਕ੍ਰੈਟਿਕ ਪਾਰਟੀ ਵਲੋਂ ਕਿਸੇ ਕਾਲੀ ਔਰਤ ਦਾ ਉਪ-ਰਾਸ਼ਟਰਪਤੀ ਦੇ ਅਹੁਦੇ ਲਈ ਐਲਾਨ ਹੈਰਾਨੀਜਨਕ ਜ਼ਰੂਰ ਹੈ। ਕਮਲਾ ਏਸ਼ੀਆਈ ਅਮਰੀਕੀ ਹੈ, ਕਿਉਂਕਿ ਉਸ ਦੀ ਮਾਂ ਸ਼ਿਆਮਲਾ ਗੋਪਾਲਨ ਭਾਰਤ ਦੇ ਤਾਮਿਲਨਾਡੂ ਵਿਚ ਪੈਦਾ ਹੋਈ ਸੀ। ਸ਼ਿਆਮਲਾ 1960ਵਿਆਂ ਵਿਚ ਕੈਂਸਰ ਦੀ ਖੋਜ ਦੀ ਵਿਦਿਆਰਥਣ ਬਣ ਕੇ ਅਮਰੀਕਾ ਗਈ ਸੀ। ਉਥੇ ਉਸ ਨੇ ਜਮਾਇਕਾ ਦੇ ਪ੍ਰੋਫੈਸਰ ਡੋਨਲਡ ਹੈਰਿਸ ਨਾਲ ਵਿਆਹ ਕਰ ਲਿਆ ਸੀ। ਕਮਲਾ ਹੈਰਿਸ ਉਨਾਂ ਦੀ ਪੁੱਤਰੀ ਹੈ। ਚਾਹੇ ਉਹ ਅਮਰੀਕਾ ਵਿਚ ਹੀ ਪੈਦਾ ਹੋਈ ਸੀ ਪਰ ਬਚਪਨ ਵਿਚ ਉਹ ਚੇਨੱਈ ਆਪਣੇ ਨਾਨਾ ਤੇ ਨਾਨੀ ਕੋਲ ਅਕਸਰ ਆਉਂਦੀ ਰਹਿੰਦੀ ਸੀ। ਉਸ 'ਤੇ ਆਪਣੇ ਨਾਨੇ ਦਾ ਵੱਡਾ ਪ੍ਰਭਾਵ ਸੀ। ਅਮਰੀਕਾ ਵਿਚ ਆਪਣੇ ਵਿਦਿਆਰਥੀ ਜੀਵਨ ਤੋਂ ਬਾਅਦ ਉਸ ਨੇ ਸਖ਼ਤ ਮਿਹਨਤ ਨਾਲ ਬੇਹੱਦ ਤਰੱਕੀ ਕੀਤੀ। ਪਹਿਲਾਂ ਉਹ ਕੈਲੀਫੋਰਨੀਆ ਦੇ ਸਾਨਫਰਾਂਸਿਸਕੋ ਵਿਚ ਜ਼ਿਲਾ ਅਟਾਰਨੀ ਬਣੀ। ਫਿਰ ਅਟਾਰਨੀ ਜਨਰਲ ਬਣੀ ਤੇ ਉਸ ਤੋਂ ਬਾਅਦ ਸਾਲ 2017 ਵਿਚ ਉਹ ਕੈਲੀਫੋਰਨੀਆ ਤੋਂ ਸੈਨੇਟ ਲਈ ਚੁਣੀ ਗਈ। ਉਸ ਨੇ ਸਿਆਸੀ ਜੀਵਨ ਵਿਚ ਪੈਰ ਧਰਨ ਤੋਂ ਬਾਅਦ ਪਿਛਾਂਹ ਮੁੜ ਕੇ ਨਹੀਂ ਦੇਖਿਆ। ਰਾਸ਼ਟਰਪਤੀ ਦੇ ਅਹੁਦੇ ਦੀਆਂ ਚੋਣਾਂ ਤੋਂ ਪਹਿਲਾਂ ਹੇਠਲੀ ਪੱਧਰ 'ਤੇ ਹੁੰਦੀਆਂ ਚੋਣਾਂ ਵਿਚ ਉਹ ਡੈਮੋਕ੍ਰੈਟਿਕ ਵਲੋਂ ਹੀ ਰਾਸ਼ਟਰਪਤੀ ਦੇ ਉਮੀਦਵਾਰ ਦੇ ਤੌਰ 'ਤੇ ਦਾਖ਼ਲ ਹੋਈ ਸੀ ਪਰ ਪਿਛਲੇ ਦਸੰਬਰ ਵਿਚ ਉਹ ਇਸ ਦੌੜ ਵਿਚ ਪਿੱਛੇ ਰਹਿ ਗਈ ਸੀ। ਹੁਣ ਜਦੋਂ ਕਿ ਜੋਏ ਬਿਡੇਨ ਇਸ ਪਾਰਟੀ ਵਲੋਂ ਰਾਸ਼ਟਰਪਤੀ ਦਾ ਉਮੀਦਵਾਰ ਚੁਣਿਆ ਗਿਆ ਹੈ ਤਾਂ ਸੰਭਾਵੀ ਉਪ-ਰਾਸ਼ਟਰਪਤੀ ਲਈ ਕਮਲਾ ਦੇ ਚੁਣੇ ਜਾਣ ਨੇ ਅਮਰੀਕਾ ਦੀ ਸਿਆਸਤ ਨੂੰ ਇਕ ਨਵਾਂ ਮੋੜ ਜ਼ਰੂਰ ਦਿੱਤਾ ਹੈ, ਜੋ ਇਥੋਂ ਦੀ ਭਵਿੱਖ ਦੀ ਸਿਆਸਤ ਵਿਚ ਵੱਡਾ ਪ੍ਰਭਾਵ ਪਾਏਗਾ।

**ਟਰੰਪ ਨੇ ਵਿਵਾਦ ਛੇੜਿਆ**

ਅਮਰੀਕਾ ਵਿੱਚ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ 'ਜਨਮ ਦੇ ਮੂਲ ਸਥਾਨ' ਬਾਰੇ 'ਸਾਜ਼ਿਸ਼ੀ' ਵਿਵਾਦ ਵਿੱਚ ਘਿਰ ਗਈ ਹੈ। ਟਰੰਪ ਨੇ ਕਿਹਾ ਕਿ ਉਸ ਨੇ ਸੁਣਿਆ ਹੈ ਹੈਰਿਸ ਵਾਈਟ ਹਾਊਸ ਵਿੱਚ ਸੇਵਾਵਾਂ ਨਿਭਾਉਣ ਦੀਆਂ ਯੋਗਤਾਵਾਂ ਨੂੰ ਪੂਰਾ ਨਹੀਂ ਕਰਦੀ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਬਾਰੇ ਵੀ ਇਸੇ ਤਰਾਂ ਦੇ ਵਿਵਾਦ ਪੈਦਾ ਹੋਏ ਸਨ ਜਦੋਂ ਉਨਾਂ ਦੇ ਵਿਰੋਧੀਆਂ ਨੇ ਉਨਾਂ ਦੇ ਜਨਮ ਸਥਾਨ ਬਾਰੇ ਸਵਾਲ ਕੀਤੇ ਸਨ। ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਲਈ ਡੈਮੋਕਰੇਟਿਕ ਪਾਰਟੀ ਦੇ ਰਾਸ਼ਟਰਪਤੀ ਲਈ ਉਮੀਦਵਾਰ ਜੋਏ ਬਿਡੇਨ ਤੇ ਹੈਰਿਸ (55) ਨੂੰ ਉਪ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਚੁਣਿਆ ਹੈ। ਬਿਡੇਨ ਨੇ ਇਨਾਂ ਗੱਲਾਂ ਨੂੰ ਨਸਲੀ ਕਰਾਰ ਦਿੱਤਾ ਹੈ।

**ਕਸ਼ਮੀਰ 'ਤੇ ਕਮਲਾ ਹੈਰਿਸ ਦਾ ਰੁਖ਼**

ਕਮਲਾ ਹੈਰਿਸ ਬੇਸ਼ੱਕ ਭਾਰਤੀ ਮੂਲ ਦੀ ਹੈ ਪਰ ਭਾਰਤ ਸਰਕਾਰ ਦੀਆਂ ਨੀਤੀਆਂ ਨੂੰ ਲੈਕੇ ਹੈਰਿਸ ਹਮੇਸ਼ਾਂ ਆਲੋਚਕਾਂ ਦੀ ਭੂਮਿਕਾ ਵਿਚ ਰਹੀ ਹੈ। ਕਮਲਾ ਹੈਰਿਸ ਨੇ ਕਸ਼ਮੀਰ ਮੁੱਦੇ ਤੋਂ ਲੈਕੇ ਨਾਗਰਿਕਤਾ ਸੋਧ ਕਾਨੂੰਨ 'ਤੇ ਵੀ ਭਾਰਤ ਸਰਕਾਰ ਦੀ ਆਲੋਚਨਾ ਕੀਤੀ ਸੀ। ਕਸ਼ਮੀਰ ਵਿਵਾਦ 'ਤੇ ਉਨਾਂ ਕਿਹਾ ਸੀ ਕਿ ਸਾਨੂੰ ਕਸ਼ਮੀਰੀਆਂ ਨੂੰ ਯਾਦ ਦਿਵਾਉਣਾ ਹੋਵੇਗਾ ਕਿ ਉਹ ਦੁਨੀਆਂ ਵਿਚ ਇਕੱਲੇ ਨਹੀਂ ਹਨ। ਅਸੀਂ ਉਨਾਂ ਦੇ ਹਾਲਾਤ 'ਤੇ ਨਜ਼ਰ ਰੱਖੀ ਹੋਈ ਹੈ। ਕਮਲਾ ਨੇ ਕਿਹਾ ਸੀ ਕਿ ਅਜ਼ਾਦੀ ਤੇ ਮਨੁੱਖੀ ਅਧਿਕਾਰ ਸਾਡੇ ਨੈਤਿਕ ਮੁੱਲਾਂ ਦਾ ਹਿੱਸਾ ਹੈ ਕਿ ਅਸੀਂ ਬੋਲੀਏ ਮਨੁੱਖੀ ਅਧਿਕਾਰ ਦੇ ਮਸਲੇ ਵਿਚ ਬੋਲੀਏ ਤੇ ਲੋੜ ਪੈਣ 'ਤੇ ਦਖ਼ਲ ਦੇਈਏ।

ਦੂਜੇ ਪਾਸੇ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਉਮੀਦਵਾਰ ਜੋ ਬਿਡੇਨ ਨੇ ਕਿਹਾ ਹੈ ਕਿ ਭਾਰਤ ਆਪਣੇ ਹੀ ਖੇਤਰ ਅਤੇ ਸਰਹੱਦਾਂ 'ਤੇ ਖ਼ਤਰਿਆਂ ਦਾ ਸਾਹਮਣਾ ਕਰ ਰਿਹਾ ਹੈ। ਜੇਕਰ ਉਹ ਰਾਸ਼ਟਰਪਤੀ ਬਣੇ ਤਾਂ ਉਨਾਂ ਦਾ ਪ੍ਰਸ਼ਾਸਨ ਖ਼ਤਰਿਆਂ ਨਾਲ ਨਿਪਟਣ ਵਿਚ ਹਮੇਸ਼ਾ ਭਾਰਤ ਨਾਲ ਖੜਾ ਰਹੇਗਾ।

# ਭਾਜਪਾ 'ਤੇ ਫੇਸਬੁੱਕ ਦੀ ਮਿਹਰਬਾਨੀ ਵਿਚਲੀ ਤੰਦ ਕੌਣ ਹੈ ?

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪਿਛਲੇ ਦਿਨੀਂ ਅਮਰੀਕਾ ਦੇ ਨਾਮੀ ਅਖ਼ਬਾਰ ਵੌਲ ਸਟ੍ਰੀਟ ਜਨਰਲ ਵਿਚ ਫੇਸਬੁੱਕ ਵੱਲੋਂ ਭਾਜਪਾ ਨੂੰ ਮਿੱਥ ਕੇ ਲਾਭ ਪਹੁੰਚਾਉਣ ਦੀ ਰਿਪੋਰਟ ਜਨਤਕ ਹੋਣ ਨਾਲ ਭਾਰਤ ਦੀ ਸਿਆਸਤ ਵਿਚ ਹਲਚਲ ਪੈਦਾ ਹੋ ਗਈ ਹੈ। ਜ਼ਿਕਰਯੋਗ ਹੈ ਕਿ ਫੇਸਬੁੱਕ ਭਾਰਤ ਵਿਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਸੋਸ਼ਲ ਮੀਡੀਆ ਐਪ ਹੈ ਜੋ ਲੋਕਾਂ ਦੇ ਵਿਚਾਰਾਂ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀ ਹੈ।

**ਕੀ ਕਹਿੰਦੀ ਹੈ ਵੌਲ ਸਟ੍ਰੀਟ ਜਨਰਲ ਦੀ ਰਿਪੋਰਟ**

ਵੌਲ ਸਟ੍ਰੀਟ ਜਨਰਲ ਨੇ ਹਾਲ ਵਿੱਚ ਹੀ ਇੱਕ ਲੇਖ ਪ੍ਰਕਾਸ਼ਿਤ ਕੀਤਾ ਜਿਸ ਦਾ ਸਿਰਲੇਖ ਸੀ, "ਫੇਸਬੁੱਕ ਹੇਟ-ਸਪੀਚ ਰੂਲਜ਼ ਕੋਲਾਈਡ ਵਿਦ ਇੰਡੀਅਨ ਪੌਲੀਟਿਕਸ"।

ਇਸ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਫੇਸਬੁੱਕ ਭਾਜਪਾ ਦੇ ਹਿੰਦੁਤਵੀ ਆਗੂਆਂ ਵੱਲੋਂ ਮੁਸਲਿਮ ਭਾਈਚਾਰੇ ਖ਼ਿਲਾਫ਼ ਸਾਂਝੀਆਂ ਕੀਤੀਆਂ ਜਾਂਦੀਆਂ ਨਫ਼ਰਤੀ ਪੋਸਟਾਂ ਪ੍ਰਤੀ



ਢਿੱਲ ਵਰਤਦੀ ਹੈ ਅਤੇ ਆਪਣੀ ਆਮ ਨੀਤੀ ਵਾਂਗ ਇਹਨਾਂ 'ਤੇ ਪਾਬੰਦੀ ਨਹੀਂ ਲਾਉਂਦੀ। ਰਿਪੋਰਟ ਵਿੱਚ ਭਾਜਪਾ ਆਗੂ ਟੀ ਰਾਜਾ ਸਿੰਘ ਦੀ ਇੱਕ ਪੋਸਟ ਦਾ ਹਵਾਲਾ ਦਿੱਤਾ ਗਿਆ ਸੀ ਜਿਸ ਵਿੱਚ ਕਥਿਤ ਤੌਰ 'ਤੇ ਘੱਟ ਗਿਣਤੀਆਂ ਦੇ ਖ਼ਿਲਾਫ਼ ਹਿੰਸਾ ਦੀ ਵਕਾਲਤ ਕੀਤੀ ਗਈ ਸੀ। ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਭਾਜਪਾ ਪ੍ਰਤੀ ਨਰਮੀ ਵਰਤਣ ਪਿੱਛੇ ਸਭ ਤੋਂ ਵੱਡਾ ਹੱਥ ਭਾਰਤ ਵਿਚ ਫੇਸਬੁੱਕ ਦੀ ਉੱਚ ਅਧਿਕਾਰੀ ਅਨਖੀ ਦਾਸ ਦਾ ਹੈ।

**ਅਨਖੀ ਦਾਸ ਦੀ ਭੈਣ ਰਸ਼ਮੀ ਦਾਸ ਦੇ ਆਰ.ਐੱਸ.ਐੱਸ ਨਾਲ ਸਬੰਧ**

ਵੌਲ ਸਟ੍ਰੀਟ ਦੀ ਰਿਪੋਰਟ ਅਨੁਸਾਰ, ਫੇਸਬੁੱਕ ਇੰਡੀਆ ਦੀ ਪਬਲਿਕ ਪਾਲਿਸੀ ਡਾਇਰੈਕਟਰ ਅਨਖੀ ਦਾਸ ਨੇ ਸਟਾਫ਼ ਨੂੰ ਕਿਹਾ ਕਿ ਭਾਜਪਾ ਆਗੂਆਂ ਦੀ ਪੋਸਟ 'ਤੇ ਕਾਰਵਾਈ ਕਰਨ ਨਾਲ ਦੇਸ ਵਿੱਚ ਕੰਪਨੀ ਦੇ ਕਾਰੋਬਾਰ ਨੂੰ ਨੁਕਸਾਨ ਹੋਵੇਗਾ।

ਅਨਖੀ ਦਾਸ ਬਾਰੇ ਸੋਸ਼ਲ ਮੀਡੀਆ 'ਤੇ ਇਹ ਵੀ ਤੱਥ ਵਾਇਰਲ ਹੋ ਰਹੇ ਹਨ ਕਿ ਉਹਨਾਂ ਦੀ ਭੈਣ ਰਸ਼ਮੀ ਦਾਸ ਹੈ ਜੋ ਕਿ ਭਾਜਪਾ ਦੀ ਮਾਈ-ਬਾਪ ਸਮਝੀ ਜਾਂਦੀ ਆਰ.ਐੱਸ.ਐੱਸ ਦੇ ਵਿਦਿਆਰਥੀ ਵਿੰਗ ਏਬੀਵੀਪੀ ਦੀ ਸਰਗਰਮ ਮੈਂਬਰ ਹੈ ਅਤੇ ਆਰ.ਐੱਸ.ਐੱਸ ਦੇ ਹੋਰ ਸੰਗਠਨਾਂ ਨਾਲ ਵੀ ਕੰਮ ਕਰਦੀ ਹੈ।














# ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਗੱਲ-ਬਾਤ

"ਪਿਛਲੇ ਹਫ਼ਤੇ ਮੈਂ ਆਪਣੀ ਮਾਂ ਨਾਲ ਕੋਵਿਡ-19 ਦੇ ਸੰਬੰਧ ਵਿੱਚ ਆਪਣੇ ਆਪ ਅਤੇ ਦੂਜਿਆਂ ਨੂੰ ਬਚਾਅ ਲਈ ਮਾਸਕ ਪਾਉਣ ਬਾਰੇ ਗੱਲਕਰ ਰਹੀ ਸੀ। ਉਸਨੇ ਮੈਨੂੰ ਯਾਦ ਕਰਾਇਆ ਕਿ ਸਾਰਸ ਦੇ ਬਾਅਦ ਹੀ ਏਸ਼ੀਆ ਦੇ ਲੋਕਾਂ ਨੇ ਮੂੰਹ ਤੇ ਮਾਸਕ ਲਾਉਣ ਲਈ ਸਿੱਖਿਆ।

ਆਪਣੇ ਆਪ ਅਤੇ ਪਰਿਵਾਰ ਨੂੰ ਵੱਡੀ ਤਬਾਹੀ ਤੋ ਬਚਾਅ ਕਰਨ ਲਈ ਘੱਟ ਪਤਾ ਹੈ - ਭੁਚਾਲ, ਜੰਗਲੀ ਅੱਗ, ਹੜ੍ਹ ਖ਼ਾਸ ਕਰ ਨਵੀਂ ਮਾਹਮਾਰੀ। ਆਪਣੀਆਂ ਬਹੁਤੀਆਂ ਕੌਮਾਂ ਇਸ ਸੰਬੰਧੀ ਗੱਲ-ਬਾਤ ਕਰਨ ਤੋ ਵੀ ਡਰਦੀਆਂ ਹਨ ਕਿ ਸਾਡੇ ਤੋ ਖ਼ਰਚੇ ਕਰਨ ਦੀ ਸਮਰੱਥਾ ਨਹੀਂ। ਬਹੁਤ ਇਹ ਵੀ ਸਮਝਦੇ ਹਨ ਕਿ ਸਾਡੇ ਕੋਲ ਭਵਿੱਖ ਵਿੱਚ ਕੀ ਵਾਪਰਨਾ ਹੈ ਬਾਰੇ ਚਿੰਤਾ ਕਰਨ ਲਈ ਸਮਾਂ ਨਹੀਂ।

ਪਰ ਜੇ ਅਸੀਂ ਕੋਵਿਡ-19 ਤੋ ਇਹ ਸਿੱਖ ਲਈਏ ਕਿ ਬੇ-ਕਿਆਸੇ ਸੰਕਟ ਸੰਭਵ ਹਨ। ਮੈਂ ਉਸ ਨਾਲ ਲਿਸਟੋਸ ਕੈਲੇਫੋਰਨੀਆਂ ਵੱਲੋ ਦੱਸੇ ਪੰਜ ਸੌਖੇ ਜਿਹੇ ਕਦਮ ਸਾਂਝੇ ਕੀਤੇ ਜਿਹੜੇ ਗਵਰਨਰ ਨਿਊਸਮ ਦੇ ਦਫਤਰ ਨੇ ਐਮਰਜੈਂਸੀ ਦਾ ਸਾਹਮਣਾ ਕਰਨ ਦਾ ਵੀ ਹਿੱਸਾ ਹਨ। ਇਹ ਮੁਫ਼ਤਹਨ ਅਤੇ ਸਹਿਜੇ ਹੀ ਲਾਗੂ ਕੀਤੇ ਜਾ ਸਕਦੇ ਹਨ।"

1. ਆਪਣੇ ਫ਼ੋਨ ਤੇ Cal Alert ਲਈ ਸਾਈਨ ਅੱਪ ਕਰੋ - ਲਿਸਟੋਸ ਕੈਲੇਫੋਰਨੀਆਂ ਦੀ ਬਹੁਤ ਵਧੀਆ ਐਪ ਹੈ
2. ਐਮਰਜੈਂਸੀ ਸਮੇਂ ਸੰਪਰਕ ਕਰਨ ਵਾਲੇ ਲੋਕਾਂ ਦੀ ਲਿਸਟ ਬਣਾਉ ਅਤੇ ਜੇ ਘਰੋਂ ਜਾਣਾ ਪਵੇ ਤਾਂ ਉਹਦੀ ਵਿਉਂਤ ਬਣਾਉ
3. ਘਰੋਂ ਜਾਣ ਦੀ ਤਿਆਰੀ ਲਈ ਲੋੜਵੰਦ ਵਸਤਾਂ ਦਾ ਝੋਲਾ ਤਿਆਰ ਰੱਖੋ
4. ਜੇ ਘਰ ਵਿੱਚ ਹੀ ਰਹਿਣਾ ਪਵੇ ਤਾਂ ਲੋੜਵੰਦ ਵਸਤਾਂ ਦੇ ਬਕਸੇ ਭਰ ਰੱਖੋ
5. ਆਪਣੇ ਗੁਆਂਢੀਆਂ ਨੂੰ ਤਿਆਰ ਕਰਨ ਵਿੱਚ ਮਦਦ ਕਰੋ

"ਮੇਰੀ ਮਾਂ ਨੂੰ ਬਹੁਤ ਸਕੂਨ ਮਿਲਿਆ ਜਦੋਂ ਮੈਂ ਉਸਨੂੰ ਇਹ ਤਿਆਰੀ ਵਿੱਚ ਮਦਦ ਕੀਤੀ।
ਮੈਂ ਉਸਨੂੰ ਦੱਸਿਆ ਕਿ ਇਹਨਾਂ ਨਾਲ ਸਾਡੀ ਜਾਨ ਬਚ ਸਕਦੀ ਹੈ।
ਮੈਂ ਇਹ ਸਾਰੇ ਕਾਰਜਾਂ ਲਈ ਇਕੱਠੇ ਕੰਮ ਕਰਨ ਨੂੰ ਉਤਸੁਕ ਹਾਂ"

READY CALIFORNIA ALL CALIFORNIA

**LISTOSCA ਨੂੰ 72345 ਤੇ ਟੈਕਸਟ ਕਰਕੇ ਤਬਾਹੀ ਤੋ ਬਚਨ ਲਈ ਰਜਿਸਟਰ ਕਰੋ।**

ਇਸ਼ਤਿਹਾਰ ਦੀ ਅਦਾਇਗੀ ਲਿਸਟੋਸ ਕੈਲੇਫੋਰਨੀਆ ਨੇ ਕੀਤੀ ਹੈ।

# ਗੁਰਮੀਤ-ਬਾਸਾ ਗਰੁੱਪ ਵੱਲੋਂ ਆਪਣੇ ਵਿਰੁੱਧ ਆਪ ਹੀ ਕੇਸ ਕਰਕੇ ਗੁਰਦੁਆਰਾ ਸਾਹਿਬ ਨਾਲ ਕੀਤਾ ਵੱਡਾ ਧੋਖਾ

**ਫਰੀਮਾਂਟ/ਏ.ਟੀ.ਨਿਊਜ਼:** ਗੁਰਮੀਤ-ਬਾਸਾ ਗਰੁੱਪ ਦੇ ਗੁਰਚਰਨ ਮਾਨ ਨੇ ਗੁਰਦੁਆਰਾ ਸਾਹਿਬ ਤੇ ਇੱਕ ਕੇਸ ਕੀਤਾ ਹੈ ਜਿਸਦਾ ਕੋਈ ਵਜੂਦ ਨਹੀਂ ਪਰ ਰੋਚਕ ਗੱਲ ਇਹ ਹੈ ਕਿ ਕੇਸ ਵਿੱਚ ਆਪਣੀ ਹੀ ਪਾਰਟੀ ਦੇ ਬੰਦੇ ਹਰਮਿੰਦਰ ਸਿੰਘ, ਬੀਬੀ ਅਰਵਿੰਦਰ ਕੌਰ ਅਤੇ ਕੁਲਜੀਤ ਸਿੰਘ ਵੀ ਹਨ। ਇਹ ਇੱਥੋਂ ਦੇ ਲੀਗਲ ਸਿਸਟਮ ਨਾਲ ਧੋਖਾ ਹੈ ਅਤੇ ਇਹੀ ਚਾਲ ਇਹਨਾਂ ਦੇ ਆਕਾ ਬਾਬ ਢਿੱਲੋਂ ਨੇ ਸੈਨਹੋਜ਼ੇ ਗੁਰਦੁਆਰਾ ਸਾਹਿਬ ਆਪਣੇ ਚਾਰ ਬੰਦੇ ਖੜੇ ਕਰਕੇ ਆਪਣੇ ਆਪ ਤੇ ਕੇਸ ਕਰਾ ਕੇ ਕੀਤੀ ਸੀ। ਇਹ ਗਰੁੱਪ ਦੇ ਚੋਣਾਂ ਵਿੱਚ ਬੁਰੀ ਤਰਾਂ ਹਾਰ ਜਾਣ ਨਾਲ ਹਾਰ ਇਹਨਾਂ ਦੇ ਗੱਲੋਂ ਲੱਥਦੀ ਨਹੀਂ ਇਸਲਈ ਹੁਣ ਇਹ ਗੁਰਦੁਆਰਾ ਸਾਹਿਬ ਨੂੰ ਕੇਸਾਂ ਵਿੱਚ ਉਲਝਾ ਕੇ ਟਾਈਮ ਲੰਘਾਉਣਾ ਚਾਹੁੰਦੇ ਹਨ।

ਗੁਰਚਰਨ ਮਾਨ ਇੱਕ ਬੇਅਸੂਲਾ ਬੰਦਾ ਹੈ ਜਿਸਨੇ ੨੦੧੪ ਵਿੱਚ ਸੰਗਤ ਤੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਝੂਠ ਬੋਲ ਕੇ ਸਿੱਖ ਪੰਚਾਇਤ ਦੇ ਉੱਪਰ ਪੈਸੇ ਗ਼ਬਨ ਕਰਨ ਦੇ ਦੋਸ਼ ਲਾਏ ਸਨ ਅਤੇ ਹਿੱਕ ਠੋਕ ਕੇ ਆਪਣੇ ਦਫ਼ਤਰ ਵਿੱਚ ਕਿਹਾ ਕਿ "ਹਾਂ , ਮੈ ਬੋਲਿਆ ਸੀ"। ਇਹ ਹਮੇਸ਼ਾ ਹਿਸਾਬ ਦੀ ਗੱਲ ਸਾਹਮਣੇ ਲੈ ਆਉਂਦਾ ਹੈ। ਇਸਦਾ ਕਿਰਦਾਰ ਇਹ ਇਹ ਹੈ ਕਿ ਇਹ ਜਦੋਂ ਕਮੇਟੀ ਵਿੱਚ ਸੀ ਤਾਂ ੭੦੦ ਡਾਲਰ ਮਹੀਨਾ ਆਪਣੇ ਰੇਡੀਉ ਚੜਦੀਕਲਾ ਲਈ ਗੁਰਦੁਆਰੇ ਤੋਂ ਲੈਂਦਾ ਸੀ। ਮਾਨ ਅਤੇ ਲਖਬੀਰ ਪਟਵਾਰੀ ਉਸਦੇ ਮਾਲਕ ਦੱਸੀਦੇ ਹਨ। ਹੁਣ ਗੁਰਚਰਨ ਮਾਨ ਤੇ ਐੱਸ ਪੀ ਸਿੰਘ ਗੁਰਮੀਤ-ਬਾਸਾ ਧੜੇ ਦੇ ਕੇਸ ਦੀ ਪੈਰਵਾਈ ਕਰਦੇ ਹਨ ਪਰ ਅਸਲ ਸਲਾਹਕਾਰ ਸੈਨ ਹੋਜ਼ੇ ਦਾ ਬਾਬ ਢਿੱਲੋਂ ਹੈ। ਐੱਸ ਪੀ ਬਾਰੇ ਸੰਗਤ ਜਾਣਦੀ ਹੀ ਹੈ ਕਿ ਉਹ ਵੀ ਗੁਰਦੁਆਰਾ ਸਾਹਿਬ ਤੋਂ ੨੫੦੦ ਡਾਲਰ ਮਹੀਨਾ ਆਪਣੇ ਰੇਡੀਉ ਲਈ ਮੰਗਦਾ ਸੀ ਪਰ ਕਮੇਟੀ ਵੱਲੋਂ ਨਾਂਹ ਕਰਨ ਤੇ ਇਸਨੇ ਗੁਰਦੁਆਰਾ ਸਾਹਿਬ ਸਿੱਖ ਪੰਚਾਇਤ ਤੋੜ ਕੇ ਦੋਫਾੜ ਕਰਨ ਦੀ ਕੋਸ਼ਿਸ਼ ਕੀਤੀ ਜਿਸ ਵਿੱਚ ਇਹ ਕਾਮਯਾਬ ਨਹੀਂ ਹੋ ਸਕਿਆ। ਪਰ ਗੁਰਮੀਤ ਸਿੰਘ ਦੇ ਕੁੱਝ ਬੰਦੇ ਇਹ ਬਾਸਾ ਧੜੇ ਨਾਲ ਰਲਾਉਣ ਵਿੱਚ ਕਾਮਯਾਬ ਹੋ ਗਿਆ। ਬਾਸਾ ਧੜੇ ਦੀ ਸਾਰਾ ਸਾਲ ਗੁਰਦੁਆਰਾ ਸਾਹਿਬ ਵਿੱਚ ਕੋਈ ਸੇਵਾ ਨਹੀਂ ਹੁੰਦੀ ਸਿਰਫ਼ ਚੋਣਾਂ ਲੜਨ ਹੀ ਆਉਂਦੇ



ਫੋਟੋ: ਗੁਰਚਰਨ ਮਾਨ ਕੇਸ ਕਰਾਉਣ ਵਾਲੇ ਬਾਬ ਢਿੱਲੋਂ ਤੇ ਗੁਰਮੀਤ ਸਿੰਘ ਤੇ ਕੁਲਜੀਤ ਸਿੰਘ ਨਾਲ

ਹਨ ਅਤੇ ਇਹ ਖ਼ਾਲਿਸਤਾਨੀ ਵਿਰੋਧੀ ਹਨ। ਐੱਸ ਪੀ ਨੇ ਉਹਨਾਂ ਨਾਲ ਰਲ ਕੇ ਉਹ ਸਾਰੇ ਬੰਦੇ ਦਾਗ਼ੀ ਕਰ ਦਿੱਤੇ ਹਨ ਜਿਹੜੇ ਆਪਣੇ ਆਪ ਦਾ ਪੰਥਕ ਹੋਣ ਦਾ ਦਾਅਵਾ ਕਰਦੇ ਸਨ। ਯਾਦ ਰਹੇ ਗੁਰਚਰਨ ਮਾਨ ਕਈ ਸਾਲਾਂ ਤੋਂ ਕਮੇਟੀ ਵਿੱਚ ਆਉਣ ਲਈ ਤਰਲੇ ਮਾਰ ਰਿਹਾ ਹੈ, ਇਸਨੇ ਸਿੱਖ ਪੰਚਾਇਤ, ਜੰਡੀ ਗਰੁੱਪ, ਬਾਸਾ ਗਰੁੱਪਾਂ ਵਿੱਚ ਆਪਣੀ ਕਿਸਮਤ ਅਜ਼ਮਾ ਲਈ ਹੈ ਪਰ ਇਸਦੀ ਗੱਲ ਕਿਧਰੇ ਬਣਦੀ ਨਜ਼ਰ ਨਹੀਂ ਆਉਂਦੀ। ਸਿੱਖ ਪੰਚਾਇਤ ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਜਿਹੜੇ ਬੰਦੇ ਬੇਬੁਨਿਆਦ ਤੇ ਮਾੜੀ ਨੀਅਤ ਨਾਲ ਗੁਰੂ-ਘਰ ਨੂੰ ਕੋਰਟ ਵਿੱਚ ਘੜੀਸਣਗੇ ਉਹਨਾਂ ਬਾਰੇ ਆਉਂਦੇ ਦਿਨਾਂ ਵਿੱਚ ਪ੍ਰਬੰਧਕ ਕਮੇਟੀ ਸਖ਼ਤੀ ਨਾਲ ਫ਼ੈਸਲੇ ਲਵੇਗੀ। ਸਿੱਖ ਪੰਚਾਇਤ ਨੇ ਕਿਹਾ ਕਿ ਹਰਿੰਦਰਪਾਲ ਸਿੰਘ (ਐੱਚ ਪੀ ਸਿੰਘ) ਅਤੇ ਭੁਪਿੰਦਰ ਸਿੰਘ ਪਰਮਾਰ ਸੰਗਤ ਵਿੱਚ ਸਤਿਕਾਰਯੋਗ ਹਨ ਅਤੇ ਗੁਰਦੁਆਰਾ ਸਾਹਿਬ ਲਈ ਰੋਜ਼ਾਨਾ ਅਨੇਕਾਂ ਘੰਟੇ ਸੇਵਾ ਕਰਦੇ ਹਨ। ਉਹਨਾਂ ਤੇ ਇਲਜ਼ਾਮ ਲਾਉਣ ਲੱਗੇ ਇਸ ਵਿਰੋਧੀ ਧੜੇ ਨੂੰ ਸ਼ਰਮ ਆਉਣੀ ਚਾਹੀਦੀ ਹੈ।

ਕਾਫ਼ਲੇ ਦੀ ਪੀਲੀ ਪੱਤਰਕਾਰੀ ਦਾ ਸਿਖਰ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਗੁਰਚਰਨ ਮਾਨ ਦੇ ਕੇਸ ਅਤੇ ਖ਼ਬਰ ਵਿੱਚ ਭੁਪਿੰਦਰ ਸਿੰਘ ਪਰਮਾਰ ਦਾ ਨਾਮ ਨਹੀਂ ਪਰ ਫ਼ੋਟੋ ਉਸਦੀ ਵੀ ਲਾਈ ਹੈ। ਸਿੱਖ ਪੰਚਾਇਤ ਦੇ ਮੈਂਬਰ ਜਸਜੀਤ ਸਿੰਘ ਨੇ ਕਿਹਾ ਕਿ ਜਿਹੜਾ ਬਦਮਾਸ਼ੀ ਤੇ ਲੋਕਾਂ ਨੂੰ ਬਦਨਾਮ ਕਰਨ ਦਾ ਕਲਚਰ ਗੁਰਮੀਤ ਧੜਾ ਲੈ ਕੇ ਆਇਆ ਹੈ ਉਸਨੂੰ ਅਸੀਂ ਬੰਦ ਕਰਨਾ ਹੈ। ਚੋਣਾਂ ਵਿੱਚ ਲੋਕਾਂ ਦੀ ਨਿੱਜੀ ਕਿਰਦਾਰਕੁਸ਼ੀ ਦੀ ਬਜਾਏ ਮੁੱਦਿਆਂ ਤੇ ਖ਼ਬਰਾਂ ਲਾਉਣੀਆਂ ਚਾਹੀਦੀਆਂ ਹਨ ਪਰ ਇਹਨਾਂ ਬੰਦਿਆਂ ਨੂੰ ਬੰਦ ਸ਼ੀਸ਼ੀਆਂ ਵਿੱਚ ਬੈਠ ਕੇ ਟਿੱਚਰਾਂ ਤੇ ਬਦਨਾਮੀ ਕਰਨ ਦੀ ਆਦਤ ਪਈ ਹੋਈ ਹੈ ਜਿਸਨੂੰ ਅਸੀਂ ਠੀਕ ਕਰਨਾ ਹੈ।

ਸਿੱਖ ਪੰਚਾਇਤ ਨੇ ਸੰਗਤ ਨੂੰ ਅਪੀਲ ਕੀਤੀ ਕਿ ਤੁਸੀਂ ਆਪ ਅੰਦਾਜ਼ਾ ਲਾਓ ਕਿ ਜੇ ਕੋਈ ਆਪਣੀ ਹੀ ਪਾਰਟੀ ਦੇ ਬੰਦਿਆਂ ਤੇ ਕੇਸ ਕਰਕੇ ਗੁਰਦੁਆਰਾ ਸਾਹਿਬ ਨੂੰ ਵੀ ਨਾਲ ਲਪੇਟਦਾ ਹੈ, ਉਹ ਬੰਦਾ ਗੁਰੂ-ਘਰ ਲਈ ਕਿੰਨਾ ਕੁ ਸੁਹਿਰਦ ਹੋਵੇਗਾ ? ਇਸ ਕੇਸ ਨਾਲ ਗੁਰਚਰਨ ਮਾਨ ਸਮੇਤ ਗੁਰਮੀਤ-ਬਾਸਾ ਗਰੁੱਪ ਦਾ ਅਸਲ ਚਿਹਰਾ ਬੇਨਕਾਬ ਹੋਇਆ ਹੈ।

# ਹਾਰ ਜਾਣ ਦੀ ਸਥਿੱਤੀ ਵਿਚ ਟਰੰਪ ਆਸਾਨੀ ਨਾਲ ਸੱਤਾ ਤੋਂ ਲਾਂਭੇ ਨਹੀਂ ਹੋਵੇਗਾ:ਹਿਲੇਰੀ ਕਲਿੰਟਨ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਤੇ ਫਸਟ ਲੇਡੀ ਹਿਲੇਰੀ ਕਲਿੰਟਨ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਨਵੰਬਰ 2020 ਦੀਆਂ ਚੋਣਾਂ ਵਿਚ ਜੇਕਰ ਰਾਸ਼ਟਰਪਤੀ ਡੋਨਾਲਡ ਟਰੰਪ ਚੋਣ ਹਾਰ ਜਾਂਦਾ ਹੈ ਤਾਂ ਉਹ ਚੁੱਪ ਚਾਪ ਸੱਤਾ ਛੱਡਕੇ ਲਾਂਭੇ ਨਹੀਂ ਹੋਵੇਗਾ ਤੇ ਉਹ ਸੱਤਾ ਉਪਰ ਬਣੇ ਰਹਿਣ ਲਈ ਹਰ ਸੰਭਵ ਕੋਸ਼ਿਸ਼ ਕਰੇਗਾ। ਉਨਾਂ 19 ਵੇਂ ਪ੍ਰਤੀਨਿੱਧਤਾ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ " ਮੈ ਲੋਕਾਂ ਵਿਚ ਦਹਿਸ਼ਤ ਨਹੀਂ ਪੈਦਾ ਕਰਨਾ ਚਹੁੰਦੀ ਪਰ ਮੈ ਚਹੁੰਦੀ ਹਾਂ ਤੁਸੀਂ ਤਿਆਰ ਹੋ ਜਾਵੋ। ਮੇਰੇ ਕੋਲ ਉਹ ਹਰ ਕਾਰਨ ਮੌਜੂਦਾ ਹੈ ਜੋ ਇਸ ਵਿਸ਼ਵਾਸ਼ ਨੂੰ ਯਕੀਨੀ ਬਣਾਉਂਦਾ ਹੈ ਕਿ ਚੋਣ ਹਾਰ ਜਾਣ ਦੀ ਹਾਲਤ ਵਿਚ ਟਰੰਪ ਚੁੱਪਚਾਪ ਸਭ ਕੁਝ ਛੱਡਕੇ ਤੁਰ ਜਾਣਾ ਵਾਲਾ ਨਹੀਂ ਹੈ।" ਉਨਾਂ ਅੱਗੇ ਕਿਹਾ " ਉਹ ਸਾਨੂੰ ਭੰਬਲਭੂਸੇ ਵਿਚ ਪਾਉਣ ਦੇ ਯਤਨ ਵਿਚ ਹੈ। ਉਹ ਹਰ ਤਰਾਂ ਦੀਆਂ ਪਟੀਸ਼ਨਾਂ ਲਿਆਉਣ ਦੀ ਕੋਸ਼ਿਸ਼ ਕਰੇਗਾ। ਉਸ ਨੇ ਆਪਣੇ ਪੱਕੇ ਮਿੱਤਰ ਅਟਾਰਨੀ ਜਨਰਲ ਵਿਲੀਅਮ ਬਾੜ ਨੂੰ ਉਹ



ਸਭ ਕੁਝ ਕਰਨ ਲਈ ਤਿਆਰ ਰਹਿਣ ਵਾਸਤੇ ਕਿਹਾ ਹੈ ਜੋ ਜਰੂਰੀ ਹੋਵੇਗਾ।" ਡੈਮੋਕਰੈਟਸ ਪਹਿਲਾਂ ਵੀ ਚਿੰਤਾ ਪ੍ਰਗਟ ਕਰ ਚੁੱਕੇ ਹਨ ਕਿ ਟਰੰਪ ਚੋਣਾਂ ਦੀ ਜਾਇਜ਼ਤਾ 'ਤੇ ਸਵਾਲ ਖੜੇ ਕਰ ਸਕਦਾ ਹੈ। ਉਹ ਡਾਕ ਰਾਹੀਂ ਵੋਟਾਂ ਪਾਏ ਜਾਣ ਉਪਰ ਇਤਰਾਜ ਕਰ ਚੁੱਕਾ ਹੈ ਤੇ ਉਸ ਨੇ ਡਾਕ ਰਾਹੀਂ ਵੋਟਾਂ ਨੂੰ ਵੱਡਾ ਧੋਖਾ ਕਰਾਰਾ ਦਿੱਤਾ ਸੀ। ਟਰੰਪ ਇਥੋਂ ਤੱਕ ਵੀ ਕਹਿ ਚੁੱਕਾ ਹੈ ਕਿ ਜੇਕਰ ਉਹ ਸਮਝੇਗਾ ਕਿ ਚੋਣਾਂ ਸੰਦੇਹਪੂਰਨ ਹਨ ਤਾਂ ਉਹ ਅਹੁੱਦਾ ਨਹੀਂ ਛੱਡੇਗਾ। ਹਿਲੇਰੀ ਨੇ ਹੋਰ ਕਿਹਾ ਕਿ ਜੇਕਰ ਜੋਇ ਬਿਡੇਨ ਜਿੱਤਦੇ ਹਨ ਤਾਂ ਉਹ ਉਨਾਂ ਦੀ ਕੈਬਨਿਟ ਵਿਚ ਕੰਮ ਕਰਨ ਲਈ ਤਿਆਰ ਹਨ ਪਰ ਉਹ ਇਸ ਨੂੰ ਵਧੇਰੇ ਅਹਿਮੀਅਤ ਨਹੀਂ ਦਿੰਦੀ ਤੇ ਇਸ ਸਮੇਂ ਪੂਰਾ ਧਿਆਨ ਚੋਣ ਉਪਰ ਕੇਂਦ੍ਰਿਤ ਹੈ।




## ਟਰੰਪ ਵਿਕਟਰੀ ਲਈ ਪਹਿਲੀ ਭਾਰਤੀ- ਅਮਰੀਕੀ ਮੈਗਾ ਮੀਟ ਸੀਰੀਜ਼ ਤੇਲਗੂ, ਹਿੰਦੀ ਅਤੇ ਗੁਜਰਾਤੀ ਵਿੱਚ ਕੀਤੀ

**ਵਾਸ਼ਿੰਗਟਨ/ਰਾਜ ਗੋਗਨਾ:** ਟਰੰਪ ਵਿਕਟਰੀ ਲਈ ਤੇਲਗੂ, ਹਿੰਦੀ ਅਤੇ ਗੁਜਰਾਤੀ ਭਾਸ਼ਾ ਵਿੱਚ ਆਪਣੀ ਪਹਿਲੀ ਭਾਰਤੀ ਅਮਰੀਕੀ ਐਮ.ਏ.ਜੀ.ਏ ਮੀਟ-ਅਪ ਸੀਰੀਜ਼ ਦੀ ਮੇਜ਼ਬਾਨੀ ਕੀਤੀ ਗਈ ।ਇਸ ਲੜੀ ਨੇ ਕਮਿਊਨਿਟੀ ਮੈਂਬਰਾਂ ਨੂੰ ਰਾਸ਼ਟਰਪਤੀ ਟਰੰਪ ਦੇ 'ਵਾਅਦੇ ਪੂਰੇ ਕੀਤੇ' ਦੀ ਨੀਤੀ ਦੇ ਏਜੰਡੇ ਦੇ ਫਾਇਦਿਆਂ ਨੂੰ ਸਮਝਣ ਵਿੱਚ ਸਹਾਇਤਾ ਕੀਤੀ ਅਤੇ ਦੱਸਿਆ ਕਿ ਸਾਨੂੰ 4 ਸਾਲਾਂ ਲਈ ਟਰੰਪ ਦੀ ਕਿਉਂ ਲੋੜ ਹੈ। ਮੀਟਿੰਗਾਂ ਵਿਚ ਵੋਟਰ ਰਜਿਸਟ੍ਰੇਸ਼ਨ ਉੱਤੇ ਵੀ ਜ਼ੋਰ ਦਿੱਤਾ ਗਿਆ। ਲਗਭਗ 70% ਏਸ਼ੀਅਨ ਪੈਸੀਫਿਕ ਅਮਰੀਕੀ ਘਰ ਤੋਂ ਹੀ ਅੰਗ੍ਰੇਜ਼ੀ ਤੋਂ ਇਲਾਵਾ ਕਈ ਹੋਰ ਭਾਸ਼ਾਵਾਂ ਬੋਲਦੇ ਹਨ। ਟਰੰਪ ਵਿਕਟਰੀ 'ਚ ਸਾਰੇ ਏਸ਼ੀਅਨ ਪੈਸੀਫਿਕ ਅਮਰੀਕਨਾਂ ਨੂੰ ਉਨਾਂ ਦੀ ਮਾਤ ਭਾਸ਼ਾ ਵਿੱਚ ਮੈਗਾ ਮੀਟ-ਅਪ ਅਤੇ ਟਰੰਪ ਵਿਕਟਰੀ ਲੀਡਰਸ਼ਿਪ ਇਨੀਸ਼ੀਏਟਿਵ (ਟੀਵੀਐਲਆਈ) ਦੀ ਸਿਖਲਾਈ ਦੁਆਰਾ ਸ਼ਾਮਲ ਕੀਤਾ ਗਿਆ। ਟਰੰਪ ਅਤੇ ਉਸ ਦੀ ਰਿਪਬਲਿਕਨ ਪਾਰਟੀ ਭਾਰਤੀ ਕਮਿਊਨਿਟੀ ਦੀ ਹਿਤੈਸ਼ੀ ਹੈ, ਨਾ ਕਿ ਵੋਟਾਂ ਹੀ ਲੈਂਦੇ ਹਨ। ਇਸ ਗੱਲ ਦਾ ਪ੍ਰਗਟਾਵਾ ਕਾਰਾ ਕੈਲਡਵੈਲ, ਆਰ ਐਨ ਸੀ ਦੀ ਉਪ ਨਿਰਦੇਸ਼ਕ ਨੇ ਮੀਡੀਆ ਸਾਹਮਣੇ ਕੀਤਾ।ਕਈ ਭਾਰਤੀ ਭਾਸ਼ਾਵਾਂ ਜਿਵੇਂ ਕਿ ਗੁਜਰਾਤੀ, ਤੇਲਗੂ ਅਤੇ ਹਿੰਦੀ ਵਿਚ ਮੈਗਾ ਮੀਟ-ਅਪ ਸੀਰੀਜ਼ ਰਾਹੀ ਹੁਣ ਭਾਰਤੀਆ ਨੂੰ ਵੱਡੀ ਸਫਲਤਾ ਮਿਲ ਰਹੀ ਹੈ। ਜਿਸ ਵਿੱਚ ਤਾਮਿਲ, ਕੰਨੜਾ, ਮਲਿਆਲਮ, ਮਰਾਠੀ, ਅਤੇ ਪੰਜਾਬੀ ਭਾਸ਼ਾ ਵਿੱਚ ਅਗਲੇ ਆਉਣ ਵਾਲੇ ਦਿਨਾਂ ਵਿੱਚ ਅਜਿਹੀਆਂ ਕਾਨਫਰੰਸਾਂ ਦਾ ਫੈਸਲਾ ਲਿਆ ਗਿਆ ਹੈ। ਖ਼ੁਸ਼ ਰਾਵੇਲ ਨੇ ਭਾਰਤੀ ਰਿਪਬਲਿਕਨ ਮਹਿਲਾ ਪ੍ਰਧਾਨ ਅਤੇ ਯੂ.ਐਸ.ਏ ਦੀ ਸਹਿ-ਸੰਸਥਾਪਕ ਕਾਰਾ ਅਤੇ ਯੂਐਸਆਈਐਮਪੀਏਸੀਟੀ ਦੇ ਸਹਿ-ਸੰਸਥਾਪਕ ਅਤੇ ਬੋਰਡ ਦੇ ਮੈਂਬਰ ਬਦਰੀ ਸਿੰਘ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਦਾ 4 ਸਾਲ ਦੇ ਸਮੇਂ ਲਈ ਹੋਰ ਰਹਿਣਾ ਭਾਰਤੀ ਅਮਰੀਕੀਆਂ ਲਈ ਬਹੁਤ ਸੁਨਹਿਰੀ ਦੌਰ ਬਣਨ ਜਾ ਰਿਹਾ ਹੈ ਜੋ ਇੱਕ ਸਿੱਧੇ ਭਾਸ਼ਣਕਾਰ ਵਜੋਂ, ਰਾਸ਼ਟਰਪਤੀ ਟਰੰਪ ਇੱਕ ਅਜਿਹੇ ਵਿਅਕਤੀ ਦੇ ਰੂਪ ਵਿੱਚ ਖੜੇ ਹੋ ਗਏ ਹਨ, ਜੋ ਆਰਥਿਕ ਤੌਰ ਤੇ ਅਮਰੀਕਾ ਨੂੰ ਖ਼ੁਸ਼ਹਾਲ ਦੇਖਣਾ ਚਾਹੁੰਦੇ ਹਨ। ਬੁਲਾਰਿਆਂ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਦੇ ਮੁੜ ਚੋਣ ਮੁਹਿੰਮ ਦਾ ਹਿੱਸਾ ਬਣਨ ਲਈ ਸਾਡੇ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਵਲੰਟੀਅਰ ਸ਼ਾਮਲ ਹੋਣਗੇ ਅਤੇ ਆਉਣ ਵਾਲੇ ਦਿਨਾਂ ਵਿੱਚ ਅਜਿਹੀਆਂ ਕਾਨਫਰੰਸਾਂ ਦੀ ਝੜੀ ਲਗਾਉਣ ਲਈ ਉਹ ਪੂਰੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਅਮਰੀਕਨ ਸਿੱਖਸ ਵੀ ਇਸ ਵਿੱਚ ਲਾਮਬੰਦ ਹੋ ਰਹੇ ਹਨ ਜਿਸ ਦਾ ਪ੍ਰਗਟਾਵਾ ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਕੀਤਾ।

## ਅਮਰੀਕਾ ਵਿਚ ਕੋਰੋਨਾ ਪੀੜਤਾਂ ਦੇ ਮਾਮਲੇ 'ਚ ਕੈਲੀਫੋਰਨੀਆ ਰਾਜ ਪਹਿਲੇ ਸਥਾਨ 'ਤੇ ਪੁੱਜਾ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਰਾਜ ਕੈਲੀਫੋਰਨੀਆ ਵਿਚ ਕੋਰੋਨਾ ਪੀੜਤ ਮਰੀਜ਼ਾਂ ਦੀ ਗਿਣਤੀ ਲੰਘੇ ਸ਼ੁੱਕਰਵਾਰ 6,13,000 ਹੋ ਗਈ। ਇਸ ਦੇ ਨਾਲ ਹੀ ਉਹ ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਗਿਣਤੀ ਦੇ ਪੱਖ ਤੋਂ ਪਹਿਲੇ ਸਥਾਨ 'ਤੇ ਪੁੱਜ ਗਿਆ ਹੈ। ਦੂਸਰੇ ਸਥਾਨ 'ਤੇ ਫਲੋਰੀਡਾ ਰਾਜ ਹੈ ਜਿਥੇ ਕੋਰੋਨਾ ਪੀੜਤਾਂ ਦੀ ਗਿਣਤੀ 5,63,285 ਹੈ। 5,48,911 ਪੀੜਤਾਂ ਨਾਲ ਟੈਕਸਸ ਤੀਸਰੇ ਸਥਾਨ 'ਤੇ ਹੈ। ਨਿਊਯਾਰਕ ਵਿਚ 4,54,148 ਕੋਰੋਨਾ ਪੀੜਤ ਹਨ ਤੇ ਉਹ ਚੌਥੇ ਸਥਾਨ 'ਤੇ ਹੈ ਪਰ ਨਿਊਯਾਰਕ ਵਿਚ ਹੁਣ ਤੱਕ ਸਭ ਤੋਂ ਵਧ 32895 ਮੌਤਾਂ ਹੋ ਚੁੱਕੀਆਂ ਹਨ। ਮੌਤਾਂ ਦੇ ਮਾਮਲੇ ਵਿਚ ਨਿਊਜਰਸੀ ਦੂਸਰੇ ਸਥਾਨ 'ਤੇ ਹੈ ਤੇ ਉਥੇ 15973 ਮੌਤਾਂ ਹੋ ਚੁੱਕੀਆਂ ਹਨ। ਕੈਲੀਫੋਰਨੀਆ ਵਿਚ 11148 ਅਮਰੀਕੀ ਦਮ ਤੋੜ ਚੁੱਕੇ ਹਨ ਤੇ ਉਹ ਤੀਸਰੇ ਸਥਾਨ 'ਤੇ ਹੈ। ਸਮੁੱਚੇ ਅਮਰੀਕਾ ਵਿਚ ਕੋਰੋਨਾ ਕਾਰਨ 1,71,535 ਲੋਕ ਮੌਤ ਦੇ ਮੂੰਹ ਵਿਚ ਜਾ ਪਏ ਹਨ ਤੇ ਪੀੜਤਾਂ ਦੀ ਗਿਣਤੀ 54,76,266 ਹੋ ਗਈ ਹੈ।

# ਅਮਰੀਕੀ ਕਾਂਗਰਸ ਵੱਲੋਂ ਅਫ਼ਗਾਨਿਸਤਾਨ 'ਚ ਤਸ਼ੱਦਦ ਸਹਿ ਰਹੇ ਘੱਟ ਗਿਣਤੀਆਂ ਦੀ ਸੁਰੱਖਿਆ ਤੇ ਚਿੰਤਾ ਵਿਅਕਤ ਕੀਤੀ

## ਇਨਾਂ ਘੱਟ ਗਿਣਤੀ ਦੇ ਲੋਕਾਂ ਨੂੰ ਅਮਰੀਕਾ ਲਿਆਉਣ ਲਈ ਉਪਰਾਲੇ ਕੀਤੇ ਜਾਣਗੇ, ਅਮਰੀਕੀ ਸਿੱਖ ਆਗੂਆਂ ਨੇ ਕਾਂਗਰਸ ਮੈਂਬਰਾਂ ਦਾ ਕੀਤਾ ਧੰਨਵਾਦ

**ਵਾਸ਼ਿੰਗਟਨ ਡੀ ਸੀ/ਏ.ਟੀ.ਨਿਊਜ਼ :**
ਅਮਰੀਕੀ ਸਿੱਖ ਆਗੂਆਂ ਨੇ, ਅਮਰੀਕੀ ਕਾਂਗਰਸ ਵਿੱਚ ਅਫ਼ਗਾਨਿਸਤਾਨ ਵਿੱਚ ਰਹਿ ਰਹੇ ਹਿੰਦੂ ਅਤੇ ਸਿੱਖ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਪੇਸ਼ ਕੀਤੇ ਗਏ ਇੱਕ ਮਤੇ ਤੇ ਅਮਰੀਕੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਹੈ ।

ਅਮਰੀਕਾ ਦੇ ਪ੍ਰਤੀਨਿਧ ਸਦਨ ਵਿੱਚ ਅਮਰੀਕੀ ਕਾਂਗਰਸ ਵੁਮੈਨ ਜੈਕੀ ਸਪੀਅਰ ਅਤੇ ਉਨਾਂ ਦੇ ਨਾਲ ਹੋਰ ਸੱਤ ਕਾਂਗਰਸ ਮੈਨ ਵੱਲੋਂ ਪਿਛਲੇ ਹਫ਼ਤੇ ਪੇਸ਼ ਕੀ ਕੀਤੇ ਗਏ ਇੱਕ ਮਤੇ ਵਿੱਚ , ਅਫ਼ਗਾਨਿਸਤਾਨ ਚ ਮੁਸ਼ਕਿਲ ਭਰੇ ਹਾਲਾਤਾਂ ਚ ਰਹਿ ਰਹੇ ਸਿੱਖ ਅਤੇ ਹਿੰਦੂਆਂ ਲਈ ਨਾ ਸਿਰਫ਼ ਸੁਰੱਖਿਆ ਦੀ ਮੰਗ ਕੀਤੀ ਹੈ ਬਲਕਿ ਉਨਾਂ ਨੂੰ ਸ਼ਰਨਾਰਥੀ ਕਾਨੂੰਨ ਤਹਿਤ ਅਮਰੀਕਾ ਲਿਆਉਣ ਦੀ ਹਮਾਇਤ ਵੀ ਕੀਤੀ ਹੈ ।

ਅਮਰੀਕੀ ਮੈਂਬਰਾਂ ਵੱਲੋਂ ਪੇਸ਼ ਕੀਤੇ ਗਏ ਮਤੇ ਵਿੱਚ ਚਿੰਤਾ ਵਿਅਕਤ ਕਰਦੇ ਹੋਏ ਕਿਹਾ ਹੈ ਕਿ ਇਸ ਵੇਲੇ ਅਫ਼ਗਾਨਿਸਤਾਨ ਚ ਇੱਕ ਵਿਧੀਗਤ ਤਰੀਕੇ ਨਾਲ ਉੱਥੇ ਰਹਿ ਰਹੇ ਸਿੱਖ ਅਤੇ ਹਿੰਦੂ ਭਾਈਚਾਰੇ ਉੱਤੇ ਧਾਰਮਿਕ ਅੱਤਿਆਚਾਰ ਕੀਤਾ ਜਾ ਰਿਹਾ ਹੈ ਜਿਹੜੀ ਕਿ ਉਨਾਂ ਦੀ ਹੋਂਦ ਦੇ ਵਿਧੀਵਤ ਨੂੰ ਜ਼ਾਹਿਰ ਕਰਦਾ ਹੈ ।



ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਬੁਲਾਰੇ ਹਰਜਿੰਦਰ ਸਿੰਘ ਅਤੇ ਕੋਆਰਡੀਨੇਟਰ ਹਿੰਮਤ ਸਿੰਘ , ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ ਪ੍ਰਿਤਪਾਲ ਸਿੰਘ ਉਨਾਂ ਨੇ ਅਮਰੀਕਨ ਕਾਂਗਰਸ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਪਿਛਲੇ ਕਾਫ਼ੀ ਸਮੇਂ ਤੋਂ ਅਫ਼ਗਾਨਿਸਤਾਨ ਚ ਰਹਿ ਰਹੇ ਘੱਟ ਗਿਣਤੀ ਦੇ ਭਾਈਚਾਰੇ ਦੇ ਲੋਕਾਂ ਦੇ ਜਾਨ ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਅਤੇ ਹੋਰ ਕਾਂਗਰਸਮੈਨ ਲਗਾਤਾਰ ਕੋਸ਼ਿਸ਼ ਕਰ ਰਹੇ ਹਨ ।

ਡਾ ਪ੍ਰਿਤਪਾਲ ਸਿੰਘ ਨੇ ਦੱਸਿਆ ਕੇ ਕੁਝ ਸਾਲ ਪਹਿਲਾਂ ਤੱਕ ਅਫ਼ਗਾਨਿਸਤਾਨ ਚ ਸਿੱਖਾਂ ਦੀ ਗਿਣਤੀ ਇੱਕ ਲੱਖ ਦੇ ਕਰੀਬ ਸੀ ਜਿਹੜੀ ਕਿ ਲਗਾਤਾਰ ਵੱਧ ਰਹੇ ਤਸ਼ੱਦਦ ਕਰਕੇ ਘਟਦੇ ਘਟਦੇ ਹੁਣ ਹਜ਼ਾਰ ਤੋਂ ਘੱਟ ਹੋ ਗਈ ਹੈ ਉਨਾਂ ਨੇ ਚਿੰਤਾ ਵਿਅਕਤ ਕਰਦੇ ਹੋਏ ਦੱਸਿਆ ਕਿ ਪਿਛਲੇ ਦਿਨਾਂ ਵਿੱਚ ਕਾਬਲ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬ ਤੇ ਹੋਏ ਇਕ ਅੱਤਵਾਦੀ ਹਮਲੇ ਵਿੱਚ ਸਤਾਈ ਤੋਂ ਵੱਧ ਸਿੱਖਾਂ ਦੀ ਜਾਨ ਚਲੀ ਗਈ ਸੀ । ਇਹਦੇ ਇਲਾਵਾ ਉੱਥੇ ਰਹਿ ਰਹੇ ਘੱਟ ਗਿਣਤੀ ਦੇ ਪਰਿਵਾਰਾਂ ਦੀ ਬੱਚੀਆਂ ਵੀ ਸੁਰੱਖਿਅਤ ਨਹੀਂ ਹਨ

ਡਾ ਪ੍ਰਿਤਪਾਲ ਸਿੰਘ ਨੇ ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਦੇ ਚੇਅਰਮੈਨ ਜੌਨ ਗਾਰਾਮੈਂਡੀ ਅਤੇ ਕੋ ਚੇਅਰਮੈਨ ਟੀ ਜੇ ਕੌਕਸ ਦਾ ਉਚੇਚੇ ਤੌਰ ਤੇ ਧੰਨਵਾਦ ਕਰਦੇ ਹੋਏ ਕਿਹਾ ਕੇ ਸਿੱਖ ਕਾਕਸ ਦੇ ਮੈਂਬਰ ਅਫ਼ਗਾਨਿਸਤਾਨ ਚ ਧਾਰਮਿਕ ਤਸ਼ੱਦਦ ਸਹਿੰਦੇ ਹੋਏ ਰਹਿ ਰਹੇ ਘੱਟ ਗਿਣਤੀਆਂ ਦੇ ਮਸਲੇ ਨੂੰ ਉਚੇਚੇ ਤੌਰ ਤੇ ਅਮਰੀਕੀ ਸਦਨ ਚ ਚੁੱਕ ਰਹੇ ਹਨ ।

ਅਮਰੀਕੀ ਸਿੱਖ ਬੁਲਾਰੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਐੱਸ ਪੇਸ਼ ਕੀਤੇ ਗਏ ਮਤੇ ਵਿੱਚ ਅਫ਼ਗਾਨਿਸਤਾਨ ਚ ਸਿੱਖਾਂ ਅਤੇ ਹਿੰਦੂਆਂ ਦੀ ਸੁਰੱਖਿਆ ਲਈ ਚਿੰਤਾ ਜ਼ਾਹਿਰ ਕੀਤੀ ਹੈ ਅਤੇ ਇਨਾਂ ਤੇ ਹੋ ਰਹੇ ਲਗਾਤਾਰ ਅੱਤਵਾਦੀ ਹਮਲਿਆਂ ਦੀ ਨਿੰਦਾ ਕੀਤੀ ਗਈ ਹੈ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਮਤੇ ਨੂੰ ਕਾਂਗਰਸ ਵੁਮੈਨ ਜੈਕੀ ਸਪੀਅਰ , ਕਾਂਗਰਸਮੈਨ ਜੌਨ ਗਾਰਾਮੈਂਡੀ, ਟੀ ਜੇ ਕੋਕਸ ,ਜਿਮ ਕੋਸਟਾ , ਐਂਡਰੀ ਕਾਰਸਨ ,ਜਿੰਮ ਮੈਕ ਗਵਰਨ , ਸ੍ਰੀਮਤੀ ਵੈਟਸਨ ਕੋਲਮੈਨ , ਕਾਂਗਰਸ ਵੁਮੈਨ ਜੋਏ ਲੋਫਗ੍ਰੇਨ ਅਤੇ ਕਾਂਗਰਸ ਮੈਨ ਜੇਮੀ ਰਸਕਿਨ ਨੇ ਪੇਸ਼ ਕੀਤਾ। ਹਰਪ੍ਰੀਤ ਸਿੰਘ ਨੇ ਖ਼ੁਲਾਸਾ ਕਰਦੇ ਹੋਏ ਕਿਹਾ ਕਿ ਮਤੇ ਵਿੱਚ ਦੱਸਿਆ ਗਿਆ ਹੈ ਕਿ ਤਾਲਿਬਾਨ ਵਾਲੀ ਸਾਬਕਾ ਸਰਕਾਰ ਨੇ ਬਕਾਇਦਾ ਤੌਰ ਤੇ ਅਫ਼ਗਾਨਿਸਤਾਨ ਵਿੱਚ ਰਹਿ ਰਹੇ ਸਿੱਖ ਭਾਈਚਾਰੇ ਤੇ ਧਾਰਮਿਕ ਅੱਤਿਆਚਾਰ ਬਹੁਤ ਵੱਧ ਗਿਆ ਸੀ ਇੱਥੋਂ ਤੱਕ ਕਿ ਉਨਾਂ ਨੂੰ ਜਨਤਕ ਤੌਰ ਤੇ ਆਪਣੀ ਪਹਿਚਾਣ ਦੱਸਣ ਵਾਸਤੇ ਪੀਲੇ ਰੰਗ ਦੀ ਪੱਟੀ ਬਣਨ ਤੇ ਮਜਬੂਰ ਕਰਦਾ ਸੀ ।

ਇਨਾਂ ਅਮਰੀਕੀ ਸਿੱਖ ਆਗੂਆਂ ਨੇ ਦੱਸਿਆ ਕਿ ਉਹ ਵਿਧੀ ਗਤ ਤੌਰ ਤੇ ਅਫ਼ਗਾਨਿਸਤਾਨ ਵਿੱਚ ਤਸ਼ੱਦਦ ਸਹਿ ਰਹੇ ਸਿੱਖ ਅਤੇ ਹਿੰਦੂ ਘੱਟ ਗਿਣਤੀ ਦੇ ਲੋਕਾਂ ਦੀ ਸੁਰੱਖਿਆ ਲਈ ਅਮਰੀਕੀ ਕਾਂਗਰਸ ਮੈਂਬਰਾਂ ਵੱਲੋਂ ਚੁੱਕੇ ਜਾ ਰਹੇ ਕਦਮਾਂ ਦੀ ਸ਼ਲਾਘਾ ਕਰਦੇ ਹਨ ।

# ਰਾਸ਼ਟਰਪਤੀ ਟਰੰਪ ਵਾਲ ਵਾਲ ਬਚੇ, ਜਹਾਜ਼ ਡਰੋਨ ਨਾਲ ਟਕਰਾਉਣ ਤੋਂ ਮਸਾਂ ਬਚਿਆ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:**
ਵਾਸ਼ਿੰਗਟਨ ਦੇ ਬਾਹਰਵਾਰ ਇਕ ਫ਼ੌਜੀ ਹਵਾਈ ਅੱਡੇ ਨੇੜੇ ਏਅਰ ਫੋਰਸ ਦਾ ਜਹਾਜ਼ ਜਿਸ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਸਵਾਰ ਸਨ, ਡਰੋਨ ਨਾਲ ਟਕਰਾਉਣ ਤੋਂ ਮਸਾਂ ਬਚਿਆ। ਮਿਲੀ ਰਿਪੋਰਟ ਅਨੁਸਾਰ ਏਅਰ ਫੋਰਸ ਦਾ ਜਹਾਜ਼ ਡਰੋਨ ਜੋ ਪੀਲੇ ਰੰਗ ਦਾ ਨਜ਼ਰ ਆ ਰਿਹਾ ਸੀ, ਦੇ ਬਿਲਕੁਲ ਨੇੜੇ ਆ ਗਿਆ ਸੀ ਪਰ ਵੱਡਾ ਹਾਦਸਾ ਹੋਣੋਂ ਟੱਲ ਗਿਆ ਤੇ ਰਾਸ਼ਟਰਪਤੀ ਵਾਲ ਵਾਲ ਬਚ ਗਏ। ਰਾਸ਼ਟਰਪਤੀ ਐਤਵਾਰ ਦੀ ਰਾਤ ਨੂੰ ਆਪਣੇ ਬੈੱਡਮਿਨਸਟਰ, ਨਿਊ ਜਰਸੀ ਗੌਲਫ਼ ਰਿਜ਼ਾਰਟ ਤੋਂ ਵਾਪਸ ਆ ਰਹੇ ਸਨ। ਖ਼ੁਫ਼ੀਆ ਵਿਭਾਗ ਦਾ ਕਹਿਣਾ ਹੈ ਕਿ ਡਰੋਨ ਰਾਸ਼ਟਰਪਤੀ ਦੇ ਜਹਾਜ਼ ਨਾਲ ਟਕਰਾਉਣ ਦੇ ਮਕਸਦ ਨਾਲ ਨਹੀਂ ਉਡਾਇਆ ਗਿਆ ਸੀ। ਇਸ ਤਰਾਂ ਦੀਆਂ ਘਟਨਾਵਾਂ ਅਕਸਰ ਵਾਪਰ ਜਾਂਦੀਆਂ ਹਨ। ਉਂਜ ਵੀ ਇਹ ਡਰੋਨ ਬਹੁਤ ਹਲਕੇ ਹੁੰਦੇ ਹਨ। ਬੀਤੇ ਵਿਚ ਫ਼ੌਜੀ ਜਹਾਜ਼ ਨਾਲ



ਡਰੋਨ ਦੇ ਟਕਰਾਉਣ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ ਪਰ ਫ਼ੌਜੀ ਜਹਾਜ਼ਾਂ ਨੂੰ ਕੋਈ ਵਰਨਣਯੋਗ ਨੁਕਸਾਨ ਨਹੀਂ ਪੁੱਜਾ। ਪਿਛਲੇ ਸਮੇਂ ਵਿਚ ਵਪਾਰਕ ਡਰੋਨ ਸਸਤੇ ਹੋਏ ਹਨ ਤੇ ਇਹ ਲੋਕਾਂ ਦੀ ਪਹੁੰਚ ਵਿਚ ਹਨ। ਕੁਝ ਹਵਾਬਾਜ਼ੀ ਮਾਹਿਰ ਚਿਤਾਵਨੀ ਦੇ ਚੁੱਕੇ ਹਨ ਕਿ ਵਧ ਰਹੇ ਡਰੋਨਾਂ ਉੱਪਰ ਸਰਕਾਰ ਵੱਲੋਂ ਨਿਯੰਤਰਨ ਕਰਨਾ ਮੁਸ਼ਕਿਲ ਹੋ ਜਾਵੇਗਾ ਤੇ ਇਹ ਵੱਡੇ ਜਹਾਜ਼ਾਂ ਤੇ ਹੈਲੀਕਾਪਟਰਾਂ ਲਈ ਖ਼ਤਰਾ ਬਣ ਸਕਦੇ ਹਨ।

# ਬਾਈਡਨ ਨੇ ਅਧਿਕਾਰਤ ਤੌਰ 'ਤੇ ਡੈਮੋਕਰੈਟਿਕ ਦੀ ਨਾਮਜ਼ਦਗੀ ਜਿੱਤੀ

**ਵਾਸ਼ਿੰਗਟਨ/ਰਾਜ ਗੋਗਨਾ:** ਬੀਤੇ ਦਿਨ ਡੈਮੋਕਰੈਟਿਕ ਪਾਰਟੀ ਦੁਆਰਾ ਮੰਗਲਵਾਰ ਰਾਤ ਜੋਅ ਬਾਈਡਨ ਨੂੰ ਅਧਿਕਾਰਤ ਤੌਰ 'ਤੇ ਰਾਸ਼ਟਰਪਤੀ ਦੇ ਲਈ ਨਾਮਜ਼ਦ ਕੀਤਾ ਗਿਆ ਹੈ।ਇਸ ਨੂੰ 50 ਰਾਜਾਂ ਅਤੇ 7 ਪ੍ਰਦੇਸ਼ਾਂ ਨੇ ਵੋਟਾਂ ਪਾ ਕੇ ਚੁਣਿਆ ਹੈ।ਉਸ ਦੇ ਗ੍ਰਹਿ ਰਾਜ ਡੇਲਾਵੇਅਰ ਦੇ ਅੰਤਿਮ ਡੈਲੀਗੇਟਾਂ ਨੂੰ ਉਸਦੇ ਹੱਕ ਵਿਚ ਪਹੁੰਚਾਉਣ ਤੋਂ ਬਾਅਦ, ਸਾਬਕਾ ਉਪ ਰਾਸ਼ਟਰਪਤੀ ਸੰਮੇਲਨ ਵਿਚ ਪਹਿਲੀ ਵਾਰ ਸਿੱਧਾ ਸਕ੍ਰੀਨ ਤੇ ਦਿਖਾਈ ਦਿੱਤੇ।ਬਾਈਡਨ ਅਤੇ ਉਸਦੀ ਪਤਨੀ ਜਿਲ ਬਿਡੇਨ ਦੇ ਸ਼ਾਟ - ਅਤੇ ਫਿਰ ਉਸ ਦੇ ਪੋਤੇ-ਪੋਤੀਆਂ, ਜਿਨਾਂ ਨੇ ਉਸ ਉੱਤੇ ਸੈਲੀਬ੍ਰੇਟਰੀ ਸਟ੍ਰੀਮਰਾਂ ਨੇ ਪਟਾਕੇ ਚਲਾਕੇ ਕੀਤੀ। ਅਮਰੀਕਨਾਂ ਦੇ ਜੈਕਾਰੇ ਭਰੇ ਵੀਡੀਓ ਨਾਲ ਬਾਈਡਨ ਦਾ ਸਵਾਗਤ ਕੀਤਾ ਗਿਆ। ਬਾਈਡਨ ਨੇ ਸੰਮੇਲਨ ਨੂੰ ਬੰਦ ਕਰਨ ਲਈ ਆਪਣੇ ਆਉਣ ਵਾਲੇ ਭਾਸ਼ਣ ਦਾ ਜ਼ਿਕਰ ਕਰਦਿਆਂ ਕਿਹਾ, ਮੇਰੇ ਪਰਿਵਾਰ ਵੱਲੋਂ ਤਹਿ ਦਿਲੋਂ ਤਹਿ ਦਿਲੋਂ ਤੁਹਾਡਾ ਧੰਨਵਾਦ, ਅਤੇ ਵੀਰਵਾਰ ਨੂੰ ਮੈਂ ਤੁਹਾਨੂੰ ਮਿਲਾਂਗਾ।

# ਸੀ ਆਈ ਏ ਦੇ ਸਾਬਕਾ ਅਧਿਕਾਰੀ ਵਿਰੁੱਧ ਚੀਨ ਲਈ ਜਾਸੂਸੀ ਕਰਨ ਦੇ ਦੋਸ਼

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਸੀ.ਆਈ.ਏ ਦੇ ਇਕ ਸਾਬਕਾ ਅਧਿਕਾਰੀ ਵਿਰੁੱਧ ਚੀਨ ਲਈ ਜਾਸੂਸੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਇਕ ਸੰਘੀ ਅਦਾਲਤ ਵਿਚ ਆਇਦ ਦੋਸ਼ਾਂ ਅਨੁਸਾਰ ਇਸ ਅਧਿਕਾਰੀ ਨੇ ਜਾਸੂਸੀ ਬਦਲੇ ਡਾਲਰ ਤੋਹਫ਼ੇ ਵਜੋਂ ਲਏ। 67 ਸਾਲਾ ਅਲੈਗਜੈਂਡਰ ਜੁਕ ਚਿੰਗ ਮਾ ਨਾਮੀ ਇਹ ਅਧਿਕਾਰੀ ਚੀਨ ਨੂੰ ਸੀ ਆਈ ਏ ਦੇ ਅਧਿਕਾਰੀਆਂ, ਗਤੀਵਿਧੀਆਂ ਤੇ ਜਾਣਕਾਰੀ ਗੁਪਤ ਰੱਖਣ ਦੇ ਢੰਗ ਤਰੀਕਿਆਂ ਬਾਰੇ ਦੱਸਦਾ ਰਿਹਾ। ਸੰਘੀ ਵਕੀਲਾਂ ਨੇ ਦੋਸ਼ ਲਾਇਆ ਹੈ ਕਿ ਹਾਂਗਕਾਂਗ ਵਿਚ ਪੈਦਾ ਹੋਏ ਚਿੰਗ ਮਾ ਜੋ ਅਮਰੀਕੀ ਨਾਗਰਿਕ ਹੈ, ਨੇ ਆਪਣੇ ਇਕ 85 ਸਾਲਾ ਰਿਸ਼ਤੇਦਾਰ ਨਾਲ ਮਿਲਕੇ ਸਾਜ਼ਿਸ਼ ਰਚੀ। ਇਹ ਰਿਸ਼ਤੇਦਾਰ ਵੀ ਸੀ.ਆਈ.ਏ ਵਿਚ ਕੰਮ ਕਰ ਚੁੱਕਾ ਹੈ। ਇਸ ਰਿਸ਼ਤੇਦਾਰ ਵਿਰੁੱਧ ਦੋਸ਼ ਆਇਦ ਨਹੀਂ ਹੋ ਸਕੇ ਕਿਉਂਕਿ ਉਹ ਦਿਮਾਗ਼ੀ ਬਿਮਾਰੀ ਨਾਲ ਪੀੜਤ ਹੈ।

# ਓਕਲਾਹੋਮਾ ਯੂਨੀਵਰਸਿਟੀ 'ਚ 23 ਵਿਦਿਆਰਥਣਾਂ ਦੀ ਰਿਪੋਰਟ ਪਾਜ਼ਟਿਵ ਆਉਣ ਤੋਂ ਬਾਅਦ ਚਿੰਤਾ ਵਧੀ

**ਕੈਲੇਫੋਰਨੀਆ/ਹੁਸਨ ਲੜੋਆ ਬੰਗਾ:** ਓਕਲਾਹੋਮਾ ਸਟੇਟ ਯੂਨੀਵਰਸਿਟੀ ਵਿਚ 23 ਵਿਦਿਆਰਥਣਾਂ ਦੀ ਕੋਰੋਨਾ ਰਿਪੋਰਟ ਪਾਜ਼ਟਿਵ ਆਉਣ ਤੋਂ ਬਾਅਦ ਵਿਦਿਆਰਥਣਾਂ ਦੀ ਸਮੁੱਚੀ ਸੋਸਾਇਟੀ ਨੂੰ ਕੋਆਰਨਟਾਈਨ ਕਰ ਦਿੱਤਾ ਗਿਆ ਹੈ। ਏਨੀ ਤਾਦਾਦ ਵਿਚ ਵਿਦਿਆਰਥਣਾਂ ਦੀਆਂ ਰਿਪੋਰਟਾਂ ਪਾਜ਼ਟਿਵ ਆਉਣ ਉਪਰੰਤ ਯੂਨੀਵਰਸਿਟੀ ਪ੍ਰਸ਼ਾਸਨ ਦੀ ਚਿੰਤਾ ਵਧ ਗਈ ਹੈ। ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਵਿਦਿਆਰਥਣਾਂ ਦੇ ਕੋਰੋਨਾ ਪੀੜਤ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਕਿਸੇ ਵੀ ਸੋਸਾਇਟੀ ਮੈਂਬਰ ਨੂੰ ਕੈਂਪਸ ਛੱਡਣ ਦੀ ਇਜਾਜ਼ਤ ਨਹੀਂ ਹੈ। ਇਕ ਮੈਂਬਰ ਜੋ ਸੋਸਾਇਟੀ ਤੋਂ ਬਾਹਰ ਰਹਿੰਦਾ ਸੀ, ਦੀ ਰਿਪੋਰਟ ਵੀ ਪਾਜ਼ਟਿਵ ਹੈ। ਉਸ ਨੂੰ ਵੀ ਇਕਾਂਤਵਾਸ ਵਿਚ ਭੇਜ ਦਿੱਤਾ ਗਿਆ ਹੈ। ਯੂਨੀਵਰਸਿਟੀ ਤੇ ਪੇਨ ਕਾਊਂਟੀ ਸਿਹਤ ਵਿਭਾਗ ਵੱਲੋਂ ਵਿਦਿਆਰਥਣਾਂ ਦੇ ਸੰਪਰਕ ਵਿਚ ਆਏ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਖ਼ਾਲਿਸਤਾਨ ਜ਼ਿੰਦਾਬਾਦ, ਅਜ਼ਾਦ ਕਸ਼ਮੀਰ ਜ਼ਿੰਦਾਬਾਦ ਅਤੇ ਸੰਤ ਭਿੰਡਰਾਂਵਾਲਿਆਂ ਦੇ ਨਾਅਰਿਆਂ ਨਾਲ ਗੂੰਜਿਆ ਲੰਡਨ

## ‘ਸਰਕਾਰੀ ਫ਼ੀਲਿਆਂ ਦੀਆਂ ਕੋਸ਼ਿਸ਼ਾਂ ਨੂੰ ਨਕਾਰਦਿਆਂ ਕੀਤਾ ਗਿਆ ਜ਼ਬਰਦਸਤ ਰੋਸ ਪ੍ਰਦਰਸ਼ਨ’







**ਲੰਡਨ/ਏ.ਟੀ.ਨਿਊਜ਼:** ਭਾਰਤ ਦੀ ਅਖੌਤੀ ਅਜ਼ਾਦੀ ਦੀ 73 ਵੇਂ ਵਰੇਗੰਢ ਮੌਕੇ ਖ਼ਾਲਿਸ ਤਾਨੀਆ ਅਤੇ ਕਸ਼ਮੀਰੀਆਂ ਨੇ ਭਾਰਤੀ ਦੂਤ-ਘਰ ਅੱਗੇ ਜ਼ਬਰਦਸਤ ਰੋਸ ਮੁਜ਼ਾਹਰਾ ਕਰਦਿਆਂ ਖ਼ਾਲਿਸਤਾਨ ਦਾ ਪਰਚਮ ਲਹਿਰਾਇਆ ਗਿਆ। ਇਸ ਨਾਲ ਹਿੰਦੁੱਤਵੀ ਤਾਕਤਾਂ ਨੂੰ ਭਾਰੀ ਠੇਸ ਪਹੁੰਚਾਈ ਗਈ, ਕਿਉਂਕਿ ਜਿਸ ਤਰਾਂ ਇਨਾਂ ਦੀਆਂ ਏਜੰਸੀਆਂ ਨੇ ਪੰਜਾਬ ਦੇ ਸਿੱਖ ਨੌਜਵਾਨਾ ਨੂੰ ਨਿਸ਼ਾਨਾਂ ਬਣਾ ਕਿ ਨਵੇਂ ਅਣਮਨੁੱਖੀ ਕਾਨੂੰਨ ਯੂ.ਏ.ਪੀ.ਏ. (UAPA) ਨੂੰ ਲਾਗੂ ਕੀਤਾ ਹੈ, ਉਸ ਤਰਾਂ ਆਪਣੇ ਹੱਥ ਠੋਕੇ, ਅਖੌਤੀ ਸਿੱਖ ਨੁਮਾਇੰਦੇ ਅਤੇ ਰੰਘੜਾਂ ਵੱਲੋਂ ਯੂ. ਕੇ. ਅਤੇ ਲੰਡਨ ਦੀਆਂ ਸਰਕਾਰਾਂ ਤਾਈਂ ਸਿਰਫ਼ ਇਸ ਮੁਜ਼ਾਹਰੇ ਦੀ ਹੀ ਨਹੀਂ, ਆਪਣੀ ਸਦੀਆਂ ਤੋਂ ਅੰਗਰੇਜ਼ਾਂ ਦੀ ਕੀਤੀ ਗ਼ੁਲਾਮੀ ਅਤੇ ਚਮਚਾਗੀਰੀ ਦਾ ਸ਼ਰਮਨਾਕ ਇਤਿਹਾਸ ਦੁਹਰਾ ਕੇ, ਅਜ਼ਾਦੀ ਪਸੰਦ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਉੱਤੇ ਵੀ ਪਾਬੰਦੀ ਲੌਣ ਦੀ ਨੀਚ ਅਤੇ ਘਿਣਾਉਣੀ ਮੰਗ ਦੀ ਹਰਕਤ ਵੀ ਕੀਤੀ ਹੈ। ਇਹ ਬਿਆਨ, ਪ੍ਰਦਰਸ਼ਨ ਦੇ ਮੁੱਖ ਪ੍ਰਬੰਧਕ ਅਤੇ ਕੌਂਸਲ ਆਫ਼ ਖ਼ਾਲਿਸਤਾਨ ਦੇ ਜਨਰਲ ਸਕੱਤਰ, ਸ:ਰਣਜੀਤ ਸਿੰਘ ਸਰਾਏ ਨੇ ਮੀਡੀਆ ਰਾਹੀਂ ਜਨਤਕ ਕੀਤਾ। ਕੌਂਸਲ ਦੇ ਪ੍ਰਧਾਨ, ਸ: ਅਮਰੀਕ ਸਿੰਘ ਸਹੋਤਾ (®25) ਨੇ ਅੱਗੇ ਇਹ ਵੀ ਕਿਹਾ ਕਿ ਇਹ ਮੁਜ਼ਾਹਰਾ, ਕਾਨੂੰਨੀ ਅਤੇ ਲੋਕ ਤੰਤਰੀ ਰਵਾਇਤਾਂ ਅਨੁਸਾਰ, ਖ਼ਾਲਿਸਤਾਨ ਅਜ਼ਾਦ ਹੋਣ ਤੱਕ, ਹਰ ਸਾਲ ਕਾਲੇ ਗਣਤੰਤਰ ਅਤੇ ਅਜ਼ਾਦੀ ਦਿਵਸਾਂ ਤੇ ਵੀ ਹਰ ਹਾਲਤ ਜਾਰੀ ਰਹੇਗਾ, ਭਾਵੇਂ ਸਾਰੇ ਹਿੰਦੁੱਤਵੀ ਯਾਰ-ਖ਼ਰੀਦ ਜਾਂ ਸਰਕਾਰੀ ਟੱਟੂ ਰਲ ਕੇ ਇਸ ਦਾ ਲੱਖ ਵਿਰੋਧ ਕਿਉਂ ਨਾ ਕਰਨ।

ਐਫ਼. ਐੱਸ. ਓ. ਦੇ ਕੋਆਰਡੀਨੇਟਰ ਅਤੇ ਸੰਯੁਕਤ ਖ਼ਾਲਸਾ ਦਲ ਦੇ ਸ: ਲਵਸ਼ਿੰਦਰ ਸਿੰਘ ਡੱਲੇਵਾਲ ਨੇ ਵੀ ਕਿਹਾ ਕਿ ਇਹ ਦੁਨੀਆ-ਭਰ ਦੀਆਂ ਤਾਕਤਾਂ ਨੂੰ ਦਰਸਾਉਣਾ ਜ਼ਰੂਰੀ ਰਹਿੰਦਾ ਹੈ, ਕਿ ਜੋ ਭਾਰਤੀ ਸਰਕਾਰ ਅਜ਼ਾਦੀ ਮਨਾਉਂਦੀ ਹੈ ਉਹ ਅਖੌਤੀ ਹੈ, ਜਿਸ ਨੂੰ ਭਾਰਤ ਵਿਚ ਹਰ ਇਕ ਘੱਟ ਗਿਣਤੀ ਕੌਮ ਵੱਲੋਂ, ਕਾਲੇ ਦਿਵਸ ਵਜੋਂ ਹੀ ਮਨਾਇਆ ਜਾਂਦਾ ਹੈ।

ਵਿਸ਼ਵ ਸਿੱਖ ਸੰਸਦ ਦੇ ਜਨਰਲ ਸਕੱਤਰ ਸ: ਮਨਪ੍ਰੀਤ ਸਿੰਘ ਨੇ ਵੀ ਜਿੱਥੇ ਦੱਸਿਆ ਕਿ ਭਾਰਤ ਆਪਣੀ ਅਜ਼ਾਦੀ ਨਹੀਂ, ਬਲਕਿ ਘੱਟ-ਗਿਣਤੀ ਕੌਮਾਂ ਦੀ ਗ਼ੁਲਾਮੀ ਦਾ ਜਸ਼ਨ ਇਸ ਦਿਨ ਵਧੇਰੇ ਮਨਾਉਂਦਾ ਹੈ, ਉੱਥੇ ਸੰਸਦ ਦੇ ਵਿਸ਼ਵ ਪੱਧਰੀ ਸਪੀਕਰ ਸ: ਜੋਗਾ ਸਿੰਘ ਨੇ ਕਿਹਾ ਕਿ ਅੱਜ ਸਿੱਖ ਕੌਮ ਲਈ ਖ਼ਾਲਿਸਤਾਨ ਤੋਂ ਬਿਨਾ ਹੋਰ ਗੁਜ਼ਾਰਾ ਨਹੀਂ ਹੈ, ਕਿਉਂਕਿ ਸਿੱਖ ਨੌਜਵਾਨਾਂ ਨੂੰ ਇਕ ਧਾਰਮਿਕ ਪੁਸਤਕ ਕੋਲ ਰੱਖਣ ਲਈ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਜਾਂਦੀ ਹੈ। ਭਾਰਤੀ ਦੂਤ-ਘਰ ਦੇ ਸਾਹਮਣੇ ਹੀ, ਖ਼ਾਲਿਸਤਾਨ ਦੀ ਰਾਏ-ਸ਼ੁਮਾਰੀ ਲਈ ਦਸਤਾਵੇਜ਼ੀ ਦਫ਼ਤਰ ਪ੍ਰਦਰਸ਼ਨ ਦੌਰਾਨ ਖੋਲਿਆ ਗਿਆ, ਜਿਸ ਨੂੰ ਸ: ਦੁਪਿੰਦਰਜੀਤ ਸਿੰਘ ਦੀ ਸਿੱਖਸ ਫੋਰ ਜਸਟਿਸ ਦੀ ਟੀਮ, ਸ: ਪਰਮਜੀਤ ਸਿੰਘ ਪੰਮਾ ਅਤੇ ਕੇਸਰੀ ਲਹਿਰ ਦੇ ਸ: ਗੁਰਪ੍ਰੀਤ ਸਿੰਘ ਨੇ ਸੰਭਾਲ ਕੇ ਡਟ ਕੇ ਪ੍ਰਚਾਰ ਕੀਤਾ। ਇਸ ਦੇ ਨਾਲ ਹੀ ਖ਼ਾਲਿਸਤਾਨ ਦਾ ਝੰਡਾ ਲਹਿਰਾਇਆ ਗਿਆ। ਸ਼੍ਰੋ: ਅਕਾਲੀ ਦਲ, ਯੂ. ਕੇ. ਦੇ ਚੇਅਰਮੈਨ, ਸ: ਗੁਰਦੇਵ ਸਿੰਘ ਚੌਹਾਨ ਨੇ ਮੀਡੀਆ ਤਾਈਂ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਸਿੱਖਾਂ ਨੇ ਆਪ ਹਿੰਦੁਸਤਾਨ ਨੂੰ ਅਜ਼ਾਦ ਕਰਵਾ ਕੇ ਇਸ ਦੇ ਬੇਈਮਾਨ ਮੋਢੀਆਂ ਤੋਂ ਖ਼ੁਦ ਹੀ ਧੋਖਾ ਖਾਣਾ ਪਿਆ, ਜਿਸ ਦਾ ਹੱਲ ਕੌਮ ਦੀ ਅਜ਼ਾਦੀ ਹੀ ਹੈ।

ਇਸ ਤਰਾਂ ਹੀ, ਬ੍ਰਿਟਿਸ਼ ਸਿੱਖ ਕੌਂਸਲ ਦੇ ਸ: ਤਿਰਸੇਮ ਸਿੰਘ ਦਿਉਲ, ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕ੍ਰਿਪਾਲ ਸਿੰਘ ਮੱਲਾ ਬੇਦੀਆਂ, ਸ: ਨਿਰਮਲ ਸਿੰਘ ਸੰਧੂ, ਸੰਯੁਕਤ ਖ਼ਾਲਸਾ ਦਲ, ਸ: ਕੁਲਵੰਤ ਸਿੰਘ ਮੁਠੱਡਾ, ਸ਼੍ਰੋ: ਅਕਾਲੀ ਦਲ ਅੰਮ੍ਰਿਤਸਰ, ਤੋਂ ਇਲਾਵਾ ਤਮਾਮ ਕਸ਼ਮੀਰੀ ਜਥੇਬੰਦੀਆਂ ਨੇ ਕਸ਼ਮੀਰ ਅਤੇ ਖ਼ਾਲਿਸਤਾਨ ਦੀ ਅਜ਼ਾਦੀ ਦੀ ਮੰਗ ਨੂੰ ਬੁਲੰਦ ਕੀਤਾ। ਕੇ. ਟੀ. ਵੀ ਦੇ ਸ: ਜਗਜੀਤ ਸਿੰਘ ਜੀਤਾ ਅਤੇ ਕਸ਼ਮੀਰੀ ਮੀਡੀਆ ਨੇ ਵੀ ਅੰਤਰਰਾਸ਼ਟਰੀ ਪੱਧਰਾਂ ਤੇ ਲਗਾਤਾਰ ਪ੍ਰਦਰਸ਼ਨ ਦਾ ਪੂਰਾ ਪ੍ਰਸਾਰਨ ਕੀਤਾ ਗਿਆ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਮੁਲਤਾਨੀ ਅਗਵਾ ਕੇਸ: ਸੁਮੇਧ ਸੈਣੀ ਦੀਆਂ ਮੁਸ਼ਕਲਾਂ ਵਧੀਆਂ

**ਐੱਸਏਐੱਸ ਨਗਰ/ਏ.ਟੀ.ਨਿਊਜ਼:** ਪੰਜਾਬ ਦੇ ਸਾਬਕਾ ਆਈਏਐੱਸ ਅਧਿਕਾਰੀ ਦੇ ਬੇਟੇ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਦਭਰੀ ਹਾਲਤ ਵਿੱਚ ਲਾਪਤਾ ਕਰਨ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀਜੀਪੀ ਸੁਮੇਧ ਸੈਣੀ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਮੁਹਾਲੀ ਅਦਾਲਤ ਨੇ ਸੈਣੀ ਦੇ ਚਹੇਤੇ ਯੂ.ਟੀ. ਪੁਲੀਸ ਦੇ ਦੋ ਸਾਬਕਾ ਇੰਸਪੈਕਟਰ ਜਗੀਰ ਸਿੰਘ ਅਤੇ ਕੁਲਦੀਪ ਸਿੰਘ ਸੰਧੂ ਨੂੰ ਵਾਅਦਾ ਮੁਆਫ਼ ਗਵਾਹ ਬਣਾ ਲਿਆ ਹੈ। ਇਨਾਂ ਦੋਵਾਂ ਨੇ ਮੁਹਾਲੀ ਦੀ ਚੀਫ਼ ਜੁਡੀਸ਼ਲ ਮੈਜਿਸਟਰੇਟ ਸ੍ਰੀਮਤੀ ਦੀਪਿਕਾ ਸਿੰਘ ਦੀ ਅਦਾਲਤ ਵਿੱਚ ਆਪਣੇ ਬਿਆਨ ਦਰਜ ਕਰਵਾਏ। ਕਿਸੇ ਵੇਲੇ ਸੈਣੀ ਦੇ ਚਹੇਤੇ ਰਹੇ ਇਨਾਂ ਅਫ਼ਸਰਾਂ ਨੇ ਆਪਣੇ ਬਿਆਨਾਂ ਵਿੱਚ ਪੂਰੇ ਘਟਨਾਕ੍ਰਮ ’ਤੇ ਰੌਸ਼ਨੀ ਪਾਉਂਦਿਆਂ ਅਦਾਲਤ ਨੂੰ ਦੱਸਿਆ ਕਿ 1991 ਵਿੱਚ ਚੰਡੀਗੜ ਵਿੱਚ ਐੱਸਐੱਸਪੀ ਵਜੋਂ ਤਾਇਨਾਤੀ ਦੌਰਾਨ ਸੁਮੇਧ ਸੈਣੀ ਦੇ ਕਾਫ਼ਲੇ ਉੱਤੇ ਹੋਏ ਬੰਬ ਧਮਾਕੇ ਤੋਂ ਬਾਅਦ ਮੁਲਜ਼ਮਾਂ ਦੀ ਪੈੜ ਨੱਪਣ ਲਈ ਵਿਸ਼ੇਸ਼ ਸਰਚ ਅਭਿਆਨ ਚਲਾਇਆ ਗਿਆ ਸੀ। ਇਸ ਹਾਦਸੇ ਵਿੱਚ ਤਿੰਨ ਪੁਲੀਸ ਕਰਮਚਾਰੀ ਮਾਰੇ ਗਏ ਸੀ ਜਦੋਂਕਿ ਸੈਣੀ ਤੇ ਕੁਝ ਹੋਰ ਪੁਲੀਸ ਜਵਾਨ ਜ਼ਖ਼ਮੀ ਹੋ ਗਏ ਸੀ। ਉਦੋਂ ਸੈਣੀ ਦੇ ਕਹਿਣ ’ਤੇ ਬਲਵੰਤ ਸਿੰਘ ਮੁਲਤਾਨੀ ਨੂੰ ਮੁਹਾਲੀ ਸਥਿਤ ਉਸ ਦੇ ਘਰੋਂ ਚੁੱਕ ਕੇ ਸੈਕਟਰ-17 ਥਾਣੇ ਵਿੱਚ ਲਿਆਂਦਾ ਗਿਆ ਸੀ, ਜਿੱਥੇ ਸੈਣੀ ਦੀ ਮੌਜੂਦਗੀ ਵਿੱਚ ਉਸ ’ਤੇ ਬੇਤਹਾਸ਼ਾ ਤਸ਼ੱਦਦ ਢਾਹਿਆ ਗਿਆ। ਮੁਲਤਾਨੀ ਦੀ ਥਾਣੇ ਵਿੱਚ ਕੀਤੀ ਗਈ ਕੁੱਟਮਾਰ ਦੌਰਾਨ ਹੀ ਮੌਤ ਹੋ ਗਈ ਸੀ। ਇਸ ਮਗਰੋਂ ਨੌਜਵਾਨ ਦੀ ਲਾਸ਼ ਨੂੰ ਟਿਕਾਣੇ ਲਗਾਉਣ ਲਈ ਵੱਖ-ਵੱਖ ਪੁਲੀਸ ਅਫ਼ਸਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਇਹੀ ਨਹੀਂ ਪੁਲੀਸ ਨੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਕਾਦੀਆਂ (ਗੁਰਦਾਸਪੁਰ) ਥਾਣੇ ਵਿੱਚ ਝੂਠਾ ਕੇਸ ਦਰਜ ਕਰਕੇ ਇਹ ਦਰਸਾਇਆ ਕਿ ਮੁਲਤਾਨੀ ਪੁਲੀਸ ਹਿਰਾਸਤ ‘ਚੋਂ ਭੱਜ ਗਿਆ ਹੈ। ਇਸ ਸਬੰਧੀ ਯੂ.ਟੀ. ਪੁਲੀਸ ਦੀ ਟੀਮ ਵੱਲੋਂ ਚੰਡੀਗੜ ਵਿੱਚ ਵੀ ਡੀਡੀਆਰ ਦਰਜ ਕੀਤੀ ਗਈ ਸੀ। ਇਸ ਤਰਾਂ ਉਦੋਂ ਪੁਲੀਸ ਵੱਲੋਂ ਮੁਲਤਾਨੀ ਕੇਸ ਨੂੰ ਸਰਕਾਰੀ ਫਾਈਲਾਂ ਵਿੱਚ ਦਫ਼ਨ ਕਰ ਦਿੱਤਾ ਗਿਆ। ਵਾਅਦਾ ਮੁਆਫ਼ ਗਵਾਹ ਬਣੇ ਯੂ.ਟੀ. ਪੁਲੀਸ ਦੇ ਸਾਬਕਾ ਅਫ਼ਸਰਾਂ ਨੇ ਆਪਣੇ ਬਿਆਨਾਂ ਵਿੱਚ ਸਪਸ਼ਟ ਕੀਤਾ ਕਿ ਮੁਲਤਾਨੀ ਨੂੰ ਅੰਨੇਵਾਹ ਅਣਮਨੁੱਖੀ ਤਸੀਹੇ ਦਿੱਤੇ ਗਏ ਅਤੇ ਉਸ ਦੇ ਸਰੀਰ ‘ਚੋਂ ਖ਼ੂਨ ਵਗਣਾ ਸ਼ੁਰੂ ਹੋ ਗਿਆ। ਇਹ ਸਾਰਾ ਕੁਝ ਉਨਾਂ ਨੇ ਆਪਣੀ ਅੱਖੀਂ ਦੇਖਿਆ ਹੈ। ਪੁਲੀਸ ਦੀ ਇਸ ਦਰਿੰਦਗੀ ਕਾਰਨ ਮੁਲਤਾਨੀ ਕਾਫ਼ੀ ਸਮਾਂ ਦਰਦ ਨਾਲ ਕੁਰਲਾਉਂਦਾ ਰਿਹਾ। ਅਖੀਰ ਉਸ ਨੇ ਦਮ ਤੋੜ ਦਿੱਤਾ। ਇਸ ਤੋਂ ਪਹਿਲਾਂ ਵੀ ਇਸ ਕੇਸ ਵਿੱਚ ਕਈ ਚਸ਼ਮਦੀਦ ਗਵਾਹ ਸਾਹਮਣੇ ਆ ਚੁੱਕੇ ਹਨ। ਇਨਾਂ ਵਿੱਚ ਹਾਈ ਕੋਰਟ ਦੀ ਸੀਨੀਅਰ ਮਹਿਲਾ ਵਕੀਲ ਵੀ ਸ਼ਾਮਲ ਹੈ। ਉਸ ਨੇ ਵੀ ਆਪਣੇ ਬਿਆਨਾਂ ਵਿੱਚ ਖ਼ੁਲਾਸਾ ਕੀਤਾ ਸੀ ਕਿ ਸੈਣੀ ਦੀ ਮੌਜੂਦਗੀ ਵਿੱਚ ਯੂ.ਟੀ. ਪੁਲੀਸ ਨੇ ਮੁਲਤਾਨੀ ਉੱਤੇ ਤਸ਼ੱਦਦ ਢਾਹਿਆ ਸੀ ਅਤੇ ਉਹ ਚੱਲਣ ਫਿਰਨ ਤੋਂ ਵੀ ਲਾਚਾਰ ਸੀ। ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਸਮੇਤ ਛੇ ਮੁਲਜ਼ਮਾਂ ਐੱਸਪੀ ਬਲਦੇਵ ਸਿੰਘ ਸੈਣੀ ਅਤੇ ਇੰਸਪੈਕਟਰ ਸਤਵੀਰ ਸਿੰਘ, ਹਰ ਸਹਾਏ ਸ਼ਰਮਾ (69) ਵਾਸੀ ਸੈਕਟਰ-51ਡੀ, ਜਗੀਰ ਸਿੰਘ (70) ਵਾਸੀ ਸੈਕਟਰ-51, ਅਨੋਖ ਸਿੰਘ (65) ਵਾਸੀ ਸੈਕਟਰ-21 ਅਤੇ ਕੁਲਦੀਪ ਸਿੰਘ ਸੰਧੂ (66) ਵਾਸੀ ਮਨੀਮਾਜਰਾ ਖ਼ਿਲਾਫ਼ ਮਟੌਰ ਥਾਣੇ ਵਿੱਚ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਐੱਸਪੀ ਬਲਦੇਵ ਸਿੰਘ ਸੈਣੀ ਅਤੇ ਇੰਸਪੈਕਟਰ ਸਤਵੀਰ ਸਿੰਘ ਦੀ ਮੌਤ ਹੋ ਚੁੱਕੀ ਹੈ।




## ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੁਰਬ: ਦਰਬਾਰ ਸਾਹਿਬ ਵਿਖੇ ਮਹਿਕੇ 45 ਕਿਸਮਾਂ ਦੇ ਫੁੱਲ

**ਅੰਮ੍ਰਿਤਸਰ /ਏ.ਟੀ.ਨਿਊਜ਼ :** ਕਰੋਨਾ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਭਲਕੇ 19 ਅਗਸਤ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੰਕੇਤਕ ਰੂਪ ਵਿਚ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਸਬੰਧ ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਸੁੰਦਰ ਫੁੱਲਾਂ ਦੀ ਸਜਾਵਟ ਕੀਤੀ ਗਈ ਹੈ, ਜਿਸ ਦਾ ਚੱਲ ਰਿਹਾ ਕੰਮ ਅੱਜ ਮੁਕੰਮਲ ਹੋ ਗਿਆ ਹੈ।

ਇਸ ਤੋਂ ਪਹਿਲਾਂ ਕਰੋਨਾ ਕਾਰਨ ਖ਼ਾਲਸਾ ਸਾਜਣਾ ਦਿਵਸ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਅਤੇ ਹੋਰ ਗੁਰਪੁਰਬ ਸੰਕੇਤਕ ਤੌਰ ’ਤੇ ਹੀ ਮਨਾਏ ਗਏ ਹਨ। ਭਲਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੁਰਬ ਵੀ ਸੰਕੇਤਕ ਤੌਰ ’ਤੇ ਹੀ ਮਨਾਇਆ ਜਾਵੇਗਾ। ਇਸ ਸਬੰਧ ਵਿਚ ਗੁਰਦੁਆਰਾ ਰਾਮਸਰ ਤੋਂ ਸ੍ਰੀ ਦਰਬਾਰ ਸਾਹਿਬ ਤਕ ਸਵੇਰੇ ਨਗਰ ਕੀਰਤਨ ਸਜਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਕਰੋਨਾ ਕਾਰਨ ਲਾਈਵ ਪ੍ਰਸਾਰਨ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਸੰਗਤ ਘਰ ਬੈਠ ਕੇ ਹੀ ਨਗਰ ਕੀਰਤਨ ਅਤੇ ਹੋਰ ਸਮਾਗਮਾਂ ਦਾ ਪ੍ਰਸਾਰਨ ਦੇਖ ਸਕੇ। ਉਨਾਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਜਲੌਅ ਸਜਾਏ ਜਾਣਗੇ ਅਤੇ ਸ਼ਾਮ ਨੂੰ ਦੀਪਮਾਲਾ ਤੇ ਆਤਿਸ਼ਬਾਜ਼ੀ ਵੀ ਹੋਵੇਗੀ।

ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤੀ ਜਾ ਰਹੀ ਫੁੱਲਾਂ ਦੀ ਸਜਾਵਟ ਦਾ ਕੰਮ ਲਗਪਗ ਮੁਕੰਮਲ ਹੋ ਗਿਆ ਹੈ। ਇਹ ਸੁੰਦਰ ਫੁੱਲਾਂ ਦੀ ਸਜਾਵਟ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੀ ਹੈ। ਇਸ ਸਬੰਧ ਵਿਚ 25 ਤੋਂ 30 ਟਨ ਫੁੱਲਾਂ ਦੀ ਵਰਤੋਂ ਕੀਤੀ ਗਈ ਹੈ। ਇਹ ਫੁੱਲ ਕਲਕੱਤਾ, ਬੰਗਲੌਰ, ਪੁਣੇ, ਕੇਰਲਾ ਤੇ ਹੋਰ ਥਾਵਾਂ ਤੋਂ ਮੰਗਵਾਏ ਗਏ ਹਨ। ਇਸ ਵਾਰ ਕਰੋਨਾ ਕਾਰਨ ਵਿਦੇਸ਼ੀ ਫੁੱਲ ਨਹੀਂ ਮੰਗਵਾਏ ਗਏ ਹਨ।

## ਪ੍ਰਸਿੱਧ ਸ਼ਾਸਤਰੀ ਗਾਇਕ ਪੰਡਿਤ ਜਸਰਾਜ ਦਾ ਦਿਲ ਦਾ ਦੌਰਾ ਪੈਣ ਕਾਰਨ ਅਮਰੀਕਾ ਦੇ ਸੂਬੇ ਨਿਊਜਰਸੀ ’ਚ ਦੇਹਾਂਤ



**ਨਿਊਜਰਸੀ/ਰਾਜ ਗੋਗਨਾ:** ਅਮਰੀਕਾ ਦੇ ਸੂਬੇ ਨਿਊਜਰਸੀ ’ਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਪੰਡਿਤ ਜਸਰਾਜ ਦਾ ਦਿਲ ਦਾ ਦੌਰਾ ਪੈਣ ਕਾਰਨ ਲੰਘੇ ਸੋਮਵਾਰ ਸਵੇਰੇ ਦੇਹਾਂਤ ਹੋ ਗਿਆ। ਮੇਵਾਤੀ ਘਰਾਣੇ ਦੇ ਇਸ ਭਾਰਤੀ ਸ਼ਾਸਤਰੀ ਗਾਇਕ ਦੀ ਉਮਰ ਚਾਰ ਸਾਲ ਦੀ ਸੀ ਜਦੋਂ ਉਨਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ ਸੀ। ਪਰ ਉਨਾਂ ਦੇ ਵੱਡੇ ਭਰਾ ਗੁਰੂ ਪੰਡਿਤ ਮਨੀ ਰਾਮ ਨੇ ਉਨਾਂ ਦੀ ਸੰਗੀਤ ਵਿੱਦਿਆ ਸ਼ੁਰੂ ਕੀਤੀ।ਪੰਡਿਤ ਜਸਰਾਜ ਨੇ 9 ਸਾਲ ਦੀ ਉਮਰ ’ਚ ਆਪਣੇ ਕੈਰੀਅਰ ਦੀ ਸ਼ੁਰੂਆਤ ਨਜ਼ੀਰ ਖਾਨ ਨਾਲ ਕੀਤੀ। ਹਰਿਆਣਾ ਦੇ ਹਿਸਾਰ ਨਾਲ ਪਿਛੋਕੜ ਰੱਖਣ ਵਾਲੇ ਸਵ: ਜਸਰਾਜ ਦੀ ਸ਼ਾਦੀ ਮਸ਼ਹੂਰ ਫ਼ਿਲਮ ਨਿਰਦੇਸ਼ਕ ਸਾਂਤਾਰਮ ਦੀ ਬੇਟੀ ਮਧੁਰਾ ਸਾਂਤਾਰਮ ਨਾਲ ਹੋਈ ਸੀ।ਆਪਣੇ 80 ਸਾਲ ਦੇ ਸੰਗੀਤਕ ਸਫਰ ’ਚ ਉਨਾਂ ਕਈ ਨਾਮਵਰ ਐਵਾਰਡ ਹਾਸਿਲ ਕੀਤੇ। ਉਨਾਂ ਦੀ ਮੌਤ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਵੀ ਟਵੀਟ ਕਰਕੇ ਸ਼ੋਕ ਜਿਤਾਇਆ ਹੈ ਅਤੇ ਕਿਹਾ ਕਿ ਉਨਾਂ ਦੀ ਮੌਤ ਨਾਲ ਭਾਰਤ ਦੇ ਸ਼ਾਸਤਰੀ ਸੰਗੀਤ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਅਤੇ ਸੰਗੀਤ ਦੀ ਦੁਨੀਆ ’ਚ ਉਨਾਂ ਦੀ ਬਹੁਤ ਵੱਡੀ ਦੇਣ ਸੀ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਯੂ.ਏ.ਪੀ.ਏ ਰੱਦ ਕਰੋ, ਰਾਜਨੀਤਿਕ ਕੈਦੀ ਰਿਹਾਅ ਕਰੋ : ਦਲ ਖ਼ਾਲਸਾ ਅਤੇ ਮਾਨ ਦਲ

## ਸਿੱਖ ਜਥੇਬੰਦੀਆਂ ਨੇ ਪੰਜਾਬ ਭਰ ਅੰਦਰ ਕੀਤੇ ਮੁਜ਼ਾਹਰੇ, 15 ਅਗਸਤ ਨੂੰ ਕਾਲੇ ਦਿਨ ਵਜੋਂ ਮਨਾਇਆ, ਸਵੈ-ਨਿਰਨੇ ਅਤੇ ਯੂ.ਐਨ.ਓ ਅਧੀਨ ਰੈਫਰੇਂਡਮ ਦੀ ਮੰਗ ਕੀਤੀ

**ਅੰਮ੍ਰਿਤਸਰ/ਏ.ਟੀ.ਨਿਊਜ਼:** ਦਲ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਯੂਨਾਈਟਿਡ ਅਕਾਲੀ ਦਲ ਵੱਲੋਂ ਭਾਰਤ ਦੇ ਅਜ਼ਾਦੀ ਦਿਹਾੜੇ ਨੂੰ ਕਾਲ਼ਾ ਦਿਨ ਵਜੋਂ ਮਨਾਉਂਦਿਆਂ ਪੰਜਾਬ ਭਰ ਅੰਦਰ ਰੋਹ-ਭਰਪੂਰ ਮੁਜ਼ਾਹਰੇ ਕੀਤੇ ਅਤੇ ਪੰਜਾਬ ਦੇ ਲੋਕਾਂ ਲਈ ਸਵੈ-ਨਿਰਨੇ ਦੇ ਹੱਕ ਅਤੇ ਯੂ.ਐਨ.ਓ ਅਧੀਨ ਰੈਫਰੇਂਡਮ ਦੀ ਕੀਤੀ ਮੰਗ ਕੀਤੀ।

ਪੰਜਾਬ ਦੀ ਅਜ਼ਾਦੀ ਦਾ ਹੋਕਾ ਦੇਣ ਲਈ ਅੰਮ੍ਰਿਤਸਰ ਦੇ ਭੰਡਾਰੀ ਪੁਲ 'ਤੇ ਦੋ ਘੰਟੇ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਅਕਾਲ ਫੈਡਰੇਸ਼ਨ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਮੁੱਖ ਆਗੂ ਵੀ ਮੌਜੂਦ ਸਨ।

ਮੁਜ਼ਾਹਰੇ 'ਚ ਸਿੱਖ ਨੌਜਵਾਨਾਂ ਨੇ ਵੱਡੀ ਗਿਣਤੀ 'ਚ ਹਿੱਸਾ ਲਿਆ ਤੇ ਉਨਾਂ ਨੇ ਖ਼ਾਲਿਸਤਾਨ-ਪੱਖੀ ਅਤੇ ਕਾਲ਼ੇ ਕਾਨੂੰਨ ਰੱਦ ਕਰੋ ਆਦਿ ਨਾਅਰੇ ਵੀ ਲਾਏ। ਉਨਾਂ ਨੇ ਹੱਥਾਂ 'ਚ ਰੋਸ ਜਤਾਉਂਦੇ ਕਾਲ਼ੇ ਝੰਡੇ ਅਤੇ ਵੱਖ-ਵੱਖ ਤਰਾਂ ਦੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ ਜਿਨਾਂ ਉੱਤੇ ਲਿਖਿਆ ਸੀ ਕਿ 15 ਅਗਸਤ ਕਾਲ਼ਾ ਦਿਨ, ਯੂ.ਏ.ਪੀ.ਏ. ਤਹਿਤ ਅਸੀਂ ਅੱਤਵਾਦੀ ਹਾਂ, ਖੇਤੀ ਆਰਡੀਨੈਂਸ ਕਿਸਾਨਾਂ ਲਈ ਛਲਾਵਾ, ਬੰਦੀ ਸਿੰਘ ਰਿਹਾਅ ਕਰੋ ਆਦਿ। ਤਖ਼ਤੀਆਂ ਉੱਤੇ ਬੰਦੀ ਸਿੰਘਾਂ ਅਤੇ ਯੂ.ਏ.ਪੀ.ਏ ਦੇ ਸ਼ਿਕਾਰ ਸਿੱਖ ਨੌਜਵਾਨਾਂ, ਸੀ.ਏ.ਏ. ਦਾ ਵਿਰੋਧ ਕਰਦੀਆਂ ਪਿੰਜਰਾ ਤੋੜ ਸੰਸਥਾ ਦੀਆਂ ਨਜ਼ਰਬੰਦ ਲੜਕੀਆਂ, ਬਾਗ਼ੀ ਕਵੀ ਵਾਰਾਵਾਰਾ ਰਾਓ, ਸਾਈਂ ਬਾਬਾ, ਜੱਗੀ ਜੌਹਲ, ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਗ ਤਾਰਾ, ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀਆਂ ਤਸਵੀਰਾਂ ਵੀ ਛਪੀਆਂ ਹੋਈਆਂ ਸਨ।

ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਦਲ ਖ਼ਾਲਸਾ ਦੇ ਬੁਲਾਰੇ ਸ. ਕੰਵਰਪਾਲ ਸਿੰਘ ਨੇ ਕਿਹਾ ਕਿ 15 ਅਗਸਤ 1947 ਨੂੰ ਹਿੰਦੁਸਤਾਨ ਦੇ ਸ਼ਹਿਰੀਆਂ ਨੂੰ ਅਜ਼ਾਦੀ ਮਿਲ਼ੀ ਸੀ ਪਰ ਇਸ ਅਜ਼ਾਦੀ ਦਾ ਨਿੱਘ ਪੰਜਾਬੀਆਂ ਨੂੰ ਨਹੀਂ ਮਿਲਿਆ। ਹਿੰਦੂ ਹਾਕਮਾਂ ਨੇ ਜਿਨਾਂ ਵਾਅਦਿਆਂ ਨਾਲ ਸਿੱਖਾਂ ਨੂੰ ਭਾਰਤ ਨਾਲ ਰਲਣ ਲਈ ਰਾਜ਼ੀ ਕੀਤਾ ਸੀ ਉਹ ਵਾਅਦੇ ਅੱਜ ਤਕ ਵਫ਼ਾ ਨਹੀਂ ਹੋਏ ਪਰ ਇਸ ਦੇ ਉਲ਼ਟ ਜਦ ਅਸੀਂ ਪੰਜਾਬ ਦੇ ਹੱਕਾਂ-ਹਿੱਤਾਂ ਦੀ ਗੱਲ ਕੀਤੀ ਤਾਂ ਸਾਡੇ ਹਿੱਸੇ ਤਸ਼ੱਦਦ, ਜੇਲਾਂ ਅਤੇ ਫਾਂਸੀਆਂ ਆਈਆਂ। ਉਨਾਂ ਕਿਹਾ ਕਿ ਕਾਲ਼ੇ ਕਾਨੂੰਨਾਂ ਅਤੇ ਫਾਸੀ ਵਾਦੀ ਤੇ ਦਮਨਕਾਰੀ ਨੀਤੀਆਂ ਰਾਹੀਂ ਇਸ ਗ਼ੁਲਾਮੀ ਨੂੰ ਹੋਰ ਪੱਕਿਆਂ ਕੀਤਾ ਜਾ ਰਿਹਾ ਹੈ ਜੋ ਸਾਨੂੰ ਮਨਜ਼ੂਰ ਨਹੀਂ ਤੇ ਅਸੀਂ ਇਸ ਦੇ ਵਿਰੋਧ ਵਿੱਚ ਸੜਕਾਂ ਉੱਤੇ ਉੱਤਰੇ ਹਾਂ। ਉਨਾਂ ਕਿਹਾ ਕਿ ਅਸੀਂ ਅਜ਼ਾਦੀ ਦਾ ਦਿਹਾੜਾ ਉਸ ਦਿਨ ਮਨਾਵਾਂਗੇ ਜਦ ਪੰਜਾਬ ਆਜ਼ਾਦ ਹੋਵੇਗਾ। ਉਨਾਂ ਕਿਹਾ ਕਿ ਯੂ.ਏ.ਪੀ.ਏ. ਦੀ ਦਹਿਸ਼ਤ ਫੈਲਾ ਕੇ ਸਾਡੇ ਲਿਖਣ-ਬੋਲਣ ਦਾ ਹੱਕ ਵੀ ਖੋਹਿਆ ਜਾ ਰਿਹਾ। ਉਨਾਂ ਯੂ.ਏ.ਪੀ.ਏ ਨੂੰ ਮੋਦੀ-ਸ਼ਾਹ ਦਾ ਆਂਤਕੀ ਸੰਦ ਦੱਸਿਆ।












ਭਾਈ ਨਰਾਇਣ ਸਿੰਘ ਚੌੜਾ ਨੇ ਕਿਹਾ ਕਿ ਭਾਰਤ ਸਰਕਾਰ ਨੇ ਯੂ.ਏ.ਪੀ.ਏ. ਇੱਕ ਐਸਾ ਕਾਲ਼ਾ ਕਾਨੂੰਨ ਹੋਂਦ 'ਚ ਲਿਆਂਦਾ ਹੈ ਜਿਸ ਨਾਲ ਹੱਕ, ਸੱਚ, ਇਨਸਾਫ਼ ਅਤੇ ਅਜ਼ਾਦੀ ਦੀ ਗੱਲ ਕਰਨ ਵਾਲ਼ੇ ਹੁਣ ਕਿਸੇ ਵੀ ਵਿਅਕਤੀ ਨੂੰ ਸਰਕਾਰ ਅੱਤਵਾਦੀ ਐਲਾਨ ਸਕਦੀ ਹੈ।

ਫੈਡਰੇਸ਼ਨ ਭਿੰਡਰਾਂਵਾਲਾ ਦੇ ਆਗੂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ 1947 'ਚ ਸਿੱਖ ਇੱਕ ਗ਼ੁਲਾਮੀ ਤੋਂ ਬਾਅਦ ਦੂਜੀ ਗ਼ੁਲਾਮੀ 'ਚ ਜਕੜੇ ਗਏ। ਪੰਜਾਬ ਨਾਲ਼ ਹੋਏ ਧੱਕਿਆਂ, ਵਿਤਕਰਿਆਂ, ਜ਼ੁਲਮਾਂ ਤੇ ਬੇਇਨਸਾਫ਼ੀਆਂ ਦੀ ਦਾਸਤਾਨ ਬੜੀ ਲੰਮੀ ਹੈ।

ਇਸ ਮੌਕੇ ਦਲ ਖ਼ਾਲਸਾ ਦੇ ਸੀਨੀਅਰ ਆਗੂ ਬਲਦੇਵ ਸਿੰਘ ਸਿਰਸਾ, ਮਾਸਟਰ ਕੁਲਵੰਤ ਸਿੰਘ, ਸੂਬੇਦਾਰ ਬਲਦੇਵ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਸ. ਹਰਬੀਰ ਸਿੰਘ ਸੰਧੂ, ਭੁਪਿੰਦਰ ਸਿੰਘ ਛੇ ਜੂਨ, ਪੰਜਾਬ ਸਿੰਘ ਸੁਲਤਾਨਵਿੰਡ ਆਦਿ ਸ਼ਾਮਲ ਸਨ। ਜਲੰਧਰ: ਅਕਾਲੀ ਦਲ ਮਾਨ, ਦਲ ਖ਼ਾਲਸਾ ਅਤੇ ਬਹੁਜਨ ਕ੍ਰਾਂਤੀ ਮੋਰਚਾ ਦੇ ਦਰਜਨਾਂ ਕਾਰਕੁਨਾਂ ਨੂੰ ਸਥਾਨਕ ਪੁਲਿਸ ਪ੍ਰਦਰਸ਼ਨ ਦੇ ਚਲਦਿਆਂ ਗ੍ਰਿਫ਼ਤਾਰ ਕਰਕੇ ਥਾਣੇ ਲੈ ਗਈ ਜਿੱਥੇ ਆਗੂਆਂ ਖਿਲ਼ਾਫ 188 ਅਤੇ ਡੀਜ਼ਾਸਟਰ ਮੈਨੇਜਮੈਂਟ ਐਕਟ 2005 ਤਹਿਤ 16 ਵਿਅਕਤੀਆਂ ਖ਼ਿਲਾਫ਼ ਥਾਣਾ ਡਵੀਜ਼ਨ ਨੰਬਰ 4 ਵਿਖੇ ਕੇਸ ਦਰਜ ਕਰ ਲਿਆ ਅਤੇ ਸ਼ਾਮ ਨੂੰ ਸਾਰਿਆਂ ਨੂੰ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ। ਜਲੰਧਰ ਪ੍ਰਦਰਸ਼ਨਕਾਰੀਆਂ ਦੀ ਅਗਵਾਈ ਸੁਖਜੀਤ ਸਿੰਘ ਡਰੋਲੀ, ਪਰਮਜੀਤ ਸਿੰਘ ਮੰਡ ਅਤੇ ਰਜਿੰਦਰ ਰਾਣਾ ਕਰ ਰਹੇ ਸੀ। ਗ੍ਰਿਫ਼ਤਾਰੀ ਸਮੇਂ ਪ੍ਰਦਰਸ਼ਨਕਾਰੀਆਂ ਨੇ ਖ਼ਾਲਿਸਤਾਨ ਜ਼ਿੰਦਾਬਾਦ ਅਤੇ ਪੁਲਿਸ ਮੁਰਦਾਬਾਦ ਦੇ ਨਾਅਰੇ ਲਾਏ। ਨਵਾਂਸ਼ਹਿਰ- ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਭੌਰ, ਕਰਨੈਲ ਸਿੰਘ ਪੰਜੋਲੀ ਨੇ ਪ੍ਰਦਰਸ਼ਨਕਾਰੀਆਂ ਦੀ ਅਗਵਾਈ ਕੀਤੀ ਅਤੇ ਮੋਦੀ ਸਰਕਾਰ ਦੀਆਂ ਦਮਨਕਾਰੀ ਅਤੇ ਫਾਸੀ ਵਾਦੀ ਨੀਤੀਆਂ ਦੀ ਤਿੱਖੀ ਆਲੋਚਨਾ ਕੀਤੀ। ਉਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ ਅਤੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਕਰਨ ਵਾਲੀ ਕੇਂਦਰੀ ਏਜੰਸੀ ਐਨ.ਆਈ.ਏ ਨੂੰ ਸੀ.ਬੀ.ਆਈ ਵਾਂਗ ਸੱਤਾ 'ਤੇ ਕਾਬਜ਼ ਸਰਕਾਰ ਦਾ ਹੱਥ-ਠੋਕਾ ਦੱਸਿਆ।

ਬਾਕੀ ਸਫ਼ਾ 32 'ਤੇ

Homeopathicvibes

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Sir Speedy Tustin
Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸ਼੍ਰੋ: ਕਮੇਟੀ ਤੇ ਅਕਾਲੀ ਦਲ ਕਾਰਨ ਭਾਜਪਾ ਭੂਤਰੀ ਤੇ ਸਿੱਖਾਂ 'ਤੇ ਹਮਲੇ ਜਾਰੀ: ਗੜ੍ਹੀ

**ਬਸਪਾ ਨੇ ਸਿੱਖ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਲਈ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਜ਼ਿੰਮੇਵਾਰ ਠਹਿਰਾਇਆ ✪ਸਿਕਲੀਗਰ ਸਿੱਖ ਦੀ ਕੁੱਟਮਾਰ ਕਰਨ ਦੀ ਨਿਖੇਧੀ**

**ਜਲੰਧਰ /ਏ.ਟੀ.ਨਿਊਜ਼ :** ਬਸਪਾ ਪ੍ਰਧਾਨ ਪੰਜਾਬ ਜਸਵੀਰ ਸਿੰਘ ਗੜ੍ਹੀ ਨੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹਨਾਂ ਦੀ ਅਣਗਹਿਲੀ ਤੇ ਭਾਜਪਾ ਪ੍ਰਤੀ ਅਤਿ ਨਰਮ ਪੱਖ ਸਿੱਖਾਂ ਉੱਪਰ ਹਮਲੇ, ਯੂਏਪੀਏ ਵਰਗੇ ਕਾਲੇ ਕਨੂੰਨ, ਗੁਰਦੁਆਰਿਆਂ ਉੱਪਰ ਕਬਜ਼ੇ ਜਾਰੀ ਹਨ। ਇਹਨਾਂ ਦੀ ਚੁੱਪ ਕਾਰਨ ਸਰਕਾਰੀ ਗੁਪਤ ਡਾਇਰੀਆਂ ਵਿਚ ਪੰਜਾਬ ਡਿਸਟਰਬ ਸਟੇਟ ਐਲਾਨ ਕੇ ਸਿੱਖਾਂ ਨੂੰ ਸ਼ੱਕੀ ਨਜ਼ਰਾਂ ਨਾਲ ਦੇਖਿਆ ਜਾ ਰਿਹਾ ਹੈ। ਉੱਨੀ ਤੋਂ ਜ਼ਿਆਦਾ ਸਿੱਖਾਂ ਉੱਪਰ ਯੂਏਪੀਏ ਅੰਤਰਗਤ ਕੇਸ ਪਾਏ ਗਏ ਹਨ। ਇਸ ਬਾਰੇ ਅਕਾਲੀ ਦਲ ਘੇਸਲ ਵਟੀ ਬੈਠਾ ਮੋਦੀ ਸਰਕਾਰ ਵਿਰੁੱਧ ਅਵਾਜ਼ ਨਹੀਂ ਉਠਾ ਰਿਹਾ। ਯੂਏਪੀਏ ਅੰਤਰਗਤ ਕੇਸ ਵਿੱਚ ਲਵਪ੍ਰੀਤ ਸਿੰਘ ਨੇ ਆਤਮ ਹੱਤਿਆ ਨਹੀਂ ਕੀਤੀ ਕੇਂਦਰੀ ਸੈੱਲ ਤਸ਼ੱਦਦ ਕਾਰਨ ਹੱਤਿਆ ਹੋਈ ਹੈ। ਪਰ ਬਾਦਲ ਦਲ ਇਹਨਾਂ ਸਾਰੇ ਮਾਮਲਿਆਂ ਵਿਚ ਸਪਸ਼ਟ ਸਟੈਂਡ ਨਾ ਲੈ ਕੇ ਡਰਾਮੇ ਕਰ ਰਿਹਾ ਹੈ। ਜਸਵੀਰ ਸਿੰਘ ਗੜ੍ਹੀ ਬਸਪਾ ਪ੍ਰਧਾਨ ਪੰਜਾਬ ਨੇ ਕਿਹਾ ਕਿ ਬਾਦਲ ਦਲ ਨੇ ਗੁਰੂ ਨਾਨਕ ਸਾਹਿਬ ਦੇ ਇਤਿਹਾਸਕ ਸਥਾਨਾਂ, ਹਰਿਦੁਆਰ ਸਥਿਤ ਗੁਰਦੁਆਰਾ ਗਿਆਨ ਗੋਦੜੀ ਤੇ ਸਿੱਕਮ ਦੇ ਗੁਰਦੁਆਰਾ ਡਾਂਗ ਮਾਰ ਨੂੰ ਆਜ਼ਾਦ ਕਰਵਾਏ ਜਾਣ ਦੇ ਸੰਬੰਧ ਵਿੱਚ ਕੋਈ ਪ੍ਰੋਗਰਾਮ ਨਹੀਂ ਦਿੱਤਾ ਅਤੇ ਨਾ ਸਰਕਾਰ ਤੱਕ ਪਹੁੰਚ ਕਰ ਕੇ ਇਹ ਮੰਗ ਕੀਤੀ ਹੈ ਕਿ ਗੁਰੂ ਨਾਨਕ ਜੀ ਦੇ ਨਾਲ ਸੰਬੰਧਿਤ ਇਤਿਹਾਸਕ ਸਥਾਨ ਪੰਥ ਨੂੰ ਸੌਂਪੇ ਜਾਣ। ਉਨਾਂ ਦੱਸਿਆ ਕਿ ਉੜਸੀਾ ਦੇ ਜਗਨਨਾਥ ਪੁਰੀ ਵਿਚ ਮੰਗੂ ਮੱਠ ਮੱਠ ਦੇ ਅਸਲ ਢਾਂਚੇ ਨਾਲ ਛੇੜ-ਛਾੜ ਕੀਤੀ ਹੈ। ਉਹ ਮੱਠ ਦਾ ਹਿੱਸਾ ਸੀ ਜਿਸ ਨੂੰ ਢਾਹਿਆ ਗਿਆ। ਗੁਰੂ ਨਾਨਕ ਦੇਵ ਜੀ 1550 ਵਿੱਚ ਮੰਗੂ ਮੱਠ ਆਏ ਸਨ। ਮੰਗੂ ਮੱਠ ਉਹ ਰੇਤ ਦਾ ਥੜਾ ਹੈ, ਜਿੱਥੇ ਖੜ ਕੇ ਉਨਾਂ ਅਕਾਲ ਪੁਰਖ ਦੀ ਮਹਿਮਾ ਵਿਚ 'ਕੈਸੀ ਆਰਤੀ ਹੋਏ' ਸ਼ਬਦ ਉਚਾਰਿਆ ਸੀ। ਇਸ ਮੱਠ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਆਰਤੀ ਹੀ ਗਾਈ ਤੇ ਪੜੀ ਜਾਂਦੀ ਹੈ। ਜਗਨਨਾਥ ਪੁਰੀ ਵਿੱਚ ਇੱਕ ਗੁਰਦੁਆਰਾ 'ਆਰਤੀ ਸਾਹਿਬ' ਵੀ ਹੈ।



ਇੱਥੇ ਇਹ ਗੱਲ ਵਰਨਣਯੋਗ ਹੈ ਕਿ ਹਰਿਦੁਆਰ, ਗੰਗਾ ਕਿਨਾਅਰੇ, ਹਰਿ ਕੀ ਪੌੜੀ ਸਥਿਤ ਇਤਿਹਾਸਕ 'ਗੁਰਦੁਆਰਾ ਗਿਆਨ ਗੋਦੜੀ' ਉਹ ਇਤਿਹਾਸਕ ਅਸਥਾਨ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਹਰਿਦੁਆਰ ਪੁੱਜ ਕੇ, ਕਰਮ-ਕਾਂਡਾਂ, ਵਹਿਮਾਂ-ਭਰਮਾਂ ਦੇ ਫੈਲੇ ਹਨੇਰੇ ਨੂੰ ਦੂਰ ਕਰਨ ਲਈ 'ਗਿਆਨ ਦਾ ਪ੍ਰਕਾਸ਼' ਕੀਤਾ ਸੀ। ਗੁਰੂ ਸਾਹਿਬ ਦੀ ਇਸ ਹਰਿਦੁਆਰ ਯਾਤਰਾ ਦੀ ਯਾਦ ਵਿੱਚ ਗੰਗਾ ਕਿਨਾਰੇ ਹਰਿ ਕੀ ਪੌੜੀ ਦੇ ਸਥਾਨ 'ਤੇ ਇਤਿਹਾਸਕ, ਗੁਰਦੁਆਰਾ ਗਿਆਨ ਗੋਦੜੀ ਸਥਾਪਤ ਕੀਤਾ ਗਿਆ ਸੀ, ਜਿਸ ਨੂੰ 1979 ਵਿੱਚ ਹਰਿਦੁਆਰ ਵਿਖੇ ਗੰਗਾ ਕਿਨਾਰੇ ਲੱਗੇ ਕੁੰਭ ਦੇ ਮੇਲੇ ਵਿੱਚ ਮਚੀ ਭਗਦੜ ਦੌਰਾਨ ਚਾਰ ਸੌ ਦੇ ਲਗਭਗ ਵਿਅਕਤੀਆਂ ਦੇ ਮਾਰੇ ਜਾਣ ਦੇ ਹੋਏ ਦੁਖਾਂਤ ਤੋਂ ਬਾਅਦ ਢਾਹ ਦਿੱਤਾ ਗਿਆ ਸੀ। ਉਨਾਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਉੱਤਰੀ ਸਿੱਕਮ ਦੇ ਗੁਰੂ ਡਾਂਗਮਾਰ ਝੀਲ ਵਿਚ ਸਮੁੰਦਰ ਤਲ ਤੋਂ ਲਗਭਗ 17,500 ਫੁੱਟ ਦੀ ਉਚਾਈ 'ਤੇ ਬਰਫ਼ ਦੇ ਰੂਪ ਵਿਚ ਜੰਮੇ ਹੋਏ ਪਾਣੀ ਨੂੰ ਡਾਂਗ ਮਾਰ ਕੇ ਪਾਣੀ ਕੱਢਿਆ ਗਿਆ ਸੀ, ਜਿਸ ਤੋਂ ਬਾਅਦ ਉੱਥੇ ਰਹਿੰਦੇ ਬੋਧ ਧਰਮ ਨਾਲ ਸੰਬੰਧਿਤ ਲਾਮਾ ਗੁਰੂ ਨਾਨਕ ਦੇਵ ਜੀ ਨੂੰ ਨਾਨਕ ਲਾਮਾ ਦੇ ਨਾਲ ਪ੍ਰਚਾਰਦੇ ਹਨ। ਪਰ ਕਾਫ਼ੀ ਸਮਾਂ ਪਹਿਲਾਂ ਕੁਝ ਲੋਕਾਂ ਨੇ ਕਬਜ਼ਾ ਕਰ ਲਿਆ । ਉਨਾਂ ਦੱਸਿਆ ਕਿ ਸਿੱਖਾਂ ਪ੍ਰਤੀ ਭਾਜਪਾ ਸਰਕਾਰਾਂ ਦਾ ਵਤੀਰਾ ਫ਼ਿਰਕੂ ਨਜ਼ਰ ਆ ਰਿਹਾ ਹੈ। ਮੱਧ ਪ੍ਰਦੇਸ਼ ਦੇ ਬਰਵਾਨੀ ਜ਼ਿਲੇ ਤੋਂ ਪੁਲਿਸ ਦੀ ਜ਼ਾਲਮਾਨਾ ਇੱਕ ਤਸਵੀਰ ਸਾਹਮਣੇ ਆਈ ਹੈ। ਵਾਇਰਲ ਹੋਈ ਇਕ ਵੀਡੀਓ ਵਿਚ ਪੁਲਿਸ ਮੁਲਾਜ਼ਮ ਸਿਕਲੀਗਰ ਆਦਵਾਸੀ ਭਾਈਚਾਰੇ ਦੇ ਸਿੱਖ ਗ੍ਰੰਥੀ ਨੌਜਵਾਨ ਨੂੰ ਕੁੱਟ ਰਹੇ ਹਨ ਅਤੇ ਉਸ ਨੂੰ ਕੇਸਾਂ ਤੋਂ ਫੜ ਸੜਕ ਉੱਪਰ ਘਸੀਟ ਰਹੇ ਹਨ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਉਸ ਦੀ ਮਦਦ ਤੇ ਆਏ ਉਸਦੇ ਸਿੱਖ ਸਾਥੀਆਂ ਨੂੰ ਪੁਲਿਸ ਵੱਲੋਂ ਫ਼ਿਰਕੂ ਗੁੰਡਿਆਂ ਦੀ ਭੀੜ ਵਾਂਗ ਹਮਲਾ ਕੀਤਾ ਗਿਆ। ਘਟਨਾ ਵੀਰਵਾਰ ਦੌਰਾਨ ਬਰਵਾਨੀ ਜ਼ਿਲੇ ਦੀ ਰਾਜਪੁਰ ਤਹਿਸੀਲ ਦੇ ਪਲਸੁਦ ਥਾਣਾ ਖੇਤਰ ਵਿੱਚ ਸਿਕਲੀਗਰ ਸਿੱਖ ਨੌਜਵਾਨ ਪ੍ਰੇਮ ਸਿੰਘ ਨਾਲ ਪੁਲਿਸ ਲੜਾਈ ਦਾ ਵੀਡੀਓ ਵਾਇਰਲ ਹੋਇਆ ਹੈ। ਪੁਲਿਸ ਮੁਲਾਜ਼ਮਾਂ ਨੇ ਪਹਿਲਾਂ ਉਸ ਨੂੰ ਗਾਲ਼ਾਂ ਕੱਢੀਆਂ। ਜਦੋਂ ਉਸਨੇ ਵਿਰੋਧ ਕੀਤਾ ਤਾਂ ਉਸ ਦੀ ਪੱਗ ਲਾਹ ਕੇ ਸੜਕ 'ਤੇ ਘਸੀਟਿਆ, ਕੁੱਟਿਆ ਗਿਆ। ਜਦੋਂ ਪ੍ਰੇਮ ਸਿੰਘ ਦੇ ਕੁਝ ਸਾਥੀਆਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਉਨਾਂ ਨੂੰ ਵੀ ਕੁੱਟਿਆ। ਉਨਾਂ ਕਿਹਾ ਕਿ ਇਹ ਸਭ ਬਾਦਲ ਦਲ ਦੇ ਭਾਜਪਾ ਪ੍ਰਤੀ ਨਰਮ ਸਟੈਂਡ ਕਾਰਨ ਸਿੱਖਾਂ ਤੇ ਫ਼ਿਰਕੂ ਹਮਲੇ ਸਰਕਾਰੀ ਤਸ਼ੱਦਦ ਜਾਰੀ ਹਨ। ਜੇਕਰ ਬਾਦਲ ਦਲ ਸਿੱਖਾਂ ਦੇ ਹਿਤ ਵਿਚ ਸਟੈਂਡ ਲੈਂਦਾ ਤਾਂ ਭਾਜਪਾ ਸਿੱਖ ਵਿਰੋਧੀ ਅਜਿਹੀ ਹਰਕਤ ਨਾ ਕਰਦੀ।

## ਵਿਸ਼ਵ 'ਚ ਫੈਲ ਰਹੀ ਏ ਹਿੰਸਾ

**ਲੰਡਨ /ਏ.ਟੀ.ਨਿਊਜ਼ :** ਵੱਖ-ਵੱਖ ਕਾਰਨਾਂ ਕਾਰਨ ਵਿਸ਼ਵ ਵਿਚ ਹਿੰਸਾ ਫੈਲ ਰਹੀ ਹੈ, ਜਿਸ ਕਾਰਨ ਮਨੁੱਖਤਾ ਨੂੰ ਇਸ ਫਾਸ਼ੀਵਾਦ ਕਾਰਨ ਵੱਡਾ ਖ਼ਤਰਾ ਪੈਦਾ ਹੋ ਗਿਆ ਹੈ। ਹੇਠ ਲਿਖੀਆਂ ਘਟਨਾਵਾਂ ਇਸ ਦੀਆਂ ਗਵਾਹ ਹਨ:-

➢ 14 ਜੁਲਾਈ ਨੂੰ 'ਅਫ਼ਗਾਨਿਸਤਾਨ ਵਿਚ ਪੂਰਬੀ ਕਾਬਲ' ਵਿਚ ਹੋਏ ਬੰਬ ਧਮਾਕੇ ਵਿਚ 4 ਨਾਗਰਿਕ ਮਾਰੇ ਗਏ ਅਤੇ 4 ਹੋਰ ਜ਼ਖ਼ਮੀ ਹੋ ਗਏ।

➢ 15 ਜੁਲਾਈ ਨੂੰ 'ਅਫ਼ਗਾਨਿਸਤਾਨ ਦੇ ਉੱਤਰੀ ਕੁੰਦੁਜ ਸੂਬੇ' ਵਿਚ ਤਾਲਿਬਾਨੀਆਂ ਦੇ ਹਮਲੇ ਵਿਚ 2 ਅਫ਼ਗਾਨ ਫ਼ੌਜੀਆਂ ਦੀ ਜਾਨ ਗਈ ਅਤੇ 5 ਜ਼ਖ਼ਮੀ ਹੋ ਗਏ।

➢ 21 ਜੁਲਾਈ ਨੂੰ 'ਅਮਰੀਕਾ ਦੇ ਸ਼ਿਕਾਗੋ' ਵਿਚ ਇਕ ਅੰਤਿਮ ਸਸਕਾਰ ਵਿਚ ਸ਼ਾਮਲ ਵਿਰਲਾਪ ਕਰ ਰਹੇ ਲੋਕਾਂ 'ਤੇ ਕਾਰ ਸਵਾਰ ਹਮਲਾਵਰਾਂ ਨੇ ਅੰਨੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ 14 ਵਿਅਕਤੀ ਜ਼ਖ਼ਮੀ ਹੋ ਗਏ ਅਤੇ ਕਈ ਥਾਵਾਂ 'ਤੇ ਅੱਗ ਲੱਗ ਗਈ।

➢ 23 ਜੁਲਾਈ ਨੂੰ ਉੱਤਰ-ਪੱਛਮੀ 'ਪਾਕਿਸਤਾਨ ਦੇ ਪਿਸ਼ਾਵਰ' ਜ਼ਿਲੇ ਦੇ ਪਾੜਾਚਿਨਾਰ ਸ਼ਹਿਰ ਵਿਚ ਇਕ ਬੰਬ ਧਮਾਕੇ ਵਿਚ 20 ਵਿਅਕਤੀ ਜ਼ਖ਼ਮੀ ਹੋ ਗਏ।

➢ 25 ਜੁਲਾਈ ਨੂੰ 'ਅਮਰੀਕਾ ਦੇ ਫਲੋਰੀਡਾ' ਵਿਚ ਹਵਾਈ ਫ਼ੌਜ ਦੇ ਹਰਲਬਰਟ ਸਥਿਤ ਅੱਡੇ 'ਤੇ ਫਾਇਰਿੰਗ ਵਿਚ ਇਕ ਵਿਅਕਤੀ ਦੀ ਮੌਤ ਤੇ ਇਕ ਜ਼ਖ਼ਮੀ ਹੋ ਗਿਆ।

➢ 27 ਜੁਲਾਈ ਨੂੰ 'ਅਫ਼ਰੀਕੀ ਦੇਸ਼ ਸੁਡਾਨ' ਦੇ ਪੱਛਮੀ ਦਾਰਫ਼ੂਰ ਸੂਬੇ ਵਿਚ ਹੋਏ ਹਮਲੇ ਵਿਚ 60 ਵਿਅਕਤੀਆਂ ਦੀ ਮੌਤ ਤੇ 60 ਵਿਅਕਤੀਆਂ ਦੇ ਜ਼ਖ਼ਮੀ ਹੋਣ ਤੋਂ ਬਾਅਦ ਪ੍ਰਧਾਨ ਮੰਤਰੀ ਅਬਦੁੱਲਾ ਹਮਦਕ ਨੇ ਦੇਸ਼ ਵਿਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ।

➢ 27 ਜੁਲਾਈ ਨੂੰ ਹੀ 'ਅਮਰੀਕਾ ਦੇ ਕਈ ਸ਼ਹਿਰਾਂ' ਵਿਚ ਨਸਲੀ ਹਿੰਸਾ ਵਿਰੁੱਧ ਨਿਆਂ ਅਤੇ ਪੁਲਸ ਸੁਧਾਰਾਂ ਦੀ ਮੰਗ 'ਤੇ ਜ਼ੋਰ ਦੇਣ ਲਈ ਹਜ਼ਾਰਾਂ ਲੋਕਾਂ ਨੇ ਰੋਸ ਵਿਖਾਵਾ ਕੀਤਾ। ਇਸ ਦੌਰਾਨ ਓਰੇਗਾਨ ਅਤੇ ਆਕਲੈਂਡ ਵਿਚ ਵਿਖਾਵਾਕਾਰੀਆਂ ਨੇ 2 ਅਦਾਲਤ ਕੰਪਲੈਕਸਾਂ 'ਤੇ ਵੀ ਹਮਲੇ ਕੀਤੇ। ਕਈ ਥਾਵਾਂ 'ਤੇ ਸਾੜ-ਫ਼ੂਕ ਤੇ ਭੰਨ-ਤੋੜ ਦੀਆਂ ਘਟਨਾਵਾਂ ਹੋਈਆਂ। ਵਿਖਾਵਾਕਾਰੀਆਂ ਨੇ ਪੁਲਸ ਮੁਲਾਜ਼ਮਾਂ ਉੱਪਰ ਸੜਦੇ ਹੋਏ ਪਟਾਕੇ ਸੁੱਟੇ।

➢ 27 ਜੁਲਾਈ ਨੂੰ ਹੀ 'ਇਰਾਕ ਦੀ ਰਾਜਧਾਨੀ ਬਗ਼ਦਾਦ' ਵਿਚ ਨਵੇਂ ਸਿਰੇ ਤੋਂ ਭੜਕੇ ਸਰਕਾਰ ਵਿਰੋਧੀ ਰੋਸ ਵਿਖਾਵਿਆਂ ਦੌਰਾਨ ਇਰਾਕੀ ਫ਼ੌਜਾਂ ਤੇ ਵਿਖਾਵਾਕਾਰੀਆਂ ਦਰਮਿਆਨ ਝੜਪ ਵਿਚ 2 ਵਿਅਕਤੀਆਂ ਦੀ ਮੌਤ ਅਤੇ 21 ਵਿਅਕਤੀ ਜ਼ਖ਼ਮੀ ਹੋ ਗਏ।

➢ 29 ਜੁਲਾਈ ਨੂੰ 'ਪਾਕਿਸਤਾਨ ਦੇ ਕਬਜ਼ੇ ਵਾਲੇ ਗਿਲਗਿਤ ਬਾਲਿਤਸਤਾਨ' ਵਿਚ ਛਾਪੇਮਾਰੀ ਦੌਰਾਨ ਪਾਕਿਸਤਾਨੀ ਪੁਲਸ ਦੇ 5 ਮੈਂਬਰ ਮਾਰੇ ਗਏ।

➢ 29 ਜੁਲਾਈ ਨੂੰ ਹੀ 'ਤਾਲਿਬਾਨੀ ਅੱਤਵਾਦੀਆਂ' ਤੇ ਪਾਕਿ ਫ਼ੌਜ ਵੱਲੋਂ ਅਫ਼ਗਾਨ ਸਰਹੱਦ 'ਤੇ ਲਗਾਤਾਰ ਕੀਤੇ ਜਾਣ ਵਾਲੇ ਰਾਕੇਟ ਹਮਲਿਆਂ ਦੇ ਵਿਰੁੱਧ ਅਫ਼ਗਾਨਾਂ ਤੇ ਪਸ਼ਤੂਨਾਂ ਨੇ ਵਿਸ਼ਵ ਭਰ ਵਿਚ ਰੋਸ ਵਿਖਾਵੇ ਕੀਤੇ।

➢ 29 ਜੁਲਾਈ ਨੂੰ ਹੀ 'ਪਾਕਿਸਤਾਨ ਦੇ ਇਸਲਾਮਾਬਾਦ' ਵਿਚ ਈਸ਼ ਨੰਦਾ ਦੇ ਦੋਸ਼ੀ ਤਾਹਿਰ ਸ਼ਮੀਮ ਅਹਿਮਦ ਦੀ ਕੋਰਟ ਰੂਮ ਦੇ ਅੰਦਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਕੌਮੀ ਸੁਰੱਖਿਆ ਲਈ ਖ਼ਤਰਾ ਬਣ ਸਕਦੀ ਹੈ ਐੱਸ.ਵਾਈ.ਐੈਲ.

**ਚੰਡੀਗੜ /ਏ.ਟੀ.ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਮੁੱਦਾ ਦੇਸ਼ ਦੀ ਸੁਰੱਖਿਆ ਨੂੰ ਭੰਗ ਕਰਨ ਦੀ ਸਮਰੱਥਾ ਰੱਖਦਾ ਹੈ। ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨਾਲ ਵੀਡੀਓ ਕਾਨਫ਼ਰੰਸ ਮੀਟਿੰਗ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਨੂੰ ਕਿਹਾ ਕਿ 'ਤੁਸੀਂ ਇਸ ਮਾਮਲੇ ਨੂੰ ਕੌਮੀ ਸੁਰੱਖਿਆ ਦੇ ਨਜ਼ਰੀਏ ਤੋਂ ਦੇਖੋ। ਜੇ ਤੁਸੀਂ ਐੱਸ.ਵਾਈ.ਐੈਲ. ਨਾਲ ਅੱਗੇ ਵਧਣ ਦਾ ਫ਼ੈਸਲਾ ਕੀਤਾ ਤਾਂ ਪੰਜਾਬ ਵਿਚ ਸਥਿਤੀ ਵਿਗੜੇਗੀ ਅਤੇ ਇਹ ਕੌਮੀ ਸਮੱਸਿਆ ਬਣ ਜਾਵੇਗੀ ਜਿਸ ਨਾਲ ਹਰਿਆਣਾ ਤੇ ਰਾਜਸਥਾਨ ਵੀ ਪ੍ਰਭਾਵਿਤ ਹੋਣਗੇ।' ਮੁੱਖ ਮੰਤਰੀ ਨੇ ਬਾਅਦ ਵਿੱਚ ਮੀਟਿੰਗ ਨੂੰ 'ਸਕਾਰਾਤਮਿਕ ਤੇ ਦੋਸਤਾਨਾ' ਮਾਹੌਲ ਵਿੱਚ ਹੋਈ ਦੱਸਦਿਆਂ ਕਿਹਾ ਕਿ ਕੇਂਦਰੀ ਮੰਤਰੀ ਪੰਜਾਬ ਦੇ ਨਜ਼ਰੀਏ ਨੂੰ ਸਮਝਦੇ ਹਨ। ਮੁੱਖ ਮੰਤਰੀ ਨੇ ਤੈਅ ਸਮੇਂ ਅੰਦਰ ਪਾਣੀ ਦੀ ਉਪਲਬਧਤਾ ਦਾ ਤਾਜ਼ਾ ਮੁਲਾਂਕਣ ਕਰਨ ਲਈ ਟ੍ਰਿਬਿਊਨਲ ਦੀ ਜ਼ਰੂਰਤ ਦੁਹਰਾਉਂਦਿਆਂ ਨਾਲ ਹੀ ਮੰਗ ਕੀਤੀ ਕਿ ਉਨਾਂ ਦੇ ਸੂਬੇ ਨੂੰ ਯਮੁਨਾ ਨਦੀ ਸਣੇ ਉਪਲਬਧ ਕੁੱਲ ਸਰੋਤਾਂ ਵਿੱਚੋਂ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ। ਕੈਪਟਨ ਨੇ ਕਿਹਾ ਕਿ ਪੰਜਾਬ ਨੂੰ ਸਭ ਪਾਸਿਉਂ ਖ਼ਤਰਾ ਹੈ। ਉਨਾਂ ਚਿਤਾਵਨੀ ਦਿੱਤੀ ਕਿ ਪਾਣੀਆਂ ਦਾ ਮੁੱਦਾ ਸੂਬੇ ਨੂੰ ਹੋਰ ਅਸਥਿਰ ਕਰ ਦੇਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦਾ ਯਮੁਨਾ ਦੇ ਪਾਣੀ ਉੱਤੇ ਹੱਕ ਸੀ ਜਿਹੜਾ ਉਨਾਂ ਨੂੰ ਸੂਬੇ ਦੀ 1966 ਵਿੱਚ ਵੰਡ ਵੇਲੇ ਹਰਿਆਣਾ ਨਾਲ 60:40 ਅਨੁਪਾਤ ਦੀ ਵੰਡ ਅਨੁਸਾਰ ਨਹੀਂ ਮਿਲਿਆ। ਉਨਾਂ ਹਰਿਆਣਾ ਦੇ ਆਪਣੇ ਹਮਰੁਤਬਾ ਐਮ.ਐੈਲ. ਖੱਟਰ ਨਾਲ ਬੈਠ ਕੇ ਇਸ ਭਾਵੁਕ ਮੁੱਦੇ ਉੱਤੇ ਚਰਚਾ ਕਰਨ ਲਈ ਆਪਣੀ ਇੱਛਾ ਵੀ ਜ਼ਾਹਿਰ ਕੀਤੀ। ਉਨਾਂ ਸੁਝਾਅ ਦਿੱਤਾ ਕਿ ਐੱਸ.ਵਾਈ.ਐੈਲ. ਨਹਿਰ/ਰਾਵੀ ਬਿਆਸ ਪਾਣੀਆਂ ਦੇ ਮੁੱਦੇ 'ਤੇ ਚਰਚਾ ਲਈ ਰਾਜਸਥਾਨ ਨੂੰ ਵੀ ਸ਼ਾਮਲ ਕੀਤਾ ਜਾਵੇ ਕਿਉਂਕਿ ਉਹ ਵੀ ਇਕ ਹਿੱਸੇਦਾਰ ਹੈ। ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀ ਇਸ ਮੁੱਦੇ ਉੱਤੇ ਅਗਾਊਂ ਚਰਚਾ ਲਈ ਚੰਡੀਗੜ ਵਿਖੇ ਮਿਲਣਗੇ ਜਿਸ ਦੀ ਤਰੀਕ ਬਾਅਦ ਵਿੱਚ ਨਿਰਧਾਰਿਤ ਕੀਤੀ ਜਾਵੇਗੀ। ਇਸ ਤੋਂ ਬਾਅਦ ਹੀ ਕੇਂਦਰੀ ਮੰਤਰੀ ਕੋਲ ਜਾਣਗੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਣੀ ਦੀ ਉਪਲਬਧਤਾ ਲਈ ਸਹੀ ਅਦਾਲਤੀ ਹੁਕਮ ਲੈਣ ਲਈ ਇਹ ਜ਼ਰੂਰੀ ਹੈ ਕਿ ਟ੍ਰਿਬਿਊਨਲ ਬਣਾਇਆ ਜਾਵੇ। ਉਨਾਂ ਕਿਹਾ ਇਰਾਡੀ ਕਮਿਸ਼ਨ ਵੱਲੋਂ ਤਜਵੀਜ਼ਤ ਪਾਣੀ ਦੀ ਵੰਡ 40 ਸਾਲ ਪੁਰਾਣੀ ਹੈ ਜਦੋਂ ਕਿ ਕੌਮਾਂਤਰੀ ਨਿਯਮਾਂ ਅਨੁਸਾਰ ਸਥਿਤੀ ਦਾ ਪਤਾ ਲਗਾਉਣ ਲਈ ਹਰੇਕ 25 ਸਾਲਾਂ ਬਾਅਦ ਨਜ਼ਰਸਾਨੀ ਕਰਨੀ ਜ਼ਰੂਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਸਲ ਵਿੱਚ ਹਾਲੇ ਤੱਕ ਪੰਜਾਬ ਦੇ ਪਾਣੀਆਂ ਬਾਰੇ ਕੋਈ ਠੋਸ ਫ਼ੈਸਲਾ ਅਤੇ ਤਕਨੀਕੀ ਮੁਲਾਂਕਣ ਉਪਲਬਧ ਨਹੀਂ ਹੈ। ਉਨਾਂ ਕਿਹਾ ਕਿ ਬੀ.ਬੀ.ਐਮ.ਬੀ. ਮੁਤਾਬਿਕ ਦਰਿਆ ਬਿਆਸ ਦੇ ਪਾਣੀ ਦੀ ਉਪਲਬਧਤਾ ਸੰਨ 1981 ਵਿਚ ਅੰਦਾਜ਼ਨ 17.17 ਐਮ.ਏ.ਐੈਫ. ਤੋਂ ਘਟ ਕੇ 13.38 ਐਮ.ਏ.ਐੈਫ. ਰਹਿ ਗਈ ਹੈ। ਉਨਾਂ ਕਿਹਾ ਕਿ ਗੈਰ-ਬੇਸਿਨ ਰਾਜ ਹੋਣ ਦੇ ਬਾਵਜੂਦ ਅਤੇ ਘੱਟ ਆਬਾਦੀ ਹੋਣ ਦੇ ਨਾਲ-ਨਾਲ ਘੱਟ ਕਾਸ਼ਤਕਾਰੀ ਵਾਲੇ ਜ਼ਮੀਨੀ ਖੇਤਰ ਹੁੰਦਿਆਂ ਵੀ ਹਰਿਆਣਾ ਲਈ ਦਰਿਆਈ ਪਾਣੀ ਦੀ ਕੁੱਲ ਉਪਲਬਧਤਾ ਪੰਜਾਬ ਦੇ 12.42 ਐਮ.ਏ.ਐੈਫ. ਦੇ ਮੁਕਾਬਲੇ 12.48 ਐਮ.ਏ.ਐੈਫ. ਰਹੀ ਹੈ। ਉਨਾਂ ਦੱਸਿਆ ਕਿ ਅੱਜ ਪੰਜਾਬ ਇਕ ਘੱਟ ਪਾਣੀ ਵਾਲਾ ਸੂਬਾ ਹੈ ਅਤੇ ਇਸ ਲਈ ਹਰਿਆਣੇ ਵਿੱਚ ਪਾਣੀ ਤਬਦੀਲ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਕੈਪਟਨ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਅਤੇ ਸੂਬੇ ਵਿੱਚ ਉੱਠਦੀ ਹਿੰਸਕ ਮੁਜ਼ਾਹਰਿਆਂ ਦੀ ਹਵਾ ਨੂੰ ਠੱਲ ਪਾਉਣ ਦੇ ਮੱਦੇਨਜ਼ਰ ਉਨਾਂ ਨੇ 2004 ਵਿੱਚ ਕੀਤੇ ਸਾਰੇ ਪਾਣੀ ਦੇ ਸਮਝੌਤੇ ਵਾਪਸ ਲੈਣ ਦਾ ਠੋਸ ਫ਼ੈਸਲਾ ਲਿਆ ਸੀ। ਉਸ ਤੋਂ ਬਾਅਦ ਸਥਿਤੀ ਹੋਰ ਵਿਗੜ ਗਈ ਸੀ ਕਿਉਂਕਿ ਸੂਬੇ ਦੇ 128 ਬਲਾਕਾਂ ਵਿਚੋਂ 109 ਨੂੰ ਅਧਿਕਾਰਤ ਤੌਰ 'ਤੇ 'ਡਾਰਕ ਜ਼ੋਨ' ਐਲਾਨਿਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਚੀਨ ਦੇ ਆਪਣੇ ਖੇਤਰ ਵਿਚ ਡੈਮ ਬਣਾਉਣ ਨਾਲ ਸਥਿਤੀ ਹੋਰ ਬਦਤਰ ਹੋਣ ਦੀ ਸੰਭਾਵਨਾ ਹੈ, ਇਸ ਨਾਲ ਸਤਲੁਜ ਦਰਿਆ ਵਿਚ ਵੀ ਪਾਣੀ ਦੀ ਘਾਟ ਆ ਜਾਵੇਗੀ। ਮੁੱਖ ਮੰਤਰੀ ਨੇ ਪਾਣੀ ਇਕੱਠਾ ਕਰਨ ਲਈ ਹਿਮਾਚਲ ਪ੍ਰਦੇਸ਼ ਵਿੱਚ ਜਲ ਭੰਡਾਰਨ ਡੈਮਾਂ ਦੀ ਉਸਾਰੀ ਸਬੰਧੀ ਦਿੱਤੇ ਆਪਣੇ ਸੁਝਾਅ ਵੱਲ ਧਿਆਨ ਦਿਵਾਉਂਦਿਆਂ ਕਿਹਾ ਕਿ ਅਜਿਹੇ ਡੈਮ ਬਣਨੇ ਚਾਹੀਦੇ ਹਨ ਤਾਂ ਜੋ ਪਾਕਿਸਤਾਨ ਵਿੱਚ ਪਾਣੀ ਦੇ ਵਹਾਅ ਨੂੰ ਰੋਕਿਆ ਜਾ ਸਕੇ। ।

## ਕੇਂਦਰੀ ਮੰਤਰੀ ਨੇ ਗੱਲਬਾਤ ਨੂੰ ਤਸੱਲੀਬਖ਼ਸ਼ ਦੱਸਿਆ, ਦੂਜਾ ਦੌਰ ਹਫ਼ਤੇ ਬਾਅਦ

ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਅੱਜ ਹੋਈ ਬੈਠਕ 'ਚ ਕੇਂਦਰ, ਹਰਿਆਣਾ ਤੇ ਪੰਜਾਬ ਸਰਕਾਰਾਂ ਨੇ ਹਿੱਸਾ ਲਿਆ। ਗੱਲਬਾਤ ਦਾ ਦੂਜਾ ਦੌਰ ਇਕ ਹਫ਼ਤੇ ਬਾਅਦ ਹੋਵੇਗਾ। ਉੱਧਰ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਜੋ ਇਸ ਮੀਟਿੰਗ ਲਈ ਦਿੱਲੀ ਕੇਂਦਰੀ ਮੰਤਰੀ ਕੋਲ ਪੁੱਜੇ ਹੋਏ ਸਨ, ਸਤਲੁਜ ਯਮੁਨਾ ਲਿੰਕ ਨਹਿਰ



ਦਾ ਕੰਮ ਪੂਰਾ ਕਰਨ ਲਈ ਬਜ਼ਿਦ ਰਹੇ ਅਤੇ ਉਨਾਂ ਕੇਂਦਰੀ ਮੰਤਰੀ ਨੂੰ ਇਹ ਵੀ ਕਿਹਾ ਕਿ ਇਸ ਨਹਿਰ ਲਈ ਕੋਈ 70 ਫ਼ੀਸਦੀ ਕੰਮ ਪੂਰਾ ਹੋ ਗਿਆ ਸੀ ਅਤੇ ਬਾਕੀ ਰਹਿੰਦਾ ਕੋਈ 30 ਫ਼ੀਸਦੀ ਕੰਮ ਪੂਰਾ ਕੀਤਾ ਜਾਣਾ ਬਾਕੀ ਹੈ । ਕੇਂਦਰੀ ਜਲ ਸ਼ਕਤੀ ਮੰਤਰੀ ਸ੍ਰੀ ਗਜੇਂਦਰ ਸਿੰਘ ਸ਼ੇਖਾਵਤ ਵੀ ਹਰਿਆਣਾ ਦੀਆਂ ਦਲੀਲਾਂ ਨਾਲ ਸਹਿਮਤ ਨਜ਼ਰ ਆ ਰਹੇ ਸਨ ਕਿਉਂਕਿ ਉਨਾਂ ਵੀ ਮੀਟਿੰਗ ਦੇ ਅਖੀਰ 'ਚ ਵਿਚਾਰ ਦਿੱਤਾ ਕਿ ਐੱਸ.ਵਾਈ.ਐੈਲ. ਨਹਿਰ ਨੂੰ ਮੁਕੰਮਲ ਕੀਤਾ ਜਾ ਸਕਦਾ ਹੈ ਅਤੇ ਸਿੰਜਾਈ ਲਈ ਤਿਆਰ ਰੱਖਿਆ ਜਾ ਸਕਦਾ ਹੈ, ਜਦੋਂਕਿ ਪਾਣੀ ਦੀ ਵੰਡ 'ਤੇ ਵਿਚਾਰ ਵਟਾਂਦਰੇ ਜਾਰੀ

**- ਕੈਪਟਨ ਨੇ ਦਿੱਤੀ ਸਖ਼ਤ ਚੇਤਾਵਨੀ,ਕਿਹਾ ਕਿ ਪੰਜਾਬ ਵਿਚ ਸਥਿਤੀ ਵਿਗੜੇਗੀ**

**- ਪਾਣੀ ਦੀ ਉਪਲਬਧਤਾ ਦਾ ਪਤਾ ਲਗਾਉਣ ਲਈ ਟ੍ਰਿਬਿਊਨਲ ਦੀ ਮੰਗ ਦੁਹਰਾਈ**

**- ਕੇਂਦਰੀ ਮੰਤਰੀ ਦਾ ਵਿਚਾਰ ਕਿ ਐੱਸ.ਵਾਈ.ਐੈਲ. ਨੂੰ ਮੁਕੰਮਲ ਕੀਤਾ ਜਾਵੇ ਅਤੇ ਤੇ ਅੰਤਿਮ ਫ਼ਾਰਮੂਲੇ ਦਾ ਫ਼ੈਸਲਾ ਬਾਅਦ ਵਿੱਚ ਲਿਆ ਜਾਵੇ**

**- ਹਰਿਆਣਾ ਦੇ ਮੁੱਖ ਮੰਤਰੀਮਨੋਹਰ ਲਾਲ ਖੱਟਰ ਮੀਟਿੰਗ ਲਈ ਦਿੱਲੀ ਕੇਂਦਰੀ ਮੰਤਰੀ ਕੋਲ ਪੁੱਜੇ**

ਰਹਿ ਸਕਦੇ ਹਨ ਅਤੇ ਪਾਣੀਆਂ ਦੀ ਵੰਡ ਸਬੰਧੀ ਅੰਤਿਮ ਫ਼ਾਰਮੂਲੇ ਦਾ ਫ਼ੈਸਲਾ ਬਾਅਦ 'ਚ ਵੀ ਲਿਆ ਜਾ ਸਕਦਾ ਹੈ । ਪੰਜਾਬ ਸਰਕਾਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰੀ ਮੰਤਰੀ ਦੀ ਉਕਤ ਤਜਵੀਜ਼ ਦਲੀਲ ਰਹਿਤ ਹੈ ਕਿਉਂਕਿ ਜੇ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਪਾਣੀ ਹੀ ਉਪਲਬਧ ਨਹੀਂ ਤਾਂ ਅਰਬਾਂ ਰੁਪਏ ਦੀ ਲਾਗਤ ਨਾਲ ਨਹਿਰ ਨੂੰ ਪੂਰਾ ਕਰਨ ਦਾ ਕੰਮ ਕੀਤੇ ਜਾਣ ਦੀ ਕੀ ਲੋੜ ਹੈ । ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰੀ ਮੰਤਰੀ ਵੱਲੋਂ ਲਈ ਗਈ ਉਕਤ ਮੀਟਿੰਗ ਦੇ ਆਧਾਰ 'ਤੇ ਕੇਂਦਰ ਸਰਕਾਰ ਸੁਪਰੀਮ ਕੋਰਟ 'ਚ ਅਰਜ਼ੀ ਦਾਇਰ ਕਰਕੇ ਗੱਲਬਾਤ ਅੱਗੋਂ ਜਾਰੀ ਰੱਖਣ ਲਈ ਹੋਰ ਸਮੇਂ ਦੀ ਮੰਗ ਕਰੇਗੀ ।

ਕੇਂਦਰੀ ਜਲਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨਵੀਂ ਦਿੱਲੀ ਵਿਚ ਹੋਈ ਉੱਚ ਪੱਧਰੀ ਮੀਟਿੰਗ ਵਿੱਚ ਹਾਜ਼ਰ ਸਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀਡੀਓ ਕਾਨਫ਼ਰੰਸ ਰਾਹੀਂ ਮੀਟਿੰਗ 'ਚ ਸ਼ਿਰਕਤ ਕੀਤੀ। ਮੀਟਿੰਗ ਤੋਂ ਬਾਅਦ ਸ਼ੇਖਾਵਤ ਨੇ ਉੱਚ ਪੱਧਰੀ ਵਾਰਤਾ ਦੇ ਇਸ ਪਹਿਲੇ ਦੌਰ ਨੂੰ ਤਸੱਲੀਬਖ਼ਸ਼ ਦੱਸਦਿਆਂ ਕਿਹਾ ਕਿ ਇੱਕ ਹਫ਼ਤੇ ਬਾਅਦ ਦੂਜਾ ਗੇੜ ਹੋਵੇਗਾ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਦੋਸਤਾਨਾ ਹੱਲ ਲਈ ਸਾਰੇ ਰਾਹ ਖੁੱਲੇ ਹਨ। ਗੱਲਬਾਤ ਦੇ ਦੂਜੇ ਗੇੜ ਤੋਂ ਬਾਅਦ ਸੁਪਰੀਮ ਕੋਰਟ ਨੂੰ ਪੂਰਨ ਵੇਰਵਿਆਂ ਤੋਂ ਜਾਣੂ ਕਰਾਇਆ ਜਾਵੇਗਾ। ਜਲ ਸ਼ਕਤੀ ਰਾਜ ਮੰਤਰੀ ਰਤਨ ਲਾਲ ਕਟਾਰੀਆ, ਜਲ ਬਿਜਲੀ ਮੰਤਰਾਲੇ ਦੇ ਸਕੱਤਰ, ਸਿੰਜਾਈ ਅਤੇ ਜਲ ਸਰੋਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਵੀ ਮੀਟਿੰਗ ਵਿਚ ਮੌਜੂਦ ਸਨ।

## ਨਹਿਰ ਦਾ ਇਤਿਹਾਸ

ਸਤਲੁਜ ਯਮੁਨਾ ਨਹਿਰ ਦਾ ਇਤਿਹਾਸ ਸਮਝਣ ਦੇ ਲਈ 54 ਸਾਲ ਪਿੱਛੇ ਜਾਣਾ ਹੋਵੇਗਾ। ਇਸ ਨਹਿਰ ਦੀ ਨੀਂਹ ਪੰਜਾਬ ਦੀ ਵੰਡ ਦੇ ਸਮੇਂ ਰੱਖੀ ਗਈ ਸੀ ਭਾਵ 1966 ਵਿੱਚ ਜਦੋਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਹੋਂਦ ਵਿਚ ਆਏ। ਭਾਸ਼ਾ ਦੇ ਆਧਾਰ ਉੱਤੇ ਕੁਝ ਇਲਾਕੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੂੰ ਦੇ ਦਿੱਤੇ ਗਏ। 1955 ਵਿੱਚ ਰਾਵੀ ਅਤੇ ਬਿਆਸ ਨਦੀ ਵਿਚ 15.85 ਐੱਮ ਐਫ ਭਾਵ ਮਿਲੀਅਨ ਏਕੜ ਫੁੱਟ ਪਾਣੀ ਸੀ। ਕੇਂਦਰ ਨੇ ਰਾਵੀ 7.20 ਐੱਮ ਐਫ ਮਹਾਂ ਪੰਜਾਬ ਨੂੰ , 8 ਐੱਮ ਐਫ ਰਾਜਸਥਾਨ ਦੇ ਹਿੱਸੇ ਆਇਆ। 0.65 ਐੱਮ ਐਫ ਜੰਮੂ-ਕਸ਼ਮੀਰ ਨੂੰ ਮਿਲਿਆ। 1966 ਵਿਚ ਪੰਜਾਬ ਦੀ ਵੰਡ ਹੋਈ ਅਤੇ ਹਰਿਆਣਾ ਹੋਂਦ ਵਿਚ ਆਇਆ।

ਹਰਿਆਣਾ ਨੇ ਪੰਜਾਬ ਦੇ 7.20 ਐੱਮਐਫ ਪਾਣੀ ਵਿੱਚੋਂ ਆਪਣੇ ਹਿੱਸਾ ਦਾ 4.8 ਐਮਏਐਫ ਪਾਣੀ ਮੰਗਣਾ ਸ਼ੁਰੂ ਕਰ ਦਿੱਤਾ। ਜਦੋਂਕਿ ਪੰਜਾਬ ਨੇ ਅਜਿਹਾ ਕਰਨਾ ਤੋਂ ਇਨਕਾਰ ਕਰ ਦਿੱਤਾ। ਹਰਿਆਣਾ ਨੇ ਕੇਂਦਰ ਤੋਂ ਮਦਦ ਮੰਗੀ ਪਰ ਉਸ ਦੀ ਗੱਲ ਕਿਸੇ ਕੰਢੇ ਨਾ ਲੱਗੀ। ਪਰ ਜਦੋਂ 1976 ਜਦੋਂ ਦੇਸ਼ ਵਿੱਚ ਐਮਰਜੈਂਸੀ ਲੱਗੀ ਹੋਈ ਸੀ ਉਸ ਸਮੇਂ ਕੇਂਦਰ ਸਰਕਾਰ ਵੱਲੋਂ ਪਾਣੀ ਸਬੰਧੀ ਇੱਕ ਆਦੇਸ਼ ਜਾਰੀ ਕਰ ਦਿੱਤਾ ਗਿਆ ਜਿਸ ਦੇ ਮੁਤਾਬਿਕ ਦੋਹਾਂ ਰਾਜਾਂ ਵਿਚਾਲੇ 3.5- 3.5 ਐਮਏਐਫ ਪਾਣੀ ਵੰਡ ਦਿੱਤਾ ਗਿਆ ਜਦੋਂਕਿ ਬਾਕੀ 0.2 ਐਮ ਏ ਐਫ ਪਾਣੀ ਦਿਲੀ ਨੂੰ ਅਲਾਟ ਕਰ ਦਿੱਤਾ ਗਿਆ। ਦੋਵੇਂ ਰਾਜ ਅਦਾਲਤ ਵਿਚ ਚਲੇ ਗਏ। ਦੋਹਾਂ ਰਾਜਾਂ ਵਿਚ ਕਾਂਗਰਸ ਦੀ ਸਰਕਾਰ ਸੀ ਅਤੇ ਕੇਂਦਰ ਵਿਚ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਸਰਕਾਰ।

ਕੇਂਦਰ ਨੇ ਪਹਿਲਕਦਮੀ ਕਰ ਕੇ ਦੋਹਾਂ ਮੁੱਖ ਮੰਤਰੀਆਂ ਨੂੰ ਸਹਿਮਤ ਕਰ ਕੇ ਅਦਾਲਤ ਵਿਚੋਂ ਕੇਸ ਵਾਪਸ ਕਰਵਾ ਦਿੱਤੇ ਅਤੇ ਪਾਣੀ ਦੀ ਵੰਡ ਵਿਚ ਥੋੜਾ ਫੇਰਬਦਲ ਕਰ ਦਿੱਤਾ। 31 ਦਸੰਬਰ, 1981 ਨੂੰ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ, ਹਰਿਆਣਾ ਦੇ ਭਜਨ ਲਾਲ ਅਤੇ ਰਾਜਸਥਾਨ ਦੇ ਸ਼ਿਵਚਰਨ ਮਾਥੁਰ ਦੇ ਨਾਲ ਇੱਕ ਸਮਝੌਤਾ ਕੀਤਾ। ਜਿਸ ਹੇਠ ਪਾਣੀ ਦਾ ਅਨੁਮਾਨ 17.17 (MAF) ਹੈ; ਪੰਜਾਬ 4.22 (MAF), ਹਰਿਆਣਾ 3.5 (MAF), ਰਾਜਸਥਾਨ 8.6 (MAF), ਜੰਮੂ-ਕਸ਼ਮੀਰ 0.65 (MAF), ਤੇ ਦਿੱਲੀ 0.2 (MAF)। ਸਮਝੌਤੇ ਅੰਦਰ ਆਉਂਦੇ 2 ਸਾਲਾਂ ਅੰਦਰ 31 ਦਸੰਬਰ 1983 ਤੱਕ ਐੱਸ.ਵਾਈ.ਐੱਲ ਦਾ ਕੰਮ ਮੁਕੰਮਲ ਕਰਨ ਨੂੰ ਵੀ ਕਿਹਾ ਗਿਆ।

ਇਸ ਮਗਰੋਂ ਪੰਜਾਬ ਸਰਕਾਰ ਨੇ 1.32 (MAF) ਵੱਧ ਪਾਣੀ ਮਿਲਣ ਤੇ 1982 'ਚ 'ਵਾਈਟ ਪੇਪਰ' ਰਿਲੀਜ਼ ਕੀਤਾ। ਆਉਂਦੇ ਸਾਲਾਂ ਦੌਰਾਨ ਇੰਦਰਾ ਗਾਂਧੀ ਦਾ ਕਤਲ ਅਤੇ ਫਿਰ ਹਰਿਮੰਦਰ ਸਾਹਿਬ 'ਤੇ ਹਮਲੇ ਨੇ ਪੰਜਾਬ ਅੰਦਰ ਖਾੜਕੂ ਲਹਿਰ ਨੂੰ ਤੇਜ਼ ਕੀਤਾ। ਜਿਸ ਦੇ ਚਲਦੇ ਪੰਜਾਬੀ ਲੋਕਾਂ ਨੇ ਸੱਤਾ ਦੇ ਜ਼ਬਰ-ਜ਼ੁਲਮ, ਜਮਹੂਰੀ ਅਧਿਕਾਰਾਂ ਦਾ ਘਾਣ, ਜਾਅਲੀ ਮੁਕਾਬਲੇ ਰਾਹੀਂ ਕਤਲ ਤੇ ਫ਼ਿਰਕਾਪ੍ਰਸਤੀ ਆਦਿ ਦੇ ਦੌਰ ਨੂੰ ਹੰਢਾਇਆ।

ਸਾਲ 1985 'ਚ ਪੰਜਾਬ ਵਿਧਾਨ ਸਭਾ ਨੇ 'ਵਾਈਟ ਪੇਪਰ' ਨੂੰ ਬੇਤੁਕਾ ਅਤੇ ਫ਼ਜ਼ੂਲ ਕਿਹਾ। ਫਿਰ ਇੱਕ ਹੋਰ ਸਮਝੌਤਾ ਰਾਜੀਵ ਗਾਂਧੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਹੋਇਆ। ਅਕਾਲੀ ਲੀਡਰਸ਼ਿਪ ਨੇ ਆਪਣੀ ਸਮਝੌਤਾਪ੍ਰਸਤੀ ਰਾਜਨੀਤੀ ਰਾਹੀਂ ਪੰਜਾਬੀ ਪਾਣੀਆਂ ਦੇ ਮਸਲੇ ਨੂੰ ਆਪਣਾ ਸਿਆਸੀ ਲਾਹਾ ਲੈਣ ਹੀ ਵਰਤਿਆ।

ਅਕਾਲੀ ਕਹਾਉਣ ਨੂੰ ਪਾਣੀਆਂ ਦੇ ਰਾਖੇ; ਪਰ ਸਮਝੌਤੇ ਹਮੇਸ਼ਾ ਲੋਕ-ਵਿਰੋਧੀ ਕਰਦੇ। ਇਸ ਸਮਝੌਤੇ 'ਚ ਤਿੰਨ ਮੁੱਖ ਗੱਲਾਂ ਸਨ; ਪਹਿਲੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨਾਂ ਨੂੰ 1 ਜਲਾਈ, 1985 ਦੀ ਵਰਤੇ ਜਾਂਦੇ ਪਾਣੀ ਮੁਤਾਬਿਕ ਪਾਣੀ ਮਿਲਦਾ ਰਹੇਗਾ, ਦੂਜਾ ਇੱਕ ਟ੍ਰਿਬਿਊਨਲ ਦਾ ਗਠਨ ਕੀਤਾ ਜਾਵੇਗਾ ਜਿਸ ਦੀਆਂ ਹਦਾਇਤਾਂ ਨੂੰ ਸਭ ਸੂਬਿਆਂ ਨੂੰ ਮੰਨਣਾ ਪਵੇਗਾ, ਤੀਜਾ ਐੱਸ.ਵਾਈ.ਐੱਲ. ਨੂੰ ਬਣਾਉਣ ਦਾ ਕੰਮ 15 ਅਗਸਤ, 1986 ਤੱਕ ਪੂਰਾ ਕੀਤਾ ਜਾਵੇਗਾ। ਟ੍ਰਿਬਿਊਨਲ ਅੰਦਰ ਜਸਟਿਸ ਇਰਾਦੀ, ਜਸਟਿਸ ਅਹਿਮਦੀ, ਜਸਟਿਸ ਬਾਲਾਕ੍ਰਿਸ਼ਨ ਮੈੱਨਨ ਸਨ। ਇਸ ਨੇ ਪੰਜਾਬ ਨੂੰ 5.0 (MAF) ਅਤੇ ਹਰਿਆਣਾ ਨੂੰ 3.83 (MAF) ਪਾਣੀ ਦੇਣ ਦਾ ਫ਼ੈਸਲਾ ਕੀਤਾ ਅਤੇ ਐੱਸ. ਵਾਈ.ਐੱਲ ਨੂੰ ਪੂਰਾ ਕਰਨ ਲਈ ਕਿਹਾ। 1987 'ਚ ਪੰਜਾਬ ਵੱਲੋਂ ਟ੍ਰਿਬਿਊਨਲ ਨੂੰ ਭਾਰਤੀ ਸੰਵਿਧਾਨ ਦੇ ਇੰਟਰ ਸਟੇਟ ਵਾਟਰ ਡਿਸਪਿਊਟ ਐਕਟ ਦੀ ਧਾਰਾ 5(3) ਅਧੀਨ ਫ਼ੈਸਲੇ ਦਾ ਰਿਵਿਊ ਕਰਨ ਦੀ ਅਪੀਲ ਕੀਤੀ। ਸਾਲ 1999 'ਚ ਹਰਿਆਣਾ ਨੇ ਸੁਪਰੀਮ ਕੋਰਟ ਨੂੰ SYL ਦੀ ਉਸਾਰੀ ਲਈ ਅਪੀਲ ਕੀਤੀ। ਕੋਰਟ ਨੇ ਕੇਂਦਰ ਸਰਕਾਰ ਨੂੰ ਦੋਵਾਂ ਸੂਬਿਆ ਦਾ ਮਸਲਾ ਹੱਲ ਕਰਨ ਲਈ ਕਿਹਾ। ਅੰਤ 2002 'ਚ ਕੋਰਟ ਨੇ SYL ਨੂੰ ਪੂਰਾ ਕਰਨ ਦਾ ਹੁਕਮ ਦਿੱਤਾ।

ਨਹਿਰ ਦੀ ਉਸਾਰੀ ਦੇ ਵਿਰੋਧ ਪ੍ਰਦਰਸ਼ਨ ਸ਼ੁਰੂ ਤੋਂ ਹੀ ਜਾਰੀ ਹਨ। ਜਿਸ ਸਮੇਂ ਨਹਿਰ ਦੇ ਨਿਰਮਾਣ ਦਾ ਕੰਮ ਸ਼ੁਰੂ ਹੋਇਆ ਤਾਂ ਉਸ ਸਮੇਂ ਪੰਜਾਬ ਵਿਚ ਖਾੜਕੂ ਲਹਿਰ ਵੀ ਜ਼ੋਰਾਂ ਉੱਤੇ ਸੀ। ਜੁਲਾਈ 1985 ਵਿਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਤਤਕਾਲੀਨ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਾਲੇ ਪਾਣੀ ਦਾ ਜਾਇਜ਼ਾ ਲੈਣ ਲਈ ਇੱਕ ਨਵੇਂ ਟ੍ਰਿਬਿਊਨਲ ਦੇ ਗਠਨ ਲਈ ਸਹਿਮਤੀ ਸਮਝੌਤੇ ਉੱਤੇ ਹਸਤਾਖ਼ਰ ਕੀਤੇ ਗਏ।

ਇਸ ਸਮਝੌਤੇ ਦੇ ਕਰੀਬ ਇੱਕ ਮਹੀਨੇ ਬਾਅਦ 20 ਅਗਸਤ 1985 ਨੂੰ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਖਾੜਕੂਆਂ ਵੱਲੋਂ ਕਤਲ ਕਰ ਦਿੱਤਾ ਗਿਆ। ਇਸ ਤੋਂ ਬਾਅਦ 1990 ਵਿਚ ਨਹਿਰ ਦੀ ਉਸਾਰੀ ਵਿਚ ਲੱਗੇ ਚੀਫ਼ ਇੰਜੀਨੀਅਰ ਐਮ ਐੈਲ ਸੇਖੜੀ ਅਤੇ ਸੁਪਰਡੈਂਟ ਇੰਜੀਨੀਅਰ ਅਵਤਾਰ ਸਿੰਘ ਔਲ਼ਖ ਦਾ ਕਤਲ ਕਰ ਦਿੱਤਾ ਗਿਆ। ਇਸ ਤਰੀਕੇ ਨਾਲ ਨਹਿਰ ਦੀ ਉਸਾਰੀ ਦੇ ਵਿਰੋਧ ਵਿਚ ਹਿੰਸਾ ਦਾ ਦੌਰ ਉਸ ਸਮੇਂ ਜ਼ਿਆਦਾ ਤੇਜ਼ ਹੋ ਗਿਆ ਜਦੋਂ ਖਾੜਕੂਆਂ ਨੇ ਦੋ ਵੱਖ ਵੱਖ ਥਾਵਾਂ ਉੱਤੇ ਨਹਿਰ ਦੀ ਉਸਾਰੀ ਵਿਚ ਲੱਗੇ 35 ਮਜ਼ਦੂਰ ਦੀ ਹੱਤਿਆ ਕਰ ਦਿੱਤੀ। ਇਹ ਘਟਨਾ ਜ਼ਿਲਾ ਫਤਹਿਗੜ ਸਾਹਿਬ ਦੇ ਨੇੜੇ ਚੁੰਨੀ ਅਤੇ ਰੋਪੜ ਦੇ ਭਰਤਗੜ ਹੋਈਆਂ ਸਨ। ਇਹਨਾਂ ਦੋ ਘਟਨਾ ਦਾ ਅਸਰ ਇੰਨਾ ਜ਼ਿਆਦਾ ਹੋ ਗਿਆ ਕਿ ਨਹਿਰ ਦੀ ਉਸਾਰੀ ਦਾ ਕੰਮ 1990 ਤੋਂ ਬਾਅਦ ਠੱਪ ਹੋ ਗਿਆ।1996 ਵਿਚ ਹਰਿਆਣਾ ਫਿਰ ਤੋਂ ਅਦਾਲਤ ਵਿਚ ਪਹੁੰਚਿਆ ਇਸ ਦਲੀਲ ਨਾਲ ਕਿ ਪੰਜਾਬ ਵਿਚ ਹੁਣ ਅਮਨ ਅਤੇ ਨਹਿਰ ਦਾ ਨਿਰਮਾਣ ਹੋਣਾ ਚਾਹੀਦਾ ਹੈ।

ਬਾਕੀ ਸਫ਼ਾ 32 'ਤੇ

## ਦੱਰਿਆਂ ਤੇ ਦਰਿਆਵਾਂ ਸੰਗ - 16

# ਡਲ ਝੀਲ ’ਚ ਤੈਰਦੇ ਬੇਖ਼ੌਫ਼ ਸ਼ਿਕਾਰੇ



- ਪ੍ਰੀਤਮ ਰੁਪਾਲ



ਸੋਨਾਮਰਗ ਤੋਂ ਸ੍ਰੀਨਗਰ ਕੋਈ 80 ਕਿਲੋਮੀਟਰ ਦੂਰ ਹੈ। ਅਸੀਂ ਸ੍ਰੀਨਗਰ ਵੱਲ ਚੱਲੇ ਹੀ ਸਾਂ ਬਾਰਿਸ਼ ਤੇਜ਼ ਹੋ ਗਈ। ਜ਼ੋਰਦਾਰ ਮੀਂਹ ਦੇ ਨਾਲ ਹਲਕੀ ਧੁੰਦ ਦੇ ਬੱਦਲ ਵੀ ਸੜਕ ’ਤੇ ਆ ਜਾਂਦੇ ਸਨ ਜਿਸ ਨਾਲ ਸਾਡੀਆਂ ਗੱਡੀਆਂ ਦੀ ਰਫਤਾਰ ਹੌਲੀ ਹੋ ਜਾਂਦੀ। ਅੱਗੇ ਕੁਲਾਂ ਨਾਂ ਦਾ ਪਿੰਡ ਆਇਆ ਜਿਥੋਂ ਪੱਧਰੀ ਵਾਦੀ ਸ਼ੁਰੂ ਹੋ ਗਈ। ਇਥੇ ਮੀਂਹ ਕੁਝ ਹਲਕਾ ਹੋ ਗਿਆ। ਥੋੜਾ ਅੱਗੇ ਚੱਲ ਕੇ ਗੁੰਡ ਪਿੰਡ ਆ ਗਿਆ। ਇਹ ਛੋਟਾ ਜਿਹਾ ਪਿੰਡ ਸੜਕ ਕਿਨਾਰੇ ਵਸਿਆ ਹੋਇਆ ਹੈ।

ਪਿੰਡ ਲੰਘਦਿਆਂ ਹੀ ਇਕ ਪੈਟਰੋਲ ਪੰਪ ਆ ਗਿਆ। ਇਸ ਪੈਟਰੋਲ ਪੰਪ ਤੋਂ ਗੱਡੀਆਂ ਵਿਚ ਤੇਲ ਭਰਵਾਇਆ ਗਿਆ। ਪੈਟਰੋਲ ਪੰਪ ਇਕ ਤੇਜ਼ ਰਫ਼ਤਾਰ ਨਾਲ ਵੱਗਦੇ ਦਰਿਆ ਸਿੰਧ ਨਾਲਾ ਦੇ ਐਨ ਨੇੜੇ ਸੀ। ਇਹ ਅੱਗੇ ਜਾ ਕੇ ਜਿਹਲਮ ਵਿਚ ਮਿਲ ਜਾਂਦਾ ਹੈ। ਇਸ ਤੋਂ ਅੱਗੇ ਸੰਬਲ, ਕੰਗਨ,ਅਤੇ ਮਨੀਗਾਮ ਨਾਂ ਦੇ ਪਿੰਡ ਆਏ। ਸੜਕ ਸਿੱਧੀ ਅਤੇ ਪੱਧਰੀ ਹੋਣ ਕਰਕੇ ਅਸੀਂ ਕੋਈ ਡੇਢ ਕੁ ਘੰਟੇ ਵਿਚ ਸ੍ਰੀਨਗਰ ਸ਼ਹਿਰ ਵਿਚ ਪਹੁੰਚ ਗਏ।

ਅਮਰਨਾਥ ਯਾਤਰਾ ਚਲਦੀ ਹੋਣ ਕਾਰਨ ਥਾਂ ਥਾਂ ਨਾਕੇ ਲੱਗੇ ਹੋਏ ਸਨ। ਸਾਡੀਆਂ ਜੀਪਾਂ ਪੰਜਾਬ ਦੇ ਨੰਬਰ ਦੀਆਂ ਹੋਣ ਕਰਕੇ ਅਤੇ ਉਪਰ ਸਮਾਨ ਲੱਦਿਆ ਵੇਖ ਕੇ ਸਾਨੂੰ ਕਿਸੇ ਨਾਕੇ ’ਤੇ ਬਹੁਤਾ ਸਮਾਂ ਨਹੀਂ ਰੋਕਿਆ ਗਿਆ। ਫੌਜ ਅਤੇ ਸੀ.ਆਰ.ਪੀ.ਐਫ. ਵਾਲੇ ਸਾਨੂੰ ਵੀ ਤੀਰਥ ਯਾਤਰੀ ਹੀ ਸਮਝ ਰਹੇ ਸਨ। ਅਸੀਂ ਨਿਸ਼ਾਤ ਬਾਗ਼ ਤੋਂ ਸ਼ਹਿਰ ਦੇ ਅੰਦਰ ਵੱਲ ਚਲੇ ਗਏ ਪਰ ਸਾਰਾ ਸ਼ਹਿਰ ਬੰਦ ਸੀ। ਪਤਾ ਲੱਗਾ ਕਿ ਅੱਜ ਕਿਸੇ ਕਸ਼ਮੀਰੀ ਜਥੇਬੰਦੀ ਨੇ ਸ਼ਹਿਰ ਵਿਚ ਬੰਦ ਕੀਤਾ ਹੋਇਆ ਹੈ। ਫਿਰ ਅਸੀਂ ਡਲ ਝੀਲ ਵੱਲ ਚੱਲ ਪਏ।

ਡਲ ਝੀਲ ਦੇ ਕਿਨਾਰੇ ਸ਼ਹਿਰ ਵਾਲੇ ਪਾਸੇ ਗੱਡੀਆਂ ਪਾਰਕ ਵਿਚ ਖੜੀਆਂ ਕਰਨ ਮਗਰੋਂ ਝੀਲ ਦੇ ਨਾਲ ਬਣੀ ਸੜਕ ’ਤੇ ਟਹਿਲਣ ਲੱਗੇ। ਸ਼ਿਕਾਰਿਆਂ ਵਾਲੇ ਕਸ਼ਮੀਰੀ ਨੌਜਵਾਨ ਸ਼ਿਕਾਰੇ ਵਿਚ ਬੈਠ ਕੇ ਝੀਲ ਦੀ ਸੈਰ ਕਰਨ ਦੀ ਤਾਕੀਦ ਕਰਨ ਲੱਗੇ। ਸਾਡੇ ਕੁਝ ਸਾਥੀ ਤਾਂ ਨਾਂਹ ਨੁੱਕਰ ਕਰ ਗਏ ਪਰ ਅਸੀਂ ਤਿੰਨ ਸ਼ਿਕਾਰੇ ਬੁੱਕ ਕਰ ਲਏ। ਇਥੇ ਕਾਫ਼ੀ ਰੌਣਕ ਸੀ। ਕੋਈ ਦੋ ਦਹਾਕੇ ਪਹਿਲਾਂ ਜਦ ਸ੍ਰੀਨਗਰ ਆਏ ਸਾਂ ਉਦੋਂ ਇਥੇ ਮਾਹੌਲ ਕਾਫੀ ਸ਼ਾਂਤ ਸੀ ਇਸ ਲਈ ਸੈਲਾਨੀਆਂ ਦੀ ਬਹੁਤਾਤ ਹੁੰਦੀ ਸੀ ਪਰ ਹੁਣ ਸੈਲਾਨੀ ਥੋੜੇ ਹੀ ਸਨ ਪਰ ਫਿਰ ਵੀ ਡਲ ਝੀਲ ਤੋਂ ਕੋਈ ਦਹਿਸ਼ਤ ਵਾਲੀ ਗੱਲ ਨਹੀਂ ਸੀ ਜਾਪਦੀ। ਸਾਡੇ ਕੁਝ ਸਾਥੀਆਂ ਨੂੰ ਪਹਿਲਾਂ ਹੀ ਇਸ ਤਰਾਂ ਦੀਆਂ ਅਫਵਾਹਾਂ ਨੇ ਡਰਾਇਆ ਹੋਇਆ ਸੀ ਕਿ ਸ਼ਿਕਾਰੇ ਵਾਲਿਆਂ ਦੇ ਭੇਸ ਵਿਚ ਕਸ਼ਮੀਰੀ ਖਾੜਕੂ ਸੈਲਾਨੀਆਂ ਦਾ ਭੇਤ ਲੈ ਲੈਂਦੇ ਨੇ ਤੇ ਕਈਆਂ ਕੋਲ ਇਸ ਦੇ ਉਲਟ ਅਫਵਾਹਾਂ ਸਨ ਕਿ ਖ਼ੁਫ਼ੀਆ ਵਿਭਾਗ ਦੇ ਬੰਦੇ ਸ਼ਿਕਾਰੇ ਵਾਲਿਆਂ ਨੂੰ ਪੈਸੇ ਦੇ ਕੇ ਉਨਾਂ ਕੋਲੋਂ ਸਾਰੀ ਜਾਣਕਾਰੀ ਲੈ ਲੈਂਦੇ ਨੇ। ਕਈ ਸਾਥੀਆਂ ਨੇ ਤਾਂ ਸਾਨੂੰ ਇਥੋਂ ਤਕ ਵੀ ਖ਼ਬਰਦਾਰ ਕੀਤਾ ਹੋਇਆ ਸੀ ਕਿ ਅਸੀਂ ਇਥੇ ਕਿਸੇ ਓਪਰੇ ਬੰਦੇ ਨਾਲ ਕਸ਼ਮੀਰ ਸਮੱਸਿਆ ਬਾਰੇ ਕੋਈ ਗੱਲ ਨਾ ਕਰੀਏ। ਇਹ ਸਭ ਕੁਝ ਸਾਡੇ ਸੁਭਾਅ ਦੇ ਉਲਟ ਸੀ।

ਮੈਂ ਦੀਪਕ ਪੰਕਜ ਅਤੇ ਧੁੱਲ ਇਕ ਸ਼ਿਕਾਰੇ ਵਿਚ ਸਾਂ। ਸੁਖਬੀਰ ਹੁਰਾਂ ਦਾ ਸ਼ਿਕਾਰਾ ਵੀ ਸਾਡੇ ਨਾਲ ਹੀ ਸੀ। ਜਿਉਂ ਹੀ ਮਲਾਹਾਂ ਨੇ ਸ਼ਿਕਾਰੇ ਝੀਲ ਵਿਚ ਠੇਲੇ, ਕਸ਼ਮੀਰ ਬਾਰੇ ਸਾਡੀਆਂ ਗੱਲਾਂ ਸ਼ੁਰੂ ਹੋ ਗਈਆਂ। ਸਾਡੇ ਸ਼ਿਕਾਰੇ ਵਾਲਾ ਨੌਜਵਾਨ ਮਲਾਹ ਸਾਡੇ ਸੁਆਲਾਂ ਦਾ ਮਿਣਵਾਂ ਤੋਲਵਾਂ ਜੁਆਬ ਹੀ ਦਿੰਦਾ ਸੀ। ਉਂਝ ਉਸ ਨੇ ਇਹ ਖੁੱਲ ਕੇ ਕਹਿ ਦਿਤਾ ਕਿ ਜਿੰਨਾ ਇਸ ਮੁਸ਼ਕਲ ਨੂੰ ਬਾਹਰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ ਅਸਲ ਵਿਚ ਹਾਲਾਤ ਇੰਨੇ ਮਾੜੇ ਨਹੀਂ ਹਨ।

ਉਸ ਨੇ ਦੱਸਿਆ ਕਿ ਹੁਣ ਸੈਲਾਨੀ ਕਸ਼ਮੀਰ ਆਉਣ ਲੱਗੇ ਹਨ। ਉਸ ਨੂੰ ਇਸ ਗੱਲ ਦਾ ਦੁੱਖ ਸੀ ਕਿ ਪਿਛਲੇ 18-20 ਸਾਲਾਂ ਤੋਂ ਕਸ਼ਮੀਰ ਦੀ ਸੈਰ ਸਪਾਟਾ ਸਨਅੱਤ ਨੂੰ ਬਹੁਤ ਘਾਟਾ ਪੈ ਰਿਹਾ ਹੈ ਅਤੇ ਗੜਬੜ ਹੋਣ ਕਾਰਨ ਸਾਰੇ ਕਸ਼ਮੀਰੀ ਮੁਸਲਮਾਨਾਂ ਨੂੰ ਦਹਿਸ਼ਤਗਰਦ ਸਮਝਿਆ ਜਾ ਰਿਹਾ ਹੈ। ਇਹ ਨੌਜਵਾਨ ਸਿਆਸੀ ਤੌਰ ’ਤੇ ਕਾਫ਼ੀ ਚੇਤੰਨ ਜਾਪਦਾ ਸੀ ਉਹ ਜਿਸ ਵੀ ਗੱਲ ਦਾ ਜਵਾਬ ਦਿੰਦਾ ਬੇਝਿਜਕ ਦਿੰਦਾ ਸੀ।

ਮਸਨੂਈ ਗਹਿਣੇ ਵੇਚਣ ਵਾਲੇ ਇਕ ਵਣਜਾਰੇ ਨੇ ਸਾਡਾ ਧਿਆਨ ਆਪਣੇ ਵੱਲ ਖਿੱਚ ਲਿਆ। ਉਹ ਇਕ ਛੋਟੇ ਜਿਹੇ ਸ਼ਿਕਾਰੇ ਵਿਚ ਆਪਣਾ ਬਰੀਫ਼ਕੇਸ ਲੈ ਕੇ ਬੈਠਾ ਹੋਇਆ ਸੀ। ਉਸ ਨੇ ਆਪਣਾ ਸ਼ਿਕਾਰਾ ਸਾਡੇ ਸ਼ਿਕਾਰੇ ਦੇ ਬਿਲਕੁਲ ਨਾਲ ਜੋੜ ਕੇ ਸਾਨੂੰ ਗਹਿਣਿਆਂ ਦੇ ਸੈੱਟ ਵਿਖਾਉਣੇ ਸ਼ੁਰੂ ਕਰ ਦਿਤੇ। ਇਸ ਵਿਚ ਚਿੱਟੀ, ਕਾਲੀ ਅਤੇ ਤਾਂਬੇ ਰੰਗੀ ਧਾਤ ਦੇ ਗਹਿਣਿਆਂ ਤੋਂ ਇਲਾਵਾ, ਮੋਤੀ ਮਣਕਿਆਂ ਵਾਲੇ ਗਹਿਣੇ ਵੀ ਸਨ। ਇਨਾਂ ਗਹਿਣਿਆਂ ਦੀ ਚਮਕ ਦਮਕ ਚੰਗੀ ਸੀ ਪਰ ਉਂਝ ਇਹ ਬੜੇ ਨਾਜ਼ੁਕ ਜਿਹੇ ਸਨ। ਇਹ ਸਾਰੇ ਗਹਿਣੇ ਔਰਤਾਂ ਨਾਲ ਸਬੰਧਤ ਹੀ ਸਨ। ਇਨਾਂ ਦੀ ਕੀਮਤ ਕੋਈ ਜ਼ਿਆਦਾ ਨਹੀਂ ਸੀ। ਸਾਡੇ ਕੁਝ ਸਾਥੀਆਂ ਨੇ ਆਪਣੇ ਬੱਚਿਆਂ ਅਤੇ ਬੀਵੀਆਂ ਲਈ ਕੁਝ ਕਸ਼ਮੀਰੀ ਗਹਿਣੇ ਖਰੀਦੇ ਅਤੇ ਵਣਜਾਰਾ ਆਪਣਾ ਅਟੈਚੀ ਕੇਸ ਬੰਦ ਕਰਕੇ ਪਰੇ ਹੋਰ ਸੈਲਾਨੀਆਂ ਕੋਲ ਆਪਣਾ ਸ਼ਿਕਾਰਾ ਲੈ ਗਿਆ। ਫਿਰ ਇਕ ਫੁੱਲਾਂ ਵਾਲਾ ਆ ਗਿਆ। ਉਸ ਕੋਲ ਭਾਂਤ ਸੁਭਾਂਤੇ ਫੁੱਲਾਂ ਦੇ ਗੁੰਚੇ ਸਨ ਪਰ ਸਾਡੇ ਵਿਚ ਫੁੱਲਾਂ ਦਾ ਸ਼ੌਂਕੀ ਕੋਈ ਨਹੀਂ ਸੀ। ਇਕ ਹੋਰ ਦੁਕਾਨ ਨੁਮਾ ਸ਼ਿਕਾਰਾ ਸਾਡੇ ਕੋਲ ਆਇਆ ਜਿਸ ਕੋਲ ਮੁਨਿਆਰੀ ਦਾ ਸਮਾਨ ਸੀ ਅਤੇ ਕੁਝ ਸਜਾਵਟ ਵਾਲੀਆਂ ਚੀਜ਼ਾਂ ਸਨ।

ਅਸੀਂ ਘੁੰਮਦੇ ਡਲ ਝੀਲ ਦੇ ਦੂਜੇ ਕਿਨਾਰੇ ਵੱਲ ਚਲੇ ਗਏ ਜਿਧਰ ਮੋਟਰ ਬੋਟਾਂ ਚੱਲ ਰਹੀਆਂ ਸਨ। ਮੋਟਰ ਬੋਟਾਂ ਵਾਲੇ ਵੀ ਸੈਲਾਨੀਆਂ ਨੂੰ ਭਰਮਾ ਰਹੇ ਸਨ। ਮੋਟਰ ਬੋਟ ’ਤੇ ਝੀਲ ਦੀ ਸੈਰ ਦੂਰ ਤਕ ਤਾਂ ਕੀਤੀ ਜਾ ਸਕਦੀ ਸੀ ਪਰ ਆਰਾਮ ਨਾਲ ਇਸ ਦੀ ਛੱਲਾਂ ਅਤੇ ਇਸ ਵਿਚ ਤੈਰਦੀਆਂ ਭਾਂਤ ਸੁਭਾਂਤੀਆਂ ਦੁਕਾਨਾਂ ਦਾ ਨਜ਼ਾਰਾ ਨਹੀਂ ਸੀ ਲਿਆ ਜਾ ਸਕਦਾ।

ਸਾਡਾ ਸ਼ਿਕਾਰਾ ਘੁੰਮਦਾ ਹੋਇਆ ਹਾਊਸ ਬੋਟਾਂ ਵੱਲ ਮੁੜ ਗਿਆ। ਕਈਆਂ ਦੇ ਬਾਹਰ ਕਿਰਾਇਆ ਵੀ ਲਿਖ ਕੇ ਲਗਾਇਆ ਹੋਇਆ ਸੀ। ਇਨਾਂ ਹਾਊਸ ਬੋਟਾਂ ਦੇ ਵੱਖੋ ਵੱਖਰੇ ਨਾਂ ਰੱਖੇ ਹੋਏ ਸਨ। ਕਿਸੇ ਵੇਲੇ ਵੱਡੇ ਵੱਡੇ ਲੋਕ ਇਨਾਂ ਹਾਊਸ ਬੋਟਾਂ ਵਿਚ ਆ ਕੇ ਰਹਿੰਦੇ ਸਨ ਜੋ ਕਸ਼ਮੀਰ ਦੀ ਆਮਦਨ ਦਾ ਇਕ ਖਾਸਾ ਵੱਡਾ ਜ਼ਰੀਆ ਸਨ। ਇਨਾਂ ਵਿਚੋਂ ਕੁਝ ਬਹੁਤ ਪੁਰਾਣੇ ਹਾਊਸ ਬੋਟ ਖਸਤਾ ਹਾਲਤ ਵਿਚ ਸਨ ਤੇ ਕਈ ਨਵੀਂ ਲਕੜੀ ਦੇ ਬਣੇ ਹੋਏ ਵੀ ਸਨ। ਝੀਲ ਵਿਚ ਬਹੁਤ ਜ਼ਿਆਦਾ ਕਾਈ ਉੱਗੀ ਹੋਣ ਕਾਰਨ ਪਾਣੀ ਗੰਧਲਾ ਲੱਗਦਾ ਸੀ ਪਰ ਉਂਝ ਇਹ ਸਾਫ ਹੀ ਸੀ। ਸਫਾਈ ਨਾ ਹੋਣ ਕਾਰਨ ਕਾਈ ਉਪਰ ਤਕ ਆਈ ਹੋਈ ਸੀ ਜੋ ਝੀਲ ਦੇ ਨੀਲੇ ਹਰੇ ਪਾਣੀ ਦਿੱਖ ਖ਼ਰਾਬ ਕਰ ਰਹੀ ਸੀ। ਸਾਡੇ ਮਲਾਹ ਨੇ ਹਾਊਸ ਬੋਟਾਂ ਤੋਂ ਅੱਗੇ ਲੰਘ ਕੇ ਝੀਲ ਵਿਚ ਬਣੀਆਂ ਕੁਝ ਦੁਕਾਨਾਂ ਨੇੜੇ ਸ਼ਿਕਾਰਾ ਰੋਕ ਲਿਆ। ਉਸ ਨੇ ਦੱਸਿਆ ਕਿ ਅਸੀਂ ਇਥੇ ਕੁਝ ਖਾ ਪੀ ਸਕਦੇ ਹਾਂ। ਅਸੀਂ ਭਾਵੇਂ ਸੋਨਮਰਗ ਤੋਂ ਨਾਸ਼ਤਾ ਕਰ ਕੇ ਚੱਲੇ ਸਾਂ ਪਰ ਮਿਜ਼ਾਜ਼ ਦੇ ਤੌਰ ’ਤੇ ਇਕ ਇਕ ਪਿਆਲਾ ਕਾਹਵੇ ਦਾ ਪੀਤਾ। ਗਰਮ ਗਰਮ ਕਾਹਵਾ ਪੀ ਕੇ ਤਰੋਤਾਜ਼ਾ ਹੋ ਗਏ ਅਤੇ ਛੇਤੀ ਹੀ ਅਸੀਂ ਕਿਨਾਰੇ ’ਤੇ ਵਾਪਸ ਆ ਗਏ।

ਰਾਤ ਨੂੰ ਪਤਨੀ ਟਾਪ ਠਹਿਰਨ ਦਾ ਪ੍ਰੋਗਰਾਮ ਬਣਾ ਕੇ ਅਸੀਂ ਜੰਮੂ ਵੱਲ ਨੂੰ ਚੱਲ ਪਏ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

19 ਅਗਸਤ 2020 ਤੋਂ 25 ਅਗਸਤ 2020

## ਬਿਜਲ ਸੱਥ (ਸੋਸ਼ਲ ਮੀਡੀਆ) ਕਿਵੇਂ ਵਰਤੀਏ ?

ਬਦਲਦੇ ਸਮਿਆਂ ਨਾਲ ਮਨੁੱਖ ਦੇ ਗੱਲਬਾਤ ਕਰਨ ਦੇ ਸਾਧਨ ਵੀ ਬਦਲਦੇ ਰਹਿੰਦੇ ਹਨ ਅਤੇ ਤਕਨੀਕ ਇਹਨਾਂ ਸਾਧਨਾਂ ਨੂੰ ਦਿਨ ਪਰ ਦਿਨ ਹੋਰ ਸੁਖਾਲੇ ਕਰਦੀ ਜਾ ਰਹੀ ਹੈ। ਹੁਣ ਦੇ ਸਮੇਂ ਬਿਜਲ ਸੱਥ (ਸੋਸ਼ਲ ਮੀਡੀਆ) ਦਾ ਬੋਲਬਾਲਾ ਹੈ, ਕਿਸੇ ਵੀ ਉਮਰ, ਕਿੱਤੇ ਜਾ ਵੰਨਗੀ ਦਾ ਮਨੁੱਖ ਬਿਜਲ ਸੱਥ ਦੇ ਵੱਖ ਵੱਖ ਮੰਚਾਂ ਉੱਤੇ ਆਪਣੀ ਗੱਲ ਬੋਲ ਕੇ ਜਾ ਲਿਖ ਕੇ ਸਾਂਝੀ ਕਰ ਸਕਦਾ ਹੈ। ਬਿਜਲ ਸੱਥ ਦੀ ਵਰਤੋਂ ਦਿਨ ਪਰ ਦਿਨ ਵਧਦੀ ਜਾ ਰਹੀ ਹੈ, ਮੱਕੜ ਜਾਲ (ਇੰਟਰਨੈੱਟ) ਸੇਵਾਵਾਂ ਦੀ ਤਕਰੀਬਨ ਹਰ ਵਿਅਕਤੀ ਤੱਕ ਸੌਖਿਆਂ ਪਹੁੰਚ ਹੋ ਗਈ ਹੈ ਜਿਸ ਕਾਰਨ ਜਾਣਕਾਰੀ ਦੀ ਰਫ਼ਤਾਰ ਬਹੁਤ ਜ਼ਿਆਦਾ ਤੇਜ਼ ਹੋ ਗਈ ਹੈ। ਦੁਨੀਆ ਦੇ ਇੱਕ ਹਿੱਸੇ ਵਿੱਚ ਵਾਪਰੀ ਕੋਈ ਵੀ ਘਟਨਾ ਮਿੰਟਾਂ-ਸਕਿੰਟਾਂ ਵਿੱਚ ਹੀ ਸੰਸਾਰ ਦੇ ਸਾਰੇ ਹਿੱਸਿਆਂ ਵਿੱਚ ਪਹੁੰਚ ਜਾਂਦੀ ਹੈ। ਇਸ ਸਾਰੀ ਰਫ਼ਤਾਰ ਨੇ ਮਨੁੱਖ ਦੇ ਵਿਹਾਰ ਵਿੱਚ ਬਹੁਤ ਜ਼ਿਆਦਾ ਪੱਖਾਂ ਉੱਤੇ ਅਸਰ ਪਾ ਦਿੱਤੇ ਹਨ। ਕਾਹਲ ਵੀ ਇਹਨਾਂ ਵਿੱਚੋਂ ਹੀ ਇਕ ਹੈ, ਕਾਹਲ ਦਾ ਸ਼ਿਕਾਰ ਵਿਅਕਤੀ ਕਿਸੇ ਵੀ ਮਸਲੇ ਦੀ ਪੂਰੀ ਸਹੀ ਜਾਣਕਾਰੀ ਹੋਏ ਬਿਨਾ ਉਸ ਮਸਲੇ ਵਿੱਚ ਸ਼ਮੂਲੀਅਤ ਕਰ ਲੈਂਦਾ ਹੈ ਅਤੇ ਆਪਣੀ ਸਮਝ ਮੁਤਾਬਿਕ ਓਹਦੇ ਚ ਆਪਣੀ ਊਰਜਾ ਲਾਉਣ ਲੱਗ ਜਾਂਦਾ ਹੈ। ਇੱਥੇ ਅਹਿਮ ਗੱਲ ਇਹ ਹੈ ਕਿ ਉਹ ਇਹ ਵੀ ਨਿਖੇੜਾ ਨਹੀਂ ਕਰ ਪਾਉਂਦਾ ਕਿ ਇਹ ਮਸਲਾ ਕਿਸ ਵੰਨਗੀ ਦੇ ਵਿਅਕਤੀਆਂ ਦੇ ਵਿਚਾਰਨ ਵਾਸਤੇ ਹੈ ? ਉਹ ਆਪ ਇਸ ਵੰਨਗੀ ਚ ਆਉਂਦਾ ਵੀ ਹੈ ਜਾ ਨਹੀਂ ? ਓਹਦੀ ਸ਼ਮੂਲੀਅਤ ਇਸ ਮਸਲੇ ਦਾ ਕੁਝ ਸਵਾਰ ਸਕਦੀ ਹੈ ਜਾ ਨਹੀਂ ? ਇਸ ਤਰਾਂ ਮਨੁੱਖ ਜਿੱਥੇ ਆਪਣਾ ਸਮਾਂ ਅਤੇ ਆਪਣੀ ਊਰਜਾ ਅਜਾਈਂ ਗਵਾ ਰਿਹਾ ਹੈ ਉੱਥੇ ਅਹਿਮ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਹੋਰ ਉਲਝਾ ਰਿਹਾ ਹੈ।

ਬਿਜਲ ਸੱਥ ਨੂੰ ਵਰਤਣ ਵਾਲੇ ਵਿਅਕਤੀ ਮੋਟੇ ਰੂਪ ਵਿੱਚ ਤਕਰੀਬਨ ਇਹ ਪੰਜ ਵੰਨਗੀਆਂ ਦੇ ਹੁੰਦੇ ਹਨ - ਵਿਦਵਾਨ, ਵਿਸ਼ਲੇਸ਼ਕ, ਵਿਆਖਿਆਕਾਰ, ਪ੍ਰਚਾਰਕ ਅਤੇ ਕਾਰਕੁਨ। ਆਪਾਂ ਸਾਰੇ ਇਹਨਾਂ ਵਿੱਚੋਂ ਹੀ ਕਿਸੇ ਨੇ ਕਿਸੇ ਵੰਨਗੀ ਚ ਆਉਂਦੇ ਹਾਂ, ਕੋਈ ਅਜਿਹਾ ਵੀ ਹੋਵੇਗਾ ਜਿਹੜਾ ਇਕ ਤੋਂ ਵੱਧ ਵੰਨਗੀ ਚ ਵੀ ਆਉਂਦਾ ਹੋਵੇ ਪਰ ਉਹ ਕੋਈ ਵਿਰਲਾ ਹੀ ਹੋਵੇਗਾ। ਵਿਦਵਾਨ ਕਿਸੇ ਵਰਤਾਰੇ ਨੂੰ ਵੇਖ ਸਮਝ ਕੇ ਉਹਨੂੰ ਸੂਤਰਬੱਧ ਕਰਦਾ ਹੈ। ਵਿਸ਼ਲੇਸ਼ਕ ਕੁਝ ਘਟਨਾਵਾਂ ਨੂੰ ਜੋੜ ਕੇ ਸਿਧਾਂਤ ਨਾਲ ਤੁਲਨਾ ਕਰ ਕੇ ਕੋਈ ਸਿੱਟਾ ਕੱਢਦਾ ਹੈ। ਵਿਆਖਿਆਕਾਰ ਇਹਨਾਂ ਸਿੱਟਿਆਂ ਅਤੇ ਸੂਤਰਬੱਧ ਕੀਤੇ ਵਰਤਾਰੇ ਦੀ ਸਰਲ ਵਿਆਖਿਆ ਕਰਦਾ ਹੈ। ਪ੍ਰਚਾਰਕ ਬਹੁਤ ਸਾਰੀਆਂ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਪ੍ਰਚਾਰ ਕਰਦਾ ਹੈ ਅਤੇ ਸਮਾਜ ਨੂੰ ਹਾਂ ਪੱਖੀ ਪ੍ਰਚਾਰ ਨਾਲ ਚੜਦੀਕਲਾ ਚ ਰਹਿਣ ਦਾ ਸੁਨੇਹਾ ਵੀ ਦਿੰਦਾ ਹੈ। ਕਾਰਕੁਨ ਪ੍ਰਚਾਰੀਆਂ ਗਈਆਂ ਸਮੱਸਿਆਵਾਂ ਨੂੰ ਧਿਆਨ ਚ ਰੱਖ ਕੇ ਓਹਨਾ ਨੂੰ ਹੱਲ ਕਰਨ ਲਈ ਸਰਗਰਮੀ ਕਰਦਾ ਹੈ। ਓਹਦੇ ਕੋਲ ਇਸ ਕਾਰਜ ਦੀ ਜੁਗਤ ਵੀ ਹੁੰਦੀ ਅਤੇ ਸਮਰੱਥਾ ਵੀ। ਬਿਜਲ ਸੱਥ ਦੀ ਸਭ ਤੋਂ ਜ਼ਿਆਦਾ ਵਰਤੋਂ ਵੀ ਤਕਰੀਬਨ ਕਾਰਕੁਨ ਵਰਗ ਹੀ ਕਰਦਾ ਹੈ।

ਪਰ ਜਦੋਂ ਅਸੀਂ ਇਸ ਗੱਲ ਤੋਂ ਅਣਜਾਣ ਹੋ ਕੇ ਕਿ ਅਸੀਂ ਕਿਸ ਵੰਨਗੀ ਚ ਆਉਂਦੇ ਹਾਂ ਤੇ ਸਾਡਾ ਕਿੰਨਾ ਮਸਲਿਆਂ ਉੱਤੇ ਕਿਸ ਤਰਾਂ ਦਾ ਦਖ਼ਲ ਹੋਣਾ ਚਾਹੀਦਾ ਹੈ, ਬਿਜਲ ਸੱਥ ਦੀ ਵਰਤੋਂ ਕਰਦੇ ਹਾਂ ਉਦੋਂ ਅਸੀਂ ਚੱਲ ਰਹੀਆਂ ਸਾਰੀਆਂ ਹੀ ਬਹਿਸਾਂ ਵਿੱਚ ਆਪਣੀ ਸ਼ਮੂਲੀਅਤ ਕਰਨ ਲੱਗ ਜਾਂਦੇ ਹਾਂ। ਜਿਸ ਨਾਲ ਕਿਸੇ ਮਸਲੇ ਨੂੰ ਸਹੀ ਦਿਸ਼ਾ ਚ ਲੈ ਕੇ ਜਾਣ ਦੀ ਥਾਂ ਅਸੀਂ ਕਈ ਵਾਰ ਇਸ ਤੋਂ ਬਿਲਕੁਲ ਪੁੱਠਾ ਕਰ ਬੈਠਦੇ ਹਾਂ। ਜੋ ਕੰਮ ਵਿਦਵਾਨ ਵਰਗ ਦਾ ਹੈ, ਓਹਦੇ ਚ ਵੀ ਸਾਰੇ ਬਹਿਸ ਰਹੇ ਹੁੰਦੇ ਨੇ, ਵਿਸ਼ਲੇਸ਼ਕ ਦੇ ਕੰਮ ਵਿੱਚ ਵੀ ਅਤੇ ਇਸੇ ਤਰਾਂ ਬਾਕੀ ਸਾਰਿਆਂ ਦੇ ਵੀ। ਕਾਰਕੁਨ ਦਾ ਅਸਲੀ ਕੰਮ ਜ਼ਮੀਨੀ ਪੱਧਰ ਤੇ ਸਰਗਰਮੀ ਕਰਨ ਦਾ ਹੈ, ਉਹ ਵੀ ਬਿਜਲ ਸੱਥ ਦੀਆਂ ਬਹਿਸਾਂ ਵਿੱਚ ਵਿਅਸਤ ਰਹਿੰਦਾ ਹੈ ਤੇ ਸਮਝਦਾ ਹੈ ਕਿ ਮੇਰੀ ਸਰਗਰਮੀ ਹੋ ਰਹੀ ਹੈ। ਇਹ ਇਕ ਵੱਡਾ ਕਾਰਨ ਹੈ ਕਿ ਸਾਡੇ ਮਸਲੇ ਕਿਸੇ ਥਾਂ ਪੱਤਣ ਨਹੀਂ ਲੱਗ ਰਹੇ। ਮਸਲਿਆਂ ਦੀ ਸਿਰਫ਼ ਚਰਚਾ ਹੈ ਪਰ ਹੱਲ ਵੱਲ ਨੂੰ ਕੋਈ ਠੋਸ ਪ੍ਰਾਪਤੀ ਨਹੀਂ।

ਇਸੇ ਸਮਝ ਤੋਂ ਸੱਖਣੇ ਹੋਣ ਕਰਕੇ ਕਈ ਵਾਰ ਤਾਂ ਅਸੀਂ ਕਿਸੇ ਮਸਲੇ ਵਿੱਚ ਸਿਰਫ਼ ਉਹਦਾ ਨਾ-ਪੱਖੀ ਨੁਕਤਾ ਹੀ ਪ੍ਰਚਾਰਨ ਲੱਗ ਜਾਂਦੇ ਹਾਂ, ਸਿਰਫ਼ ਪ੍ਰਚਾਰਨ ਨਹੀਂ ਓਹਦੇ ਤੇ ਵੱਡੀਆਂ ਵੱਡੀਆਂ ਅਤੇ ਕਈ ਕਈ ਦਿਨਾਂ ਲਈ ਬਹਿਸਾਂ ਵੀ ਕਰਦੇ ਹਾਂ ਜਦ ਕਿ ਓਹਦੇ ਚ ਜੋ ਹਾਂ-ਪੱਖੀ ਨੁਕਤਾ ਸਮਝਣ ਅਤੇ ਪ੍ਰਚਾਰਨ ਵਾਲਾ ਹੁੰਦੈ ਉਹ ਅਸੀਂ ਸਾਰੀ ਗੱਲਬਾਤ ਵਿਚੋਂ ਮਨਫ਼ੀ ਹੀ ਕਰ ਦਿੰਦੇ ਹਾਂ। ਮਸਲਨ ਪਿਛਲੇ ਦਿਨਾਂ ਚ ਰਾਮ ਮੰਦਰ ਵਾਲੇ ਮਸਲੇ ਵਿੱਚ ਅਸੀਂ ਸਿਰਫ਼ ਦੋ ਗੱਲਾਂ ਉੱਤੇ ਆਪਣੀ ਸਾਰੀ ਊਰਜਾ ਲਾਈ ਰੱਖੀ, ਉੱਥੇ ਸਾਡੇ ਕੌਣ ਬੰਦੇ ਪਹੁੰਚੇ ਅਤੇ ਉੱਥੇ ਕਿਸ ਨੇ ਕੀ ਬੋਲਿਆ। ਜਦੋਂ ਕਿ ਪ੍ਰਚਾਰ ਇਸ ਗੱਲ ਦਾ ਹੋਣਾ ਚਾਹੀਦਾ ਸੀ ਕਿ ਇੰਨੇ ਯਤਨਾਂ ਦੇ ਬਾਵਜੂਦ ਇਹ ਸਾਡੇ ਵਿਰੋਧ ਅਤੇ ਸਾਡੇ ਪ੍ਰਭਾਵ ਕਰਕੇ ਸਾਡੀਆਂ ਅਹਿਮ ਸਖ਼ਸ਼ੀਅਤਾਂ ਨੂੰ ਸੱਦਣ ਵਿੱਚ ਨਾ-ਕਾਮਯਾਬ ਰਹੇ। ਜੋ ਉੱਥੇ ਪਹੁੰਚਿਆਂ ਉਹ ਪਹਿਲਾਂ ਹੀ ਸਾਡੇ ਵੱਲੋਂ ਰੱਦ ਕੀਤਾ ਹੋਇਆ ਹੈ। ਪਰ ਅਸੀਂ ਆਪਣੀ ਕਾਹਲ ਅਤੇ ਘੱਟ ਸਮਝ ਕਾਰਨ ਆਪਣੀ ਨੈਤਿਕ ਜਿੱਤ ਦਾ ਸਹੀ ਤਰੀਕੇ ਪ੍ਰਚਾਰ ਨਹੀਂ ਕਰ ਸਕੇ। ਇਸੇ ਤਰਾਂ ਮਹੀਨੇ - ਦੋ ਮਹੀਨੇ ਬਾਅਦ ਕੋਈ ਨਾ ਕੋਈ ਮਸਲਾ ਖੜਾ ਰਹਿੰਦਾ ਹੈ। ਭਾਵੇਂ ਉਹ ਵਿਦਵਾਨਾਂ ਦੇ ਵਿਚਾਰਨ ਵਾਲਾ ਹੀ ਕਿਉਂ ਨਾ ਹੋਵੇ ਪਰ ਅਸੀਂ ਸਾਰੇ ਜਨਤਕ ਥਾਵਾਂ ਉੱਤੇ ਓਹਦੇ ਚ ਉਲਝਦੇ ਰਹਿੰਦੇ ਹਾਂ।

ਸਮੇਂ ਅਤੇ ਤਕਨੀਕ ਨੇ ਜੇਕਰ ਸਾਨੂੰ ਕੁਝ ਅਜਿਹੇ ਸਾਧਨ ਮੁਹੱਈਆ ਕਰਵਾ ਦਿੱਤੇ ਨੇ ਜਿਹਨਾਂ ਨਾਲ ਅਸੀਂ ਆਪਣੀ ਗੱਲ ਸੰਸਾਰ ਦੇ ਹਰ ਇਕ ਹਿੱਸੇ ਤੱਕ ਪਹੁੰਚਾ ਸਕਦੇ ਹਾਂ ਤਾਂ ਸਾਨੂੰ ਉਹ ਸਾਧਨਾਂ ਦੀ ਠੀਕ ਵਰਤੋਂ ਕਰਨ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਸਾਨੂੰ ਆਪਣੀ ਥਾਂ ਬਾਰੇ ਸਪਸ਼ਟ ਹੋਣਾ ਚਾਹੀਦੈ ਕਿ ਅਸੀਂ ਕਿਸ ਵੰਨਗੀ ਵਿੱਚ ਕਿਹੜੇ ਮਸਲਿਆਂ ਉੱਤੇ ਕਿਸ ਤਰੀਕੇ ਆਪਣੀ ਗੱਲ ਰੱਖ ਸਕਦੇ ਹਾਂ ਫਿਰ ਹੀ ਸਾਨੂੰ ਆਪਣੀ ਸਰਗਰਮੀ ਕਰਨੀ ਚਾਹੀਦੀ ਹੈ। ਜੇਕਰ ਅਸੀਂ ਇਸ ਤਰਾਂ ਨਹੀਂ ਕਰਦੇ ਤਾਂ ਮਸਲਿਆਂ ਨੂੰ ਹੋਰ ਤਾਂ ਉਲਝਾ ਸਕਦੇ ਹਾਂ ਪਰ ਉਹਨਾਂ ਦੇ ਹੱਲ ਵੱਲ ਨੂੰ ਜਾਣ ਚ ਅਸੀਂ ਕਾਮਯਾਬ ਨਹੀਂ ਹੋ ਪਾਵਾਂਗੇ।

# ਭਾਰਤ 'ਚ ਖ਼ਤਮ ਹੋ ਰਿਹਾ ਏ ਲੋਕਤੰਤਰ

### ਯੂਏਪੀਏ ਕਾਨੂੰਨ ਦੇ ਅਧੀਨ ਭਾਜਪਾ ਵਿਰੋਧੀ ਚਿੰਤਕ, ਮਨੁੱਖੀ ਅਧਿਕਾਰਾਂ ਦੇ ਰਾਖੇ, ਘੱਟ ਗਿਣਤੀਆਂ ਕੌਮਾਂ ਦੇ ਨੇਤਾ ਤੇ ਸਰਕਾਰ ਦਾ ਵਿਰੋਧ ਕਰਨ ਵਾਲੇ ਸਮਾਜਿਕ ਆਗੂ ਜੇਲਾਂ 'ਚ ਬੰਦ ਕੀਤੇ ਜਾ ਰਹੇ ਨੇ



**- ਤੀਸਤਾ ਸੀਤਲਵਾੜ**

**ਭੱਖਦਾ ਮਸਲਾ**

ਜਦੋਂ ਭਾਰਤ 15 ਅਗਸਤ ਦੌਰਾਨ ਆਪਣਾ 73 ਵਾਂ ਸੁਤੰਤਰਤਾ ਦਿਵਸ ਮਨਾ ਰਿਹਾ ਸੀ ਤਾਂ ਇਸ ਤੋਂ ਸੱਤ ਦਿਨ ਪਹਿਲਾਂ ਭਗਵਿਆਂ ਵੱਲੋਂ ਸੀਕਰ (ਰਾਜਸਥਾਨ) ਦੇ 52 ਸਾਲਾ ਆਟੋ ਰਿਕਸ਼ਾ ਚਾਲਕ ਗ਼ਫ਼ੂਰ ਨੂੰ 'ਜੈ ਸ਼੍ਰੀ ਰਾਮ ਕਹਿਣ ਲਈ ਮਜਬੂਰ ਕੀਤਾ ਗਿਆ ਤੇ ਉਦੋਂ ਤੱਕ ਕੁੱਟਮਾਰ ਕੀਤੀ ਗਈ, ਜਦੋਂ ਤੱਕ ਉਹ ਬੇਹੋਸ਼ ਨਹੀਂ ਹੋ ਗਿਆ। ਹਮਲਾਵਰਾਂ ਨੇ ਉਸ ਦੀ ਕੁੱਟਮਾਰ ਕਰਦਿਆਂ ਕਿਹਾ ਕਿ ਆਖ 'ਮੋਦੀ ਜ਼ਿੰਦਾਬਾਦ'। 2014 ਦੌਰਾਨ ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸਨ ਤਾਂ ਕੁਝ ਹੀ ਹਫ਼ਤਿਆਂ ਵਿਚ ਭਗਵੀਂ ਭੀੜ ਨੇ ਮੋਹਸਿਨ ਖ਼ਾਨ ਨੂੰ ਮੁਸਲਮਾਨ ਹੋਣ ਕਰਕੇ ਕੁੱਟਿਆ ਮਾਰਿਆ। ਇਸ ਤੋਂ ਬਾਅਦ ਲਗਾਤਾਰ ਅਜਿਹੀਆਂ ਘਟਨਾਵਾਂ ਵਿਚ ਵਾਧਾ ਹੁੰਦਾ ਗਿਆ। ਅਖ਼ਲਾਕ ਤੇ ਜੁਨੈਦ ਵਰਗੇ ਅਣਗਿਣਤ ਅਜਿਹੇ ਮਾਮਲੇ ਵਾਪਰੇ ਜੋ ਭਗਵੀਂ ਹਿੰਸਾ ਦੇ ਸ਼ਿਕਾਰ ਹੋਏ। ਸੰਘ ਪਰਿਵਾਰ ਦੇ ਇਰਾਦੇ ਜ਼ਿਆਦਾ ਬੁਲੰਦ ਹਨ। ਕਿਉਂਕਿ ਸੱਤਾਧਾਰੀਆਂ ਨੇ ਦੜ ਵੱਟੀ ਰੱਖੀ ਹੈ। ਇਹ ਭਗਵੀਆਂ ਭੀੜਾਂ ਸੜਕਾਂ 'ਤੇ ਸ਼ਰੇਆਮ ਗੁੰਡਾਗਰਦੀ ਕਰਦੀਆਂ ਹਨ। ਇੰਝ ਜਾਪਦਾ ਹੈ ਕਿ ਜਿਵੇਂ ਇਹ ਆਜ਼ਾਦ ਦੇਸ ਹੀ ਨਹੀਂ ਹੁੰਦਾ ?

ਫ਼ਿਰਕੂ ਭੀੜਾਂ, ਗੁੰਡਾਗਰਦੀ ਤੇ ਘੱਟ ਗਿਣਤੀਆਂ ਦੇ ਖ਼ਤਰੇ ਕਿਵੇਂ ਅਜ਼ਾਦ ਦੇਸ ਦੀ ਭੂਮਿਕਾ ਐਲਾਨ ਸਕਦੇ ਹਨ। ਸੰਵਿਧਾਨ ਤੇ ਕਾਨੂੰਨ ਨੂੰ ਕਾਇਮ ਰੱਖਣ ਦੀ ਜਿਨਾਂ ਦੀ ਜ਼ਿੰਮੇਵਾਰੀ ਹੈ, ਉਹ ਇਸ ਨੂੰ ਕਮਜ਼ੋਰ ਕਰਨ ਵਿੱਚ ਲੱਗੇ ਹੋਏ ਹਨ। ਨਿਸ਼ਾਨਾ ਸਪਸ਼ਟ ਤੌਰ 'ਤੇ ਮੁਸਲਮਾਨ ਹਨ ਪਰ ਸਿੱਖਾਂ, ਈਸਾਈਆਂ ਅਤੇ ਦਲਿਤਾਂ ਦੀ ਸਥਿਤੀ ਵੀ ਬਹੁਤ ਚੰਗੀ ਨਹੀਂ ਹੈ। ਜਿਸ ਤਰਾਂ ਸਿਹਤ, ਖੇਤੀਬਾੜੀ, ਸਿੱਖਿਆ ਅਤੇ ਆਵਾਜਾਈ ਨਾਲ ਜੁੜੇ ਜਨਤਕ ਸਰੋਤ ਬਿਨਾਂ ਕਿਸੇ ਲੋਕਤੰਤਰੀ ਵਿਚਾਰ-ਵਟਾਂਦਰੇ ਦੇ ਨਿੱਜੀ ਹੱਥਾਂ ਵਿੱਚ ਸੌਂਪੇ ਜਾ ਰਹੇ ਹਨ, ਉਹ ਲੋਕ ਹਿੱਤਾਂ 'ਤੇ ਵੱਡਾ ਹਮਲਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਵਿਰੋਧ ਤੇ ਅਸਹਿਮਤੀ ਨੂੰ ਦੇਸ਼ ਵਿਰੋਧੀ ਕਿਹਾ ਜਾ ਰਿਹਾ ਹੈ। ਹੁਣ ਮੋਦੀ ਦੇ ਰਾਜ ਦੌਰਾਨ ਦੇਸ਼ ਭਗਤੀ ਇਕ ਰੰਗ ਦੀ ਹੋ ਗਈ ਹੈ ਅਤੇ ਸਰਕਾਰ ਦੀ ਆਲੋਚਨਾ ਨੂੰ ਰਾਸ਼ਟਰ ਨਾਲ ਧਰੋਹ ਮੰਨਿਆ ਜਾ ਰਿਹਾ ਹੈ। 124-ਏ, ਜਿਸ ਨੂੰ ਦਹਾਕਿਆਂ ਪਹਿਲਾਂ ਖ਼ਤਮ ਕਰ ਦੇਣਾ ਚਾਹੀਦਾ ਸੀ, ਦੀ ਵਰਤੋਂ ਸੋਧੇ ਹੋਏ ਨਾਗਰਿਕਤਾ ਕਾਨੂੰਨ ਦਾ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਬੱਚਿਆਂ ਦੀਆਂ ਮਾਂਵਾਂ ਵਿਰੁੱਧ ਕੀਤੀ ਜਾ ਰਹੀ ਹੈ। ਹਾਲਾਂਕਿ ਗਾਂਧੀ ਤੇ ਨਹਿਰੂ ਵਰਗੇ ਇਹ ਐਲਾਨ ਚੁੱਕੇ ਸਨ ਕਿ ਦੇਸ ਵਿਚ ਅੰਗਰੇਜ਼ ਕਾਲੇ ਵਾਲੇ ਕਾਲੇ ਕਾਨੂੰਨ ਨਹੀਂ ਚੱਲਣਗੇ ਤੇ ਦੇਸ਼ਵਾਸੀਆਂ ਨੂੰ ਆਜ਼ਾਦੀ ਦਾ ਅਹਿਸਾਸ ਕਰਵਾਇਆ ਜਾਵੇਗਾ। ਪਰ ਹੁਣ ਤਾਂ ਭਾਜਪਾ ਵੱਲੋਂ ਅੰਗਰੇਜ਼ਾਂ ਤੋਂ ਵੀ ਵੱਧ ਘਾਤਕ ਯੂਏਪੀਏ ਵਰਗੇ ਖ਼ਤਰਨਾਕ ਕਾਨੂੰਨ ਬਣਾ ਦਿੱਤੇ ਹਨ। ਇਨਾਂ ਕਾਲੇ ਕਾਨੂੰਨਾਂ ਅਧੀਨ ਸਮਾਜਿਕ ਅੰਦੋਲਨਕਾਰੀਆਂ, ਵਕੀਲਾਂ ਅਤੇ ਰਾਜਨੀਤਿਕ ਵਿਰੋਧੀਆਂ ਨੂੰ ਜੇਲਾਂ ਵਿਚ ਡੱਕਿਆ ਜਾ ਰਿਹਾ ਹੈ ਤੇ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ। ਟੀ ਵੀ ਮੀਡੀਆ ਅਤੇ ਗੈਰ-ਅੰਗਰੇਜ਼ੀ ਪ੍ਰਿੰਟ ਮੀਡੀਆ ਹਾਕਮ ਧਿਰ ਦੇ ਭੋਂਪੂ ਬਣ ਕੇ ਰਹਿ ਗਏ ਹਨ।

ਇੱਕ ਦਹਾਕੇ ਪਹਿਲਾਂ ਮੈਂ ਮੋਦੀ ਦੇ ਗੁਜਰਾਤ ਮਾਡਲ ਦੀ ਅਲੋਚਨਾ ਕੀਤੀ ਸੀ, ਕਿਉਂਕਿ ਮੈਂ ਵੇਖਿਆ ਹੈ ਕਿ ਕਿਵੇਂ 2002 ਦੌਰਾਨ ਮੁਸਲਮਾਨਾਂ ਖ਼ਿਲਾਫ਼ ਕੀਤੀ ਗਈ ਨਸਲਕੁਸ਼ੀ ਨੂੰ ਲੁਕਾਉਣ ਲਈ ਸੱਤਾਧਾਰੀਆਂ, ਕਾਰਪੋਰੇਟਸ, ਆਈਏਐੱਸ ਅਧਿਕਾਰੀਆਂ ਦੇ ਗੱਠਜੋੜ ਨੇ ਪਰਦਾ ਪਾਉਣ ਦਾ ਕੰਮ ਕੀਤਾ। ਸਾਡੇ ਵਿੱਚੋਂ ਕਈ ਜਾਗੇ ਲੋਕਾਂ ਨੇ ਗੁਜਰਾਤ ਮਾਡਲ ਦੀਆਂ ਅਸਫਲਤਾਵਾਂ ਬਾਰੇ ਵੀ ਚੇਤਾਵਨੀ ਦਿੱਤੀ ਗਈ ਸੀ ਕਿ ਲੋਕਾਂ ਦੇ ਸਰਮਾਏ ਨੂੰ ਕਾਰਪੋਰੇਟ ਹਜ਼ਮ ਕਰ ਜਾਣਗੇ। ਬੇਰੁਜ਼ਗਾਰੀ ਆਪੋ ਧਾਪੀ ਵਧੇਗੀ ਤੇ ਮੰਦੀ ਆਵੇਗੀ।

ਅੱਜ ਅਸੀਂ ਇਹ ਸਭ ਦੇਖ ਰਹੇ ਹਾਂ, ਪਰ ਉਸ ਸਮੇਂ ਬਹੁਤ ਸਾਰੇ ਲੋਕਾਂ ਨੇ ਇਸ ਪਾਸੇ ਵਲ ਧਿਆਨ ਨਹੀਂ ਦਿੱਤਾ। ਅਜਿਹੀ ਸਥਿਤੀ ਦਾ ਲੋਕਾਂ ਨੂੰ ਤਦ ਜਾ ਕੇ ਪਤਾ ਲੱਗਾ ਜਦੋਂ ਇਕ ਗੱਭਰੂ ਪਟੇਲ ਨੇਤਾ ਨੇ ਬੇਰੁਜ਼ਗਾਰ ਪਟੇਲ ਨੌਜਵਾਨਾਂ ਲਈ ਨੌਕਰੀਆਂ ਦੀ ਮੰਗ ਕੀਤੀ। ਮਹੱਤਵਪੂਰਨ ਗੱਲ ਇਹ ਹੈ ਕਿ ਗੁਜਰਾਤ ਵਿਚ ਪਟੇਲ ਬਹੁਤ ਅਮੀਰ ਹਨ। ਉਸ ਸਮੇਂ ਦੌਰਾਨ ਉਦਾਰਵਾਦੀ ਟੀਵੀ ਐਂਕਰ ਵੀ ਗੁਜਰਾਤ ਦੇ ਵਿਕਾਸ ਦੇ ਮਾਡਲ ਦੀ ਪ੍ਰਸ਼ੰਸਾ ਕਰਦੇ ਰਹੇ ਸਨ।

ਅੱਜ, ਸਾਡੇ ਲਈ ਗੁਜਰਾਤ ਦੇ ਮਾਡਲ ਦੇ ਪਿਛੋਕੜ ਵਿਚ ਕਸ਼ਮੀਰ, ਯੂਪੀ ਦੇ ਮਾਡਲ ਨੂੰ ਪਰਖਣਾ ਜ਼ਰੂਰੀ ਹੈ। ਮੋਦੀ-ਸ਼ਾਹ ਦੀ ਹਕੂਮਤ ਦੇ ਫ਼ੈਸਲੇ ਨੇ ਜੰਮੂ-ਕਸ਼ਮੀਰ ਨੂੰ ਬਰਬਾਦ ਕਰ ਦਿੱਤਾ। ਇਹ ਇਕ ਅਜਿਹਾ ਫਾਸ਼ੀਵਾਦੀ ਫ਼ੈਸਲਾ ਸੀ, ਜਿਸ ਨੇ ਰਾਜਨੀਤਿਕ ਨੈਤਿਕਤਾ, ਕਾਨੂੰਨ, ਸੰਵਿਧਾਨ ਅਤੇ ਸ਼ਿਸ਼ਟਾਚਾਰ ਦੀਆਂ ਧੱਜੀਆਂ ਉਡਾਈਆਂ ਹਨ। ਪਿਛਲੇ ਸਾਲ, ਰਾਜਨੀਤਕ ਨੇਤਾ ਅਤੇ ਬਿਊਰੋਕ੍ਰੇਟ ਸ਼ਾਹ ਫੈਜ਼ਲ ਨੇ ਮੈਨੂੰ ਇੱਕ ਇੰਟਰਵਿਊ ਦੌਰਾਨ ਕਿਹਾ ਸੀ, "ਅਜੋਕੇ ਸੰਸਦ ਦੀ ਵਰਤੋਂ ਭਾਰਤੀ ਲੋਕਤੰਤਰੀ ਦੀ ਹਰ ਇੱਟ ਸੁੱਟਣ ਲਈ ਕੀਤੀ ਜਾ ਰਹੀ ਹੈ।" ਇੱਕ ਸਾਲ ਬਾਅਦ ਇੱਥੇ ਕਤਲ ਅਤੇ ਬੇਰਹਿਮੀ ਦਾ ਦੌਰ ਬਰਕਰਾਰ ਰਹੇਗਾ। ਇੱਥੋਂ ਤੱਕ ਕਿ ਕਸ਼ਮੀਰੀ ਪੰਡਿਤ ਭਾਈਚਾਰਾ, ਜੋ ਉੱਥੇ ਉੱਜੜ ਕੇ ਆਇਆ ਹੋਇਆ ਹੈ, ਉਹ ਵੀ ਮੋਦੀ ਦੇ ਫ਼ੈਸਲਾ ਤੋਂ ਖ਼ੁਸ਼ ਨਹੀਂ ਹੈ ਤੇ ਆਪਣੇ ਆਪ ਨੂੰ ਠਗਿਆ ਮਹਿਸੂਸ ਕਰ ਰਿਹਾ ਹੈ। ਸਾਡੇ ਵਿੱਚੋਂ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਹੋਣੀ ਕਿ ਵੱਡੇ ਬਹੁਮਤ ਨਾਲ ਸੱਤਾ ਵਿੱਚ ਆਏ ਮੋਦੀ ਤੇ ਸ਼ਾਹ ਲੋਕਾਂ ਦੇ ਵੱਡੇ-ਵੱਡੇ ਵਿਰੋਧ ਪ੍ਰਦਰਸ਼ਨ ਨਾਲ ਕੰਬ ਜਾਣਗੇ ਤੇ ਸਟੇਟ ਦੇ ਡੰਡੇ ਦੀ ਵਰਤੋਂ ਕਰਨਗੇ। ਇਨਾਂ ਪ੍ਰਦਰਸ਼ਨਾਂ ਵਿਚ ਸਿਰਫ਼ ਮੁਸਲਮਾਨਾਂ ਨੇ ਹਿੱਸਾ ਨਹੀਂ ਲਿਆ, ਸਗੋਂ ਹੋਰਨਾਂ ਭਾਈਚਾਰਿਆਂ ਨੇ ਵੀ ਇਨਾਂ ਪ੍ਰਦਰਸ਼ਨਾਂ ਵਿਚ ਹਿੱਸਾ ਲਿਆ ਸੀ। ਬਹੁਗਿਣਤੀ ਗ਼ੈਰ ਮੁਸਲਮਾਨਾਂ ਦੀ ਸੀ। ਸੱਤਾਧਾਰੀ ਭਾਜਪਾ ਇਸ ਲੰਬੇ ਸਮੇਂ ਤੋਂ ਚੱਲ ਰਹੇ ਵਿਰੋਧ ਪ੍ਰਦਰਸ਼ਨ ਨੂੰ ਖ਼ਤਮ ਕਰਨ ਲਈ ਬੇਚੈਨ ਸੀ ਅਤੇ ਦਿੱਲੀ ਵਿਧਾਨ ਸਭਾ ਚੋਣਾਂ ਨੇ ਇਸ ਨੂੰ ਮੌਕਾ ਦਿੱਤਾ।

ਪ੍ਰਦਰਸ਼ਨਕਾਰੀਆਂ ਦੇ ਅਕਸ ਨੂੰ ਢਾਹ ਲਾਉਣ ਲਈ, ਭਾਜਪਾ ਨੇ ਨਫ਼ਰਤ ਭਰੇ ਭਾਸ਼ਣਾਂ ਦਾ ਸਹਾਰਾ ਲਿਆ, ਪਰ ਦਿੱਲੀ ਦੇ ਵੋਟਰਾਂ ਨੇ ਭਾਜਪਾ ਨੂੰ ਬਿਲਕੁਲ ਨਕਾਰ ਦਿੱਤਾ। ਇਸ ਤੋਂ ਬਾਅਦ, ਫਰਵਰੀ 2020 ਦੌਰਾਨ ਦਿੱਲੀ ਵਿਚ ਭਗਵਿਆਂ ਨੇ ਹਿੰਸਾ ਦੀ ਵਰਤੋਂ ਵਿਰੋਧ ਪ੍ਰਦਰਸ਼ਨਾਂ ਨੂੰ ਖ਼ਤਮ ਕਰਨ ਲਈ ਕੀਤੀ ਗਈ। ਲਾਕਡਾਊਨ ਉਨਾਂ ਲਈ ਵਰਦਾਨ ਸਾਬਤ ਹੋਇਆ। ਮੋਦੀ ਸਰਕਾਰ ਨੇ 1,350 ਲੋਕਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਨਜ਼ਰਬੰਦ ਕੀਤਾ ਅਤੇ ਜੇਲ ਭੇਜਿਆ।

ਦੂਜੇ ਰਾਜਾਂ ਦੀ ਤਰਾਂ ਯੂਪੀ ਵਿਚ ਵੀ ਸੀਏਏ ਐਨਪੀਆਰ, ਐਨਆਰਸੀ ਵਿਰੁੱਧ ਭਰਵੇਂ ਵਿਰੋਧ ਪ੍ਰਦਰਸ਼ਨ ਹੋਏ.ਪਰ ਇੱਥੇ ਯੋਗੀ ਸਰਕਾਰ ਨੇ ਸਖ਼ਤੀ ਕੀਤੀ ਹੁਣ ਇੱਥੇ 82 ਵਿਅਕਤੀਆਂ ਖ਼ਿਲਾਫ਼ ਗੰਭੀਰ ਕੇਸ ਚੱਲ ਰਹੇ ਹਨ ਅਤੇ ਬਹੁਤ ਸਾਰੇ ਲੋਕਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਸਕਦੀਆਂ ਹਨ। ਉਨਾਂ ਵਿਚ ਇਕ ਰਿਕਸ਼ਾ ਚਾਲਕ ਵੀ ਹੈ ! ਯੂ ਪੀ ਦੀ 2002 ਤੋਂ ਬਾਅਦ ਗੁਜਰਾਤ ਨਾਲ ਇਕ ਅਜੀਬ ਸਮਾਨਤਾ ਹੈ - ਰਾਸ਼ਟਰੀ ਮੀਡੀਆ ਘਰਾਣੇ ਯੂਪੀ ਦੇ ਮੁੱਖ ਮੰਤਰੀ ਆਦਿਤਿਆਨਾਥ ਨੂੰ ਦੇਸ਼ ਦਾ ਸਰਵੋਤਮ 'ਮੁੱਖ ਮੰਤਰੀ' ਐਲਾਨ ਰਹੇ ਹਨ।

ਲੌਕ ਡਾਊਨ ਤੋਂ ਥੋੜੀ ਦੇਰ ਬਾਅਦ ਹੀ, ਤਬਲੀਗੀ ਜਮਾਤ ਉੱਤੇ ਮੁਸਲਮਾਨਾਂ ਨੂੰ ਅਸਿੱਧੇ ਤੌਰ 'ਤੇ ਨਿਸ਼ਾਨਾ ਬਣਾਉਂਦੇ ਹੋਏ ਵਿਸ਼ਾਣੂ ਫੈਲਾਉਣ ਦਾ ਦੋਸ਼ ਲਗਾਇਆ ਗਿਆ ਸੀ। ਤਬਲੀਗੀ ਦਾ ਪ੍ਰੋਗਰਾਮ ਮਾਰਚ ਦੇ ਅੱਧ ਵਿਚ ਹੋਇਆ ਸੀ। ਦਿੱਲੀ ਪੁਲਿਸ ਦੀ ਭੂਮਿਕਾ 'ਤੇ ਸਵਾਲ ਨਹੀਂ ਉਠਾਏ ਗਏ ਸਨ, ਕਿਉਂਕਿ ਦਿੱਲੀ ਪੁਲੀਸ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦੀ ਹੈ। ਬੱਸ ਇਕ ਮੌਕਾ ਮਿਲਿਆ ਕਿ ਭਾਰਤੀ ਮੁਸਲਮਾਨਾਂ ਨੂੰ ਕਟਹਿਰੇ ਵਿਚ ਖੜੇ ਕਰ ਦਿੱਤਾ।

ਲੌਕਡਾਊਨ ਦਾ ਇਕ ਹੋਰ ਬੁਰਾ ਪ੍ਰਭਾਵ ਪਿਆ ਕਿ ਸੰਸਦ ਹੋਰ ਵੀ ਅਪ੍ਰਸੰਗਿਕ ਕਰ ਦਿੱਤੀ ਗਈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਲੋਕਤੰਤਰੀ ਸੰਵਾਦ ਤੋਂ ਬਗੈਰ ਬੁਨਿਆਦੀ ਨੀਤੀ ਵਿਚ ਮੋਦੀ ਸਰਕਾਰ ਤਬਦੀਲੀਆਂ ਕਰ ਰਹੀ ਹੈ। ਇਸ ਬਾਰੇ ਕੋਈ ਵਿਰੋਧੀ ਰਾਇ ਨਹੀਂ ਲਈ ਜਾ ਰਹੀ। ਜੋ ਮੋਦੀ ਸਰਕਾਰ ਦਾ ਵਿਰੋਧ ਕਰਨਾ ਚਾਹੁੰਦੇ ਹਨ, ਉਹ ਵੀ ਕੁਝ ਵੀ ਕਰਨ ਤੋਂ ਅਸਮਰਥ ਹਨ।

ਜਦੋਂ ਤਾਲਾਬੰਦੀ ਕਾਰਨ ਆਰਥਿਕ ਸੰਕਟ ਹੋਰ ਗੰਭੀਰ ਹੋ ਗਿਆ ਹੈ ਅਤੇ ਲੱਖਾਂ ਲੋਕ ਭੁੱਖ ਨਾਲ ਮਰ ਰਹੇ ਹਨ। ਜਦ ਕਿ ਭਾਰਤ ਸਰਕਾਰ ਕੋਲ 10 ਮਿਲੀਅਨ ਟਨ ਅਨਾਜ ਦਾ ਭੰਡਾਰ ਹੈ ਤਾਂ ਇਹ ਇਨਾਂ ਭੁੱਖੇ ਲੋਕਾਂ ਵਿੱਚ ਵੰਡਿਆ ਕਿਉਂ ਨਹੀਂ ਜਾ ਰਿਹਾ ? ਇਸੇ ਕੋਰੋਨਾ ਸੰਕਟ ਦੌਰਾਨ ਸਰਕਾਰ ਨੇ ਦੇਸ਼ ਵਿੱਚ 40 ਸਥਾਨਾਂ 'ਤੇ ਵਪਾਰਕ ਮਾਈਨਿੰਗ ਦੀ ਆਗਿਆ ਦਿੱਤੀ ਹੈ ਜਿੱਥੇ ਸੰਘਣੇ ਜੰਗਲ ਹਨ। ਇਹ ਤਾਲਾਬੰਦੀ ਦੇ ਪਰਦੇ ਹੇਠ ਵੀ ਕੀਤਾ ਗਿਆ ਸੀ। ਕੇਂਦਰੀ ਕਿਰਤ ਮੰਤਰਾਲੇ ਨੇ ਰਾਜਾਂ ਨੂੰ ਮਜ਼ਦੂਰ ਸੁਰੱਖਿਆ ਕਾਨੂੰਨਾਂ ਨੂੰ ਪੇਤਲਾ ਕਰਨ ਦੀ ਹਦਾਇਤ ਵੀ ਦਿੱਤੀ ਹੈ ਜੋ ਦਹਾਕਿਆਂ ਤੋਂ ਵਧੀਆ ਕੰਮ ਕਰ ਰਹੇ ਸਨ ਅਤੇ ਕਈ ਦਹਾਕਿਆਂ ਦੇ ਸੰਘਰਸ਼ ਤੋਂ ਬਾਅਦ ਬਣੇ ਸਨ। ਰੇਲਵੇ ਸਮੇਤ ਸਾਰੇ ਜਨਤਕ ਖੇਤਰਾਂ ਦਾ ਨਿੱਜੀਕਰਨ ਬਹੁਤ ਖ਼ਤਰਨਾਕ ਸਾਬਤ ਹੋਵੇਗਾ। ਵੱਡੀ ਗਿਣਤੀ ਵਿਚ ਲੋਕ ਆਜ਼ਾਦੀ ਤੋਂ ਪਹਿਲਾਂ ਦੀ ਦੁਰਦਸ਼ਾ ਸਥਿਤੀ 'ਤੇ ਪਹੁੰਚਣਗੇ। ਇਹ ਸਾਡਾ ਗ਼ੁਲਾਮੀ ਵਲ ਸਫ਼ਰ ਹੋਵੇਗਾ।

ਨਵੀਂ ਐਜੂਕੇਸ਼ਨ ਪਾਲਿਸੀ, 2020 ਅਤੇ ਵਾਤਾਵਰਣ ਪ੍ਰਭਾਵ ਮੁਲਾਂਕਣ ਨੋਟੀਫਿਕੇਸ਼ਨ (ਈ.ਆਈ.ਏ.) ਦੀ ਵੱਡੇ ਪੱਧਰ 'ਤੇ ਅਲੋਚਨਾ ਹੋ ਰਹੀ ਹੈ। ਸਭ ਤੋਂ ਮਾੜੀ ਗੱਲ ਇਹ ਹੈ ਕਿ ਮੋਦੀ ਸਰਕਾਰ ਵੱਖ-ਵੱਖ ਖੇਤਰਾਂ ਵਿਚ ਬੁਨਿਆਦੀ ਤਬਦੀਲੀਆਂ ਕਰ ਰਹੀ ਹੈ, ਪਰ ਉਸ ਦੇ ਖ਼ਤਰਨਾਕ ਪ੍ਰਭਾਵਾਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਇਹ ਲੋਕਤੰਤਰੀ ਮੰਦੀ ਦਾ ਦੌਰ ਹੈ ਅਤੇ ਇਸ ਦਾ ਸਾਹਮਣਾ ਕਰਨ ਲਈ, ਨਾ ਸਿਰਫ਼ ਸਮਾਜਿਕ ਅੰਦੋਲਨ, ਬਲਕਿ ਰਾਜਨੀਤਿਕ ਵਿਰੋਧਤਾ ਦੀ ਵੀ ਜ਼ਰੂਰੀ ਹੈ। ਭਾਰਤ ਦੀ ਆਤਮਾ ਨੂੰ ਮੁੜ ਸੁਰਜੀਤ ਕਰਨ ਲਈ ਸਾਨੂੰ ਸੜਕਾਂ 'ਤੇ ਉੱਤਰਨਾ ਪਵੇਗਾ। ਹਰ ਜਗਾ ਸੰਵਿਧਾਨਕ ਨੈਤਿਕਤਾ ਬਹਾਲ ਕਰਨ ਲਈ ਲੜਾਈ ਲੜਨੀ ਪਵੇਗੀ। ਜੇ ਲੋਕ ਤਾਂਤਰਿਕ ਅਜ਼ਾਦੀ ਦੀ ਬਹਾਲੀ ਲਈ ਜੇਲ ਜਾਣਾ ਪਵੇ ਤਾਂ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ।

# ਮੋਦੀ ਦੀ ਰਾਜਨੀਤੀ ਦਾ ਬਦਲ ਕਾਂਗਰਸ ਜਾਂ ਵਿਰੋਧੀ ਪਾਰਟੀਆਂ ਕੋਲ ਨਹੀਂ

**- ਰਜਿੰਦਰ ਸਿੰਘ**



ਕੀ 5 ਅਗਸਤ ਨੂੰ ਅਯੁੱਧਿਆ ਵਿਚ ਭਾਰਤੀ ਧਰਮ ਨਿਰਪੱਖਤਾ ਖ਼ਤਮ ਹੋ ਗਈ ਹੈ ? ਅਜਿਹੀ ਸਥਿਤੀ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇੱਕ ਨਵਾਂ ਭਾਰਤੀ ਗਣਤੰਤਰ ਹਿੰਦੂ ਰਾਸ਼ਟਰ ਦੀ ਸ਼ਕਲ ਵਿਚ ਸਾਹਮਣੇ ਆਇਆ ਹੈ। ਜੇ ਇਹ ਦੋਵੇਂ ਦਲੀਲਾਂ ਮੰਨ ਲਈਆਂ ਜਾਂਦੀਆਂ ਹਨ, ਤਾਂ ਤੀਜੀ ਗੱਲ ਇਹ ਹੈ ਕਿ ਦੇਸ਼ ਵਿਚ ਧਰਮ ਨਿਰਪੱਖ ਸੰਵਿਧਾਨ ਵਿਚ ਵਿਸ਼ਵਾਸ ਰੱਖਣ ਵਾਲਾ ਹਰੇਕ ਵਿਅਕਤੀ ਕਹੇਗਾ ਕਿ ਇਹ ਉਹ ਦੇਸ਼ ਨਹੀਂ ਹੈ ਜਿੱਥੇ ਉਸ ਦਾ ਜਨਮ ਹੋਇਆ ਸੀ। ਸੁਆਲ ਪੈਦਾ ਹੁੰਦਾ ਹੈ ਕਿ ਉਹ ਫਿਰ ਕਿੱਥੇ ਜਾਵੇਗਾ ? ਅਮਰੀਕਾ ਜਾਵੇਗਾ ਜਾਂ ਕਿਤੇ ਹੋਰ। ਅਮਰੀਕਾ ਵਿਚ ਡੌਨਲਡ ਟਰੰਪ ਭਾਰਤੀਆਂ ਨੂੰ ਸਹਾਰਨ ਲਈ ਤਿਆਰ ਨਹੀਂ। ਪਰ ਜਦੋਂ ਇਨਾਂ ਸਰਦੀਆਂ ਵਿੱਚ ਹਾਰ ਕੇ ਰਾਜਨੀਤੀ ਤੋਂ ਵਿਦਾ ਹੋ ਜਾਣਗੇ ਤਾਂ ਇਮੀਗ੍ਰੇਸ਼ਨ ਨਿਯਮ ਸੌਖੇ ਹੋਣਗੇ, ਨਿਰਪੱਖ ਹੋਣਗੇ ਤਾਂ ਭਾਰਤੀਆਂ ਦਾ ਉੱਥੇ ਜਾਣਾ ਸੰਭਵ ਹੋਵੇਗਾ। ਪਰ ਗ਼ਰੀਬ ਲੋਕ ਕਿੱਥੇ ਜਾਣਗੇ ? ਜੇਕਰ ਅਮਰੀਕਾ ਦੇ ਵਿਚ ਨਸਲਵਾਦ ਹੈ ਤਾਂ ਭਾਰਤ ਵਿਚ ਵੀ ਹੈ ਤੇ ਹੋਰ ਦੇਸਾਂ ਵਿਚ ਵੀ ਹੈ। ਸਾਨੂੰ ਅਜਿਹੀ ਇਕਪਾਸੜ ਸੋਚ ਤਿਆਗ ਕੇ ਚੰਗੇ ਸਮਾਜ ਤੇ ਚੰਗੇ ਰਾਜ ਦੀ ਸਿਰਜਣਾ ਦੇ ਲਈ ਇਕੱਠੇ ਹੋਣਾ ਚਾਹੀਦਾ ਹੈ। ਜਦੋਂ ਅਸੀਂ ਕੱਟੜ ਸੋਚ ਤਿਆਗ ਕੇ ਇਕੱਠੇ ਹੋਵਾਂਗੇ ਤਾਂ ਰਾਜਨੀਤੀ ਹਿੰਦੂਤਵ ਅਨੁਸਾਰ ਨਹੀਂ ਚੱਲੇਗੀ। ਸਾਂਝੀਵਾਲਤਾ ਦੀ ਰਾਜਨੀਤੀ ਹੀ ਪੈਦਾ ਹੋਵੇਗੀ, ਜਿਸ ਦਾ ਸੁਪਨਾ ਦੇਸ਼-ਭਗਤਾਂ ਨੇ ਦੇਖਿਆ ਸੀ। ਤੁਸੀਂ ਦੇਖੋ ਅਮਰੀਕਾ ਦੇ ਵਿਚ ਗੋਰੇ ਵੀ ਕਾਲਿਆਂ ਦੀ ਪਿੱਠ 'ਤੇ ਨਸਲਵਾਦ ਦੇ ਵਿਰੁੱਧ ਖੜ ਗਏ ਹਨ। ਇਹੀ ਕਾਰਨ ਹੈ ਕਿ ਟਰੰਪ ਹਾਰੇਗਾ। ਨਸਲਵਾਦੀਆਂ ਦੀ ਹਾਰ ਹੀ ਨਵੇਂ ਸਮਾਜ ਦੀ ਨਵੀਂ ਰਾਜਨੀਤੀ ਦੀ ਸਿਰਜਣਾ ਕਰੇਗੀ। ਜਰਮਨੀ ਵਿਚ ਵੀ ਅਜਿਹਾ ਵਾਪਰਿਆ ਸੀ। ਨਸਲਵਾਦੀ ਹਿਟਲਰ ਨੂੰ ਆਤਮ-ਹੱਤਿਆ ਕਰਨੀ ਪਈ। ਉਹਦਾ ਸਭ ਕੁਝ ਤਬਾਹ ਹੋ ਗਿਆ।

ਜਦੋਂ ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾਈ ਸੀ ਤਾਂ ਕਿਹਾ ਗਿਆ ਸੀ ਕਿ ਭਾਰਤੀ ਸੰਵਿਧਾਨ ਦੀ ਮੌਤ ਹੋ ਗਈ। ਪਰ ਲੋਕ ਇਕੱਠੇ ਹੋਏ, ਸਿਆਣੇ ਲੀਡਰਾਂ ਨੇ ਲੋਕ ਹਿੱਤਾਂ ਲਈ ਇਕ ਮੰਚ ਉਸਾਰਿਆ ਤਾਂ ਇੰਦਰਾ ਗਾਂਧੀ ਦਾ ਬਦਲ ਸਿਰਜਿਆ ਗਿਆ। ਬਾਬਰੀ ਮਸਜਿਦ-ਰਾਮ ਜਨਮ ਭੂਮੀ ਦੇ ਨੀਂਹ ਪੱਥਰ ਅਤੇ 1989 ਵਿਚ ਰਾਮ ਰਾਜ ਵਾਅਦੇ ਨਾਲ ਅਯੁੱਧਿਆ ਤੋਂ ਭਾਜਪਾ ਦੀ ਚੋਣ ਮੁਹਿੰਮ ਤੇ ਹਿੰਦੂਤਵੀ ਰਾਜਨੀਤੀ ਸ਼ੁਰੂ ਹੋਈ। ਇਸ ਗੱਲ ਨਾਲ ਸੰਵਿਧਾਨ ਦੀ ਮੌਤ ਦੀ ਗੱਲ ਫਿਰ ਸ਼ੁਰੂ ਹੋ ਗਈ। ਇਸ ਤੋਂ ਬਾਅਦ, 1992 ਵਿਚ ਮਸਜਿਦ ਢਾਹੁਣ ਤੋਂ ਬਾਅਦ, ਦੰਗੇ ਭੜਕਣ ਤੋਂ ਬਾਅਦ, ਇਹ ਕਿਹਾ ਗਿਆ ਸੀ ਕਿ ਪ੍ਰਧਾਨ ਮੰਤਰੀ ਤੋਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ ਜੋ ਆਰ ਐੱਸ ਐੱਸ ਦੇ ਰੰਗ ਵਿਚ ਰੰਗਿਆ ਹੋਇਆ ਹੈ। ਅਰਜੁਨ ਸਿੰਘ ਨੇ ਸੋਨੀਆ ਗਾਂਧੀ ਨੂੰ ਸੰਜੀਵਨੀ ਬੂਟੀ ਨਾਲ ਰਾਜਨੀਤੀ ਵਿਚ ਲਿਆਂਦਾ ਪਰ ਉਹ ਭਾਰਤੀ ਰਾਜਨੀਤੀ ਵਿਚ ਉੱਭਰ ਨਹੀਂ ਸਕੀ। ਸੰਨ 1996 ਵਿੱਚ ਜਦੋਂ ਅਟਲ ਬਿਹਾਰੀ ਵਾਜਪਾਈ ਨੇ ਦੇਸ਼ ਵਿੱਚ ਭਾਜਪਾ ਦੀ ਅਗਵਾਈ ਵਾਲੀ ਰਾਸ਼ਟਰੀ ਲੋਕਤੰਤਰੀ ਗੱਠਜੋੜ ਦੀ ਪਹਿਲੀ ਸਰਕਾਰ ਬਣਾਈ ਤਾਂ ਇਕ ਵਾਰ ਫਿਰ ਭਾਰਤੀ ਧਰਮ ਨਿਰਪੱਖਤਾ ਦੀ ਮੌਤ ਦਾ ਐਲਾਨ ਕੀਤਾ ਗਿਆ। ਹਾਲਾਂਕਿ ਇਹ ਸਿਰਫ਼ 13 ਦਿਨਾਂ ਤੱਕ ਚੱਲ ਸਕੀ ਸੀ।

ਕਿਹਾ ਜਾਂਦਾ ਹੈ ਕਿ ਅਗਲੀ ਵਾਰ 2002 ਵਿਚ ਗੁਜਰਾਤ ਦੇ ਕਤਲੇਆਮ ਤੋਂ ਬਾਅਦ ਭਾਰਤੀ ਲੋਕਤੰਤਰ ਦਾ ਅੰਤ ਹੋਇਆ ਅਤੇ ਉਸ ਤੋਂ ਬਾਅਦ ਨਰਿੰਦਰ ਮੋਦੀ ਦੀ ਹਰ ਜਿੱਤ ਨੇ ਧਰਮ ਨਿਰਪੱਖਤਾ ਦੇ ਅੰਤ ਨੂੰ ਦੁਹਰਾਇਆ। ਉਸੇ ਸਮੇਂ 19 ਮਈ, 2014 ਅਤੇ ਹੁਣ 5 ਅਗਸਤ ਨੂੰ ਜੋ ਕੁਝ ਵਾਪਰਿਆ ਸੀ, ਉਸ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਭਾਰਤੀ ਰਾਜਨੀਤੀ ਕਿੱਥੇ ਖੜੀ ਹੈ ਤੇ ਵਿਰੋਧੀ ਪਾਰਟੀਆਂ ਦੀ ਲੋਕ ਪੱਖੀ ਭੂਮਿਕਾ ਕੀ ਹੈ ? ਜੇਕਰ ਅਸੀਂ ਇਹਨਾਂ ਸਥਿਤੀਆਂ ਨੂੰ ਨਹੀਂ ਪੜਾਂਗੇ ਤਾਂ ਮੋਦੀ ਰਾਜਨੀਤੀ ਦਾ ਉਭਾਰ ਸਮਝ ਨਹੀਂ ਆਵੇਗਾ। ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਕਾਂਡ ਨਾਲ ਅਸੀਂ ਲੋਕਤੰਤਰ ਦੀ ਲਾਸ਼ ਦੇਖ ਰਹੇ ਹਾਂ। ਲਾਸ਼ ਤਾਂ ਵਿਰੋਧੀ ਧਿਰਾਂ ਦੀ ਭ੍ਰਿਸ਼ਟਾਚਾਰੀ ਰਾਜਨੀਤੀ ਦੀ ਹੈ, ਜੋ ਭਾਜਪਾ ਹਿੰਦੂਤਵੀ ਰਾਜਨੀਤੀ ਦਾ ਬਦਲ ਨਹੀਂ ਸਿਰਜ ਸਕੇ। ਕਾਂਗਰਸ ਦਾ ਜੇਕਰ ਨਿਰਪੱਖ ਚਿਹਰਾ ਸੀ ਤਾਂ ਉਹ ਉਤਰ ਪ੍ਰਦੇਸ਼ ਵਿਚ ਕਿਉਂ ਗ਼ਾਇਬ ਹੋ ਗਈ। ਉਸ ਦੀ ਥਾਂ ਕਦੇ ਬਸਪਾ, ਕਦੇ ਸਮਾਜਵਾਦੀ ਪਾਰਟੀ ਨੇ ਕਿਉਂ ਲੈ ਲਈ ਤੇ ਹੁਣ ਭਾਜਪਾ ਨੇ। ਲਾਲੂ ਯਾਦਵ ਬਿਹਾਰ ਵਿਚ ਪਹਿਲਾਂ ਹੀ ਕਾਂਗਰਸ ਨੂੰ ਠਿੱਬੀ ਦੇ ਚੁੱਕੇ ਸਨ। ਹੁਣ ਭਾਜਪਾ ਗੱਠਜੋੜ ਦੀ ਸਰਕਾਰ ਹੈ। ਕਾਂਗਰਸ ਨਾਲ ਵਾਰ-ਵਾਰ ਹਾਰਾਂ ਦਾ ਇਤਿਹਾਸ ਕਿਉਂ ਵਾਪਰਿਆ ? ਉਹ ਗਾਂਧੀ ਪਰਿਵਾਰ ਤੋਂ ਬਾਹਰ ਜਾ ਕੇ ਯੋਗ ਰਾਜਨੀਤੀ ਕਿਉਂ ਨਹੀਂ ਉਸਾਰ ਸਕੇ ਤੇ ਯੋਗ ਲੀਡਰਸ਼ਿਪ ਕਿਉਂ ਨਹੀਂ ਦੇ ਸਕੇ ? ਰਾਮ ਮੰਦਰ ਦਾ ਵਿਰੋਧ ਕਰਕੇ ਭਾਜਪਾ ਵਿਰੋਧੀ ਪਾਰਟੀਆਂ ਆਪਣੀ ਰਾਜਨੀਤੀ ਨਹੀਂ ਉਸਾਰ ਸਕਦੀਆਂ। ਉਨਾਂ ਨੂੰ ਤਾਂ ਲੋਕ ਪੱਖੀ ਰਾਜਨੀਤੀ ਉਸਾਰਨੀ ਪਵੇਗੀ, ਜੋ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਤੇ ਨਿਰਪੱਖ ਸੋਚਣੀ ਵਾਲੇ ਹਿੰਦੂ ਭਾਈਚਾਰੇ ਪੱਖੀ ਹੋਵੇ। ਅਜਿਹੀ ਰਾਜਨੀਤੀ ਦਾ ਹੀ ਦੇਸ਼-ਭਗਤਾਂ ਨੇ ਸੁਪਨਾ ਦੇਖਿਆ ਸੀ। ਆਖ਼ਰਕਾਰ ਹਿੰਦੂ ਵੋਟਰ ਕਾਂਗਰਸ ਤੋਂ ਉਕਤਾ ਗਏ ਹਨ, ਇਸੇ ਕਰਕੇ ਉਹ ਭਾਜਪਾ ਵਲ ਗਏ ਹਨ। ਰਾਹੁਲ ਗਾਂਧੀ ਦਾ ਜਨੇਊਧਾਰੀ ਅਵਤਾਰ ਮੰਦਰ ਵਿਚ ਪ੍ਰਗਟ ਹੋਣ ਨਾਲ ਕਾਂਗਰਸ ਦੀ ਰਾਜਨੀਤੀ ਕਦੇ ਨਹੀਂ ਚਮਕੇਗੀ। ਕਾਂਗਰਸ ਅਨੇਕਾਂ ਭ੍ਰਿਸ਼ਟਾਚਾਰ ਦੇ ਸਕੈਂਡਲਾਂ ਤੇ ਸੈਕੰਡ ਲਾ ਵਿਚ ਫਸੀ ਹੋਈ ਹੈ। ਭਾਜਪਾ ਦੇ ਹੱਥ ਇਸ ਦੇ ਅਨੇਕਾਂ ਸਬੂਤ ਹਨ। ਇਹੀ ਕਾਰਨ ਹੈ ਕਿ ਉਹ ਲੋਕਾਂ ਦੇ ਹਿਤ ਵਿਚ ਨਹੀਂ ਬੋਲਦੀ। ਨਾਅਰੇਬਾਜ਼ੀ ਉਸ ਦੇ ਪੱਲੇ ਹੈ, ਇਸੇ ਕਾਰਨ ਉਹ ਸਭ ਰਾਜਾਂ ਵਿਚ ਤਿੜਕ ਰਹੀ ਹੈ ਤੇ ਭਾਜਪਾ ਦਾ ਬਦਲ ਨਹੀਂ ਬਣ ਸਕੀ। ਭਾਜਪਾ ਤਾਂ ਪਹਿਲਾਂ ਹੀ ਹਿੰਦੂ ਰਾਸ਼ਟਰਵਾਦ ਨੂੰ ਲੈ ਕੇ ਚੱਲ ਰਹੀ ਹੈ। ਇਸ ਦਾ ਜੋ ਬਦਲ ਚਾਹੀਦਾ ਹੈ, ਉਹ ਇਹ ਹੈ ਕਿ ਇਮਾਨਦਾਰ ਰਾਜਨੀਤਕ ਪਾਰਟੀ, ਨੇਤਾ ਤੇ ਲੋਕ ਹਿਤੂ ਰਾਜਨੀਤੀ, ਜੋ ਸਭ ਧਰਮਾਂ ਦਾ ਸਤਿਕਾਰ ਤੇ ਅਜ਼ਾਦੀ ਬਹਾਲ ਕਰੇ।

ਜਿੰਨਾ ਚਿਰ ਤੱਕ ਭਾਜਪਾ ਵਿਰੋਧੀ ਸਿਆਸਤਦਾਨਾਂ ਵਿਚ ਇਹ ਇੱਛਾ ਪੈਦਾ ਨਹੀਂ ਹੁੰਦੀ ਤਾਂ ਮੋਦੀ ਦੇ ਚਮਤਕਾਰ ਭਾਰਤ ਵਿਚ ਵਾਪਰਦੇ ਰਹਿਣਗੇ। ਕਾਂਗਰਸ, ਖੱਬੇ ਪੱਖੀ ਜਾਂ ਹੋਰ ਇਸ ਦਾ ਮੁਕਾਬਲਾ ਨਹੀਂ ਕਰ ਸਕਣਗੇ। ਭਾਰਤ ਵਿਚ ਲੋਕਤੰਤਰ ਇਹਨਾਂ ਲੋਕਾਂ ਨੇ ਹੀ ਮਾਰਿਆ ਹੈ, ਧਰਮ ਨਿਰਪੱਖਤਾ ਦੇ ਨਾਅਰੇ ਤਾਂ ਮਾਰਦੇ ਹਨ, ਪਰ ਇਮਾਨਦਾਰ ਤੇ ਨਿਆਂ ਪੱਖੀ ਨਹੀਂ ਹਨ। ਪ੍ਰਮੁੱਖ ਸੁਆਲ ਇਹ ਵੀ ਹਨ ਕਿ ਜੇਕਰ ਅਜਿਹੀ ਰਾਜਨੀਤੀ ਨਹੀਂ ਉੱਭਰਦੀ ਤਾਂ ਘੱਟ ਗਿਣਤੀ ਕੌਮਾਂ ਦਾ ਭਵਿੱਖ ਕੀ ਹੈ ? ਕੀ ਅਯੁੱਧਿਆ ਹਾਸਲ ਕਰਨ ਤੋਂ ਬਾਅਦ ਹੁਣ ਹਿੰਦੂਤਵ ਵਾਦੀ ਕਾਸ਼ੀ, ਮਥੁਰਾ ਅਤੇ ਅਜਿਹੇ ਹੀ ਪਤਾ ਨਹੀਂ ਕਿੰਨੇ ਹੋਰ ਪੂਜਾ ਸਥਾਨਾਂ 'ਤੇ ਦਾਅਵਾ ਨਹੀਂ ਠੋਕਣਗੇ ? ਜੇਕਰ ਅਜਿਹਾ ਹੋਇਆ ਤਾਂ ਕੀ ਇਕ ਵਾਰ ਫਿਰ ਦੇਸ਼ ਵਿਚ ਹਿੰਦੂ ਬਹੁਗਿਣਤੀ ਬਨਾਮ ਮੁਸਲਮਾਨ ਘੱਟ-ਗਿਣਤੀ ਦਾ ਘਰੇਲੂ ਯੁੱਧ ਨਹੀਂ ਸ਼ੁਰੂ ਹੋ ਜਾਵੇਗਾ ? ਇਸ ਹਾਲੀਆ ਇਤਿਹਾਸ ਦੀ ਰੌਸ਼ਨੀ ਵਿਚ ਗ਼ੌਰ ਕਰਨ 'ਤੇ ਸੰਕੇਤ ਮਿਲਦਾ ਹੈ ਕਿ ਭਾਜਪਾ ਦੀ ਮੌਜੂਦਾ ਰਾਜਨੀਤੀ ਹਿੰਦੂ ਸਮਾਜ ਵਿਚ ਆਈ ਬਹੁਗਿਣਤੀ ਵਾਦੀ ਹਵਾ ਦਾ ਲਾਭ ਉਠਾਉਣਾ ਚਾਹੁੰਦੀ ਹੈ ਅਤੇ ਰਾਜ ਪੱਧਰ 'ਤੇ ਉਹ ਚੋਣਾਂ ਦੌਰਾਨ ਫ਼ਿਰਕੂ ਪੱਤਾ ਵੀ ਖੇਡਦੀ ਹੈ (ਜਿਵੇਂ ਦਿੱਲੀ ਦੀਆਂ ਚੋਣਾਂ) ਪਰ ਉਸ ਦੀ ਪਹਿਲ 90ਵਿਆਂ ਦੀ ਅਯੁੱਧਿਆ ਕੇਂਦਰਿਤ ਰਾਜਨੀਤੀ ਤੋਂ ਪਰਹੇਜ਼ ਕਰਨ ਦੀ ਹੈ। ਜਿੱਥੇ ਤੱਕ ਹਿੰਦੂਤਵ ਵਾਦੀ ਰਾਜਨੀਤੀ ਦਾ ਸਵਾਲ ਹੈ, ਉਹ ਜਾਰੀ ਰਹੇਗੀ, ਪਰ ਉਸ ਦੇ ਮੁਕਾਮ ਮੰਦਰ ਮਸਜਿਦ ਕੇਂਦਰਿਤ ਨਾ ਹੋ ਕੇ ਵੱਖ ਤਰਾਂ ਦੇ ਹੋਣਗੇ। ਪਰ ਲੋਕ ਇਸ ਦਾ ਬਦਲ ਜ਼ਰੂਰ ਸੋਚਣਗੇ।

---

## ਵਿਚਾਰ ਆਪੋ ਆਪਣਾ

# ਕੀ ਭਾਜਪਾ ਸ੍ਰੀ ਰਾਮ ਦੇ ਦੇ ਗੁਣਾਂ ਨੂੰ ਧਾਰਨ ਕਰੇਗੀ ?

**- ਐਲ ਐੱਸ ਹਰਦੇਨੀਆ**

ਹੁਣ ਕਿਉਂਕਿ ਰਾਮ ਮੰਦਰ ਦਾ ਨੀਂਹ ਪੱਥਰ ਸਭ ਦੀ ਸਹਿਮਤੀ ਨਾਲ ਹੋ ਚੁੱਕਾ ਹੈ, ਇਸ ਲਈ ਲੋੜ ਹੁਣ ਇਸ ਗੱਲ ਦੀ ਹੈ ਕਿ ਅਸੀਂ ਭਗਵਾਨ ਰਾਮ ਦੇ ਗੁਣਾਂ ਨੂੰ ਅਤੇ ਉਨਾਂ ਦੀ ਸ਼ਖ਼ਸੀਅਤ ਦੀਆਂ ਵਿਸ਼ੇਸ਼ਤਾਈਆਂ ਨੂੰ ਪਛਾਣੀਏ ਅਤੇ ਉਨਾਂ ਤੋਂ ਪ੍ਰੇਰਨਾ ਲਈਏ। ਭਗਵਾਨ ਰਾਮ ਦਾ ਸਭ ਤੋਂ ਮਹੱਤਵਪੂਰਨ ਗੁਣ ਸੱਤਾ ਪ੍ਰਤੀ ਮੋਹ ਦਾ ਨਾ ਰੱਖਣਾ ਸੀ। ਸੱਚ ਪੁੱਛਿਆ ਜਾਵੇ ਤਾਂ ਉਹ ਸੱਤਾ ਦੇ ਤਿਆਗ ਦੇ ਪ੍ਰਤੀਕ ਹਨ। ਉਹ ਅਜਿਹੀਆਂ ਸ਼ਖ਼ਸੀਅਤਾਂ ਵਿਚੋਂ ਸਨ, ਜਿਨਾਂ ਨੇ ਆਪਣੇ ਪਿਤਾ ਦੀ ਆਗਿਆ ਮੰਨਦਿਆਂ ਹੋਇਆਂ ਸੱਤਾ ਦਾ ਤਿਆਗ ਕਰ ਦਿੱਤਾ ਸੀ। ਜਦੋਂਕਿ ਇਤਿਹਾਸ ਅਜਿਹੀਆਂ ਉਦਾਹਰਨਾਂ ਨਾਲ ਭਰਿਆ ਪਿਆ ਹੈ ਜਦੋਂ ਪੁੱਤਾਂ ਨੇ ਸੱਤਾ ਖ਼ਾਤਰ ਆਪਣੇ ਪਿਤਾ, ਭਰਾਵਾਂ ਅਤੇ ਹੋਰਾਂ ਸਕੇ ਸੰਬੰਧੀਆਂ ਦੀ ਹੱਤਿਆ ਕਰ ਦਿੱਤੀ ਸੀ। ਇਸ ਦੇ ਠੀਕ ਉਲਟ ਭਗਵਾਨ ਰਾਮ ਨੇ ਨਾ ਸਿਰਫ਼ ਗੱਦੀ ਦਾ ਤਿਆਗ ਕੀਤਾ ਸਗੋਂ ਪਿਤਾ ਦੀ ਆਗਿਆ ਨਾਲ ਸੱਤਾ ਤੋਂ ਬਹੁਤ ਹੀ ਦੂਰ ਰਹਿਣ ਲਈ 14 ਸਾਲਾਂ ਦਾ ਬਨਵਾਸ ਵੀ ਸਵੀਕਾਰ ਕਰ ਲਿਆ ਸੀ।

ਪਰ ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਪ੍ਰਸੰਗਕ ਹੋਵੇਗਾ ਕਿ ਭਾਜਪਾ ਦੀ ਲੀਡਰਸ਼ਿਪ ਦੀ ਸੋਚ ਅਨੁਸਾਰ ਸੱਤਾ ਹਥਿਆਉਣ ਲਈ ਸਾਮ, ਦਾਮ, ਦੰਡ ਅਤੇ ਭੇਦ ਦੀ ਵਰਤੋਂ ਬਿਨਾਂ ਝਿਜਕ ਦੇ ਕੀਤੀ ਜਾਣੀ ਚਾਹੀਦੀ ਹੈ। ਅਸੀਂ ਲੋਕਤੰਤਰੀ ਪ੍ਰਣਾਲੀ ਅਪਣਾਈ ਹੈ, ਜਿਸ ਵਿਚ ਸੱਤਾ ਪ੍ਰਾਪਤੀ ਲਈ ਸਿਰਫ਼ ਜਨਤਾ ਦੀ ਸਹਿਮਤੀ ਚਾਹੀਦੀ ਹੈ ਅਤੇ ਸਹਿਮਤੀ ਮਿਲਣ ਤੋਂ ਬਾਅਦ ਉਸ ਦਾ ਸਨਮਾਨ ਕਰਨਾ ਚਾਹੀਦਾ ਹੈ। ਪਰ ਪਿਛਲੇ ਦਿਨੀਂ ਜੋ ਮੱਧ ਪ੍ਰਦੇਸ਼ ਵਿਚ ਹੋਇਆ ਅਤੇ ਇਸ ਸਮੇਂ ਜੋ ਰਾਜਸਥਾਨ ਵਿਚ ਹੋ ਰਿਹਾ ਹੈ, ਉਹ ਭਗਵਾਨ ਰਾਮ ਦੇ ਆਦਰਸ਼ਾਂ ਦੇ ਬਿਲਕੁਲ ਉਲਟ ਹੈ।

ਜੇਕਰ ਭਾਜਪਾ ਅਤੇ ਸੰਘ ਪਰਿਵਾਰ ਭਗਵਾਨ ਰਾਮ ਨੂੰ ਆਪਣਾ ਆਦਰਸ਼ ਅਤੇ ਪ੍ਰੇਰਨਾ ਸਰੋਤ ਮੰਨਦੇ ਹਨ ਤਾਂ ਉਸ ਨੂੰ ਵੋਟਰਾਂ ਦੇ ਨਿਰਨੇ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਚੁਣੀ ਹੋਈ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਭਗਵਾਨ ਰਾਮ ਦੇ ਚਿੰਤਨ ਦੀ ਇਕ ਹੋਰ ਵਿਸ਼ੇਸ਼ਤਾ ਸੀ ਨਫ਼ਰਤ ਨਾ ਕਰਨ ਦੀ, ਇਸ ਪੱਖੋਂ ਭਾਜਪਾ ਕਦੇ ਉਨਾਂ ਦੇ ਨੇੜੇ ਵੀ ਨਹੀਂ ਗਈ। ਕੈਕੇਈ, ਉਨਾਂ ਦੀ ਪਤਨੀ ਨੂੰ ਅਗਵਾ ਕਰਨ ਵਾਲਾ ਰਾਵਣ, ਅਤੇ ਮੰਥਰਾ ਸਣੇ ਕਈ ਅਜਿਹੇ ਵਿਅਕਤੀਆਂ ਨੇ ਭਗਵਾਨ ਰਾਮ ਨੂੰ ਬਹੁਤ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਪਰ ਭਗਵਾਨ ਰਾਮ ਦੇ ਮਨ ਵਿਚ ਉਨਾਂ ਦੇ ਪ੍ਰਤੀ ਰੱਤੀ ਭਰ ਗ਼ੁੱਸਾ ਨਹੀਂ ਸੀ। ਜਦੋਂ ਉਹ ਬਨਵਾਸ ਤੋਂ ਵਾਪਸ ਆਏ ਤਾਂ ਉਨਾਂ ਨੇ ਸਭ ਤੋਂ ਪਹਿਲਾਂ ਕੈਕੇਈ ਦੇ ਚਰਨ ਛੂਹੇ। ਹਿਰਦੇ ਦੀ ਵਿਸ਼ਾਲਤਾ ਦੀ ਇਸ ਤੋਂ ਵੱਡੀ ਕੋਈ ਉਦਾਹਰਨ ਨਹੀਂ ਹੋ ਸਕਦੀ। ਰਾਮ ਮੰਦਰ ਦੇ ਨੀਂਹ ਪੱਥਰ ਸਮਾਰੋਹ ਮੌਕੇ ਦਿੱਤੇ ਗਏ ਆਪਣੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਰਾਮ ਮੰਦਰ ਰਾਸ਼ਟਰ ਨੂੰ ਜੋੜਨ ਦਾ ਉਪਕਰਮ ਹੈ। ਇਹ ਉਪਕਰਮ ਉਸੇ ਸਮੇਂ ਪੂਰਾ ਹੋਵੇਗਾ ਜਦੋਂ ਪ੍ਰਧਾਨ ਮੰਤਰੀ ਇਹ ਐਲਾਨ ਕਰਨਗੇ ਕਿ 'ਮੈਂ ਖ਼ੁਦ ਕਿਸੇ ਨਾਲ ਨਫ਼ਰਤ ਨਹੀਂ ਕਰਾਂਗਾ ਅਤੇ ਨਾ ਹੀ ਕਿਸੇ ਨੂੰ ਕਰਨ ਦੇਵਾਂਗਾ'। ਉਹ ਇਹ ਐਲਾਨ ਵੀ ਕਰਨ ਕਿ 'ਮੈਂ ਬਦਲੇ ਦੀ ਭਾਵਨਾ ਨਾਲ ਕੋਈ ਕਦਮ ਨਹੀਂ ਪੁੱਟਾਂਗਾ'।

ਉਨਾਂ ਨੇ ਆਪਣੇ ਭਾਸ਼ਣ ਵਿਚ ਇਹ ਵੀ ਕਿਹਾ ਕਿ 'ਅਸੀਂ ਸਾਰਿਆਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਣਾ ਹੈ। ਅਸੀਂ ਸਾਰਿਆਂ ਦੇ ਸਾਥ ਨਾਲ, ਸਾਰਿਆਂ ਦੇ ਵਿਸ਼ਵਾਸ ਨਾਲ, ਸਾਰਿਆਂ ਦਾ ਵਿਕਾਸ ਕਰਨਾ ਹੈ।' ਉਮੀਦ ਹੈ ਕਿ ਉਹ ਆਪਣੇ ਇਸ ਬਿਆਨ 'ਤੇ ਪੂਰੀ ਤਰਾਂ ਨਾਲ ਅਮਲ ਕਰਨਗੇ।

ਇਕ ਹੋਰ ਬੇਨਤੀ। ਜਿੰਨੇ ਰਾਮ ਭਗਤ ਹਨੂਮਾਨ ਹਨ, ਓਨੇ ਹੀ ਰਾਮ ਭਗਤ ਮਹਾਤਮਾ ਗਾਂਧੀ ਜੀ ਸਨ। ਸਾਨੂੰ ਰਾਮ ਦੇ ਉਸ ਸਰੂਪ ਨੂੰ ਮੰਨਣਾ ਚਾਹੀਦਾ ਹੈ ਜੋ ਮਹਾਤਮਾ ਗਾਂਧੀ ਨੇ ਮੰਨਿਆ ਸੀ। ਮਹਾਤਮਾ ਗਾਂਧੀ ਨੇ ਰਾਮ ਨੂੰ ਉਨਾਂ ਮਨੁੱਖੀ ਕਦਰਾਂ ਕੀਮਤਾਂ ਦਾ ਪ੍ਰਤੀਕ ਮੰਨਿਆ ਸੀ, ਜਿਨਾਂ ਦੇ ਆਧਾਰ 'ਤੇ ਮਨੁੱਖੀ ਸਭਿਅਤਾ ਟਿਕੀ ਹੋਈ ਹੈ। ਮਹਾਤਮਾ ਗਾਂਧੀ ਨੇ ਭਗਵਾਨ ਰਾਮ ਦੇ ਸੰਦੇਸ਼ ਦੀ ਵਰਤੋਂ ਸਰਬ ਧਰਮ ਸ਼ਾਂਤੀ ਸਥਾਪਤ ਕਰਨ ਲਈ ਕੀਤੀ ਸੀ। ਮਹਾਤਮਾ ਗਾਂਧੀ ਨੇ ਕਿਹਾ ਸੀ 'ਮੇਰਾ ਰਾਮ, ਸਾਡੀ ਪ੍ਰਾਰਥਨਾ ਦੇ ਸਮੇਂ ਦਾ ਰਾਮ ਉਹ ਇਤਿਹਾਸਕ ਰਾਮ ਨਹੀਂ ਹੈ ਜੋ ਦਸ਼ਰਥ ਦਾ ਪੁੱਤਰ ਅਤੇ ਅਯੁੱਧਿਆ ਦਾ ਰਾਜਾ ਸੀ। ਉਹ ਤਾਂ ਸਨਾਤਨ, ਅਜਨਮਾ, ਅਦ੍ਵਿਤਿਆ ਰਾਮ ਹੈ। ਮੈਂ ਉਸੇ ਰਾਮ ਦੀ ਪੂਜਾ ਕਰਦਾ ਹਾਂ।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸ਼੍ਰੋਮਣੀ ਕਮੇਟੀ ਦੀ ਅਣਗਹਿਲੀ ਕਾਰਨ ਹੋਈ

**- ਜੋਗਿੰਦਰ ਸਿੰਘ**

ਬਾਣੀ ਸਤਿਕਾਰ ਦੇ ਮੱਦੇਨਜ਼ਰ ਗੁਰੂ ਗ੍ਰੰਥ ਸਾਹਿਬ ਦੀ ਛਪਾਈ, ਸੁਧਾਈ, ਸੰਗਤਾਂ ਤੀਕ ਪਹੁੰਚਾਉਣ ਦਾ ਕਾਰਜ ਪਿਛਲੇ 100 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਪਾਸ ਰਿਹਾ ਹੈ। ਪੰਜਾਬ ਵਿਚ ਖ਼ਾਸ ਕਰਕੇ ਅੰਮ੍ਰਿਤਸਰ ਵਿਚ ਛਪਾਈ ਦੀ ਸਹੂਲਤ ਨਾ ਹੋਣ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਗੁਰਬਾਣੀ ਦੇ ਗੁਟਕੇ ਦਿੱਲੀ ਦੀਆਂ ਪ੍ਰਿੰਟਿੰਗ ਪ੍ਰੈੱਸਾਂ ਤੋਂ ਆਪਣੇ ਕਰਮਚਾਰੀਆਂ ਦੀ ਨਿਗਰਾਨੀ ਹੇਠ ਲੰਬਾ ਸਮਾਂ ਤਿਆਰ ਕਰਵਾਏ ਜਾਂਦੇ ਰਹੇ ਹਨ। ਪ੍ਰਿੰਟਿੰਗ ਪ੍ਰੈੱਸਾਂ ਵਾਲਿਆਂ ਨਾਲ ਇਹ ਸ਼ਰਤ ਪਹਿਲਾਂ ਪੱਕੀ ਕਰ ਲਈ ਜਾਂਦੀ ਸੀ ਕਿ ਜਿਸ ਮਸ਼ੀਨ 'ਤੇ ਪਾਵਨ ਸਰੂਪ ਤੇ ਗੁਰਬਾਣੀ ਦੀਆਂ ਪਲੇਟਾਂ ਚੜ੍ਹਨਗੀਆਂ, ਉਸ ਮਸ਼ੀਨ 'ਤੇ ਕੋਈ ਜੁੱਤੀ ਪਾ ਕੇ, ਨੰਗੇ ਸਿਰ ਕੰਮ ਨਹੀਂ ਕਰੇਗਾ ਤੇ ਨਾ ਹੀ ਕੋਈ ਸਿਗਰਟ, ਗੁਟਖੇ ਆਦਿ ਦਾ ਸੇਵਨ ਕਰੇਗਾ। ਉਸ ਵੇਲੇ ਪਾਵਨ ਸਰੂਪ ਆਮ ਤੌਰ 'ਤੇ 1000 ਕੁ ਹੀ ਛਾਪੇ ਜਾਂਦੇ ਸਨ। ਪਾਵਨ ਸਰੂਪ ਦੀ ਜਿਲਦਬੰਦੀ ਕਰਵਾਉਣ ਉਪਰੰਤ ਸੰਗਤ ਨੂੰ ਉਨ੍ਹਾਂ ਦੀ ਲਿਖਤੀ ਮੰਗ 'ਤੇ ਭੇਟਾ ਸਹਿਤ/ਭੇਟਾ ਰਹਿਤ ਦਿੱਤਾ ਜਾਂਦਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਦੇ ਮਾਹਿਰਾਂ ਤੇ ਗੁਰਬਾਣੀ ਵਿਆਕਰਨ ਦੇ ਗਿਆਤਾਵਾਂ ਦੀਆਂ ਸੇਵਾਵਾਂ ਲੈ ਕੇ ਗੁਰੂ ਗ੍ਰੰਥ ਸਾਹਿਬ ਦਾ ਪਦ-ਛੇਦ ਕਰ ਲਿਆ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਗੋਲਡਨ ਆਫ਼ ਸੈਂਟ ਪ੍ਰੈੱਸ ਸਥਾਪਿਤ ਕਰ ਲਈ ਗਈ ਜਿਸ ਲਈ ਇਕ ਦੋ-ਰੰਗੀ ਪ੍ਰਿੰਟਿੰਗ ਮਸ਼ੀਨ, ਇਕ ਪੇਪਰ ਫੋਲਡਿੰਗ ਮਸ਼ੀਨ ਤੇ ਇਕ ਕੰਪਿਊਟਰਾਈਜ਼ਡ ਪੇਪਰ ਕਟਿੰਗ ਮਸ਼ੀਨ ਤਿੰਨੇ ਆਧੁਨਿਕ ਮਸ਼ੀਨਾਂ ਜਰਮਨੀ ਤੋਂ ਮੰਗਵਾਈਆਂ ਗਈਆਂ।

ਇਕ-ਦੋ ਪ੍ਰਾਈਵੇਟ ਪਬਲਿਸ਼ਰ ਜੋ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪਦੇ ਸਨ, ਵੱਲੋਂ ਕਈ ਤਰਾਂ ਦੇ ਢੁੱਚਰ ਡਾਹੇ ਗਏ। ਪਰ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਮੁਸ਼ਕਲਾਂ ਦੀ ਪ੍ਰਵਾਹ ਨਹੀਂ ਕੀਤੀ। ਆਟੋਮੈਟਿਕ ਆਧੁਨਿਕ ਮਸ਼ੀਨਾਂ ਤੇ ਅਣਥੱਕ ਵਰਕਰਾਂ ਦੇ ਬਲਬੂਤੇ ਹੁਣ ਸ਼੍ਰੋਮਣੀ ਕਮੇਟੀ ਸੰਗਤ ਦੀ ਮੰਗ ਤੋਂ ਵਧੇਰੇ ਸਰੂਪ ਛਾਪਣ ਦੇ ਸਮਰੱਥ ਹੋ ਚੁੱਕੀ ਸੀ। ਪਾਵਨ ਸਰੂਪਾਂ ਦਾ ਵਪਾਰੀਕਰਨ ਕਰਨ ਤੇ ਸਤਿਕਾਰ ਦੀ ਘਾਟ ਦੀਆਂ ਪੁੱਜ ਰਹੀਆਂ ਸ਼ਿਕਾਇਤਾਂ ਦੇ ਸੰਦਰਭ ਵਿਚ ਪ੍ਰਾਈਵੇਟ ਪਬਲਿਸ਼ਰਾਂ ਤੋਂ ਪਾਵਨ ਸਰੂਪਾਂ ਦੀ ਛਪਾਈ 'ਤੇ ਪਾਬੰਦੀ ਲਗਾ ਦਿੱਤੀ ਗਈ। ਇਸ ਤਰਾਂ ਹੁਣ ਕੇਵਲ ਸ਼੍ਰੋਮਣੀ ਕਮੇਟੀ ਜਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਪਾਵਨ ਸਰੂਪ ਛਾਪਦੀ ਹੈ। ਗੋਲਡਨ ਆਫ਼ ਸੈਂਟ ਪ੍ਰੈੱਸ ਵੱਲੋਂ ਇਸ ਸਮੇਂ ਤਿੰਨ ਤਰਾਂ ਦੇ ਪਾਵਨ ਸਰੂਪ ਛਾਪੇ ਜਾ ਰਹੇ ਹਨ। ਇਕ ਦਰਮਿਆਨਾ ਆਕਾਰ (ਪਦ-ਛੇਦ) ਸਰੂਪ ਜਿਸ ਦੀ ਮੰਗ ਜ਼ਿਆਦਾ ਰਹਿੰਦੀ ਹੈ ਕਿਉਂਕਿ ਨਿਸ਼ਠਾਵਾਨ ਸਿੱਖਾਂ ਵੱਲੋਂ ਇਸ ਸਰੂਪ ਦਾ ਪ੍ਰਕਾਸ਼ ਆਪਣੇ ਗ੍ਰਹਿ ਵਿਖੇ ਵੀ ਕੀਤਾ ਜਾਂਦਾ ਹੈ ਤੇ ਲੋੜ ਨਾ ਵੀ ਹੋਣ 'ਤੇ ਸਮੇਂ ਤੋਂ ਪਹਿਲਾਂ ਹੀ ਪਾਵਨ ਸਰੂਪ ਬਦਲੀ ਕਰ ਲੈਣ ਦੀ ਸ਼ਰਧਾ ਹੁੰਦੀ ਹੈ। ਦੂਜਾ ਪਦ-ਛੇਦ ਪਾਵਨ ਸਰੂਪ ਦਾ ਵੱਡਾ ਆਕਾਰ ਹੈ ਜਿਸ ਦਾ ਪ੍ਰਕਾਸ਼ ਆਮ ਤੌਰ 'ਤੇ ਗੁਰਦੁਆਰਾ ਸਾਹਿਬਾਨ ਵਿਚ ਕੀਤਾ ਜਾਂਦਾ ਹੈ ਅਤੇ ਤੀਜਾ ਹੈ ਲੜੀਵਾਰ (ਜੁੜਵੇਂ ਅੱਖਰਾਂ ਵਾਲਾ) ਪਾਵਨ ਸਰੂਪ। ਇਸ ਤੋਂ ਇਲਾਵਾ ਸੰਥਾ ਸੈਂਚੀਆਂ ਤੇ ਸ਼ਬਦਾਰਥ ਛਾਪੇ ਜਾਂਦੇ ਹਨ। ਸਾਰੀ ਛਪਾਈ ਦੌਰਾਨ ਮਰਿਆਦਾ ਅਤੇ ਬਾਣੀ ਦੇ ਸਤਿਕਾਰ ਦਾ ਖ਼ਾਸ ਖ਼ਿਆਲ ਰੱਖਿਆ ਜਾਂਦਾ ਹੈ। ਬਾਈਂਡਿੰਗ ਵਿਭਾਗ ਵਿਚ ਲਿਫ਼ਟ ਰਾਹੀਂ ਸਤਿਕਾਰ ਨਾਲ ਪਹੁੰਚਾਏ ਜਾਂਦੇ ਹਨ। ਜਿੱਥੇ ਪੂਰਨ ਮਰਿਆਦਾ ਅਤੇ ਸਤਿਕਾਰ ਨਾਲ ਜਿਲਦ ਬੰਨੀ ਜਾਂਦੀ ਹੈ। ਉਪਰੰਤ ਇਸ ਕਾਰਜ ਲਈ ਰੱਖੇ ਪਲੰਘਾਂ 'ਤੇ ਸਰੂਪ ਬਿਰਾਜਮਾਨ ਕੀਤੇ ਜਾਂਦੇ ਹਨ। ਸ਼ਰਧਾਲੂ ਵੱਲੋਂ ਲਿਖਤੀ ਮੰਗ ਆਉਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਵੱਲੋਂ ਪ੍ਰਕਾਸ਼ ਕਰਨ ਲਈ ਨਿਯਤ ਅਸਥਾਨ ਦਾ ਮੌਕਾ ਵੇਖ ਕੇ ਸੇਵਾ-ਸੰਭਾਲ ਤੇ ਮਰਿਆਦਾ ਸਬੰਧੀ ਹੋਈ ਰਿਪੋਰਟ 'ਤੇ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸੰਮਤੀ/ਸਿਫ਼ਾਰਸ਼ 'ਤੇ ਸਕੱਤਰ ਸ਼੍ਰੋਮਣੀ ਕਮੇਟੀ ਵੱਲੋਂ ਪਾਵਨ ਸਰੂਪ ਦੇਣ ਦੀ ਆਗਿਆ ਹੋ ਜਾਣ ਉਪਰੰਤ ਸ਼ਰਧਾਲੂ ਪਰਿਵਾਰ ਸਪੈਸ਼ਲ ਗੱਡੀ ਵਿਚ ਪੰਜ ਸਿੰਘ, ਰੁਮਾਲੇ, ਚੰਦੋਆ ਤੇ ਪੀੜਾ ਸਾਹਿਬ ਲੈ ਕੇ ਆਉਂਦੇ ਹਨ ਅਤੇ ਪਾਵਨ ਸਰੂਪ ਕੈ ਕੇ ਜਾਂਦੇ ਹਨ। ਸ਼ਰਧਾਲੂ ਪਰਿਵਾਰਾਂ ਦੇ ਘਰਾਂ ਅਤੇ ਗੁਰਦੁਆਰਾ ਸਾਹਿਬਾਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਪੂਰਨ ਸਤਿਕਾਰ ਰੱਖਿਆ ਜਾਂਦਾ ਹੈ। ਇਹ ਸੱਚ ਹੈ ਕਿ ਬੇਅਦਬੀ ਦੀਆਂ ਹਿਰਦੇਵੇਧਕ ਘਟਨਾਵਾਂ ਥਾਂ-ਥਾਂ ਹੋ ਰਹੀਆਂ ਹਨ। ਅਜਿਹੀਆਂ ਘਟਨਾਵਾਂ ਦੀ ਰੋਕਥਾਮ ਲਈ ਪੰਜਾਬ ਵਿਧਾਨ ਸਭਾ ਵੱਲੋਂ ਬਾਕਾਇਦਾ ਕਾਨੂੰਨ ਬਣਾਇਆ ਜਾ ਚੁੱਕਾ ਹੈ ਜਿਸ ਵਿਚ ਕੈਦ ਦੀ ਵਿਵਸਥਾ ਵੀ ਹੈ। ਪਰ ਕਾਨੂੰਨ ਨੂੰ ਪੂਰੀ ਤਰਾਂ ਲਾਗੂ ਨਾ ਕਰ ਸਕਣ ਕਾਰਨ ਹੀ ਗੁਰੂ-ਦੋਖੀਆਂ ਦੇ ਹੌਸਲੇ ਕਈ ਵਾਰ ਇੰਨੇ ਬੁਲੰਦ ਹੋ ਜਾਂਦੇ ਹਨ ਕਿ ਬੁਰਜ ਜਵਾਹਰ ਸਿੰਘ ਵਾਲਾ ਤੇ ਬਰਗਾੜੀ ਵਰਗੀਆਂ ਮੰਦਭਾਗੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਫਿਰ ਸੱਤਾ ਦੇ ਭੁੱਖੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਪਿੱਠ ਦੇ ਕੇ ਸੰਗਤ ਦੀ ਕਰੋਪੀ ਸਹੇੜ ਬੈਠਦੇ ਹਨ ਜਿਵੇਂ ਕਿ ਸੰਨ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਥਕ ਪਾਰਟੀ ਅਖਵਾਉਣ ਵਾਲੀ ਬਾਦਲ ਦਲ ਦੀ ਹੋਈ ਸ਼ਰਮਨਾਕ ਹਾਰ ਹੈ ਜੋ ਸਿਰਫ਼ ਤੇ ਸਿਰਫ਼ ਗੁਰੂ ਗ੍ਰੰਥ ਸਾਹਿਬ ਦੀ ਚੋਰੀ, ਖੁੱਲੀ ਚੁਣੌਤੀ ਤੇ ਬੇਹੁਰਮਤੀ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਬਚਾਉਣ ਲਈ ਸਿੱਖ ਸੰਗਤ ਵੱਲੋਂ ਦਿੱਤੀ ਗਈ ਸਜ਼ਾ ਵਜੋਂ ਹੀ ਵੇਖੀ ਜਾ ਰਹੀ ਹੈ। ਇਨ੍ਹਾਂ ਹਿਰਦੇਵੇਧਕ ਘਟਨਾਵਾਂ ਤੋਂ ਅਗਲੇ ਹੀ ਸਾਲ ਇਕ ਮੰਦਭਾਗੀ ਘਟਨਾ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ 2016 ਵਿਚ ਵਾਪਰੀ ਸੀ ਜਿਸ ਵਿਚ ਬਿਜਲੀ ਦੇ ਸ਼ਾਰਟ-ਸਰਕਟ ਕਾਰਨ ਲੱਗੀ ਅੱਗ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਪਾਵਨ ਸਰੂਪਾਂ ਦੀ ਬੇਹੁਰਮਤੀ ਹੋਈ ਸੀ। ਕੁਝ ਪਾਵਨ ਸਰੂਪ ਫਾਇਰ ਬ੍ਰਿਗੇਡ ਵੱਲੋਂ ਪਾਣੀ ਦੀਆਂ ਬੁਛਾੜਾਂ ਕਾਰਨ ਵੀ ਨੁਕਸਾਨੇ ਗਏ। ਕੁਝ ਗੱਲਾਂ ਇਨਸਾਨ ਦੇ ਵਸੋਂ ਬਾਹਰ ਹੁੰਦੀਆਂ ਹਨ। ਇਸ ਲਈ ਇਹ ਤਾਂ ਮੰਨ ਲੈਂਦੇ ਹਾਂ ਕਿ ਇਸ ਲਈ ਸ਼੍ਰੋਮਣੀ ਕਮੇਟੀ ਦੋਸ਼ੀ ਤਾਂ ਹੋ ਸਕਦੀ ਹੈ ਪਰ ਜ਼ਿੰਮੇਵਾਰ ਨਹੀਂ ਪਰ ਅਗਨ-ਭੇਟ ਹੋਏ ਅਤੇ ਪਾਣੀ ਨਾਲ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਸਬੰਧੀ ਭੰਬਲਭੂਸਾ ਹੋਣਾ, ਸਸਕਾਰ ਵਾਲੀ ਥਾਂ ਇੰਦਰਾਜ ਨਾ ਹੋਣਾ, ਘਟਨਾ 'ਤੇ ਪਰਦਾਪੋਸ਼ੀ ਦੀ ਕਥਿਤ ਕੋਸ਼ਿਸ਼, ਪਸ਼ਚਾਤਾਪ ਦਾ ਅਖੰਡ-ਪਾਠ ਨਾ ਕਰਵਾਇਆ ਜਾਣਾ ਕੁਝ ਅਜਿਹੀਆਂ ਗੱਲਾਂ ਹਨ ਜੋ ਸ਼੍ਰੋਮਣੀ ਕਮੇਟੀ ਨੂੰ ਮੁਜਰਮ ਦੇ ਕਟਹਿਰੇ ਵਿਚ ਖੜਾ ਕਰ ਰਹੀਆਂ ਹਨ। ਉੱਪਰੋਂ 267 ਪਾਵਨ ਸਰੂਪਾਂ ਦਾ ਘੱਟ ਹੋ ਜਾਣਾ, ਗੁੰਮ/ਚੋਰੀ ਹੋ ਜਾਣਾ ਆਦਿ ਨੂੰ ਕਬੂਲਣ ਨੇ ਸ਼੍ਰੋਮਣੀ ਕਮੇਟੀ ਨੂੰ ਕਸੂਤੀ ਹਾਲਤ ਵਿਚ ਫਸਾ ਦਿੱਤਾ ਹੈ। ਸਰਕਾਰ ਵੀ ਕਾਂਗਰਸ ਦੀ ਹੈ ਅਤੇ ਇਸੇ ਵਰੇ ਸ਼੍ਰੋਮਣੀ ਕਮੇਟੀ ਦਾ 100 ਸਾਲਾ ਸਥਾਪਨਾ ਦਿਵਸ ਵੀ ਹੈ।

ਬਾਕੀ ਸਫ਼ਾ 32 'ਤੇ

**ਭੱਖਦਾ ਮਸਲਾ**

## ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 267 ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਦੋਸ਼ੀ ਬਚਾਏ ਜਾ ਰਹੇ ਹਨ

**ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੂਬਾ ਪ੍ਰਧਾਨ ਖ਼ਾਲਸਾ ਨੇ ਬਾਦਲ ਦਲ ਤੇ ਜਥੇਦਾਰ ਉੱਪਰ ਲਗਾਏ ਦੋਸ਼**

**ਜਲੰਧਰ/ਏ.ਟੀ.ਨਿਊਜ਼ :** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖ਼ਾਲਸਾ ਨੇ ਦਾਅਵਾ ਕੀਤਾ ਕਿ ਬਹਿਬਲ ਕਲਾਂ ਤੇ ਕੋਟਕਪੂਰਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਦੇ ਕਹੇ ਜਾਂਦੇ ਦੋਸ਼ੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਪਟਿਆਲੇ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਧਰਨੇ ਲਗਾ ਕੇ ਆਪਣੇ ਪੁਰਾਣੇ ਦੋਸ਼ ਛੁਪਾ ਰਿਹਾ ਹੈ ਅਤੇ 267 ਗੁਰੂ ਗ੍ਰੰਥ ਸਾਹਿਬ ਦੇ ਸਰੂਪ ਜੋ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਹੇਠ ਗ਼ਾਇਬ ਹੋਏ ਹਨ, ਉਸ ਬਾਰੇ ਆਪਣੀ ਮਰਜ਼ੀ ਦੀ ਜਾਂਚ ਕਮੇਟੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਰਾਹੀਂ ਬਣਾ ਕੇ ਪੰਥ ਨੂੰ ਭੰਬਲਭੂਸੇ ਵਿਚ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸੁਖਬੀਰ ਸਿੰਘ ਬਾਦਲ ਬਹਿਬਲ ਕਲਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇ ਦਿੰਦਾ ਤਾਂ ਅੱਜ ਅਕਾਲੀ ਦਲ ਦਾ ਇਹ ਹਸ਼ਰ ਨਹੀਂ ਸੀ ਹੋਣਾ। ਉਨ੍ਹਾਂ ਕਿਹਾ ਕਿ ਸੱਚ ਦੇ ਤਖ਼ਤ ਅਕਾਲ ਤਖ਼ਤ ਸਾਹਿਬ 'ਤੇ ਕੂੜ ਦੇ ਫ਼ੈਸਲੇ ਨਹੀਂ ਹੋਣੇ ਚਾਹੀਦੇ ਇਸ ਦਾ ਸੰਗਤਾਂ ਨੂੰ ਸਖ਼ਤ ਵਿਰੋਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਅਕਾਲ ਤਖ਼ਤ ਦੀ ਬਣਾਈ ਡੰਮੀ ਕਮੇਟੀ ਦੀ ਜਾਂਚ ਸਾਧਾਰਨ ਵਕੀਲ ਈਸ਼ਰ ਸਿੰਘ ਕਰ ਰਿਹਾ ਹੈ, ਜਿਸ ਉੱਪਰ ਸਮੂਹ ਪੰਥ ਨੂੰ ਕੋਈ ਭਰੋਸਾ ਨਹੀਂ। ਇਹ ਕਮੇਟੀ ਬਾਦਲਾਂ ਨੂੰ ਬਚਾਉਣ ਲਈ ਬਣਾਈ ਗਈ ਹੈ। ਇਹ ਮਾਮਲਾ ਅਪਰਾਧਿਕ ਸੀ ਤੇ ਇਸ ਦੀ ਜਾਂਚ ਹਾਈਕੋਰਟ ਦੇ ਜੱਜ ਵੱਲੋਂ ਹੋਣੀ ਚਾਹੀਦੀ ਸੀ।

ਜਥੇਦਾਰ ਖ਼ਾਲਸਾ ਨੇ ਕਿਹਾ ਕਿ ਨਵੀਂ ਜਾਂਚ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿੱਚ ਪ੍ਰਿੰਟਿੰਗ ਪ੍ਰੈੱਸ, ਇਸ ਦਾ ਸਟੋਰ ਤੇ ਦਫ਼ਤਰ ਲਿਖਤੀ ਤੌਰ ਤੇ ਗਵਾਹਾਂ ਦੀ ਮੌਜੂਦਗੀ ਵਿੱਚ ਸੀਲ ਨਹੀਂ ਕੀਤੇ ਤੇ ਨਾ ਹੀ ਸਬੰਧਿਤ ਰਿਕਾਰਡ ਆਪਣੇ ਕਬਜ਼ੇ ਵਿਚ ਲਏ ਹਨ। ਇਸ ਨਾਲ ਸਾਰੇ ਸਬੂਤ ਮਿਟਾਏ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪ੍ਰਿੰਟਿੰਗ ਪ੍ਰੈੱਸ, ਸਟੋਰ ਅਤੇ ਦਫ਼ਤਰ ਸੀਲ ਨਾ ਹੋਣ ਦੀ ਵਜ੍ਹਾ ਕਰਕੇ ਜਾਂਚ ਸਮੇਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 125 ਪਾਵਨ ਸਰੂਪਾਂ ਦੇ ਫ਼ਰਮੇ ਤਿਆਰ ਕਰ ਲਏ ਗਏ ਹਨ ਤੇ ਪਿਛਲੀਆਂ ਤਰੀਕਾਂ ਵਿੱਚ ਇਸ ਦੀ ਆਗਿਆ ਵੀ ਪਾ ਲਈ ਗਈ ਹੈ।

ਉਨ੍ਹਾਂ ਕਿਹਾ ਕਿ ਇਹ ਜਾਂਚ ਪਿਛਲੇ ਸਾਲਾਂ ਵਿੱਚ ਘੱਟ ਹੋਏ ਪਾਵਨ ਸਰੂਪਾਂ ਨਾਲ ਸੰਬੰਧਿਤ ਹੈ ਇਸ ਲਈ ਪਿਛਲੀਆਂ ਬੈਲੰਸ ਪੈਲੇਂਸ ਅਤੇ ਆਡਿਟ ਰਿਪੋਰਟ ਵਿੱਚ ਵੀ ਘਪਲੇ ਹਨ। ਪਾਵਨ ਸਰੂਪਾਂ ਦੀ ਮੌਜੂਦਗੀ ਤੇ ਘੱਟ ਗਿਣਤੀ ਦਾ ਬਿਊਰਾ ਬੈਲੰਸ ਸ਼ੀਟ ਵਿੱਚ ਨਹੀਂ ਮਿਲਦਾ। ਜਿਹਦੇ ਲਈ ਐਡੀਟਰ ਐੱਸ ਐੱਸ ਕੋਹਲੀ ਜ਼ੁੰਮੇਵਾਰ ਹਨ। ਇਸ ਨੂੰ ਹੁਣ ਤੱਕ ਬਲੈਕ ਲਿਸਟਿਡ ਨਹੀਂ ਕੀਤਾ ਗਿਆ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਸਾਰੀ ਜਾਂਚ ਸਿੱਖ ਪੰਥ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਲੀ ਕਾਰਵਾਈ ਹੈ। ਇਹ ਸਰੂਪ ਕਿੱਥੇ ਗਏ ਹਨ ਤੇ ਕਿੱਥੇ ਭੇਜੇ ਗਏ ਹਨ, ਇਹ ਬਹੁਤ ਗੰਭੀਰ ਮਸਲਾ ਹੈ। ਇਸ ਬਾਰੇ ਸਮੁੱਚੇ ਪੰਥ ਨੂੰ ਸੁਚੇਤ ਹੋ ਕੇ ਸ਼੍ਰੋਮਣੀ ਕਮੇਟੀ ਤੇ ਬਾਦਲ ਦਲ ਦੇ ਵਿਰੁੱਧ ਡਟ ਕੇ ਖਲੋਣਾ ਚਾਹੀਦਾ ਹੈ।

# ਲੰਗਰਾਂ ਵਿਚ ਸਿਹਤ ਲਈ ਹਾਨੀਕਾਰਕ ਪਦਾਰਥ ਵਰਤਣ ਤੋਂ ਗੁਰੇਜ਼ ਕਰੋ

**- ਮਨਪ੍ਰੀਤ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਗਈ ਲੰਗਰ ਦੀ ਪ੍ਰਥਾ ਮਨੁੱਖਤਾ ਦੀ ਸੇਵਾ ਦਾ ਸਿਧਾਂਤ ਦ੍ਰਿੜ ਕਰਵਾਉਂਦੀ ਹੈ। ਸਿੱਖਾਂ ਵਲੋਂ ਇਤਿਹਾਸਕ ਦਿਹਾੜਿਆਂ ਤੇ ਗੁਰਪੁਰਬਾਂ ਦੇ ਨਾਲ-ਨਾਲ ਮਨੁੱਖਤਾ ਉਪਰ ਆਫ਼ਤ ਪੈਣ ਵੇਲੇ ਲੰਗਰ ਲਗਾ ਕੇ ਲੋੜਵੰਦਾਂ ਦੀ ਮਦਦ ਕੀਤੀ ਜਾਂਦੀ ਹੈ। ਪਰ ਅੱਜ ਸਾਡੇ ਲੰਗਰਾਂ ਵਿਚ ਵਿਦੇਸ਼ੀ ਖਾਣਿਆਂ ਅਤੇ ਹਲਕੀ ਕੁਆਲਿਟੀ ਦੇ ਰਿਫਾਈਂਡਾਂ ਜਾਂ ਤੇਲਾਂ ਤੇ ਹੋਰ ਪਦਾਰਥਾਂ ਦਾ ਕਾਫ਼ੀ ਇਸਤੇਮਾਲ ਹੋ ਰਿਹਾ ਹੈ, ਜੋ ਸੰਗਤਾਂ ਦੀ ਸਿਹਤ ਲਈ ਘਾਤਕ ਸਿੱਧ ਹੋ ਰਹੇ ਹਨ। ਇਕ ਗੱਲ ਸਪੱਸ਼ਟ ਹੈ ਕਿ ਅਜਿਹੇ ਖਾਧ-ਪਦਾਰਥ ਸਾਡੇ ਲੰਗਰ ਦਾ ਹਿੱਸਾ ਨਹੀਂ ਸਨ, ਸਗੋਂ ਇਨ੍ਹਾਂ ਦੀ ਵਰਤੋਂ ਸਾਨੂੰ ਸਾਡੇ ਵਿਰਾਸਤੀ ਲੰਗਰ ਤੋਂ ਦੂਰ ਲਿਜਾ ਰਹੀ ਹੈ। ਇਤਿਹਾਸ ਵਾਚਿਆਂ ਪਤਾ ਲੱਗਦਾ ਹੈ ਕਿ ਪੁਰਾਤਨ ਸਮੇਂ ਤੋਂ ਸਾਡੇ ਲੰਗਰਾਂ ਵਿਚ ਵਰਤੇ ਜਾਣ ਵਾਲੇ ਪਦਾਰਥ ਸਰੀਰ ਦੀਆਂ ਮੁੱਖ ਲੋੜਾਂ ਪ੍ਰੋਟੀਨ, ਕਾਰਬੋਹਾਈਡ੍ਰੇਟ, ਫੈਟ, ਵਿਟਾਮਿਨ ਤੇ ਮਿਨਰਲ ਨੂੰ ਪੂਰਾ ਕਰਦੇ ਹਨ, ਜਿਸ ਨਾਲ ਸਰੀਰ ਤੰਦਰੁਸਤ ਤੇ ਰਿਸ਼ਟ-ਪੁਸ਼ਟ ਬਣਦਾ ਹੈ। ਜਿਵੇਂ ਕਿ ਬਾਜਰਾ, ਕਣਕ, ਵੇਸਣ ਤੇ ਮੱਕੀ ਸਾਡੇ ਸਰੀਰ ਦੀਆਂ ਕਾਰਬੋਹਾਈਡ੍ਰੇਟ ਤੇ ਫਾਈਬਰ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਦਾਲਾਂ, ਦੁੱਧ, ਦਹੀਂ, ਪਨੀਰ, ਸਾਡੀ ਪ੍ਰੋਟੀਨ ਦੀ ਲੋੜ ਪੂਰਦੇ ਹਨ। ਫੈਟ ਸਮੇਤ ਕਾਰਬੋਹਾਈਡ੍ਰੇਟ ਦੀ ਲੋੜ ਅਸੀਂ ਖੀਰ, ਕੜਾਹ ਪ੍ਰਸ਼ਾਦਿ ਤੇ ਘਿਓ ਆਦਿ ਤੋਂ ਪੂਰੀ ਕਰਦੇ ਹਾਂ। ਇਸੇ ਤਰਾਂ ਵਿਟਾਮਿਨ ਤੇ ਮਿਨਰਲ ਸਾਨੂੰ ਬਹਾਰੀ ਸਬਜ਼ੀਆਂ, ਤਾਜ਼ਾ ਫਲ ਤੇ ਫਲਾਂ ਦੇ ਰਸ ਤੋਂ ਪ੍ਰਾਪਤ ਹੁੰਦੇ ਹਨ। ਲੱਸੀ ਤੇ ਸ਼ਕੰਜਵੀ ਸਾਡੇ ਸਰੀਰ ਦੇ ਤਾਪਮਾਨ ਨੂੰ ਸੰਤੁਲਤ ਕਰਨ ਦੇ ਨਾਲ-ਨਾਲ ਭੋਜਨ ਨੂੰ ਪਚਾਉਣ ਲਈ ਬੇਹੱਦ ਸਹਾਈ ਹਨ। ਮਿੱਠਾ ਬਣਾਉਣ ਲਈ ਗੁੜ, ਸ਼ੱਕਰ, ਗੰਨੇ ਦਾ ਰਸ ਆਦਿ ਵਰਤਿਆ ਜਾਂਦਾ ਹੈ, ਜੋ ਸਰੀਰ ਅੰਦਰ ਪਾਚਣ ਕਿਰਿਆ ਨੂੰ ਅਜਿਹੀ ਤਾਕਤ ਦਿੰਦਾ ਹੈ ਕਿ ਸਾਰੀ ਜ਼ਿੰਦਗੀ ਪਾਚਣ ਕਿਰਿਆ ਦੇ ਰੋਗ ਖਾਸਕਰ ਤੇਜ਼ਾਬੀ ਮਾਦਾ ਨਹੀਂ ਲੱਗਦੇ। ਦੇਸੀ ਘਿਉ ਤੇ ਸ਼ੱਕਰ ਜਾਂ ਗੁੜ ਨਾਲ ਤਿਆਰ ਕੀਤੀਆਂ ਮਠਿਆਈਆਂ ਸਰੀਰ ਲਈ ਹਾਨੀਕਾਰਕ ਨਹੀਂ, ਬਸ਼ਰਤੇ ਆਪਣੀ ਪਾਚਣ ਸਮਰੱਥਾ ਜਾਂ ਸਰੀਰਕ ਲੋੜ ਅਨੁਸਾਰ ਖਾਧੀਆਂ ਜਾ ਸਕਦੀਆਂ ਹਨ। ਦੇਸੀ ਘਿਓ ਸਾਡਾ ਪੁਰਾਤਨ ਊਰਜਾ ਭੰਡਾਰ ਹੈ।

ਸਾਡੇ ਵੱਡੇ-ਵਡੇਰਿਆਂ ਦੀ ਸਰੀਰਕ ਮਿਹਨਤ ਬਹੁਤ ਜ਼ਿਆਦਾ ਸੀ, ਜਿਸ ਕਰਕੇ ਉਹ ਦੇਸੀ ਘਿਓ ਨੂੰ ਸਹਿਜੇ ਪਚਾਅ ਲੈਂਦੇ ਸਨ। ਇਸ ਤੋਂ ਇਲਾਵਾ ਲੰਗਰ ਪਕਾਉਣ ਅਤੇ ਛਕਣ/ ਛਕਾਉਣ ਲਈ ਸਰਬਲੋਹ, ਤਾਂਬਾ ਤੇ ਪਿੱਤਲ ਦੇ ਭਾਂਡੇ ਵਰਤੇ ਜਾਂਦੇ ਸਨ, ਜੋ ਸਿਹਤਵਰਧਕ ਮੰਨੇ ਜਾਂਦੇ ਹਨ। ਦਸਮ ਪਿਤਾ ਜੀ ਨੇ ਸਰਬਲੋਹ ਦੇ ਖੰਡੇ-ਬਾਟੇ ਨਾਲ ਅੰਮ੍ਰਿਤ ਤਿਆਰ ਕਰ ਕੇ ਖ਼ਾਲਸਾ ਸਜਾਇਆ ਅਤੇ ਗੁਰੂ ਘਰਾਂ ਵਿਚ ਸਰਬਲੋਹ ਦੇ ਭਾਂਡੇ ਵਿਚ ਹੀ ਦੇਗ ਜਾਂ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ। ਇਸ ਤਰਾਂ ਸਰਬਲੋਹ ਦੀ ਸਿੱਖ ਵਿਰਸੇ

**ਧਰਮ ਤੇ ਵਿਰਸਾ**



ਅੰਦਰ ਧਾਰਮਿਕ ਤੌਰ 'ਤੇ ਵੱਡੀ ਮਹੱਤਤਾ ਹੈ, ਜੋ ਸਿੱਖ ਕੌਮ ਦੀ ਵੱਖਰੀ ਪਛਾਣ ਦਾ ਪ੍ਰਤੀਕ ਹੈ। ਇਸ ਲਈ ਸਾਡੇ ਪੁਰਾਤਨ ਲੰਗਰ ਦੇ ਪਦਾਰਥਾਂ ਅਤੇ ਭਾਂਡਿਆਂ ਦੀ ਵਰਤੋਂ ਕਰਨ ਸਦਕਾ ਹੀ ਸਾਨੂੰ ਗੁਰੂ-ਘਰ ਅਤੇ ਆਪਣੇ ਸ਼ਾਨਾਮੱਤੇ ਇਤਿਹਾਸ ਨਾਲ ਜੁੜੇ ਹੋਣ ਦੀ ਭਾਵਨਾ ਦਾ ਅਹਿਸਾਸ ਹੋ ਸਕਦਾ ਹੈ।

ਅੱਜਕੱਲ ਲੰਗਰਾਂ ਵਿਚ ਸਮੋਸੇ, ਪਕੌੜੇ, ਪੂੜੀਆਂ ਤੇ ਹੋਰ ਤਲੀਆਂ ਚੀਜ਼ਾਂ ਅਤੇ ਮਠਿਆਈਆਂ ਦੀ ਵਰਤੋਂ ਧੜਾਧੜ ਹੋ ਰਹੀ ਹੈ ਜੋ ਸਰੀਰਕ ਰੋਗਾਂ ਦੀ ਜੜ ਹਨ। ਉਦਾਹਰਨ ਦੇ ਤੌਰ 'ਤੇ ਸਮੋਸਾ ਬਣਾਉਣ ਲਈ ਮੈਦੇ ਅੰਦਰ ਆਲੂ, ਲੂਣ, ਮਸਾਲਾ ਭਰਿਆ ਜਾਂਦਾ ਹੈ ਅਤੇ ਤਲਣ ਨਾਲ ਵਾਧੂ ਤੇਲ ਇਸ ਅੰਦਰ ਜਮਾਂ ਹੋ ਜਾਂਦਾ ਹੈ, ਜਿਸ ਨਾਲ ਸਮੋਸਾ ਸਰੀਰ ਲਈ ਸਿਹਤਵਰਧਕ ਕਾਰਬੋਹਾਈਡ੍ਰੇਟ ਨਹੀਂ ਰਹਿੰਦਾ। ਕਾਰਬੋਹਾਈਡ੍ਰੇਟ ਦੋ ਤਰਾਂ ਦਾ ਹੁੰਦਾ ਹੈ ਸਰਲ ਅਤੇ ਗੁੰਝਲਦਾਰ। ਆਲੂ ਵਿਚ ਸਰਲ ਕਾਰਬੋਹਾਈਡ੍ਰੇਟ ਹੁੰਦਾ ਹੈ ਜੋ ਹਾਨੀਕਾਰਕ ਤਾਂ ਨਹੀਂ ਪਰ ਵੱਧ ਮਾਤਰਾ ਵਿਚ ਨਹੀਂ ਖਾਣਾ ਚਾਹੀਦਾ। ਆਟੇ ਨੂੰ ਰਿਫਾਈਂਡ ਕਰ ਕੇ ਮੈਦਾ ਬਣਾਇਆ ਜਾਂਦਾ ਹੈ, ਜਿਸ ਨਾਲ ਇਸ ਅੰਦਰੋਂ ਫਾਈਬਰ ਲਗਪਗ ਖ਼ਤਮ ਹੋ ਜਾਂਦਾ ਹੈ, ਜੋ ਸਾਡੀ ਪਾਚਣ ਕਿਰਿਆ ਲਈ ਠੀਕ ਨਹੀਂ। ਇਸ ਤਰਾਂ ਮੈਦੇ ਵਿਚ ਲਪੇਟ ਕੇ ਤੇਲ ਵਿਚ ਤਲਣ ਕਾਰਨ ਆਲੂ ਵਿਚਲਾ ਕਾਰਬੋਹਾਈਡ੍ਰੇਟ ਵੀ ਹਾਨੀਕਾਰਕ ਹੋ ਗਿਆ।

ਲੰਗਰਾਂ ਵਿਚ ਬ੍ਰੈਡ ਜਾਂ ਬੰਦ ਬ੍ਰੈਡ ਦੀ ਵਰਤੋਂ ਟੋਸਟ, ਬਰਗਰ, ਪੀਜ਼ੇ ਆਦਿ ਬਣਾਉਣ ਲਈ ਹੋ ਰਹੀ ਹੈ। ਮਈ 2016 ਵਿਚ ਇਕ ਲੈਬ ਵਲੋਂ ਕੀਤੇ ਟੈਸਟ ਵਿਚ ਬ੍ਰੈਡਾਂ ਅੰਦਰ ਖ਼ਤਰਨਾਕ ਤੱਤ 'ਪੋਟਾਸ਼ੀਅਮ ਬਰੋਮੇਟ' ਤੇ 'ਪੋਟਾਸ਼ੀਅਮ ਆਇਓਡੇਟ' ਹੋਣ ਦੀ ਪੁਸ਼ਟੀ ਕੀਤੀ ਗਈ ਸੀ, ਜਿਸ ਨਾਲ ਕੈਂਸਰ ਹੁੰਦਾ ਹੈ। ਡਾਇਬਿਟੀਜ਼ ਜਾਂ ਸ਼ੂਗਰ ਦੀ ਬਿਮਾਰੀ ਵਧਾਉਣ ਲਈ ਮੁੱਖ ਕਾਰਨ ਵਾਈਟ ਬ੍ਰੈਡ, ਚਿੱਟੇ ਚੌਲ, ਮੈਦਾ, ਵਾਈਟ ਪਾਸਤਾ ਆਦਿ ਪਦਾਰਥ ਹਨ, ਕਿਉਂਕਿ ਇਨ੍ਹਾਂ ਚੀਜ਼ਾਂ ਵਿਚੋਂ ਫਾਈਬਰ ਕੱਢ ਦਿੱਤਾ ਜਾਂਦਾ ਹੈ ਜਿਸ ਕਾਰਨ ਇਹ ਇੰਸੁਲਿਨ ਨੂੰ ਸਪਾਈਕ ਕਰ ਕੇ ਸ਼ੂਗਰ ਦਾ ਰੋਗ ਪੈਦਾ ਕਰ ਦਿੰਦੇ ਹਨ।

ਕੋਲਡ ਡਰਿੰਕਸ, ਚਾਹ, ਕੌਫੀ ਤੇ ਮਾੜੀ ਕੁਆਲਿਟੀ ਦੇ ਸ਼ਰਬਤ ਵੀ ਸਾਡੇ ਲੰਗਰਾਂ ਦਾ ਹਿੱਸਾ ਜਿਹਾ ਬਣਾ ਦਿੱਤੇ ਗਏ ਹਨ। ਇਕ ਸਾਫਟ ਡ੍ਰਿੰਕ ਦੇ ਕੈਨ ਵਿਚ 4-5 ਚਮਚ ਖੰਡ ਹੁੰਦੀ ਹੈ। ਜੋ ਸਰੀਰ ਅੰਦਰ ਸ਼ੂਗਰ ਦੀ ਬਿਮਾਰੀ ਕਰਨ ਦੇ ਨਾਲ-ਨਾਲ ਚਰਬੀ ਵਧਾਉਂਦੀ ਹੈ। ਇਹ ਪੇਟ ਦੀਆਂ ਬਿਮਾਰੀਆਂ ਤੋਂ ਇਲਾਵਾ ਦਿਲ ਵਾਸਤੇ ਹਾਨੀਕਾਰਕ ਹੈ। ਅੱਜ ਲੋੜ ਹੈ ਸਾਨੂੰ ਆਪਣੇ ਵਿਰਸੇ ਸਬੰਧੀ ਜਾਗਰੂਕ ਹੋਣ ਦੀ। ਲੰਗਰ ਸਿੱਖ ਵਿਰਸੇ ਦੀ ਖ਼ੁਸ਼ਬੋਈ ਅਤੇ ਵਿਲੱਖਣਤਾ ਦੀ ਮਿਸਾਲ ਹਨ। ਸਾਡਾ ਖਾਣ-ਪੀਣ ਸਾਡੀ 'ਵੱਖਰੀ ਸਿੱਖ ਪਛਾਣ' ਦਾ ਹਿੱਸਾ ਹੈ, ਇਸ ਲਈ ਸਾਨੂੰ ਆਪਣੇ ਪੁਰਾਤਨ ਲੰਗਰਾਂ ਦੀ ਮੌਲਿਕਤਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਸੰਗਤ ਗੁਰੂ ਰੂਪ ਹੈ, ਸੰਗਤਾਂ ਦੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਸਾਨੂੰ ਆਪਣੇ ਲੰਗਰਾਂ ਵਿਚੋਂ ਅਜਿਹੇ ਹਾਨੀਕਾਰਕ ਪਦਾਰਥਾਂ ਨੂੰ ਬਾਹਰ ਕੱਢਣ ਲਈ ਵਚਨਬੱਧ ਹੋਣਾ ਚਾਹੀਦਾ ਹੈ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਸਿੱਖ ਪੱਤਰਕਾਰ ਨੇ ਮੁਸਲਮਾਨ ਪੱਤਰਕਾਰ ਨੂੰ ਮਨੂਵਾਦੀ ਭੀੜ ਤੋਂ ਬਚਾਇਆ

## ਪੱਤਰਕਾਰ ਬੀਬੀ ਨੂੰ ਭਗਵੇਂ ਵੱਲੋਂ ਧੋਤੀ ਲਾਹ ਕੇ ਲਿੰਗ ਦਿਖਾਉਣਾ ... ਕੀ ਇਹ ਹੈ ਰਾਮ ਰਾਜ ?

**- ਦਿ ਵਾਇਰ**

ਅੱਜ ਬਦਲ ਰਹੇ ਦੇਸ਼ ਵਿਚ ਜਦ ਤਕਰੀਬਨ ਨੱਬੇ ਫ਼ੀਸਦੀ ਮੀਡੀਆ ਸਰਕਾਰ ਦੀ ਗੋਦੀ ਵਿਚ ਝੂਲ ਰਿਹਾ ਹੈ ਤਾਂ ਉਸ ਵਕਤ ਬਚੇ ਹੋਏ ਜਾਗਦੇ ਮੀਡੀਆ ਸਿਰ ਮਾਣ ਨਾਲ ਲੋਕ ਹਿੱਤਾਂ ਲਈ ਰਣ ਤੱਤੇ ਵਿਚ ਜੂਝ ਰਹੇ ਨੇ।

ਪਰ ਏਸ ਬਦਲ ਰਹੇ ਮੁਲਕ ਵਿਚ ਆਪਣੇ ਸੁਰੱਖਿਅਤ ਘਰਾਂ ਤੋਂ ਨਿਕਲ ਕੇ ਲੋਕਾਂ ਵਿਚ, ਲੋਕਾਂ ਲਈ ਵਿਚਰਨ ਵਾਲਿਆਂ ਨਾਲ ਅੱਜ ਕੀ ਹੋ ਰਿਹਾ ਹੈ, ਦਿ ਵਾਇਰ ਦੇ ਸਹਿਯੋਗ ਨਾਲ ਸਾਂਝਾ ਕਰਦੇ ਹਾਂ .. ਜਾਗਦੇ ਜ਼ਿਹਨ ਨਾਲ ਸੁਣਨਾ.. ਪੜਨਾ.. ਬੀਤੀ 11 ਅਗਸਤ ਦੀ ਸ਼ਾਮ ਨੂੰ ਉੱਤਰ ਪੂਰਬੀ ਦਿੱਲੀ ਦੇ ਸੁਭਾਸ਼ ਮੁਹੱਲੇ ਵਿਚ ਕਾਰਵਾਂ ਪੱਤ੍ਰਿਕਾ ਦੇ ਤਿੰਨ ਪੱਤਰਕਾਰਾਂ ਉੱਤੇ ਭੀੜ ਨੇ ਹਮਲਾ ਕਰ ਦਿੱਤਾ, ਇਹਨਾਂ ਵਿਚ ਇਕ ਪੱਤਰਕਾਰ ਬੀਬੀ ਵੀ ਸੀ, ਭੀੜ ਵਿਚੋਂ ਕੁਝ ਨੇ ਉਸ ਦਾ ਜਿਸਮਾਨੀ ਸ਼ੋਸ਼ਣ ਕੀਤਾ। ਇਹ ਪੱਤਰਕਾਰ ਹਾਲ ਹੀ ਵਿਚ ਪ੍ਰਭਜੋਤ ਸਿੰਘ ਤੇ ਸ਼ਾਹਿਦ ਤਾਂਤ੍ਰੇ ਵੱਲੋਂ ਕੀਤੀ ਇਕ ਰਿਪੋਰਟ ਦਾ ਫਾਲੋਅਪ ਕਰ ਰਹੇ ਸਨ, ਜਿੱਥੇ ਦਿੱਲੀ ਦੰਗਿਆਂ ਦੀ ਪੀੜਤ ਇੱਕ ਬੀਬੀ ਨੇ ਦੋਸ਼ ਲਾਇਆ ਸੀ ਕਿ ਬੀਤੀ ਅੱਠ ਅਗਸਤ ਦੀ ਰਾਤ ਨੂੰ ਭਜਨਪੁਰਾ ਪੁਲਸ ਸਟੇਸ਼ਨ ਦੇ ਪੁਲਸ ਮੁਲਾਜ਼ਮਾਂ ਨੇ ਉਸ ਨੂੰ ਤੇ ਉਸ ਦੀ ਸਤਾਰਾਂ ਵਰਿਆਂ ਦੀ ਧੀ ਨੂੰ ਕਥਿਤ ਕੁੱਟਿਆ, ਤੇ ਉਨਾਂ ਦਾ ਸਰੀਰਕ ਸ਼ੋਸ਼ਣ ਵੀ ਕੀਤਾ। ਦੋ ਦਿਨ ਪਹਿਲਾਂ ਦਰਜ ਕਰਵਾਈ ਗਈ ਸ਼ਿਕਾਇਤ ਦੀ ਐਫ ਆਈ ਆਰ ਦਰਜ ਕਰਨ ਦੀ ਮੰਗ ਕਰਨ ਲਈ ਉਸ ਰਾਤ ਪੁਲਸ ਸਟੇਸ਼ਨ ਦਾ ਦੌਰਾ ਕੀਤਾ ਸੀ ਰਿਪੋਰਟ ਮੁਤਾਬਿਕ ਬੀਤੀ 5, 6 ਅਗਸਤ ਦੀ ਦਰਮਿਆਨੀ ਰਾਤ ਕੁਝ ਲੋਕਾਂ ਨੇ ਫ਼ਿਰਕੂ ਨਾਅਰੇ ਲਾਏ ਅਤੇ ਅਯੁੱਧਿਆ ਵਿਚ ਰਾਮ ਮੰਦਰ ਭੂਮੀ ਪੂਜਨ ਸਮਾਰੋਹ ਦੇ ਉਤਸਵ ਦੇ ਰੂਪ ਵਿਚ ਗੁਆਂਢ ਦੇ ਮੁਸਲਿਮ ਇਲਾਕੇ ਦੇ ਗੇਟ ਤੇ ਭਗਵਾਂ ਝੰਡਾ ਲਾ ਦਿੱਤਾ ਸੀ। ਪੁਲਸ ਨੇ ਔਰਤਾਂ ਦੀ ਸ਼ਿਕਾਇਤ ਦੀ ਇਕ ਹੱਥ-ਲਿਖਤ ਕਾਪੀ ਦੇ ਦਿੱਤੀ ਸੀ, ਪਰ ਜਦ ਔਰਤਾਂ ਨੇ ਐਫ ਆਈ ਆਰ ਦੀ ਕਾਪੀ ਮੰਗੀ ਤਾਂ ਪੁਲਸ ਨੇ ਕਥਿਤ ਤੌਰ ਤੇ ਹੱਥ ਲਿਖਤ ਕਰਤਾ ਬੀਬੀ, ਉਸ ਦੀ ਧੀ ਤੇ ਨਾਲ ਗਈ ਇਕ ਹੋਰ ਬੀਬੀ ਦੀ ਕੁੱਟਮਾਰ ਕੀਤੀ ਤੇ ਸਰੀਰਕ ਸ਼ੋਸ਼ਣ ਕੀਤਾ। ਕਾਰਵਾਂ ਮੈਗਜ਼ੀਨ ਦੇ ਅਸਿਸਟੈਂਟ ਫ਼ੋਟੋਗਰਾਫ਼ਰ ਸ਼ਾਹਿਦ ਤਾਂਤ੍ਰੇ, ਕਾਂਟ੍ਰੀਬਿਊਟਰ ਪੱਤਰਕਾਰ ਪ੍ਰਭਜੀਤ ਸਿੰਘ ਅਤੇ ਬੀਬੀ ਪੱਤਰਕਾਰ ਜਦ ਇਸ ਬਾਬਤ ਰਿਪੋਰਟਿੰਗ ਕਰਨ ਗਏ, ਤੇ ਜਦ ਉਹ ਮੁਸਲਿਮ ਇਲਾਕੇ ਦੇ ਗੇਟ ਤੇ ਲਾਏ ਭਗਵੇਂ ਝੰਡੇ ਦੀ ਤਸਵੀਰ ਲੈ ਰਹੇ ਸਨ ਤਾਂ ਭੀੜ ਨੇ ਘੇਰ ਲਿਆ ਤੇ ਡੇਢ ਘੰਟੇ ਤੱਕ ਘੇਰੀ ਰੱਖਿਆ। ਭੀੜ ਵਿਚ ਇਕ ਭਗਵਾਂ ਕੁੜਤਾ ਪਹਿਨੀ ਸ਼ਖ਼ਸ ਨੇ ਖ਼ੁਦ ਨੂੰ ਭਾਜਪਾ ਜਨਰਲ ਸਕੱਤਰ ਦੱਸਿਆ ਅਤੇ ਤਾਂਤ੍ਰੇ ਤੋਂ ਪਹਿਚਾਣ ਪੱਤਰ ਮੰਗਿਆ, ਜਿਉਂ ਹੀ ਭੀੜ ਨੂੰ ਪਤਾ ਲੱਗਿਆ ਕਿ ਤਾਂਤ੍ਰੇ ਮੁਸਲਿਮ ਹੈ, ਤਾਂ ਭੀੜ ਨੇ ਇਹਨਾਂ ਪੱਤਰਕਾਰਾਂ ਨਾਲ ਹੱਥੋ-ਪਾਈ ਕਰਨੀ ਹੱਥੋਪਾਈ ਕਰ ਦਿੱਤੀ, ਡਰਾਇਆ, ਧਮਕਾਇਆ ਗਿਆ, ਭੀੜ ਤੋਂ ਬਚਣ ਦੀ ਕੋਸ਼ਿਸ਼ ਕਰਦਿਆਂ ਪੱਤਰਕਾਰ ਬੀਬੀ ਨੇ ਉੱਥੋਂ ਦੂਰ ਜਾਣ ਦੀ ਕੋਸ਼ਿਸ਼ ਕੀਤੀ, ਤਾਂ ਕੁਝ ਲੋਕਾਂ ਨੇ ਉਸ ਨਾਲ ਛੇੜਛਾੜ ਕਰਨੀ ਸ਼ੁਰੂ ਕਰ ਦਿੱਤੀ। ਪ੍ਰਭਜੀਤ ਸਿੰਘ ਨੇ ਦਿ ਵਾਇਰ ਦੀ ਟੀਮ ਨਾਲ ਸਾਰੀ ਵਾਰਤਾ ਸਾਂਝੀ ਕਰਦਿਆਂ ਦੱਸਿਆ ਕਿ ਅਸੀਂ ਭੀੜ ਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਕਿ ਅਸੀਂ ਸਿਰਫ਼ ਗੱਲ ਕਰਨੀ ਹੈ, ਰਿਪੋਰਟ ਕਰਨੀ ਹੈ, ਤੁਸੀਂ ਆਪਣਾ ਪੱਖ ਰੱਖੋ, ਪਰ ਜੋ ਖ਼ੁਦ ਨੂੰ ਭਾਜਪਾ ਜਨਰਲ ਸਕੱਤਰ ਦੱਸ ਰਿਹਾ ਸੀ, ਉਸ ਸ਼ਖ਼ਸ ਨੇ ਕਿਹਾ- ਤੇਰੇ ਵਰਗੇ ਬਥੇਰੇ ਪੱਤਰਕਾਰ ਦੇਖੇ ਨੇ, ਹੁਣ ਦੇਖ ਤੇਰੇ ਨਾਲ ਅਸੀਂ ਕੀ ਕਰਦੇ ਹਾਂ, ਤੈਨੂੰ ਅੰਦਰ ਕਰਵਾ ਦਿਆਂਗੇ। ਤੇਰੇ ਵਰਗੇ ਫਟੀਚਰ ਪੱਤਰਕਾਰ ਬੜੇ ਦੇਖੇ ਆ, ਸਾਡਾ ਕੁਝ ਨਹੀਂ ਵਿਗਾੜ ਸਕਦੇ। ਤੇ ਹੌਲੀ ਹੌਲੀ ਹੋਰ ਭੀੜ ਜਮਾ ਹੁੰਦੀ ਗਈ, ਬਾਹਰੋਂ ਲੋਕਾਂ ਨੂੰ ਸੱਦਿਆ ਗਿਆ, ਦੇਖਦਿਆਂ ਦੇਖਦਿਆਂ ਦੋ ਸੌ ਦੇ ਕਰੀਬ ਲੋਕ ਇਕੱਠੇ ਹੋ ਗਏ। ਕੁਝ ਔਰਤਾਂ ਸਨ, ਜੋ ਆਪਣੇ ਪਤੀਆਂ ਨੂੰ ਭੀੜ ਤੋਂ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ ਤੇ ਅਜਿਹਾ ਹੱਲਾ ਗੁੱਲਾ ਕਰਨ ਤੋਂ ਮਨਾ ਕਰ ਰਹੀਆਂ ਸਨ। ਪਰ ਫੇਰ ਉਹ ਵੀ ਪੱਤਰਕਾਰਾਂ ਤੇ ਹਮਲਾਵਰ ਹੋ ਗਈਆਂ।

ਭੀੜ ਨੇ ਤਾਂਤ੍ਰੇ ਨੂੰ ਮੁਸਲਿਮ ਹੋਣ ਤੇ ਗੰਦੀਆਂ ਗਾਲਾਂ ਕੱਢਦਿਆਂ ਕਿਹਾ ਕਿ- ਤੂੰ ਤਾਂ ਫਲਾਣਾ ਮੁੱਲਾਂ ਏ ਮੁੱਲਾਂ ਫਲਾਣਾ ਕਟੂਆ, ਜਾਨ ਤੋਂ ਮਾਰ ਦਿਓ ਇਹਨੂੰ..

ਪੱਤਰਕਾਰਾਂ ਦੀ ਕੁੱਟਮਾਰ ਤਾਂ ਕੀਤੀ ਹੀ, ਉਨਾਂ ਦੇ ਕੈਮਰੇ ਵਿਚੋਂ ਸਾਰੀ ਵੀਡੀਓ, ਸਾਰੀਆਂ ਤਸਵੀਰਾਂ ਡਿਲੀਟ ਕਰਵਾਈਆਂ ਗਈਆਂ।

ਪੱਤਰਕਾਰ ਬੀਬੀ ਨੇ ਭੀੜ ਤੋਂ ਬਚਦਿਆਂ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਕੁਝ ਲੋਕਾਂ ਨੇ ਗਲੀ ਦੇ ਗੇਟ ਨੂੰ ਲੌਕ ਕਰ ਦਿੱਤਾ। ਪੱਤਰਕਾਰ ਬੀਬੀ ਨੇ ਉਨਾਂ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਉਸ ਨੂੰ ਜਾ ਲੈਣ ਦਿਓ, ਪਰ ਇਕ ਸ਼ਖ਼ਸ ਉਸ ਨੂੰ ਧੂਹ ਕੇ ਲੈ ਆਇਆ। ਉਹ ਛੁੱਟ ਕੇ ਦੂਜੀ ਗਲੀ ਵਿਚ ਜਾ ਕੇ ਬਹਿ ਗਈ, ਆਪਣੇ ਆਪ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਨ ਲੱਗੀ, ਤਾਂ ਓਥੇ 20-25 ਸਾਲ ਦੀ ਉਮਰ ਦੇ ਕਈ ਮੁੰਡੇ ਆ ਗਏ, ਉਸ ਨੂੰ ਘੇਰ ਲਿਆ , ਵੀਡੀਓ ਬਣਾਉਣ ਲੱਗੇ, ਤਸਵੀਰਾਂ ਲੈਣ ਲੱਗੇ, ਤੇ ਕੁਝ ਗੰਦੇ ਲਹਿਜ਼ੇ ਵਿਚ ਕਹਿਣ ਲੱਗੇ ਕਿ ਇਹਨੂੰ ਦਿਖਾਓ ਦਿਖਾਓ..

ਪੱਤਰਕਾਰ ਬੀਬੀ ਨੇ ਪੁਲਸ ਕੋਲ ਦਿੱਤੀ ਸ਼ਿਕਾਇਤ ਚ ਦੱਸਿਆ ਹੈ ਕਿ ਮੈਂ ਜਦ ਉਨਾਂ ਮੁੰਡਿਆਂ ਦੇ ਘੇਰੇ ਚੋਂ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਉਨਾਂ ਵਿਚ ਸ਼ਾਮਲ ਇਕ ਅਧਖੜ ਸ਼ਖ਼ਸ ਜਿਸ ਨੇ ਟੀ ਸ਼ਰਟ ਪਾਈ ਸੀ ਤੇ ਧੋਤੀ ਲਾਈ ਹੋਈ ਸੀ, ਸਿਰੋਂ ਗੰਜਾ ਸੀ, ਉਹ ਮੇਰੇ ਸਾਹਮਣੇ ਆ ਕੇ ਖੜਾ ਹੋ ਗਿਆ ਤੇ ਆਪਣੀ ਧੋਤੀ ਖੋਲ ਕੇ ਮੈਨੂੰ ਆਪਣਾ ਗੁਪਤ ਅੰਗ ਦਿਖਾ ਕੇ ਅਭੱਦਰ ਭਾਸ਼ਾ ਬੋਲਣ ਲੱਗਿਆ, ਉਹ ਸ਼ਖ਼ਸ ਤੇ ਬਾਕੀ ਮੁੰਡੇ ਹੱਸਣ ਲੱਗੇ, ਅਸ਼ਲੀਲ ਟਿੱਪਣੀਆਂ ਕਰਨ ਲੱਗੇ।

ਪੱਤਰਕਾਰ ਬੀਬੀ ਜਿਵੇਂ ਕਿਵੇਂ ਓਥੋਂ ਭੱਜ ਨਿਕਲੀ ਤਾਂ ਉਸ ਨੂੰ ਸਾਥੀ ਪੱਤਰਕਾਰ ਸ਼ਾਹਿਦ ਤਾਂਤ੍ਰੇ ਦਾ ਫ਼ੋਨ ਆਇਆ ਕਿ ਭਜਨਪੁਰਾ ਪੁਲਸ ਸਟੇਸ਼ਨ ਤੇ ਆਓ, ਕਿਉਂਕਿ ਉਦੋਂ ਤੱਕ ਪੁਲਸ ਭੀੜ ਚੋਂ ਪ੍ਰਭਜੀਤ ਸਿੰਘ ਤੇ ਤਾਂਤ੍ਰੇ ਨੂੰ ਲੈ ਗਈ ਸੀ। ਜਦ ਪੱਤਰਕਾਰ ਬੀਬੀ ਪੁਲਸ ਸਟੇਸ਼ਨ ਦਾ ਰਾਹ ਪੁੱਛਣ ਲੱਗੀ ਤਾਂ ਭੀੜ ਦਾ ਹਿੱਸਾ ਰਹੇ ਕੁਝ ਲੋਕ ਫੇਰ ਆ ਧਮਕੇ ਤੇ ਪੱਤਰਕਾਰ ਬੀਬੀ ਦੀ ਕੁੱਟਮਾਰ ਕੀਤੀ ਗਈ। ਸਾਰੇ ਮਾਮਲੇ ਦੀ ਪੁਲਸ ਨੇ ਸ਼ਿਕਾਇਤ ਲੈ ਲਈ ਹੈ ਪਰ ਹਾਲੇ ਤੱਕ ਐਫ ਆਈ ਆਰ ਦਰਜ ਨਹੀਂ ਕੀਤੀ।

ਪ੍ਰਭਜੀਤ ਸਿੰਘ ਨੇ ਦੱਸਿਆ ਕਿ ਕਰੀਬ ਨੱਬੇ ਮਿੰਟ ਤੱਕ ਅਸੀਂ ਉਸ ਦਹਿਸ਼ਤ ਦੇ ਸਾਏ ਹੇਠ ਰਹੇ, ਤੇ ਫੇਰ ਪੁਲਸ ਆਈ, ਪਰ ਭੀੜ, ਪੁਲਸ ਦੇ ਆਉਣ ਤੇ ਵੀ ਹਮਲਾਵਰ ਰਹੀ, ਕੁਝ ਚਿਰ ਤਾਂ ਪੁਲਸ ਟੀਮ ਦੂਰ ਖੜੀ ਰਹੀ ਫੇਰ ਐਡੀਸ਼ਨਲ ਸਬ ਇੰਸਪੈਕਟਰ ਤੇ ਹੈੱਡ ਕਾਂਸਟੇਬਲ ਦੀ ਅਗਵਾਈ ਵਿਚ ਪੁਲਸ ਟੀਮ ਅੱਗੇ ਆਈ ਤੇ ਪੱਤਰਕਾਰਾਂ ਨੂੰ ਭੀੜ ਚੋਂ ਕੱਢ ਕੇ ਲੈ ਗਈ, ਅਸੀਂ ਪੁਲਸ ਨੂੰ ਕਈ ਵਾਰ ਕਿਹਾ ਕਿ ਐਫ ਆਈ ਆਰ ਦਰਜ ਕਰੋ ਤੇ ਸਾਨੂੰ ਕਾਪੀ ਦੇ ਦਿਓ, ਪਰ ਪੁਲਸ ਨੇ ਅਜਿਹਾ ਨਹੀਂ ਕੀਤਾ। ਤੇ ਪੁਲਸ ਨੇ ਪੱਤਰਕਾਰਾਂ ਨੂੰ ਇਹ ਵੀ ਕਿਹਾ ਕਿ ਸਾਨੂੰ ਦੱਸ ਕੇ ਕਿਉਂ ਨਹੀਂ ਗਏ ?





ਪ੍ਰਭਜੀਤ ਨੇ ਇਹ ਵੀ ਕਿਹਾ ਹੈ ਕਿ ਜੇ ਮੈਂ ਓਥੇ ਨਾ ਹੁੰਦਾ ਤਾਂ ਭੀੜ ਮੁਸਲਿਮ ਹੋਣ ਕਰਕੇ ਸ਼ਾਹਿਦ ਤਾਂਤ੍ਰੇ ਦਾ ਕਤਲ ਵੀ ਕਰ ਦਿੰਦੀ ।

ਪੱਤਰਕਾਰ ਬੀਬੀ, ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਿਤ ਸਿੱਖ ਪ੍ਰਭਜੀਤ ਸਿੰਘ, ਤੇ ਮੁਸਲਿਮ ਸ਼ਾਹਿਦ ਤਾਂਤ੍ਰੇ ਨਾਲ ਭੂਤਰੀ ਕੱਟੜ ਹਿੰਦੂਤਵੀ ਭੀੜ ਨੇ ਜੋ ਕੀਤਾ, ਜਾਗਦੇ ਸਿਰ ਅਲੋਚਨਾ ਕਰ ਰਹੇ ਨੇ, ਪਰ ਸਿਆਸਤ ਤੇ ਵਿਵਸਥਾ ਬਦਲਣ ਦਾ ਦਾਅਵਾ ਕਰਕੇ ਸੱਤਾ ਚ ਆਏ, ਦਿੱਲੀ ਸੂਬੇ ਦੇ ਹਾਕਮ ਅਰਵਿੰਦ ਕੇਜਰੀਵਾਲ ਸਾਹਿਬ ਨੂੰ ਸ਼ਾਇਦ ਮਾਮਲੇ ਦਾ ਪਤਾ ਨਹੀਂ ਲੱਗਿਆ।

ਕੇਂਦਰੀ ਸੱਤਾ ਤੇ ਬੈਠੇ ਹਾਕਮ ਦੀ ਘੇਸਲ ਤਾਂ ਜੱਗ ਜਾਣਦਾ ਹੈ ਆਮ ਲੋਕ, ਜਾਗਦੇ ਹੋਣ ਦਾ ਦਾਅਵਾ ਕਰਦੇ ਖ਼ਾਸ ਲੋਕ ਵੀ ਖ਼ਾਮੋਸ਼ ਹੀ ਨੇ।ਸਾਰੇ ਮਾਜਰੇ ਉੱਤੇ ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਨੇ ਕਿਹਾ ਹੈ ਕਿ ਜਨਤਾ ਹੁੰਦੀ ਤਾਂ ਪੁੱਛਦੀ ਕਿ ਐਸਾ ਕਿਉਂ ਹੋ ਰਿਹਾ ਹੈ, ਪਰ ਜਨਤਾ ਹੀ ਜਨਤਾ ਨਹੀਂ ਹੈ।ਪੱਤਰਕਾਰ ਬੀਬੀ ਨੂੰ ਅਸ਼ਲੀਲ ਗਾਲਾਂ ਕੱਢੀਆਂ ਗਈਆਂ, ਇਕ ਅਧਖੜ ਆਪਣੀ ਧੋਤੀ ਲਾਹ ਕੇ ਉਸ ਨੂੰ ਭੀੜ ਵਿਚ ਆਪਣਾ ਲਿੰਗ ਦਿਖਾਉਂਦਾ ਹੈ, ਸਭਿਅਕ ਸਮਾਜ ਦੀ ਜਨਤਾ ਇਹ ਸਭ ਜਾਣ ਕੇ ਵੀ ਅਣਜਾਣ ਹੈ, ਜਾਗਦੇ ਸਿਰ ਵਾਲੇ ਸਾਰਾ ਮਾਜਰਾ ਸੁਣਨ, ਪੜਨ ਤਾਂ ਜੋ ਪਤਾ ਲੱਗ ਸਕੇ ਕਿ ਹੁਣ ਦੇ ਭਾਰਤ ਚ ਜਨਤਾ ਕੀ ਕੁਝ ਬਰਦਾਸ਼ਤ ਕਰਨ ਜੋਗੀ ਕਰ ਲਈ ਗਈ ਹੈ, ਇਸ ਘਾਤਕ ਖ਼ਾਮੋਸ਼ੀ ਦੀ ਨੀਂਹ ਤੇ ਅਗਲੀ ਪੀੜੀ ਦੀ ਕਿਹੋ ਜਿਹੀ ਇਮਾਰਤ ਉੱਸਰੇਗੀ, ਇਹ ਚਿੱਟੇ ਦਿਨ ਵਾਂਗ ਸਾਫ਼ ਦਿਸਦਾ ਹੈ। ਸਾਫ਼ ਹੈ ਕਿ ਨਵੇਂ ਭਾਰਤ ਦਾ ਉਦੇ ਹੋ ਰਿਹਾ ਹੈ।

ਭਾਰਤ ਬਦਲ ਰਿਹਾ ਹੈ, ਕੀ ਬਦਲ ਰਹੇ ਭਾਰਤ ਹੁਣ ਇਉਂ ਹੀ ਹੁੰਦਾ ਰਹੇਗਾ.

ਅਸੀਂ ਤੁਸੀਂ ਸਿਰਫ਼ ਦੇਖਣ ਸੁਣਨ ਵਾਲਿਆਂ ਚ ਹੀ ਖੜੇ ਰਹਾਂਗੇ..?

ਕੀ ਇਹ ਸੀ ਅਜ਼ਾਦੀ ਲਈ ਕੁਰਬਾਨ ਹੋਇਆਂ ਦਾ ਸੁਪਨਾ..??

ਸਵਾਲ ਸਾਡੇ ਸਾਰਿਆਂ ਲਈ ਨੇ..

## ਅਰੁੰਧਤੀ ਰਾਏ, ਪ੍ਰਸਿੱਧ ਵਕੀਲ ਪ੍ਰਸ਼ਾਂਤ ਭੂਸ਼ਨ ਦੇ ਵਿਚਾਰ

ਹਮਲੇ ਤੋਂ ਦੋ ਦਿਨ ਬਾਅਦ 13 ਅਗਸਤ ਦੌਰਾਨ ਪ੍ਰੈੱਸ ਕਲੱਬ ਆਫ਼ ਇੰਡੀਆ ਨੇ ਇੱਕ ਮੀਟਿੰਗ ਕੀਤੀ ਜਿਸ ਵਿੱਚ ਪ੍ਰਸਿੱਧ ਲੇਖਕ ਅਰੁੰਧਤੀ ਰਾਏ, ਪ੍ਰਸਿੱਧ ਵਕੀਲ ਪ੍ਰਸ਼ਾਂਤ ਭੂਸ਼ਨ, ਪ੍ਰੈੱਸ ਕਲੱਬ ਆਫ਼ ਇੰਡੀਆ ਦੇ ਪ੍ਰਧਾਨ ਆਨੰਦ ਸਹਾਇ ਅਤੇ ਕਾਰਵਾ ਦੇ ਸੰਪਾਦਕ ਹਰਤੋਸ਼ ਸਿੰਘ ਬੱਲ ਨੇ ਕਿਹਾ ਕਿ 11 ਅਗਸਤ 2020 ਨੂੰ ਉੱਤਰ-ਪੂਰਬੀ ਦਿੱਲੀ ਦੇ ਸੁਭਾਸ਼ ਮੁਹੱਲਾ ਵਿੱਚ ਸ਼ਾਹਿਦ ਤਾਂਤਰੇ, ਪ੍ਰਭਜੀਤ ਸਿੰਘ ਅਤੇ ਕਾਰਵਾ ਦੀ ਪੱਤਰਕਾਰ ਬੀਬੀ ਉੱਤੇ ਭਗਵੀਂ ਭੀੜ ਵੱਲੋਂ ਹਮਲਾ ਕਰਨ ਦੀ ਅਸੀਂ ਸਖ਼ਤ ਨਿਖੇਧੀ ਕਰਦੇ ਹਾਂ। ਭਗਵੀਂ ਭੀੜ ਨੇ ਆਪਣੀ ਮੁਸਲਿਮ ਪਛਾਣ ਦੇ ਕਾਰਨ ਤਾਂਤਰੇ ਦੀ ਕੁੱਟਮਾਰ ਕੀਤੀ ਤੇ ਪੱਤਰਕਾਰ ਬੀਬੀ ਦਾ ਯੌਨ ਸ਼ੋਸ਼ਣ ਕੀਤਾ। ਉਨਾਂ ਨੇ ਪੁਲੀਸ ਪ੍ਰਸ਼ਾਸਨ ਦੀ ਸਖ਼ਤ ਨਿਖੇਧੀ ਕੀਤੀ, ਜਿਸ ਨੇ ਇਸ ਸੰਬੰਧ ਵਿਚ ਕੋਈ ਕੇਸ ਦਰਜ ਨਹੀਂ ਕੀਤਾ। ਉਨਾਂ ਕਿਹਾ ਕਿ ਇਸ ਸਮੇਂ ਦਿੱਲੀ ਵਿੱਚ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰਾਂ ਨਿੱਘਰੀ ਪਈ ਹੈ। ਭਾਜਪਾ ਵਾਲੇ ਗੁੰਡਾਗਰਦੀ 'ਤੇ ਉੱਤਰੇ ਹੋਏ ਹਨ ਅਤੇ ਪੁਲਿਸ ਤਮਾਸ਼ਬੀਨ ਬਣੀ ਹੋਈ ਹੈ। ਇੱਥੇ ਕਾਨੂੰਨ ਦਾ ਕੋਈ ਰਾਜ਼ ਨਹੀਂ ਹੈ। ਉਨਾਂ ਦਾ ਕਹਿਣਾ ਹੈ ਕਿ ਦਿੱਲੀ ਵਿਚ ਸਾਰੀ ਹਿੰਸਾ ਕਪਿਲ ਮਿਸ਼ਰਾ ਦੇ ਬਿਆਨ ਨਾਲ ਸ਼ੁਰੂ ਹੋਈ ਸੀ, ਪਰ ਉਸ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਅੱਜ ਭਗਵੀਂ ਭੀੜ ਉਨਾਂ ਪੱਤਰਕਾਰਾਂ ਨੂੰ ਸੜਕਾਂ 'ਤੇ ਮਾਰ ਰਹੀ ਹੈ, ਜੋ ਲੋਕ ਹਿੱਤਾਂ ਲਈ ਬੋਲ ਰਹੇ ਹਨ ਤੇ ਇਨਸਾਫ਼ ਦੀ ਆਵਾਜ਼ ਉਠਾ ਰਹੇ ਹਨ।

## ਭਾਜਪਾ ਨੇ ਚੋਣਾਂ 'ਚ ਫ਼ਾਇਦਾ ਉਠਾਉਣ ਲਈ ਸੋਸ਼ਲ ਮੀਡੀਆ ਰਾਹੀਂ ਨਫ਼ਰਤ ਫੈਲਾਈ : ਸ਼ਿਵ ਸੈਨਾ

**ਮੁੰਬਈ /ਏ.ਟੀ.ਨਿਊਜ਼:** ਸ਼ਿਵ ਸੈਨਾ ਨੇ ਦੋਸ਼ ਲਾਇਆ ਹੈ ਕਿ ਭਾਜਪਾ ਨੇ ਸੋਸ਼ਲ ਮੀਡੀਆ ਨੂੰ ਵਰਤ ਕੇ ਚੋਣਾਂ ਵਿਚ ਬਹੁਤ ਫ਼ਾਇਦਾ ਉਠਾਇਆ ਤੇ 2014 ਵਿਚ ਕੇਂਦਰ 'ਚ ਸੱਤਾ ਵਿਚ ਆਉਣ ਤੋਂ ਬਾਅਦ ਧਾਰਮਿਕ ਨਫ਼ਰਤ ਫੈਲਾ ਕੇ ਸਿਆਸੀ ਲਾਭ ਖੱਟਿਆ। ਸ਼ਿਵ ਸੈਨਾ ਪਹਿਲਾਂ ਐੱਨ ਡੀ ਏ ਵਿਚ ਭਾਜਪਾ ਦੀ ਭਾਈਵਾਲ ਹੁੰਦੀ ਸੀ, ਪਰ ਹੁਣ ਮਹਾਰਾਸ਼ਟਰ ਵਿਕਾਸ ਅਗਾੜੀ ਦੀ ਕੁਲੀਸ਼ਨ ਸਰਕਾਰ ਚਲਾ ਰਹੀ ਹੈ। ਇਸ ਗੱਠਜੋੜ ਵਿਚ ਸ਼ਰਦ ਪਵਾਰ ਦੀ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਤੇ ਕਾਂਗਰਸ ਵੀ ਸ਼ਾਮਲ ਹਨ। ਪਾਰਟੀ ਦੇ ਅਖ਼ਬਾਰ 'ਸਾਮਨਾ' ਦੇ ਸੰਪਾਦਕੀ ਵਿਚ ਅਮਰੀਕਾ ਦੇ ਅਖ਼ਬਾਰ ਵਾਲ ਸਟਰੀਟ ਜਨਰਲ ਦੀ 14 ਅਗਸਤ ਦੀ ਉਸ ਖ਼ਬਰ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਮੁਤਾਬਿਕ ਫੇਸਬੁੱਕ ਨੇ ਭਾਰਤ ਵਿਚ ਆਪਣੀ ਦੁਨੀਆ ਦੀ ਸਭ ਤੋਂ ਵੱਡੀ ਮਾਰਕਿਟ 'ਚ ਧੰਦੇ ਨੂੰ ਨੁਕਸਾਨ ਹੋਣ ਤੋਂ ਬਚਾਉਣ ਲਈ ਭਾਜਪਾ ਦੇ ਇਕ ਵਿਧਾਇਕ ਅਤੇ ਤਿੰਨ ਹੋਰ 'ਹਿੰਦੂ ਰਾਸ਼ਟਰਵਾਦੀ ਲੋਕਾਂ ਤੇ ਗਰੁੱਪਾਂ' ਦੀ ਨਫ਼ਰਤੀ ਪੋਸਟਾਂ ਪ੍ਰਤੀ ਅੱਖਾਂ ਮੀਚ ਲਈਆਂ ਸਨ। ਸੰਪਾਦਕੀ ਵਿਚ ਕਿਹਾ ਗਿਆ ਹੈ ਕਿ ਸੋਸ਼ਲ ਮੀਡੀਆ ਦੇ ਮੰਚਾਂ ਦੀ ਵਰਤੋਂ ਰਾਇ ਦੇਣ ਲਈ ਕੀਤੀ ਜਾ ਸਕਦੀ ਹੈ, ਪਰ ਜੇ ਇਸ ਨੂੰ ਦੇਸ਼ ਨੂੰ ਵੰਡਣ ਵਾਲੀ ਘ੍ਰਿਣਾ ਫੈਲਾਉਣ ਲਈ ਵਰਤਿਆ ਗਿਆ ਤਾਂ ਇਹ ਸੋਚੇ ਬਿਨਾਂ ਉਨਾਂ ਲੋਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾਣੀ ਚਾਹੀਦੀ ਸੀ ਕਿ ਉਹ ਕਿਹੜੀ ਪਾਰਟੀ ਨਾਲ ਸੰਬੰਧ ਰੱਖਦੇ ਹਨ। ਫੇਸਬੁੱਕ ਘ੍ਰਿਣਾ ਫੈਲਾਉਣ ਵਾਲੇ ਕਿਸੇ ਵਿਅਕਤੀ ਪ੍ਰਤੀ ਅੱਖਾਂ ਨਹੀਂ ਮੀਚ ਸਕਦਾ ਕਿ ਉਹ ਹੁਕਮਰਾਨ ਪਾਰਟੀ ਦਾ ਹੈ। ਵਿਦੇਸ਼ੀ ਕੰਪਨੀਆਂ ਨੂੰ ਭਾਰਤੀ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਵਾਲ ਸਟਰੀਟ ਜਨਰਲ ਨੇ ਜਿਸ ਭਾਜਪਾ ਆਗੂ ਦਾ ਹਵਾਲਾ ਦਿੱਤਾ ਹੈ, ਉਹ ਤੇਲੰਗਾਨਾ ਦਾ ਵਿਧਾਇਕ ਟੀ ਰਾਜਾ ਸਿੰਘ ਹੈ, ਜਿਹੜਾ ਕਿ ਮੁਸਲਮਾਨਾਂ ਖ਼ਿਲਾਫ਼ ਅਤੇ ਵੰਡਪਾਊ ਸਿਆਸਤ ਵਾਲੀਆਂ ਭੜਕਾਊ ਪੋਸਟਾਂ ਪਾਉਣ ਲਈ ਜਾਣਿਆ ਜਾਂਦਾ ਹੈ। ਸੰਪਾਦਕੀ ਵਿਚ ਕਿਹਾ ਗਿਆ ਹੈ ਕਿ ਫੇਸਬੁੱਕ ਵਰਗੇ ਮੰਚਾਂ 'ਤੇ ਮਤਭੇਦਾਂ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ, ਪਰ ਸੋਸ਼ਲ ਮੀਡੀਆ ਕੰਪਨੀ (ਫੇਸਬੁੱਕ) ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਵੰਡੀਆਂ ਪਾਉਣ ਦਾ ਮੰਚ ਨਹੀਂ ਬਣ ਸਕਦੀ।

# ਦਸਮੇਸ਼ ਦਰਬਾਰ ਗੁਰਦੁਆਰਾ ਸਾਹਿਬ ਟੁਲੇਰੀ ਕੈਲੇਫੋਰਨੀਆ ਵਿਖੇ ਸ਼੍ਰੋ. ਅਕਾਲੀ ਦਲ (ਅ) ਕੈਲੇਫੋਰਨੀਆ ਦੇ ਯੂਨਿਟ ਵੱਲੋਂ ਸੰਤ ਕਰਤਾਰ ਸਿੰਘ ਭਿੰਡਰਾਂ ਵਾਲਿਆਂ ਦੀ ਬਰਸੀ ਮਨਾਈ





**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਲੇਫੋਰਨੀਆ ਯੂਨਿਟ ਦੇ ਪ੍ਰਧਾਨ ਸ੍ਰ ਤਰਸੇਮ ਸਿੰਘ ਅਤੇ ਉਨਾਂ ਦੇ ਨਾਲ ਸਮੁੱਚੀ ਜਥੇਬੰਦੀ ਅਤੇ ਸੰਗਤਾਂ ਨੇ ਸਾਂਝੇ ਤੌਰ ਤੇ ਆਪਸੀ ਸਹਿਯੋਗ ਨਾਲ ਦਮਦਮੀ ਟਕਸਾਲ ਦੇ ਤੇਰਵੇਂ ਮੁਖੀ ਸੰਤ ਕਰਤਾਰ ਸਿੰਘ ਭਿੰਡਰਾਂ ਵਾਲਿਆਂ ਦੀ ਸਲਾਨਾ ਬਰਸੀ ਮਨਾਈ ਗਈ।ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਗੁਲਜ਼ਾਰ ਸਿੰਘ,ਭਾਈ ਮਨਜੀਤ ਸਿੰਘ ਤੇ ਭਾਈ ਸਵਰਨਜੀਤ ਸਿੰਘ ਵੱਲੋਂ ਧੁਰਕੀ ਕੀ ਬਾਣੀ ਦੇ ਸ਼ਬਦਾਂ ਨੂੰ ਕੀਰਤਨ ਦੇ ਰੂਪ ਵਿੱਚ ਗਾਇਆ ਗਿਆ।ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਜਤਿੰਦਰ ਸਿੰਘ ਨੇ ਸੰਤਾਂ ਦੇ ਜੀਵਨ ਤੇ ਕਥਾ ਕੀਤੀ।ਇਸ ਤੋਂ ਇਲਾਵਾ ਭਾਈ ਸੁਲੱਖਣ ਸਿੰਘ ਦੇ ਜਥੇ ਨੇ ਕਵਿਸ਼ਰੀ ਰਾਹੀਂ ਸਿੰਘਾਂ ਦੀਆਂ ਜੁਸ਼ੀਲੀਆਂ ਵਾਰਾਂ ਗਾ ਕੇ ਹਾਜ਼ਰੀ ਲਗਵਾਈ।ਇਸਦੇ ਨਾਲ ਹੀ ਡਾਕਟਰ ਨਵਨੀਤ ਕੌਰ ਤੇ ਸ੍ਰ ਹਰਦੀਪ ਸਿੰਘ ਬੇਕਰਸਫੀਲਡ ਨੇ ਵੀ ਆਪਣੇ ਵਿਚਾਰਾਂ ਰਾਹੀਂ ਹਾਜ਼ਰੀ ਲਗਵਾਈ।ਇਸ ਤੋਂ ਇਲਾਵਾ ਮਨਜੀਤ ਸਿੰਘ ਵੱਲੋਂ ਪਿਛਲੇ ਦਿਨੀਂ ਪਾਣੀ ਵਿੱਚ ਡੁੱਬ ਰਹੇ ਬੱਚਿਆਂ ਨੂੰ ਬਚਾਉਂਦਿਆਂ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ ਗਈ ਸੀ।ਸੰਗਤਾਂ ਵੱਲੋਂ ਉਨਾਂ ਨੂੰ ਵੀ ਵਿਸ਼ੇਸ਼ ਤੌਰ ਤੇ ਯਾਦ ਕੀਤਾ ਗਿਆ।

ਪਿੱਛੇ ਪਰਿਵਾਰ ਵਾਸਤੇ ਵੀ ਸਹਾਇਤਾ ਭੇਜੀ ਗਈ ਹੈ।ਸ੍ਰ ਮਨਜੀਤ ਸਿੰਘ ਦੀ ਮ੍ਰਿਤਕ ਦੇਹ ਨੂੰ ਪੰਜਾਬ ਭੇਜਿਆ ਗਿਆ ਹੈ।ਸ੍ਰ ਤਰਸੇਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਸੰਤ ਕਰਤਾਰ ਸਿੰਘ ਭਿੰਡਰਾਂ ਵਾਲਿਆਂ ਦੀ ਅਤੇ ਸ੍ਰ ਮਨਜੀਤ ਸਿੰਘ ਦੀਆਂ ਤਸਵੀਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿੱਚ ਲਗਾਈਆਂ ਗਈਆਂ।

ਇਸ ਤੋਂ ਇਲਾਵਾ ਸ੍ਰ ਤਰਸੇਮ ਸਿੰਘ ਨੇ ਦੱਸਿਆ ਕਿ ਸ੍ਰ ਅਰਵਿੰਦਰ ਸਿੰਘ ਸੰਧੂ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਲੇਫੋਰਨੀਆ ਯੂਨਿਟ ਦੇ ਸ਼ੋਸ਼ਲ ਮੀਡੀਆ ਦਾ ਇੰਚਾਰਜ ਲਗਾਇਆ ਗਿਆ ਹੈ।ਕੁਝ ਨੌਜਵਾਨਾਂ ਨੂੰ ਪਾਰਟੀ ਵਿੱਚ ਸ਼ਾਮਿਲ ਕੀਤਾ ਗਿਆ। ਇਸ ਤੋਂ ਇਲਾਵਾ ਇਸ ਵਿਸ਼ੇਸ਼ ਸਮਾਗਮ ਵਿੱਚ ਜਿਨਾਂ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ ਉਨਾਂ ਵਿੱਚ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ ਸੁਖਜਿੰਦਰ ਸਿੰਘ ਗਿੱਲ, ਸ੍ਰ ਪਰਮਿੰਦਰ ਸਿੰਘ, ਜਸਵਿੰਦਰ ਸਿੰਘ,ਅਰਵਿੰਦਰ ਸਿੰਘ, ਕੁਲਵਿੰਦਰ ਸਿੰਘ, ਬਘੇਲ ਸਿੰਘ, ਸੁੱਖਦੇਵ ਸਿੰਘ ਮੱਲੀ, ਮਨਪ੍ਰੀਤ ਸਿੰਘ, ਲਖਵਿੰਦਰ ਸਿੰਘ ਮੁਲਤਾਨੀ, ਨਵਵੀਰ ਸਿੰਘ, ਹਰਜੀਤ ਸਿੰਘ ਅਟਵਾਲ ਹਾਜ਼ਰੀ ਲਗਵਾਈ।

ਸ੍ਰ ਤਰਸੇਮ ਸਿੰਘ ਨੇ ਆਈਆਂ ਸੰਗਤਾਂ ਦਾ ਤੇ ਜਥਿਆਂ ਦੇ ਤੇ ਬੁਲਾਰਿਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

# ਪੰਜਾਬ ਵਿੱਚ ਪਰਵਾਸੀ ਫੰਡਾ ਦੀ ਦੁਰਦਸ਼ਾ ਦਾ ਮਾਮਲਾ

## ਪੰਜਾਬ ਵਿੱਚ ਕਥਿਤ ਸਵੈ ਸੇਵੀ ਸੰਸਥਾਵਾਂ ਲੋਕਾਂ ਦੀ ਲੁੱਟ ਦੇ ਅੱਡੇ



**- ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਯੂ ਕੇ**

ਸਵੈ-ਸੇਵੀ ਜਥੇਬੰਦੀਆਂ, ਜਿਨਾਂ ਨੂੰ ਅੰਗਰੇਜ਼ੀ ਵਿੱਚ ਚੈਰਿਟੀ ਤੇ ਐਨ ਜੀ ਓ ਵੀ ਕਿਹਾ ਜਾਂਦਾ ਹੈ, ਇਹਨਾਂ ਜਥੇਬੰਦੀਆਂ ਦੀ ਸਥਾਪਨਾ ਮਿਲਦੀ ਜੁਲਦੀ ਸੋਚ ਵਾਲੇ ਲੋਕਾਂ ਵੱਲੋਂ ਆਪਣੇ ਭਾਈਚਾਰੇ ਵਿਚਲੇ ਕਿਸੇ ਮੁੱਦੇ ਨੂੰ ਲੈ ਕੇ ਉਸ ਦੇ ਹੱਲ ਵਾਸਤੇ ਕੀਤੀ ਜਾਂਦੀ ਹੈ। ਇਹ ਜਥੇਬੰਦੀਆਂ ਆਪਣੇ ਤੌਰ 'ਤੇ ਜਾਂ ਫਿਰ ਸਰਕਾਰੀ ਸਹਿਯੋਗ ਨਾਲ ਚੁਣੇ ਹੋਏ ਮੁੱਦੇ ਦੇ ਹੱਲ ਵਾਸਤੇ ਉੱਦਮ ਉਪਰਾਲੇ ਕਰਦੀਆਂ ਹਨ। ਸਵੈ-ਸੇਵੀ ਜਥੇਬੰਦੀਆਂ ਲੋਕਾਂ ਕੋਲੋਂ ਫ਼ੰਡ ਇਕੱਤਰ ਕਰਦੀਆਂ ਹਨ ਤੇ ਉਨਾਂ ਫੰਡਾ ਦੀ ਵਰਤੋਂ ਚੁਣੇ ਗਏ ਮੁੱਦੇ ਦੇ ਹੱਲ ਵਾਸਤੇ ਕਰਦੀਆਂ ਹੋਈਆਂ ਸੰਬੰਧਿਤ ਭਾਈਚਾਰੇ ਨੂੰ ਰਾਹਤ ਪਹੁੰਚਾਉਂਦੀਆਂ ਹਨ। ਹਰ ਜਥੇਬੰਦੀ ਦਾ ਵਿਧੀ ਵਿਧਾਨ ਹੁੰਦਾ ਹੈ ਤੇ ਉਸੇ ਵਿਧੀ ਵਿਧਾਨ ਅਤੇ ਉਦੇਸ਼ਾਂ ਨੂੰ ਲੈ ਕੇ ਉਹ ਆਪਣਾ ਕਾਰਜ ਕਰਦੀ ਹੈ। ਹਰ ਸਵੈ-ਸੇਵੀ ਜਥੇਬੰਦੀ ਦਾ ਵਿਧੀ ਵਿਧਾਨ ਸੰਬੰਧਿਤ ਮੁਲਕ ਦੇ ਕਾਇਦੇ ਮੁਤਾਬਿਕ ਰਜਿਸਟਰਡ ਹੋਣਾ ਜ਼ਰੂਰੀ ਹੁੰਦਾ ਹੈ। ਇਹ ਰਜਿਸਟਰੇਸ਼ਨ ਕੰਪਨੀ ਐਕਟ ਦੇ ਤਹਿਤ ਹੁੰਦੀ ਹੈ ਤੇ ਰਜਿਸਟਰਡ ਸਵੈ-ਸੇਵੀ ਸੰਸਥਾ ਨੂੰ ਰਜਿਸਟ੍ਰੇਸ਼ਨ ਅਥਾਰਿਟੀ ਵੱਲੋਂ ਰਜਿਸਟਰੇਸ਼ਨ ਨੰਬਰ ਅਲਾਟ ਕੀਤਾ ਜਾਂਦਾ ਹੈ ,ਜੋ ਉਸ ਜਥੇਬੰਦੀ ਦੀ ਪਹਿਚਾਣ ਹੁੰਦਾ ਹੈ।

ਇੱਕ ਰਜਿਸਟਰਡ ਸਵੈ-ਸੇਵੀ ਸੰਸਥਾ ਵਾਸਤੇ ਬੈਂਕ ਅਕਾਊਂਟ ਦਾ ਹੋਣਾ ਜ਼ਰੂਰੀ ਹੁੰਦਾ ਹੈ ਤੇ ਇਸਦੇ ਨਾਲ ਹੀ ਸਲਾਨਾ ਆਡਿਟ ਰਿਪੋਰਟਾਂ ਦਾ ਹੋਣਾ ਵੀ ਜ਼ਰੂਰੀ ਹੁੰਦਾ ਹੈ ਤਾਂ ਕਿ ਪਾਰਦਰਸ਼ਤਾ ਬਣੀ ਰਹੇ।

ਉਕਤ ਵਿਸਥਾਰ ਦੇਣ ਦਾ ਮਕਸਦ ਇਹ ਹੈ ਕਿ ਜਦੋਂ ਕੋਈ ਦਾਨੀ ਕਿਸੇ ਸੰਸਥਾ ਨੂੰ ਦਾਨ ਦੇਣ ਦੀ ਇੱਛਾ ਰੱਖਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਉਕਤ ਸਭ ਦੀ ਜਾਂਚ ਪੜਤਾਲ ਕਰ ਲਵੇ ਤਾਂ ਕਿ ਬਾਅਦ ਵਿੱਚ ਠੱਗੀ ਠੋਰੀ ਦਾ ਸ਼ਿਕਾਰ ਹੋ ਕੇ ਪਛਤਾਉਣਾ ਨਾ ਪਵੇ। ਪੰਜਾਬ ਵਿੱਚ ਇਸ ਵੇਲੇ ਸੈਂਕੜਿਆਂ ਦੀ ਤਾਦਾਦ ਵਿੱਚ ਕਥਿਤ ਸਵੈ-ਸੇਵੀ ਸੰਸਥਾਵਾਂ ਬਣ ਚੁੱਕੀਆਂ ਹਨ ਜੋ ਪਰਵਾਸੀਆਂ ਤੋਂ ਫ਼ੰਡ ਉਗਰਾਹੁੰਦੀਆਂ ਹਨ ਤੇ ਫਿਰ ਉਨਾਂ ਫੰਡਾ ਦੀ ਵਰਤੋਂ ਮਨ-ਇੱਛਿਤ ਢੰਗ ਨਾਲ ਕਰਦੀਆਂ ਹਨ। ਕਹਿਣ ਦਾ ਭਾਵ ਇਹ ਕਿ ਫ਼ੰਡ ਉਗਰਾਹੁਣ ਵੇਲੇ ਕੁਝ ਹੋਰ ਦੱਸਿਆ ਜਾਂਦਾ ਹੈ ਤੇ ਉਗਰਾਹੇ ਹੋਏ ਫੰਡਾ ਦੀ ਵਰਤੋਂ ਬਾਅਦ ਵਿੱਚ ਕਿਸੇ ਹੋਰ ਮਕਸਦ ਵਾਸਤੇ ਕੀਤੀ ਜਾਂਦੀ ਹੈ।

ਪੰਜਾਬ ਵਿੱਚ ਇਸ ਵੇਲੇ ਇਹ ਕਥਿਤ ਸਵੈ ਸੇਵੀ ਸੰਸਥਾਵਾਂ ਲੋਕਾਂ ਦੀ ਲੁੱਟ ਦੇ ਅੱਡੇ ਬਣ ਚੁੱਕੀਆਂ ਹਨ। ਇਹਨਾਂ ਦੁਆਰਾ ਕੀਤੀਆਂ ਜਾ ਰਹੀਆਂ ਧਾਂਦਲੀਆਂ ਦੇ ਖ਼ੁਲਾਸੇ ਨਿੱਤ ਦਿਨ ਸ਼ੋਸ਼ਲ ਮੀਡੀਏ ਰਾਹੀਂ ਨਸ਼ਰ ਹੋ ਰਹੇ ਹਨ। ਕਰੋੜਾਂ ਰੁਪਏ ਦੇ ਗ਼ਬਨ ਤੇ ਘੁਟਾਲੇ ਸਾਹਮਣੇ ਆ ਰਹੇ ਹਨ। ਪਰ ਸੁਣਵਾਈ ਕੋਈ ਨਹੀਂ, ਕੋਈ ਸਰਕਾਰੀ ਮਹਿਕਮਾ ਇਹਨਾਂ ਨੂੰ ਚੈੱਕ ਨਹੀਂ ਕਰਦਾ ਤੇ ਨਾ ਹੀ ਇਹਨਾਂ ਵੱਲੋਂ ਮਚਾਈ ਜਾ ਰਹੀ ਅੰਨੀ ਲੁੱਟ ਉੱਤੇ ਕੁੰਡਾ ਲਾਉਣ ਦੀ ਕੋਈ ਕਾਰਵਾਈ ਕਰਦਾ ਹੈ, ਇਸ ਤਰਾਂ ਲਗਦਾ ਹੈ ਕਿ ਜਿਵੇਂ ਚੋਰ ਅਤੇ ਕੁੱਤੀ ਸਭ ਰਲੇ ਹੋਏ ਹੋਣ। (ਰਾਖੀ ਲਈ ਤਾਂ ਹਰ ਕਿਸੇ ਨੇ ਕੁੱਤੇ ਰੱਖੇ ਹੋਏ ਹੁੰਦੇ ਹਨ, ਬਦਨਾਮ ਕੁੱਤੀ ਕੀਤੀ ਜਾਂਦੀ ਹੈ। -ਸੰਪਾਦਕ)

ਪਿਛਲੇ ਦਿਨੀਂ ਮੈਨੂੰ ਪੰਜਾਬ ਤੋਂ ਇੱਕ ਨੌਜਵਾਨ ਦਾ ਫ਼ੋਨ ਆਇਆ। ਉਸ ਦੇ ਦੱਸਣ ਦੇ ਮੁਤਾਬਿਕ ਉਸ ਨੇ ਮੇਰਾ ਫ਼ੋਨ ਪੰਜਾਬ ਦੇ ਇੱਕ ਨਾਮਵਰ ਪੰਜਾਬੀ ਅਖ਼ਬਾਰ ਵਿੱਚ ਪ੍ਰਕਾਸ਼ਿਤ ਹੋਏ ਮੇਰੇ ਇੱਕ ਆਰਟੀਕਲ ਦੇ ਹੇਠੋਂ ਨੋਟ ਕੀਤਾ। ਗੱਲਬਾਤ ਦੌਰਾਨ ਉਸ ਨੇ ਮੇਰੇ ਆਰਟੀਕਲ ਦੀ ਪਰਕਾਸ਼ ਤਾਰੀਫ਼ ਕੀਤੀ ਤੇ ਬਾਅਦ ਵਿੱਚ ਕਹਿਣ ਲੱਗਾ ਕਿ ਉਨਾਂ ਨੇ ਇੱਕ ਐਨ ਜੀ ਓ ਬਣਾਈ ਹੈ ਜੋ ਸਿਰਫ਼ ਉਨਾਂ ਲੋਕਾਂ ਦੀ ਮਦਦ ਕਰਦੀ ਹੈ, ਜਿਹੜੇ ਸਰਕਾਰੀ ਨੌਕਰੀਆਂ ਕਰਦੇ ਹਨ ਤੇ ਜਿਨਾਂ ਦੇ ਸਿਰ ਵੱਡੇ ਵੱਡੇ ਕਰਜ਼ੇ ਹਨ। ਮੈਂ ਉਸਦੀ ਗੱਲ ਪੂਰੇ ਧਿਆਨ ਸੁਣਦਾ ਰਿਹਾ ਤੇ ਉਹ ਬੋਲਦਾ ਰਿਹਾ। ਉਸ ਨੇ ਅੱਗੇ ਚੱਲਕੇ ਕਿਹਾ, "ਇੱਥੇ ਹੁਣ ਮਹਿੰਗਾਈ ਬਹੁਤ ਵਧ ਗਈ ਹੈ, ਪਰ ਕਾਮਿਆਂ ਦੀ ਤਨਖ਼ਾਹਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਕੋਈ ਵਾਧਾ ਨਹੀਂ ਕੀਤਾ ਗਿਆ, ਜਿਸ ਕਰਕੇ ਕਾਮਿਆਂ ਨੂੰ ਆਪਣੇ ਘਰਾਂ ਅਤੇ ਕਾਰਾਂ ਵਗੈਰਾ ਦੇ ਕਰਜ਼ੇ ਉਤਾਰਨੇ, ਬੱਚੇ ਪੜਾਉਣੇ ਤੇ ਘਰਾਂ ਦੇ ਖ਼ਰਚੇ ਝੱਲਣੇ ਬਹੁਤ ਮੁਸ਼ਕਲ ਹੋ ਗਏ ਹਨ। ਸਾਡੀ ਜਥੇਬੰਦੀ ਇਸ ਤਰਾਂ ਦੀ ਮੁਸ਼ਕਲ ਵਿੱਚ ਲੋੜਵੰਦਾਂ ਦੀ ਮਦਦ ਕਰਦੀ ਹੈ।"

ਮੈਂ ਉਸ ਨੂੰ ਪੁੱਛਿਆ, "ਤੁਹਾਡੀ ਜਥੇਬੰਦੀ ਕੋਲ ਕਿੰਨਾ ਕੁ ਫ਼ੰਡ ਹੈ ਤੇ ਹੁਣ ਤਕ ਕਿੰਨੇ ਕੁ ਲੋੜਵੰਦ ਲੋਕਾਂ ਦੀ ਮਦਦ ਕਰ ਚੁੱਕੀ ਹੈ?"

ਉਸ ਨੇ ਕਿਹਾ, "ਇਹ ਅਜੇ ਬਿਲਕੁਲ ਨਵੀਂ ਹੈ, ਅਜੇ ਸ਼ੁਰੂਆਤੀ ਦੌਰ ਵਿੱਚ ਹੈ। ਇਸੇ ਕਰਕੇ ਤੁਹਾਨੂੰ ਫ਼ੋਨ ਕੀਤਾ ਹੈ ਕਿ ਤੁਸੀਂ ਸਾਡੀ ਜਥੇਬੰਦੀ ਦੇ ਸਰਪ੍ਰਸਤ ਮੈਂਬਰ ਬਣੋ ਤਾਂ ਕਿ ਤੁਹਾਡੇ ਵਰਗੇ ਦਾਨੀਆਂ ਨਾਲ ਜਥੇਬੰਦੀ ਲੋੜਵੰਦਾਂ ਦੀ ਵੱਧ ਚੜ ਕੇ ਸੇਵਾ ਕਰ ਸਕੇ।"

ਮੈਂ ਅਗਲਾ ਸਵਾਲ ਪੁੱਛਿਆ, "ਕੀ ਤੁਹਾਡੀ ਜਥੇਬੰਦੀ ਭਾਰਤ ਸਰਕਾਰ ਤੋਂ ਰਜਿਸਟਰਡ ਹੈ?"

ਉਸ ਨੇ ਕਿਹਾ, "ਇਸ ਮੁਲਕ ਵਿੱਚ ਇਸ ਤਰਾਂ ਦਾ ਕੋਈ ਕਾਨੂੰਨ ਹੀ ਨਹੀਂ ਹੈ। ਤੇ ਦੂਜਾ, ਜਿਸ ਨੇ ਸੇਵਾ ਕਰਨੀ ਹੈ, ਉਹ ਇਸ ਤਰਾਂ ਦੇ ਝਮੇਲਿਆਂ ਵਿੱਚ ਨਹੀਂ ਪੈਂਦਾ।"

ਮੈਂ ਉਸ ਨੂੰ ਚੜਦੇ ਬੁਲਾਈ ਤੇ ਨਾਲ ਹੀ ਕਿਹਾ ਕਿ ਕੋਈ ਗੱਲ ਨਹੀਂ, ਮੈਂ ਕੁਝ ਕੁ ਦਿਨਾਂ ਤਕ ਸੋਚ ਕੇ ਦੱਸਾਂਗਾ।

ਕੁਝ ਕੁ ਦਿਨ ਪਹਿਲਾਂ ਮੇਰੇ ਆਪਣੇ ਪਿੰਡ ਵਿੱਚ ਐਨ ਆਰ ਆਈਜ਼ ਵੱਲੋਂ ਭੇਜੇ ਗਏ ਫ਼ੰਡ ਘੁਟਾਲੇ ਦਾ ਕਿੱਸਾ ਸਾਹਮਣੇ ਆਇਆ। ਦੱਸਿਆ ਗਿਆ ਹੈ ਕਿ ਕਥਿਤ ਫ਼ੰਡ ਘੋਟਾਲਾ ਕਰੋੜਾਂ ਰੁਪਏ ਦਾ ਹੈ। ਪਿੱਛੇ ਜਿਹੇ ਕਰੋਨਾ ਤੋਂ ਪਹਿਲਾਂ ਜਦੋਂ ਕੁਝ ਕੁ ਐਨ ਆਰ ਆਈਜ਼ ਛੁੱਟੀਆਂ ਕੱਟਣ ਵਾਸਤੇ ਪਿੰਡ ਗਏ ਤਾਂ ਉਨਾਂ ਨੇ ਸਰੇਸਰੀ ਪਿੰਡ ਦੇ ਉਨਾਂ ਪਤਵੰਤਿਆਂ, ਜਿਨਾਂ ਨੂੰ ਪਿੰਡ ਭਲਾਈ ਕਾਰਜਾਂ ਵਾਸਤੇ ਪੈਸਾ ਭੇਜਿਆ ਗਿਆ ਸੀ, ਨੂੰ ਪੁੱਛ ਲਿਆ ਕਿ ਭੇਜਿਆ ਗਿਆ ਫ਼ੰਡ ਕਿੱਥੇ ਕਿੱਥੇ, ਕਿੰਨਾ ਕਿੰਨਾ ਤੇ ਕਿਵੇਂ ਖ਼ਰਚਿਆ ਗਿਆ ਹੈ। ਅੱਗੋਂ ਪਤਵੰਤਿਆਂ ਨੇ ਪਹਿਲਾਂ ਤਾਂ ਆਨਾਕਾਨੀ ਕੀਤੀ, ਪਰ ਐਨ ਆਰ ਆਈਜ ਦੇ ਜ਼ੋਰ ਪਾਉਣ 'ਤੇ ਕਹਿੰਦੇ ਕਿ ਸਾਰਾ ਪੈਸਾ ਜਿੱਥੇ ਜਿੱਥੇ ਲਾਉਣਾ ਤੈਅ ਹੋਇਆ ਸੀ ਲਾ ਦਿੱਤਾ ਹੈ। ਜਦੋਂ ਹਿਸਾਬ ਕਿਤਾਬ ਦੀ ਮੰਗ ਕੀਤੀ ਗਈ ਤਾਂ ਅੱਗੋਂ ਸਾਫ਼ ਇਨਕਾਰ ਕਰ ਦਿੱਤਾ ਗਿਆ। ਗੱਲ ਤੂੰ-ਤੂੰ, ਮੈਂ-ਮੈਂ 'ਤੇ ਪਹੁੰਚ ਗਈ ਤੇ ਉਸ ਤੋਂ ਅੱਗੇ ਹੁਣ ਕੋਰਟ ਕਚਹਿਰੀ ਤਕ ਜਾ ਪਹੁੰਚੀ ਹੈ।ਹਿਸਾਬ ਮੰਗਣ ਵਾਲੇ ਐਨ ਆਰ ਆਈਜ਼ ਦੇ ਹੱਥਾਂ ਵਿੱਚ ਵਕੀਲਾਂ ਦੇ ਨੋਟਿਸ ਫੜਾ ਦਿੱਤੇ ਗਏ ਹਨ, ਜਿਨਾਂ ਵਿੱਚ ਪਿੰਡ ਦੇ ਕੁਝ ਕੁ ਪਤਵੰਤਿਆਂ ਨੂੰ ਕਥਿਤ ਤੌਰ 'ਤੇ ਝੂਠੇ ਦੋਸ਼ ਲਾ ਕੇ ਪਰੇਸ਼ਾਨ ਅਤੇ ਬਦਨਾਮ ਕਰਨ ਦੇ ਦੋਸ਼ ਲਗਾਉਣ ਦੀ ਗੱਲ ਕੀਤੀ ਗਈ ਹੈ। ਹੁਣ ਉਹ ਐਨ ਆਰ ਆਈਜ਼ ਕਰੋੜਾਂ ਰੁਪਏ ਦਾਨ ਦੇ ਕੇ ਆਪਣੇ ਆਪ ਨੂੰ ਲੁੱਟੇ ਅਤੇ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਉਨਾਂ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਪਿੰਡ ਭਲੇ ਦੇ ਕਾਰਜਾਂ ਵਾਸਤੇ ਦਾਨ ਦੇ ਕੇ ਉਹ ਉਸ ਦਾਨ ਨੂੰ ਕਿੱਥੇ ਖ਼ਰਚ ਕੀਤਾ ਗਿਆ ਹੈ, ਇਹ ਪੁੱਛਣ ਦੇ ਹੱਕਦਾਰ ਵੀ ਨਹੀਂ, ਤੇ ਅਜਿਹਾ ਕਰਨ ਬਦਲੇ ਉਨਾਂ ਉੱਤੇ ਮੁਕੱਦਮੇ ਠੋਕੇ ਜਾ ਰਹੇ ਹਨ ਤਾਂ ਫੇਰ ਉਹ ਭਵਿੱਖ ਵਿੱਚ ਪਿੰਡ ਦੇ ਭਲਾਈ ਕਾਰਜਾਂ ਵਿੱਚ ਇੱਕ ਖੋਟੇ ਪੈਸੇ ਦਾ ਯੋਗਦਾਨ ਪਾਉਣ ਤੋਂ ਵੀ ਤੋਬਾ ਕਰਨਗੇ।

ਦੱਸਿਆ ਗਿਆ ਹੈ ਕਿ ਮੇਰੇ ਪਿੰਡ ਦੇ ਐਨ ਆਰ ਆਈਜ਼ ਵੱਲੋਂ ਕਰੋੜਾਂ ਰੁਪਏ ਦਾ ਦਾਨ ਫ਼ੰਡ ਪਿੰਡ ਦੇ ਕੁਝ ਕੁ ਲੋਕਾਂ ਤਕ ਕੈਸ਼ ਵਜੋਂ ਪਹੁੰਚਾਇਆ ਗਿਆ, ਜਿਸ ਦੀ ਉਨਾਂ ਕੋਲ ਕੋਈ ਵੀ ਸਨਦ ਨਹੀਂ। ਇਸਦੇ ਨਾਲ ਹੀ ਜਿਨਾਂ ਨੂੰ ਉਹ ਫ਼ੰਡ ਦਿੱਤਾ ਗਿਆ, ਉਹ ਨਾ ਹੀ ਕਿਸੇ ਰਜਿਸਟਰਡ ਸਵੈ-ਸੇਵੀ ਜਥੇਬੰਦੀ ਦੇ ਮੈਂਬਰ ਹਨ ਤੇ ਨਾ ਹੀ ਉਨਾਂ ਵੱਲੋਂ ਕੋਈ ਚੈਰਿਟੀ ਰਜਿਸਟਰਡ ਕਰਵਾਈ ਗਈ ਹੈ ਤੇ ਨਾ ਹੀ ਕੋਈ ਅਜਿਹਾ ਬੈਂਕ ਅਕਾਊਂਟ ਹੈ, ਜਿਸ ਤੋਂ ਪਤਾ ਲੱਗ ਸਕੇ ਕਿ ਕਿੰਨਾ ਪੈਸਾ ਕਿੱਥੋਂ ਆਇਆ ਤੇ ਕਿੱਥੇ ਗਿਆ।

ਦਾਨ ਦੇ ਪੈਸੇ ਕਾਰਨ ਇਸ ਵੇਲੇ ਪਿੰਡ ਵਿੱਚ ਧੜੇਬਾਜ਼ੀ ਪੈ ਚੁੱਕੀ ਹੈ। ਜੇਕਰ ਇਸ ਮਸਲੇ ਨੂੰ ਮਿਲ ਬੈਠ ਕੇ ਨਾ ਸੁਲਝਾਇਆ ਗਿਆ ਤਾਂ ਜਿੱਥੇ ਇਹ ਧੜੇਬਾਜ਼ੀ ਹੋਰ ਪੱਕੀ ਹੋਵੇਗੀ, ਉੱਥੇ ਇਸਦੇ ਨਾਲ ਹੀ ਭਵਿੱਖ ਵਿੱਚ ਪਰਵਾਸੀ ਭਾਈਚਾਰਾ ਪਿੰਡ ਭਲਾਈ ਕਾਰਜਾਂ ਵਿੱਚ ਕਿਸੇ ਵੀ ਤਰਾਂ ਦਾ ਕੋਈ ਵੀ ਹਿੱਸਾ ਪਾਉਣ ਤੋਂ ਹੱਥ ਪਿੱਛੇ ਖਿੱਚ ਲਵੇਗਾ।

ਮੁੱਕਦੀ ਗੱਲ ਇਹ ਕਿ ਦਾਨ ਦੇਣ ਵੇਲੇ ਅੱਖਾਂ ਖੋਲ ਕੇ ਦਾਨ ਦਿਓ। ਵਾਹ ਲਗਦੀ ਨੂੰ ਦਾਨ ਸਿਰਫ਼ ਤੇ ਸਿਰਫ਼ ਰਜਿਸਟਰਡ ਚੈਰਿਟੀ ਨੂੰ ਦਿਓ ਤੇ ਨਕਦ ਦੀ ਬਜਾਏ ਬੈਂਕ ਅਕਾਊਂਟ ਵਿੱਚ ਦਿਓ। ਇਸ ਤਰਾਂ ਨਾ ਕਰਨ ਨਾਲ ਦਾਨ ਫੰਡਾ ਦੀ ਗ਼ਲਤ ਵਰਤੋਂ ਹੁੰਦੀ ਰਹੇਗੀ ਤੇ ਕੋਈ ਉਨਾਂ ਦਿੱਤੇ ਹੋਏ ਫੰਡਾ ਦੀ ਗ਼ਲਤ ਵਰਤੋਂ ਕਰਨ ਵਾਲਿਆਂ ਦਾ ਵਿਗਾੜ ਵੀ ਕੁਝ ਨਹੀਂ ਸਕੇਗਾ।

ਜੇਕਰ ਉਨਾਂ ਨੂੰ ਕੋਈ ਹਿਸਾਬ ਕਿਤਾਬ ਪੁੱਛਣ ਦੀ ਹਮਾਕਤ ਕਰੇਗਾ ਤਾਂ ਖੱਜਲ ਖ਼ੁਆਰ ਹੋਵੇਗਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਦੇ ਵਿਕਾਸ ਵਿੱਚ ਹੁਣ ਤਕ ਪਰਵਾਸੀਆਂ ਨੇ ਅਰਬਾਂ ਦਾ ਯੋਗਦਾਨ ਪਾਇਆ ਹੈ ਪਰ ਜੋ ਖ਼ੁਲਾਸੇ ਉਨਾਂ ਦੁਆਰਾ ਭੇਜੇ ਗਏ ਫੰਡਾ ਦੀ ਵਰਤੋਂ ਦੁਰਵਰਤੋਂ ਦੇ ਅੱਜਕੱਲ ਸਾਹਮਣੇ ਆ ਰਹੇ ਹਨ, ਉਹ ਨਿਸ਼ਚੇ ਹੀ ਹਰ ਪਰਵਾਸੀ ਨੂੰ ਇੱਕ ਵਾਰ ਸੋਚਣ ਵਾਸਤੇ ਮਜਬੂਰ ਕਰਨ ਵਾਲੇ ਹਨ।

# ਮੈਂ ਜਾਣ ਗਿਆ ਕਿ ਸੱਚ ਅਤੇ ਇਨਸਾਫ਼ ਜਿਉਂਦੇ ਰਹਿਣਗੇ

## ਚੀਨੀ ਸਾਹਿਤਕਾਰ ਮੋ ਯਾਂ ਦੀ ਤਕਰੀਰ



- ਡਾ. ਹਰਪਾਲ ਸਿੰਘ ਪੰਨੂ

"ਸਵੀਡਿਸ਼ ਅਕਾਦਮੀ ਦੇ ਮਾਣਯੋਗ ਸੱਜਣ ਸੱਜਣੀਓਂ, ਇੰਟਰਨੈੱਟ ਨੇ ਕੰਮ ਏਨਾ ਸੁਖਾਲਾ ਕਰ ਦਿੱਤਾ, ਸ਼ਾਇਦ ਤੁਸੀਂ ਜਾਣ ਲਿਆ ਹੋਵੇਗਾ ਮੇਰਾ ਗੌਮੀ ਪਿੰਡ ਕਿੱਥੇ ਹੈ। ਤੁਸੀਂ ਮੇਰਾ 90 ਸਾਲ ਦਾ ਪਿਤਾ, ਭਰਾ, ਭੈਣ, ਪਤਨੀ, ਧੀ ਤੇ ਸਵਾ ਸਾਲ ਦੀ ਦੋਹਤੀ ਦੀਆਂ ਫ਼ੋਟੋਆਂ ਵੀ ਦੇਖੀਆਂ ਹੋਣਗੀਆਂ। ਇਕ ਜੀਅ ਜਿਹੜਾ ਗ਼ੈਰਹਾਜ਼ਰ ਹੈ, ਮੇਰੀ ਮਾਂ ਹੈ। ਮੈਨੂੰ ਇਨਾਮ ਮਿਲਿਆ ਜਾਣ ਕੇ ਸਾਰੇ ਖ਼ੁਸ਼ ਹੋਏ। ਮਾਂ ਇਸ ਵੇਲੇ ਨਹੀਂ ਰਹੀ, ਸੋ ਜਸ਼ਨ ਤੋਂ ਮਹਿਰੂਮ ਰਹੀ। 1922 ਵਿਚ ਜਨਮ ਅਤੇ 1994 ਵਿਚ ਮਾਂ ਦਾ ਦੇਹਾਂਤ ਹੋਇਆ। ਪਿੰਡ ਵਿਚ ਆੜੂਆਂ ਦੇ ਬਾਗ਼ ਵਿਚ ਦਫ਼ਨਾ ਦਿੱਤੀ। ਪਿਛਲੇ ਸਾਲ ਪਤਾ ਲੱਗਾ, ਇੱਥੋਂ ਦੀ ਰੇਲ ਲਾਈਨ ਲੰਘੇਗੀ, ਸੋ ਆਪੋ ਆਪਣੇ ਮੁਰਦਿਆਂ ਦਾ ਕਿਧਰੇ ਹੋਰ ਬੰਦੋਬੱਸਤ ਕਰੋ। ਅਸੀਂ ਕਬਰ ਪੁੱਟੀ, ਵਿਚ ਕੁਝ ਨਹੀਂ ਸੀ ਬਚਿਆ, ਮਿੱਟੀ ਨਾਲ ਮਿੱਟੀ ਹੋ ਗਈ। ਅਸੀਂ ਥੋੜੀ ਕੁ ਮਿੱਟੀ ਇੱਥੋਂ ਕੱਢ ਕੇ ਦੂਰ ਟੋਆ ਪੁੱਟ ਕੇ ਦੱਬ ਦਿੱਤੀ। ਲਿਖਤਾਂ ਵਿਚ ਜਦੋਂ ਮੈਨੂੰ ਧਰਤੀ ਨਾਲ ਗੱਲਾਂ ਕਰਦਾ ਦੇਖੋ, ਸਮਝ ਜਾਣਾ ਮਾਂ ਨਾਲ ਗੱਲਾਂ ਕੀਤੀਆਂ।

ਮੈਂ ਸਾਰਿਆਂ ਤੋਂ ਛੋਟਾ ਸਾਂ। ਸਭ ਤੋਂ ਪਹਿਲੀ ਘਟਨਾ ਜਿਹੜੀ ਮੈਨੂੰ ਯਾਦ ਹੈ, ਪਾਣੀ ਭਰਨ ਗਿਆ ਤਾਂ ਮਟਕੀ ਟੁੱਟ ਗਈ। ਖਾਣਾ ਘੱਟ ਮਿਲਣ ਕਰਕੇ ਕਮਜ਼ੋਰੀ ਕਾਰਨ ਚੱਕਰ ਖਾ ਕੇ ਡਿਗ ਪਿਆ। ਮਾਂ ਮਾਰੇਗੀ, ਘੱਟੋ ਘੱਟ ਝਿੜਕੇਗੀ ਜ਼ਰੂਰ, ਮੈਂ ਡਰ ਕੇ ਬਾਜਰੇ ਦੇ ਛੌਰ ਵਿਚ ਲੁੱਕ ਗਿਆ, ਸਾਰਾ ਦਿਨ ਨਾ ਨਿਕਲਿਆ। ਸ਼ਾਮ ਪਈ, ਮਾਂ ਨੇ ਮੇਰਾ ਛੋਟਾ ਨਾਮ ਲੈ ਕੇ ਅਵਾਜ਼ਾਂ ਮਾਰੀਆਂ, ਸਹਿਮਿਆ ਹੋਇਆ ਬਾਹਰ ਨਿਕਲਿਆ ਤੇ ਨੀਵੀਂ ਪਾ ਕੇ ਮਾਰ ਖਾਣ ਲਈ ਤਿਆਰ ਹੋ ਗਿਆ। ਨਾ ਮਾਰਿਆ, ਨਾ ਝਿੜਕਿਆ, ਮੇਰਾ ਸਿਰ ਪਲੋਸਿਆ, ਹਉਕਾ ਲਿਆ ਬੱਸ। ਗ਼ਰੀਬ ਬੰਦੇ ਅਕਸਰ ਕਣਕ ਦੀਆਂ ਅੱਧ ਪੱਕੀਆਂ ਬੱਲੀਆਂ ਮਾਲਕ ਦੇ ਖੇਤ ਵਿੱਚੋਂ ਚੋਰੀ ਕਰਕੇ ਹੋਲਾਂ ਭੁੰਨ ਕੇ ਖਾਂਦੇ। ਬਾਕੀਆਂ ਨਾਲ ਮਾਂ ਵੀ ਸੀ। ਚੌਕੀਦਾਰ ਦੇਖ ਕੇ ਬਾਕੀ ਸਭ ਭੱਜ ਗਏ। ਡੁੱਡੇ ਪੈਰਾਂ ਕਾਰਨ ਦੌੜ ਨਾ ਸਕੀ। ਕਦਾਵਰ ਮੁਸ਼ਟੰਡੇ ਨੇ ਏਨਾ ਜ਼ੋਰ ਦੀ ਘਸੁੰਨ ਮਾਰਿਆ, ਮਾਂ ਦਾ ਬੁੱਲ ਫੱਟ ਗਿਆ, ਖ਼ੂਨ ਵਗਿਆ, ਮਾਂ ਦਾ ਲਾਚਾਰ ਮੂੰਹ ਦੇਖਿਆ। ਮੁੱਦਤ ਬਾਦ ਮੈਂ ਅਤੇ ਮਾਂ ਬਾਜ਼ਾਰ ਗਏ, ਚੌਕੀਦਾਰ ਦਿਸਿਆ, ਵਾਲ ਸਫ਼ੈਦ ਹੋ ਗਏ ਸਨ। ਮੈਨੂੰ ਗ਼ੁੱਸਾ ਚੜ ਗਿਆ, ਮੈਂ ਉਸ ਵਲ ਜਾਣ ਲੱਗਾ ਤਾਂ ਮਾਂ ਨੇ ਮੇਰਾ ਹੱਥ ਫੜ ਲਿਆ, ਕਿਹਾ- ਇਹ ਉਹ ਆਦਮੀ ਨਹੀਂ ਪੁੱਤਰ, ਜਿਸਨੇ ਮੇਰੇ ਥੱਪੜ ਮਾਰਿਆ ਸੀ ਉਹ ਕੋਈ ਹੋਰ ਸੀ। ਹੁਣ ਮੈਂ ਵੀ ਤਾਂ ਕੋਈ ਹੋਰ ਆਂ।

ਪੂਰਨਮਾਸ਼ੀ ਦਾ ਤਿਉਹਾਰ ਮੇਰੀ ਯਾਦ ਵਿਚ ਸਾਫ਼ ਪਿਆ ਹੈ। ਸਾਰਿਆਂ ਨੂੰ ਇਕ ਇਕ ਕਟੋਰਾ ਖੀਰ ਦਾ ਮਿਲਦਾ, ਆਮ ਦਿਨੀਂ ਉੱਬਲੇ ਆਲੂ ਖਾਂਦੇ। ਮੰਗਤਾ ਦਰਵਾਜ਼ੇ ਵਿਚ ਆ ਖਲੋਤਾ। ਮੈਂ ਆਲੂ ਦੇਣ ਗਿਆ ਤਾਂ ਮੰਗਤਾ ਗ਼ੁੱਸੇ ਨਾਲ ਬੋਲਿਆ- ਆਪ ਖੀਰ ਖਾਓ ਤੇ ਮੈਨੂੰ ਆਲੂ ? ਮੈਂ ਕਿਹਾ- ਲਿਜਾਣੇ ਨੇ ਲੈ ਜਾ, ਨਹੀਂ ਦਫ਼ਾ ਹੋ। ਮਾਂ ਉੱਠੀ, ਜਿਹੜਾ ਆਪਣੇ ਖਾਣ ਲਈ ਰੱਖਿਆ ਸੀ ਉਸ ਕਟੋਰੇ ਵਿੱਚੋਂ ਅੱਧੀ ਖੀਰ ਮੰਗਤੇ ਦੇ ਕਟੋਰੇ ਵਿਚ ਪਾ ਦਿੱਤੀ।

ਭੁੱਖ, ਗ਼ਰੀਬੀ, ਫੇਫੜਿਆਂ ਦੀ ਬਿਮਾਰੀ ਕਾਰਨ ਮਾਂ ਕਮਜ਼ੋਰ ਹੋ ਗਈ ਸੀ। ਪੰਦਰਾਂ ਸੋਲਾਂ ਸਾਲ ਦਾ ਹੋ ਗਿਆ ਸਾਂ, ਮੈਂ ਜਦੋਂ ਘਰ ਆਉਂਦਾ, ਸਭ ਤੋਂ ਪਹਿਲਾਂ ਮਾਂ ਨੂੰ ਵਾਜ ਮਾਰਦਾ। ਡਰ ਲੱਗਿਆ ਰਹਿੰਦਾ ਕਿਤੇ ਮਰ ਤਾਂ ਨਹੀਂ ਗਈ। ਇਕ ਸ਼ਾਮ ਘਰ ਆਇਆ, ਅਵਾਜ਼ਾਂ ਮਾਰੀਆਂ, ਦੋ ਤਿੰਨ ਥਾਂ ਦੌੜ ਕੇ ਗਿਆ, ਕਿਤੇ ਨਾ ਦਿਸੀ। ਉੱਚੀ ਉੱਚੀ ਰੋਣ ਲੱਗ ਗਿਆ। ਆਪਣੀ ਪਿੱਠ ਉੱਤੇ ਲੱਕੜਾਂ ਲੱਦੀ ਆਈ, ਲੱਕੜਾਂ ਸੁੱਟ ਕੇ ਮੈਨੂੰ ਜੱਫੀ ਵਿਚ ਲੈ ਕੇ ਕਿਹਾ, ਮੈਂ ਨੀਂ ਕਿਤੇ ਜਾਂਦੀ ਤੈਨੂੰ ਛੱਡ ਕੇ। ਸਾਰੇ ਟੱਬਰ ਵਿੱਚੋਂ ਬਦਸ਼ਕਲ ਮੈਂ ਸਾਂ। ਸਾਰੇ ਜਣੇ ਮੇਰੇ 'ਤੇ ਹੱਸਦੇ। ਮਾਂ ਕਿਹਾ ਕਰਦੀ- ਕਿਉਂ ? ਤੇਰੇ ਨੱਕ, ਕੰਨ, ਅੱਖਾਂ, ਲੱਤਾਂ, ਬਾਂਹਾਂ ਸਭ ਠੀਕ ਤਾਂ ਹਨ। ਚੰਗੇ ਕੰਮ ਕਰੇਂਗਾ, ਸਭ ਨੂੰ ਤੇਰੀ ਸ਼ਕਲ ਪਿਆਰੀ ਲੱਗੇਗੀ।

ਪੰਜਵੀਂ ਪਾਸ ਕਰਕੇ ਹਟ ਗਿਆ। ਅਗਲੇ ਡੰਗ ਖਾਣ ਨੂੰ ਕੁਝ ਮਿਲੇਗਾ ਪਤਾ ਨਹੀਂ, ਪਰ ਕਿਤਾਬ ਖ਼ਰੀਦਣ ਲਈ ਮਾਂ ਤੋਂ ਪੈਸੇ ਮੰਗਦਾ, ਨਾਂਹ ਨਾ ਕਰਦੀ। ਅਨਪੜ ਮਾਂ ਪੜੇ ਲਿਖਿਆਂ ਦਾ ਪੂਰਾ ਆਦਰ ਕਰਦੀ। ਜਦੋਂ ਮੈਂ ਕਿਤਾਬ ਵਿਚ ਸਿਰ ਘਸੋਇਆ ਹੁੰਦਾ, ਮੈਨੂੰ ਕੰਮ ਕਰਨ ਲਈ ਅਵਾਜ਼ ਨਾ ਮਾਰਦੀ। ਇਕ ਵਾਰ ਇਕ ਕਥਾਵਾਚਕ ਪਿੰਡ ਆਇਆ, ਅੱਖ ਬਚਾ ਕੇ ਮੈਂ ਵੀ ਚਲਾ ਗਿਆ। ਕਥਾ ਸੁਣਕੇ ਘਰ ਆਇਆ ਤਾਂ ਦੀਵੇ ਨੇੜੇ ਬੈਠੀ ਮਾਂ ਸਾਡੇ ਕੱਪੜਿਆਂ ਨੂੰ ਟਾਕੀਆਂ ਲਾ ਰਹੀ ਸੀ। ਜੋ ਸੁਣਕੇ ਆਇਆ, ਮਾਂ ਨੂੰ ਸਾਰਾ ਪਾਠ ਸੁਣਾ ਦਿੱਤਾ। ਜੋ ਸੁਣਦਾ, ਉਹ ਘਰ ਆ ਕੇ ਸੁਣਾਉਂਦਾ, ਮੈਨੂੰ ਕਹਾਣੀ ਸੁਣਾਉਣ ਦਾ ਤਰੀਕਾ ਆ ਗਿਆ। ਗਵਾਂਢੀ ਵੀ ਸੁਣਨ ਲੱਗ ਜਾਂਦੇ। ਮਾਂ ਖ਼ੁਸ਼ ਹੁੰਦੀ ਪਰ ਅਕਸਰ ਕਹਿੰਦੀ- ਕਹਾਣੀਆਂ ਰੋਟੀ ਨੀ ਦਿੰਦੀਆਂ।

ਅਖਾਣ ਹੈ- ਦਰਿਆ ਦਾ ਵਹਿਣ ਬਦਲਾਉਣਾ ਸੌਖਾ, ਬੰਦੇ ਦਾ ਸੁਭਾਅ ਬਦਲਣਾ ਔਖਾ। ਮੇਰੇ ਨਾਮ ਮੋ ਯਾਂ ਦਾ ਅਰਥ ਹੈ- ਚੁੱਪ ਰਹਿ। ਮੇਰਾ ਨਾਮ ਮੇਰੇ ਸੁਭਾਅ ਦੇ ਐਨ ਉਲਟ ਹੈ। ਪੜਨੋਂ ਹਟਿਆ ਤਾਂ ਪਸ਼ੂ ਚਾਰਨ ਲੱਗਾ। ਕਹਾਣੀਆਂ ਵਿਚ ਸੁਣਿਆ ਸੀ ਜੰਗਲ ਵਿਚ ਲੂੰਬੜਾਂ ਹੁੰਦੀਆਂ ਨੇ ਜੋ ਰੂਪ ਵਟਾ ਕੇ ਪਰੀਆਂ ਬਣ ਜਾਂਦੀਆਂ ਨੇ। ਪਰੀਆਂ ਮੁੰਡਿਆਂ ਦੀਆਂ ਸਹੇਲੀਆਂ ਬਣ ਕੇ ਨਾਲ ਪਸ਼ੂ ਚੁਰਾਉਂਦੀਆਂ ਨੇ ਨਾਲੇ ਗੀਤ ਗਾਉਂਦੀਆਂ ਨੇ।

> "ਮੋ ਯਾਂ ਨੂੰ ਉੱਤਮ ਕਹਾਣੀਕਾਰ ਮੰਨਦਿਆਂ ਸਵੀਡਿਸ਼ ਅਕਾਦਮੀ ਨੇ ਨੋਬਲ ਇਨਾਮ ਨਾਲ ਸਨਮਾਨਿਆ। ਦਸੰਬਰ 7, 2012 ਨੂੰ ਸਟਾਕਹੋਮ ਵਿਚ ਸ਼ੁਕਰਾਨੇ ਵਜੋਂ ਤਕਰੀਰ ਕਰਦਿਆਂ ਜੋ ਸਿੱਧੇ ਸਾਦੇ ਲਫ਼ਜ਼ ਕਹੇ, ਮੇਰਾ ਦਿਲ ਕੀਤਾ ਪੰਜਾਬੀ ਪਾਠਕਾਂ ਤਕ ਪਹੁੰਚਾ ਦਿਆਂ। ਨੋਬਲ ਫਾਊਂਡੇਸ਼ਨ ਨੇ ਇਸ ਨੂੰ ਅਨੁਵਾਦ ਕਰਨ ਦੀ ਪ੍ਰਵਾਨਗੀ ਦਿੱਤੀ, ਉਸ ਦਾ ਸ਼ੁਕਰਾਨਾ।"

ਇਕ ਦਿਨ ਜੰਗਲ ਕਿਨਾਰੇ ਚਰਵਾਉਂਦੀਆਂ ਚਾਰ ਰਿਹਾ ਸਾਂ ਕਿ ਭੱਜੀ ਜਾਂਦੀ ਲਾਲ ਗ਼ੁਸੈਲੀ ਲੂੰਬੜ ਮੇਰੇ ਉੱਪਰ ਦੀ ਛਾਲ ਮਾਰ ਕੇ ਲੰਘ ਗਈ, ਮੈਂ ਦੇਰ ਤਕ ਕੰਬਦਾ ਰਿਹਾ।

ਪਸ਼ੂ ਚਰਦੇ ਰਹਿੰਦੇ, ਦੂਰ ਤੱਕ ਫੈਲੇ ਘਾਹ ਅਤੇ ਨੀਲੇ ਆਕਾਸ਼ ਵੱਲ ਦੇਰ ਤਕ ਦੇਖਦਾ ਰਹਿੰਦਾ। ਮਨੁੱਖਾਂ ਦੀਆਂ ਨਹੀਂ, ਪਸ਼ੂਆਂ ਪੰਛੀਆਂ ਦੀਆਂ ਅਵਾਜ਼ਾਂ ਸੁਣਦਾ, ਪੰਛੀਆਂ ਦੇ ਬੋਲਾਂ ਦੀ ਨਕਲ ਕਰਦਾ ਰਹਿੰਦਾ। ਪੰਛੀਆਂ ਅਤੇ ਰੁੱਖਾਂ ਨਾਲ ਗੱਲਾਂ ਕਰਦਾ ਪਰ ਉਹ ਮੈਨੂੰ ਸੁਣਦੇ ਈ ਨਾ। ਜਦੋਂ ਮੇਰੇ ਨਾਵਲ ਛਪਣ ਲੱਗੇ ਤਾਂ ਪਾਠਕ, ਆਲੋਚਕ ਪੁੱਛਦੇ- ਅਜਿਹੇ ਵਚਿੱਤਰ ਨਜ਼ਾਰੇ ਤੈਨੂੰ ਕਿਵੇਂ ਸੁਝਦੇ ਨੇ ? ਮੈਂ ਕੀ ਦੱਸਾਂ, ਹੱਸ ਪੈਨਾ। ਸਕੂਲੋਂ ਹਟਿਆ ਤਾਂ ਜੀਵਨ ਦੀ ਕਿਤਾਬ ਨੂੰ ਪੜਨ ਲੱਗਾ। ਬਚਪਨ ਵਿਚ ਸੁਣਿਆ ਕਥਾਵਾਚਕ ਇਸ ਕਿਤਾਬ ਦਾ ਪਹਿਲਾ ਵਰਕਾ ਹੈ। ਕਹਾਣੀਆਂ ਸੁਣ ਕੇ ਸੁਣਾਉਣੀਆਂ ਮੇਰਾ ਨਿੱਤ ਦਿਨ ਦਾ ਕੰਮ ਸੀ, ਮੈਂ ਆਪਣੇ ਆਪ ਕਦੀ ਕਹਾਣੀਆਂ ਘੜ ਲਿਆ ਕਰਾਂਗਾ ਇਹ ਨਹੀਂ ਪਤਾ ਸੀ। ਮੰਨੋ, ਮੈਂ ਬਚਪਨ ਤੋਂ ਹੀ ਧਾਰਮਿਕ ਹਾਂ ਕਿਉਂਕਿ ਮੈਨੂੰ ਹਰੇਕ ਦਿਸਦੀ ਚੀਜ਼ ਵਿਚ ਰੂਹ ਦਿਸਦੀ ਤੇ ਮੈਨੂੰ ਲਗਦਾ ਚਮਤਕਾਰ ਹੋਇਆ ਕਰਦੇ ਹਨ। ਬਹੁਤ ਬੁੱਢੇ ਦਰਖ਼ਤ ਕੋਲੋਂ ਦੀ ਲੰਘਦਾ ਤਾਂ ਉਸ ਨੂੰ ਮੱਥਾ ਟੇਕ ਦਿੰਦਾ। ਪੰਛੀ ਨੂੰ ਦੇਖ ਕੇ ਸੋਚਦਾ- ਜਦੋਂ ਚਾਹੇ ਇਹ ਮਨੁੱਖ ਬਣ ਸਕਦੈ, ਅਜਨਬੀ ਨੂੰ ਦੇਖ ਕੇ ਸੋਚਦਾ- ਇਹ ਜਾਨਵਰ ਤੋਂ ਹੁਣੇ ਬੰਦਾ ਬਣਿਆਂ। ਰਾਤ ਦੇ ਹਨੇਰੇ ਵਿਚ ਮੇਰੀ ਕਲਪਨਾ ਮੈਨੂੰ ਡਰਾਉਣ ਲਗਦੀ ਤਾਂ ਮੈਂ ਉੱਚੀ ਉੱਚੀ ਗੀਤ ਗਾਉਣ ਲਗਦਾ। ਮੇਰੀ ਖਰਵੀ ਆਵਾਜ਼ ਲੋਕਾਂ ਨੂੰ ਬੁਰੀ ਲਗਦੀ। 21 ਸਾਲ ਦੀ ਉਮਰ ਤੱਕ ਪਿੰਡੋਂ ਬਾਹਰ ਨਹੀਂ ਗਿਆ। ਪਹਿਲੀ ਵਾਰ ਰੇਲ 'ਤੇ ਸਵਾਰ ਹੋ ਕੇ ਕੰਮ ਦੀ ਤਲਾਸ਼ ਵਿਚ ਕਿੰਦੋ ਸ਼ਹਿਰ ਗਿਆ, ਆਰਾ ਮਿੱਲ ਦੀਆਂ ਲੱਕੜਾਂ ਵਿਚ ਮੈਂ ਗੁੰਮ ਹੀ ਹੋ ਗਿਆ। ਪਿੰਡ ਆਇਆ, ਮਾਂ ਨੇ ਪੁੱਛਿਆ- ਸ਼ਹਿਰ ਵਿਚ ਕੀ ਕੀ ਦੇਖਿਆ ? ਮੈਂ ਕਿਹਾ- ਲੱਕੜਾਂ ਦੇ ਪਹਾੜ। ਫਰਵਰੀ 1976 ਵਿਚ ਫ਼ੌਜ ਵਿਚ ਭਰਤੀ ਹੋ ਗਿਆ। ਪਤਾ ਲੱਗਾ, ਦੂਰ ਉੱਤਰ ਵੱਲ ਜਾਣਾ ਪਏਗਾ। ਮਾਂ ਨੂੰ ਕਿਹਾ- ਕਿਤਾਬਾਂ ਬਿਨਾਂ ਮੇਰਾ ਸਮਾਂ ਨਹੀਂ ਲੰਘਣਾ। ਮਾਂ ਨੇ ਆਪਣਾ ਆਖ਼ਰੀ ਗਹਿਣਾ ਵੇਚ ਕੇ ਪੈਸੇ ਦਿੱਤੇ ਤਾਂ ਚਾਰ ਜਿਲਦਾਂ ਵਿਚ ਚੀਨ ਦਾ ਇਤਿਹਾਸ ਖ਼ਰੀਦ ਕੇ ਗੱਡੀ ਵਿਚ ਸਵਾਰ ਹੋ ਗਿਆ। ਜੇ ਕਿਤੇ ਚੀਨ ਆਪਣੇ ਦਰਵਾਜ਼ੇ ਬਾਹਰਲੇ ਦੇਸਾਂ ਵੱਲ ਨਾ ਖੋਲਦਾ, ਮੈਂ ਲੇਖਕ ਨਾ ਹੁੰਦਾ। ਮੈਂ ਵਿਦੇਸ਼ੀ ਲੇਖਕਾਂ ਨੂੰ ਪੜਨਾ ਸ਼ੁਰੂ ਕੀਤਾ ਤਾਂ ਮੈਨੂੰ ਲੱਗਾ ਮੈਂ ਪੰਜਵੀਂ ਪਾਸ ਅਵਾਰਾ ਛੋਕਰਾ ਅਨਪੜ ਨਹੀਂ। ਪਿੰਡ ਵਿਚ ਬਿਤਾਏ ਵੀਹ ਵਰੇ ਵੱਖਰੀ ਕਿਸਮ ਦੀ ਵਿੱਦਿਆ ਸੀ ਜਿਹੜੀ ਸਕੂਲੋਂ ਨਾ ਮਿਲਦੀ। ਮੈਂ ਸੋਚਿਆ ਕਰਦਾ ਜਿਹੜੇ ਲੋਕ ਮਹਾਨ ਹੁੰਦੇ ਨੇ, ਨੇਕ ਹੁੰਦੇ ਨੇ, ਬੱਸ ਉਨਾਂ ਦੀਆਂ ਕਹਾਣੀਆਂ ਹੋਇਆ ਕਰਦੀਆਂ ਨੇ। ਇਸੇ ਕਰਕੇ ਮੇਰੀਆਂ ਪਹਿਲੀਆਂ ਕਹਾਣੀਆਂ ਬੇਸੁਆਦੀਆਂ ਨੇ।

1984 ਵਿਚ ਮੈਨੂੰ ਸਾਹਿਤ ਮਹਿਕਮੇ ਨੇ ਮੈਂਬਰ ਬਣਾ ਲਿਆ ਜਿੱਥੇ ਪ੍ਰਸਿੱਧ ਲੇਖਕ ਜ਼ੂ ਹੂਜੋਂਗ ਨੇ ਮੇਰੀ ਨਿਗਰਾਨੀ ਸ਼ੁਰੂ ਕੀਤੀ। ਜਿਵੇਂ ਬੇਜ਼ਮੀਨਾ ਕਿਸਾਨ ਆਪਣੇ ਲਈ ਵਾਹੀ ਯੋਗ ਜ਼ਮੀਨ ਦਾ ਟੁਕੜਾ ਹਾਸਲ ਕਰਨਾ ਚਾਹੇ, ਮੈਂ ਸਾਹਿਤ ਦੀ ਜ਼ਮੀਨ ਵਿਚ ਆਪਣਾ ਰਕਬਾ ਲੱਭਣ ਲੱਗਾ, ਜਿੱਥੇ ਬੱਸ ਮੇਰੀ ਮਾਲਕੀ ਹੋਵੇ। ਅਮਰੀਕਨ ਨਾਵਲਕਾਰ ਵਿਲੀਅਮ ਫਾਕਨਰ ਅਤੇ ਕੋਲੰਬੀਅਨ ਜਬਰੀਲ ਗਾਰਸ਼ੀਆ ਮੇਰੇ ਪ੍ਰੇਰਨਾ ਸਰੋਤ ਹੋ ਗਏ। ਸੁਖੀ ਜੀਵਨ ਬਿਤਾਉਣ ਲਈ ਨਿਮਰਤਾ ਹੋਣੀ ਅਤੇ ਸਮਝੌਤਾ ਕਰਨਾ ਜ਼ਰੂਰੀ ਹੈ। ਪਰ ਸਿਰਜਨਾਤਮਕ ਸਾਹਿਤ ਵਿਚ ਆਤਮ ਵਿਸ਼ਵਾਸ ਨਾਲ ਆਪਣਾ ਰਸਤਾ ਤੈਅ ਕਰਨਾ ਜ਼ਰੂਰੀ ਹੈ। ਇੱਥੇ ਰਾਜ਼ੀ ਨਾਵਾਂ ਨਹੀਂ ਚਲਦਾ। ਦੋ ਸਾਲ ਮੈਂ ਇਨਾਂ ਲੇਖਕਾਂ ਦਾ ਪਿਛਲੱਗ ਬਣਿਆ ਰਿਹਾ। ਫਿਰ ਮੈਨੂੰ ਅਕਲ ਆਈ ਕਿ ਇਹ ਤਾਂ ਦੋ ਭੱਠੇ ਨੇ ਤੇ ਮੈਂ ਬਰਫ਼ ਦੀ ਸੇਲੀ। ਇਨਾਂ ਤੋਂ ਪਰੇ ਨਾ ਹਟਿਆ ਤਾਂ ਭਾਫ਼ ਦਾ ਬੱਦਲ ਬਣ ਕੇ ਉੱਡ ਜਾਵਾਂਗਾ।

ਮੇਰੀਆਂ ਮੁੱਢਲੀਆਂ ਕਹਾਣੀਆਂ ਉਸ ਤਰਾਂ ਦੀਆਂ ਹਨ ਜਿਸ ਤਰਾਂ ਮੈਂ ਆਪਣੇ ਪਰਿਵਾਰ ਅਤੇ ਗਵਾਂਢੀਆਂ ਨੂੰ ਸੁਣਾਇਆ ਕਰਦਾ ਸਾਂ। ਸੁੱਕੀ ਨਦੀ ਅਤੇ ਪਾਰਦਰਸ਼ੀ ਗਾਜਰ ਇਸੇ ਤਰਾਂ ਦੀਆਂ ਕਹਾਣੀਆਂ ਹਨ। ਫਿਰ ਮੈਂ ਜਾਣਿਆ ਕਿ ਹੱਡ-ਬੀਤੀ ਚਾਹੇ ਕਿੰਨੀ ਅਦਭੁਤ ਹੋਵੇ ਤਾਂ ਵੀ ਕਲਪਨਾ ਦੀ ਲੋੜ ਪਏਗੀ। ਫ਼ੋਟੋਗਰਾਫੀ ਨਹੀਂ ਕਰਨੀ, ਕਹਾਣੀ ਲਿਖਣੀ ਹੈ। ਲੇਖਕ ਜਿੰਨੇ ਮਰਜ਼ੀ ਪਾਤਰ ਘੜੇ, ਉਨਾਂ ਵਿੱਚੋਂ ਇਕ ਸਭ ਤੋਂ ਉੱਚੀ ਥਾਂ 'ਤੇ ਰਹਿੰਦਾ ਹੈ। ਪਾਰਦਰਸ਼ੀ ਗਾਜਰ ਵਿਚਲਾ ਗੁੰਗਾ ਮੁੰਡਾ ਸਬਰ ਸ਼ੁਕਰ ਕਰਕੇ ਜੀਵਨ ਦੇ ਦੁੱਖ ਝੱਲਦਾ ਹੈ। ਆਪਣੇ ਤਜਰਬੇ ਮੁੱਕ ਜਾਣ ਤਾਂ ਹੋਰਨਾਂ ਦੇ ਸਰੋਤੇ ਬਣੇ ਰਹੋ। ਦਾਦੀ ਨਾਨੀ ਤੋਂ ਲੈ ਕੇ ਦੋਹਤੀ ਤਕ ਮੈਂ ਸਭ ਦੀਆਂ ਕਹਾਣੀਆਂ ਲਿਖੀਆਂ ਕਿਉਂਕਿ ਮੈਂ ਇਨਾਂ ਦਾ ਸਰੋਤਾ ਸਾਂ। ਮੇਰੇ ਆਖ਼ਰੀ ਨਾਵਲ ਡੱਡੂ ਦੀ ਨਾਇਕਾ ਮੇਰੀ ਚਾਚੀ ਹੈ। ਜਦੋਂ ਨੋਬਲ ਇਨਾਮ ਦੀ ਖ਼ਬਰ ਪਿੰਡ ਵਿਚ ਪੁੱਜੀ, ਪੱਤਰਕਾਰ ਅਤੇ ਟੀਵੀ ਵਾਲੇ ਕੈਮਰੇ ਲੈ ਕੇ ਚਾਚੀ ਦੇ ਘਰ ਚਲੇ ਗਏ। ਉਹ ਅੱਖ ਬਚਾ ਕੇ ਭੱਜ ਗਈ ਤੇ ਗੱਡੀ ਚੜ ਕੇ ਸਾਹ ਲਿਆ। ਮੇਰੀ ਚਾਚੀ ਦਿਆਲੂ ਔਰਤ ਹੈ ਪਰ ਨਾਵਲ ਵਿਚ ਮੈਂ ਉਸ ਨੂੰ ਬੁਰੀ ਦਿਖਾ ਦਿੱਤਾ ਤਾਂ ਵੀ ਉਹ ਨਰਾਜ਼ ਨਹੀਂ ਹੋਈ। ਫਿਰ ਆਪਣੀ ਮ੍ਰਿਤਕ ਮਾਂ ਨੂੰ ਕੇਂਦਰ ਵਿਚ ਰੱਖ ਕੇ ਜਦੋਂ ਨਾਵਲ ਲਿਖਣ ਲੱਗਾ ਤਾਂ ਏਨਾ ਜਜ਼ਬਾਤੀ ਹੋ ਗਿਆ ਕਿ ਪੰਜ ਲੱਖ ਲਫ਼ਜ਼ 83 ਦਿਨਾਂ ਵਿਚ ਲਿਖ ਦਿੱਤੇ। ਇਸ ਨਾਵਲ ਵਿੱਚੋਂ ਤੁਸੀਂ ਚੀਨ ਦੀ, ਨਹੀਂ ਜਹਾਨ ਦੀ, ਹਰੇਕ ਮਾਂ ਦੇਖੋਗੇ।

ਲਸਣ ਦੇ ਗੀਤ ਨਾਵਲ ਵਿਚ ਮੈਂ ਅਸਲ ਬੰਦੇ ਦਾ ਨਾਮ ਲਿਖ ਦਿੱਤਾ। ਕਈ ਕਹਾਣੀਆਂ ਦੇ ਪਾਤਰ ਅਸਲੀ ਨਾਮ ਦੇ ਹਨ। ਇਸ ਨਾਲ ਬੜੀਆਂ ਨਾਰਾਜ਼ਗੀਆਂ ਝੱਲੀਆਂ। ਅਸਲੀ ਨਾਮ ਵਰਤੇ ਬਿਨਾਂ ਮੈਨੂੰ ਕਹਾਣੀ ਨਕਲੀ ਲਗਦੀ ਤੇ ਸ਼ੁਰੂ ਵਿਚ ਸੋਚਦਾ ਕਿ ਮੁਕੰਮਲ ਹੋਣ ਤੇ ਨਾਮ ਬਦਲ ਦਿਆਂਗਾ। ਜਦੋਂ ਨਾਮ ਬਦਲ ਦਿੰਦਾ, ਮੈਨੂੰ ਲਗਦਾ ਇਹ ਉਹ ਕਹਾਣੀ ਰਹੀ ਹੀ ਨਹੀਂ ਇਹ ਤਾਂ ਨਕਲੀ ਚੀਜ਼ ਹੋ ਗਈ, ਫਿੱਕੀ ਜਿਹੀ। ਬਦਨਾਮੀ ਮਹਿਸੂਸ ਕਰਦਿਆਂ ਇਹ ਲੋਕ ਸਾਡੇ ਘਰ ਲੜਨ ਲਈ ਆਉਂਦੇ ਤਾਂ ਅੱਬੂ ਕਿਤਾਬ ਚੁੱਕ ਕੇ ਇਕ ਵਾਕ ਦਿਖਾਉਂਦਾ- ਆਹ ਦੇਖੋ, ਮੇਰੇ ਬਾਰੇ ਲਿਖਿਆ ਹੈ, ਮੈਂ ਬਦਮਾਸ਼ ਦਾ ਤੁਖ਼ਮ ਹਾਂ। ਛੱਡੋ, ਦਫ਼ਾ ਕਰੋ ਇਹਨੂੰ। ਮੈਂ ਗਾਲਾਂ ਬਰਦਾਸ਼ਤ ਕਰ ਲੈਨਾ, ਤੈਸ਼ ਵਿਚ ਨਾ ਆਓ। ਸਰਕਾਰਾਂ ਚਾਹਿਆ ਕਰਦੀਆਂ ਹਨ ਲੇਖਕ ਨਾਵਲਾਂ ਵਿਚ ਸਮਕਾਲੀ ਸੰਕਟ ਦਾ ਵਰਣਨ ਕਰਨ ਦੀ ਥਾਂ ਸਿਆਸੀ ਰਿਪੋਰਟਾਂ ਲਿਖਿਆ ਕਰਨ। ਮੈਂ ਸਿਆਸਤ ਤੋਂ ਮੁਕਤ ਰਿਹਾ। ਜਿੰਨੀਆਂ ਮੁਸੀਬਤਾਂ ਵਿੱਚੋਂ ਲੰਘੋਗੇ, ਓਨਾ ਸੁਹਣਾ ਲਿਖੋਗੇ। ਤੁਸੀਂ ਅੱਕ ਗਏ ਹੋਣੇ ਕਿ ਮੈਂ ਆਪਣੀਆਂ ਗੱਲਾਂ ਕਰੀ ਜਾਨਾਂ। ਮੇਰੀਆਂ ਲਿਖਤਾਂ ਮੇਰੀ ਜ਼ਿੰਦਗੀ ਦੇ ਵਾਕਿਆਤ ਹੀ ਹਨ। ਹੋਰ ਮੈਂ ਕੀ ਕਰਾਂ। ਮੈਨੂੰ ਪਤਾ ਹੈ ਤੁਸੀਂ ਦਰਿਆ ਦਿਲ ਹੋ, ਮੈਨੂੰ ਖਿਮਾ ਕਰ ਦਿਉਗੇ।

ਮੁੱਢਲੀਆਂ ਲਿਖਤਾਂ ਵਿਚ ਮੈਂ ਆਪਣੀ ਕਹਾਣੀ ਆਪਣੇ ਆਪ ਨੂੰ ਸੁਣਾਈ। ਸੰਦਲੀ ਮੌਤ ਅਜਿਹਾ ਨਾਵਲ ਹੈ ਜਿਹੜਾ ਮੈਂ ਭੀੜ ਵਿਚਕਾਰ ਖਲੋਤਾ ਸੁਣਾ ਰਿਹਾ ਹਾਂ। ਸ਼ੁਰੂ ਵਿਚ ਪੱਛਮੀ ਤਕਨੀਕਾਂ ਦੀ ਵਰਤੋਂ ਕੀਤੀ ਪਰ ਕਾਮਯਾਬੀ ਉਦੋਂ ਮਿਲੀ ਜਦੋਂ ਦੇਸੀ ਚੀਨੀ ਸੁਰ ਵਿਚ ਗੀਤ ਗਾਇਆ। ਬਾਂਦਰ ਟਪੂਸੀਆਂ ਨਾਲ ਗੱਲ ਨਹੀਂ ਬਣਦੀ ਹੁੰਦੀ।

ਜੀਵਨ ਮੌਤ ਲੋਪ ਹੋਏ ਨਾਵਲ ਦਾ ਸਿਰਲੇਖ ਬੋਧ ਗ੍ਰੰਥ ਵਿੱਚੋਂ ਲਿਆ ਹੈ। ਮੈਨੂੰ ਬੋਧ ਗ੍ਰੰਥਾਂ ਅਤੇ ਧਰਮ ਦੀ ਮਾਮੂਲੀ ਜਾਣਕਾਰੀ ਹੈ ਤਾਂ ਵੀ ਮੈਨੂੰ ਲਗਦਾ ਹੈ ਬੁੱਧ ਮੱਤ ਦੁਨੀਆ ਦੇ ਦਿਲ ਦੀ ਗੱਲ ਕਰਦਾ ਹੈ, ਬੁੱਧ ਮੱਤ ਸਾਹਮਣੇ ਸਭ ਸੰਕਟ ਫ਼ਜ਼ੂਲ ਹਨ। ਮੇਰੇ ਇਸ ਨਾਵਲ ਵਿਚ ਕਿਧਰੇ ਧਰਮ ਪ੍ਰਚਾਰ ਨਹੀਂ ਲੱਭੇਗਾ, ਮੈਂ ਤਾਂ ਆਦਮੀ ਦੀ ਸੀਮਾ, ਜਜ਼ਬੇ, ਦੁੱਖ, ਦਇਆ ਅਤੇ ਹੋਣੀ ਬਾਰੇ ਲਿਖਿਆ ਹੈ। ਇਸ ਨਾਵਲ ਦਾ ਹੀਰੋ ਮੇਰੇ ਪਿੰਡ ਦਾ ਕਿਸਾਨ ਲਾਂ ਲੀਆਂ ਹੈ। ਨਿੱਕਾ ਹੁੰਦਾ ਹਰ ਸਵੇਰ ਦੇਖਦਾ ਉਹ ਲੱਕੜ ਦੇ ਗੱਡੇ ਨੂੰ ਧੱਕਾ ਲਾਉਂਦਾ ਤੁਰਿਆ ਜਾਂਦਾ, ਜਿਸ ਅੱਗੇ ਲੰਗੜਾ ਖੋਤਾ ਜੁੜਿਆ ਹੁੰਦਾ। ਉਸ ਦੀ ਡੁੱਡੇ ਪੈਰਾਂ ਵਾਲੀ ਔਰਤ ਨਾਲ ਤੁਰੀ ਜਾਂਦੀ। ਇਨਾਂ ਮਖੌਲੀਆਂ ਨੂੰ ਦੇਖ ਦੇਖ ਅਸੀਂ ਬੱਚੇ ਖ਼ੂਬ ਹੱਸਦੇ। ਇਹ ਗ਼ਰੀਬ ਕਿਸਾਨ ਵੱਡੇ ਵੱਡੇ ਖੱਬੀਖ਼ਾਨਾਂ ਨਾਲ ਆਢਾ ਲਾ ਲੈਂਦਾ। ਸਾਲ 2005 ਵਿਚ ਮੈਂ ਬੋਧ ਮੰਦਰ ਗਿਆ, ਉੱਥੇ ਇਕ ਤਸਵੀਰ ਦੇਖੀ- ਸੰਸਾਰ ਦੇ ਛੇ ਪੜਾਅ। ਦੇਖਣ ਸਾਰ ਮੈਨੂੰ ਸਮਝ ਆ ਗਈ ਕਿਸਾਨ ਨੂੰ ਕਿਵੇਂ ਚਿਤਰਨਾ ਹੈ।

ਨੋਬਲ ਇਨਾਮ ਮਿਲਣ ਪਿੱਛੋਂ ਵਾਦ ਵਿਵਾਦ ਦੀਆਂ ਹਨੇਰੀਆਂ ਝੁੱਲੀਆਂ। ਥੀਏਟਰ ਵਿਚ ਬੈਠੇ ਦਰਸ਼ਕ ਵਾਂਗ ਮੈਂ ਇਹ ਹਨੇਰੀਆਂ ਦੇਖੀਆਂ। ਇਨਾਮ ਯਾਫ਼ਤਾ ਬੰਦੇ ਨੂੰ ਮੈਂ ਫੁੱਲਾਂ ਨਾਲ ਲੱਦਿਆ ਜਾਂਦਾ ਦੇਖਦਾ, ਪਥਰਾਓ ਹੁੰਦਾ ਤੇ ਚਿੱਕੜ ਉਛਾਲਿਆ ਜਾਂਦਾ ਦੇਖਦਾ। ਕਦੀ ਕਦੀ ਮੈਂ ਡਰਿਆ ਵੀ, ਕਿਤੇ ਪੱਥਰਾਂ ਦੀ ਮਾਰ ਨਾਲ ਉਹ ਮਰ ਤਾਂ ਨਹੀਂ ਜਾਏਗਾ ? ਪਰ ਭਾਈ, ਨਾ ਫੁੱਲਾਂ ਦੀ ਮਾਰ ਵਕਤ, ਨਾ ਪੱਥਰਾਂ ਦੀ ਬੁਛਾੜ ਵਿਚ ਉਹ ਮਰਿਆ। ਚਿੱਕੜ ਅਤੇ ਫੁੱਲ ਝਾੜ ਕੇ ਉਹ ਫਿਰ ਲਿਖਣ ਬੈਠ ਗਿਆ। ਮੈਂ ਭਾਸ਼ਣ ਨਹੀਂ ਕੀਤੇ। ਭਾਸ਼ਣ ਹਵਾ ਵਿਚ ਉੱਡ ਜਾਂਦੇ ਹਨ। ਅੱਖਰ ਨਹੀਂ ਖੁਰਦੇ। ਸ਼ਾਂਤ ਚਿੱਤ ਹੋ ਮੇਰੀਆਂ ਲਿਖਤਾਂ ਪੜੋ, ਉਨਾਂ ਬਾਰੇ ਰਾਵਾਂ ਨਾ ਦਿਓ, ਸਲਾਹਾਂ ਨਾ ਦਿਓ। ਮੈਂ ਉਸ ਮਿੱਟੀ ਦਾ ਨਹੀਂ ਬਣਿਆ ਜਿਹੜੀ ਢਲ ਜਾਵੇ। ਤੁਸੀਂ ਮੰਨ ਲਿਆ ਮੈਂ ਕਹਾਣੀਕਾਰ ਹਾਂ, ਫਿਰ ਇਸ ਗੱਲਬਾਤ ਦੀ ਸਮਾਪਤੀ ਕਹਾਣੀ ਸੁਣਾਏ ਬਗੈਰ ਕਿਵੇਂ ਹੋ ਸਕਦੀ ਹੈ ? ਲਓ ਜੀ ਸੁਣੋ:

ਸਾਲ 1960 ਵਿਚ ਤੀਜੀ ਜਮਾਤ ਵਿਚ ਸਾਂ, ਸਾਨੂੰ ਪਿੰਡ ਵਿਚ ਜਾ ਕੇ ਨਾਟਕ ਕਰਨ ਲਈ ਕਿਹਾ। ਇਕ ਦ੍ਰਿਸ਼ ਵਿਚ ਰੋ ਕੇ ਦਿਖਾਉਣਾ ਸੀ। ਕਈਆਂ ਦੇ ਹੰਝੂ ਨਿਕਲ ਵੀ ਆਏ ਪਰ ਬਹੁਤਿਆਂ ਨੇ ਥੁੱਕ ਲਾ ਲਿਆ। ਇਕ ਤਰੀਕਾ ਇਹ ਵੀ ਸੀ ਕਿ ਰੋਂਦੇ ਰੋਂਦੇ ਚਿਹਰਾ ਹੱਥਾਂ ਨਾਲ ਢੱਕ ਲਵੋ, ਜਿਵੇਂ ਹੱਥਾਂ ਹੇਠ ਹੰਝੂ ਵਹਿ ਰਹੇ ਹੋਣ। ਮੈਂ ਦੇਖਿਆ, ਸਾਡੇ ਵਿਚ ਇਕ ਮੁੰਡਾ ਚੁੱਪਚਾਪ ਖਲੋਤਾ ਰਿਹਾ, ਨਾ ਚੀਕਿਆ, ਨਾ ਹੰਝੂ ਵਹਾਏ, ਨਾ ਗੱਲਾਂ 'ਤੇ ਥੁੱਕ ਲਾਇਆ। ਮੈਂ ਉਸ ਦੀ ਸ਼ਿਕਾਇਤ ਲਾ ਦਿੱਤੀ। ਮਾਸਟਰ ਨੇ ਝਿੜਕਿਆ। ਇਕ ਦਿਨ ਮਾਸਟਰ ਜੀ ਮਿਲੇ, ਮੈਂ ਉਨਾਂ ਨਾਲ ਪੁਰਾਣੀ ਯਾਦ ਸਾਂਝੀ ਕੀਤੀ। ਕਹਿੰਦੇ- ਹਾਂ, ਦਸ ਵਿਦਿਆਰਥੀ ਹੁਕਮ ਮੰਨ ਕੇ ਓਵੇਂ ਕਰਦੇ ਰਹੇ ਜਿਵੇਂ ਮੈਂ ਕਿਹਾ, ਕੇਵਲ ਇਕ ਸੀ ਜਿਸ ਨੇ ਹੁਕਮ ਅਦੂਲੀ ਕੀਤੀ। ਦਸ ਸਾਲ ਪਹਿਲਾਂ ਇਸ ਮੁੰਡੇ ਦੀ ਮੌਤ ਹੋ ਗਈ। ਇਸ ਜਮਾਤੀ ਨੂੰ ਮਿਲ ਕੇ ਮੈਂ ਕਹਿਣਾ ਸੀ ਜਦੋਂ ਆਲੇ ਦੁਆਲੇ ਸਭ ਰੋ ਰਹੇ ਹੋਣ ਤਾਂ ਖ਼ਾਮੋਸ਼ ਸ਼ਾਂਤ ਖੜੇ ਰਹਿਣ ਦਾ ਤੇਰਾ ਹੱਕ ਹੈ। ਜਦੋਂ ਹੰਝੂ, ਚੀਕਾਂ ਦਿਖਾਵੇ ਮਾਤਰ ਹੋਣ, ਉਦੋਂ ਸ਼ਾਂਤ ਖੜੇ ਰਹਿਣ ਦਾ ਤੂੰ ਵਧੀਕ ਹੱਕਦਾਰ ਹੈਂ।

ਦੂਜੀ ਕਹਾਣੀ ਤੀਹ ਸਾਲ ਪਹਿਲਾਂ ਦੀ ਹੈ। ਮੈਂ ਫ਼ੌਜੀ ਸਾਂ ਤੇ ਆਪਣੀ ਬੈਰਕ ਵਿਚ ਬੈਠਾ ਕਿਤਾਬ ਪੜ ਰਿਹਾ ਸਾਂ। ਸਾਡਾ ਅਫ਼ਸਰ ਅੰਦਰ ਆਇਆ ਤੇ ਗੱਜ ਕੇ ਪੁੱਛਿਆ- ਇੱਥੇ ਤਾਂ ਕੋਈ ਵੀ ਨਹੀਂ ? ਕਿੱਧਰ ਮਰ ਗਏ ਸਾਰੇ ? ਸਤਿਕਾਰ ਵਜੋਂ ਮੈਨੂੰ ਖੜਾ ਤਾਂ ਹੋਣਾ ਪਿਆ ਪਰ ਗ਼ੁੱਸਾ ਮੈਨੂੰ ਵੀ ਆ ਗਿਆ, ਮੈਂ ਕਿਹਾ- ਤੈਨੂੰ ਮੈਂ ਦਿਸਦਾ ਨਹੀਂ ? ਤੂੰ ਕਹਿਨੈ ਇੱਥੇ ਕੋਈ ਨਹੀਂ ਹੈ, ਮੈਂ ਕੋਈ ਨਹੀਂ ਆਂ ? ਉਸ ਦਾ ਮੂੰਹ ਲਾਲ ਹੋ ਗਿਆ ਪਰ ਚਲਾ ਗਿਆ। ਮੈਨੂੰ ਆਪਣੀ ਨਿਡਰਤਾ ਉੱਪਰ ਫ਼ਖਰ ਹੋਇਆ। ਕਈ ਸਾਲ ਬਾਦ ਫ਼ਖਰ ਦਾ ਫ਼ਤੂਰ ਖ਼ਤਮ ਹੋਇਆ ਤੇ ਸ਼ਾਂਤ ਆਤਮਾ ਨਸੀਬ ਹੋਈ।

ਬਾਕੀ ਸਫ਼ਾ 32 'ਤੇ

# ਕੋਰੋਨਾ ਮਹਾਂਮਾਰੀ ਸਦਕਾ ਭੁੱਖਮਰੀ ਤੇ ਬੇਰੁਜ਼ਗਾਰੀ ਖ਼ੌਫ਼ਨਾਕ ਆਫ਼ਤਾਂ ਸਿੱਧ ਹੋਣਗੀਆਂ

## ਇਸ ਸਾਲ ਦੇ ਅੰਤ ਤਕ ਰੋਜ਼ਾਨਾ ਦੁਨੀਆ ਭਰ ਵਿਚ 12 ਹਜ਼ਾਰ ਲੋਕ ਮਰ ਸਕਦੇ ਨੇ, 25 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਨੇ



- ਮੁਖਤਾਰ ਗਿੱਲ

ਕੌਮਾਂਤਰੀ ਸੰਸਥਾ 'ਆਕਸਫੈਮ' ਨੇ ਆਪਣੀ ਹਾਲ ਹੀ ਵਿਚ ਜਾਰੀ ਰਿਪੋਰਟ ਵਿਚ ਖ਼ਦਸ਼ਾ ਪ੍ਰਗਟਾਇਆ ਹੈ ਕਿ ਕੋਰੋਨਾ ਮਹਾਂਮਾਰੀ ਕਾਰਨ ਪੈਦਾ ਹੋਈ ਆਰਥਿਕ ਮੰਦੀ ਦੇ ਫਲਸਰੂਪ ਭੁੱਖਮਰੀ ਫੈਲਣ ਕਰਕੇ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਕੋਰੋਨਾ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਨਾਲੋਂ ਕਈ ਗੁਣਾ ਜ਼ਿਆਦਾ ਹੋਵੇਗੀ। ਕੋਵਿਡ-19 ਕਾਰਨ ਉਪਜਣ ਵਾਲੀ ਭੁੱਖਮਰੀ ਦੀ ਭਿਆਨਕਤਾ ਦੱਸਦਿਆਂ ਖ਼ਦਸ਼ਾ ਪ੍ਰਗਟਾਇਆ ਹੈ ਕਿ ਇਸ ਸਾਲ ਦੇ ਅੰਤ ਤਕ ਰੋਜ਼ਾਨਾ ਦੁਨੀਆ ਭਰ ਵਿਚ 12 ਹਜ਼ਾਰ ਲੋਕ ਮਰ ਸਕਦੇ ਹਨ।

ਇਹੀ ਨਹੀਂ, 12 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਹਨ ਕਿਉਂਕਿ ਵੱਡੇ ਪੱਧਰ 'ਤੇ ਅਨਾਜ ਦੀ ਥੁੜ ਹੋਵੇਗੀ ਅਤੇ ਬੇਰੁਜ਼ਗਾਰੀ ਵਧੇਗੀ। ਵਿਸ਼ਵ ਖ਼ੁਰਾਕ ਪ੍ਰੋਗਰਾਮ ਦੇ ਮੁਖੀ ਡੇਵਿਡ ਵੇਸਲੇ ਨੇ ਕਿਹਾ ਸੀ ਕਿ ਦੁਨੀਆ ਨੂੰ ਕੋਰੋਨਾ ਤੋਂ ਬਾਅਦ ਇਕ ਹੋਰ ਭਿਆਨਕ ਸੰਕਟ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਵਿਸ਼ਵ ਭਰ ਦੇ 25 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਹਨ। ਦੁਨੀਆ ਵਿਚ ਪਹਿਲਾਂ ਹੀ 82 ਕਰੋੜ ਲੋਕ ਭੁੱਖ ਦਾ ਸਾਹਮਣਾ ਕਰ ਰਹੇ ਹਨ। ਜਦੋਂ ਕੋਰੋਨਾ ਮਹਾਂਮਾਰੀ ਨੇ ਦੁਨੀਆ ਭਰ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ ਤਾਂ ਭੁੱਖਮਰੀ ਤੇ ਬੇਰੁਜ਼ਗਾਰੀ ਦਾ ਸੰਕਟ-ਇਸ ਤੋਂ ਵੀ ਜ਼ਿਆਦਾ ਭਿਆਨਕ ਹੋਣ ਦਾ ਖ਼ਦਸ਼ਾ ਹੈ।

ਜਿੱਥੇ ਦੱਖਣੀ ਏਸ਼ੀਆ ਦੇ ਕੁਝ ਦੇਸ਼ ਸੋਕੇ ਵਰਗੀ ਸਥਿਤੀ ਨੂੰ ਝੱਲ ਰਹੇ ਹਨ ਉੱਥੇ ਹੀ ਯਮਨ, ਕਾਂਗੋ, ਹੈਤੀ, ਨਾਈਜੀਰੀਆ, ਸੁਡਾਨ, ਸੀਰੀਆ ਅਤੇ ਅਫ਼ਗਾਨਿਸਤਾਨ ਵਰਗੇ ਮੁਲਕਾਂ ਦੀ ਸਥਿਤੀ ਵੀ ਠੀਕ ਨਹੀਂ। ਵਿਸ਼ਵ ਖ਼ੁਰਾਕ ਪ੍ਰੋਗਰਾਮ ਦੀ ਚਿੰਤਾ ਇਹ ਹੈ ਕਿ ਵਿਸ਼ਵ ਖ਼ੁਰਾਕ ਕਾਰਜ-ਕਰਮ ਦੇ ਵਾਸਤੇ ਉਸ ਨੂੰ ਧਨ ਮੁਹੱਈਆ ਕਰਵਾਉਣ ਵਾਲੇ ਸਾਰੇ ਦੇਸ਼ ਅਮਰੀਕਾ, ਜਰਮਨੀ, ਇਟਲੀ, ਫਰਾਂਸ ਆਦਿ ਕੋਵਿਡ-19 ਨਾਲ ਜੂਝ ਰਹੇ ਹਨ। ਇਨਾਂ ਸਾਰੇ ਦੇਸ਼ਾਂ ਦੀ ਸਥਿਤੀ ਇੰਨੀ ਖ਼ਰਾਬ ਹੈ ਕਿ ਉਨਾਂ ਨੂੰ ਆਪਣੇ ਦੇਸ਼ਾਂ ਨੂੰ ਚਲਾਉਣ 'ਚ ਮੁਸ਼ਕਲ ਆ ਰਹੀ ਤਾਂ ਉਹ ਵਿਸ਼ਵ ਸੰਗਠਨਾਂ ਨੂੰ ਮਦਦ ਕਿਵੇਂ ਦੇਣ ? ਵਿਸ਼ਵ ਖ਼ੁਰਾਕ ਪ੍ਰੋਗਰਾਮ ਤਹਿਤ ਰੋਜ਼ਾਨਾ ਦਸ ਕਰੋੜ ਲੋਕਾਂ ਨੂੰ ਖ਼ੁਰਾਕ ਮੁਹੱਈਆ ਕਰਵਾਈ ਜਾਂਦੀ ਹੈ।

ਵਿਸ਼ਵ ਭੁੱਖਮਰੀ ਸੂਚੀ (ਜੀਐੱਚਆਈ ਗਲੋਬਲ ਹੰਗਰ ਇੰਡੈਕਸ) ਦੀ 2019 ਦੀ ਰਿਪੋਰਟ ਮੁਤਾਬਿਕ ਭਾਰਤ ਦੁਨੀਆ ਦੇ 117 ਦੇਸ਼ਾਂ ਦੀ ਦਰਜਾਬੰਦੀ ਵਿਚ 102ਵੇਂ ਸਥਾਨ 'ਤੇ ਸੀ। ਆਇਰਲੈਂਡ ਦੀ ਏਜੰਸੀ 'ਕੰਸਰਨ ਵਰਲਡ ਵਾਈਡ' ਤੇ ਜਰਮਨੀ ਦੇ ਸੰਗਠਨ 'ਵੇਲਟ ਹੰਗਰ' ਵੱਲੋਂ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਰਿਪੋਰਟ ਵਿਚ ਭਾਰਤ ਵਿਚਲੀ ਭੁੱਖਮਰੀ ਦੇ ਪੱਧਰ ਨੂੰ ਗੰਭੀਰ ਦੱਸਿਆ ਗਿਆ ਸੀ। ਇਕ ਅਨੁਮਾਨ ਅਨੁਸਾਰ ਭਾਰਤ ਵਿਚ 20 ਕਰੋੜ ਲੋਕ ਭੁੱਖੇ ਸੌਂਦੇ ਹਨ। ਤੀਹ ਫ਼ੀਸਦੀ ਤੋਂ ਵੱਧ ਲੋਕ ਗੰਭੀਰ ਭੁੱਖਮਰੀ ਦੀ ਹਾਲਤ ਵਿਚ ਜੀਵਨ ਗੁਜ਼ਾਰ ਰਹੇ ਹਨ। ਭਾਰਤ ਦੇ ਇਕ ਤਿਹਾਈ ਬੱਚੇ ਪੌਸ਼ਟਿਕ ਭੋਜਨ ਨਾ ਮਿਲਣ ਕਰਕੇ ਕਿਸੇ ਨਾ ਕਿਸੇ ਬਿਮਾਰੀ ਦੀ ਲਪੇਟ 'ਚ ਜ਼ਿੰਦਗੀ ਕੱਟ ਰਹੇ ਹਨ। ਯੂਨੀਸੈੱਫ ਦੀ ਇਕ ਹੋਰ ਰਿਪੋਰਟ ਅਨੁਸਾਰ ਭਾਰਤ ਦਾ ਹਰ ਦੂਜਾ ਬੱਚਾ ਭੁੱਖਮਰੀ ਦਾ ਸ਼ਿਕਾਰ ਹੈ। ਪਿਛਲੇ ਦੋ ਮਹੀਨਿਆਂ ਵਿਚ ਭਾਰਤ ਵਿਚ ਰੋਜ਼ ਕਮਾ ਕੇ ਖਾਣ ਵਾਲੇ ਪਹਿਲਾਂ ਨਾਲੋਂ ਵੀ ਬਦਤਰ ਹਾਲਾਤ 'ਚ ਪਹੁੰਚ ਗਏ ਹਨ। ਕਰੋੜਾਂ ਲੋਕਾਂ ਦਾ ਕੰਮ-ਧੰਦਾ ਬੰਦ ਹੋ ਗਿਆ ਹੈ। ਕੇਂਦਰ ਸਰਕਾਰ ਨੇ ਮਗਨਰੇਗਾ ਤਹਿਤ 40 ਹਜ਼ਾਰ ਕਰੋੜ ਦੇਣ ਦਾ ਐਲਾਨ ਕੀਤਾ ਹੈ ਪਰ ਇਹ ਸਰਕਾਰੀ ਮਦਦ ਊਠ ਦੇ ਮੂੰਹ ਵਿਚ ਜ਼ੀਰੇ ਦੇ ਤੁੱਲ ਹੈ। ਇਹ ਉਹ ਤਬਕਾ ਹੈ ਜੋ ਆਉਣ ਵਾਲੇ ਦਿਨਾਂ ਵਿਚ ਭੁੱਖਮਰੀ ਦੇ ਹਾਲਾਤ ਦਾ ਸਾਹਮਣਾ ਕਰਨ ਲਈ ਤਿਆਰ ਬੈਠਾ ਹੈ। ਤਾਲਾਬੰਦੀ ਤੋਂ ਪਹਿਲਾਂ ਜੇ ਸਰਕਾਰ ਨੇ ਮਾਨਵੀ ਪੱਖ ਵੱਲ ਜ਼ਰਾ ਵੀ ਸੰਜੀਦਗੀ ਨਾਲ ਧਿਆਨ ਦਿੱਤਾ ਹੁੰਦਾ ਤਾਂ ਭਾਰਤ ਇਕ ਵੱਡੇ ਗੰਭੀਰ ਸੰਕਟ ਤੋਂ ਬਚ ਸਕਦਾ ਸੀ। ਹੁਣ ਲਾਕਡਾਊਨ ਖ਼ਤਮ ਹੋਣ ਤੋਂ ਬਾਅਦ ਹਾਲਾਤ ਹੋਰ ਵੀ ਬਦਤਰ ਹੋ ਗਏ ਹਨ ਕਿਉਂਕਿ ਤਕਰੀਬਨ 42-43 ਕਰੋੜ ਗ਼ਰੀਬ ਅਤੇ ਰੋਜ਼ਾਨਾ ਕਮਾ ਕੇ ਖਾਣ ਵਾਲੇ ਕਿਰਤੀ ਬੇਰੁਜ਼ਗਾਰ ਹੋ ਗਏ ਹਨ। ਬੇਰੁਜ਼ਗਾਰੀ ਖ਼ਾਸ ਤੌਰ 'ਤੇ ਪਿਛਲੇ ਦੋ ਮਹੀਨਿਆਂ ਵਿਚ ਵਿਕਰਾਲ ਸਮੱਸਿਆ ਦਾ ਰੂਪ ਧਾਰਨ ਕਰ ਚੁੱਕੀ ਹੈ। ਜ਼ਿਆਦਾਤਰ ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਤਾਲਾਬੰਦੀ ਖ਼ਤਮ ਹੋਣ ਤੋ ਬਾਅਦ ਬੇਰੁਜ਼ਗਾਰੀ ਦਾ ਸੰਕਟ ਹੋਰ ਗੰਭੀਰ ਹੋ ਗਿਆ ਹੈ। ਆਨਲਾਈਨ ਨੌਕਰੀਆਂ ਮੁਹੱਈਆ ਕਰਵਾਉਣ ਵਾਲੀ ਇਕ ਕੰਪਨੀ ਅਨੁਸਾਰ ਟਰਾਂਸਪੋਰਟ, ਹੋਟਲ ਅਤੇ ਹੋਰ ਖੁਰਦਾ ਕਾਰੋਬਾਰ ਵਿਚ ਰੁਜ਼ਗਾਰ ਦੇ ਮੌਕੇ 60 ਫ਼ੀਸਦੀ ਘੱਟ ਗਏ ਹਨ।




ਲੱਖਾਂ ਲੋਕ ਜੋ ਆਪਣੇ ਰਾਜਾਂ ਤੋਂ ਦੂਸਰੇ ਸੂਬਿਆਂ ਵਿਚ ਮਜ਼ਦੂਰੀ ਕਰਨ ਆਏ ਸਨ, ਉਹ ਵੀ ਰੁਜ਼ਗਾਰ ਗੁਆ ਕੇ ਭੁੱਖੇ-ਭਾਣੇ ਪੈਦਲ ਹੀ ਆਪਣੇ ਪਿਤਰੀ ਰਾਜਾਂ ਨੂੰ ਜਾ ਚੁੱਕੇ ਹਨ। ਮੌਜੂਦਾ ਹਾਲਾਤ ਨੂੰ ਦੇਖ ਕੇ ਕਰੋੜਾਂ ਲੋਕਾਂ ਦਾ ਕੰਗਾਲੀ, ਬਦਹਾਲੀ ਅਤੇ ਭੁੱਖਮਰੀ ਦੇ ਕਗਾਰ 'ਤੇ ਪਹੁੰਚ ਜਾਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕੋਰੋਨਾ ਮਹਾਂਮਾਰੀ ਸਦਕਾ ਹੁਣ ਹੋਰ ਖ਼ੌਫ਼ਨਾਕ ਆਫ਼ਤਾਂ ਭੁੱਖਮਰੀ ਤੇ ਬੇਰੁਜ਼ਗਾਰੀ ਜ਼ਿਆਦਾ ਖ਼ਤਰਨਾਕ ਤਰੀਕੇ ਨਾਲ ਦਸਤਕ ਦੇ ਚੁੱਕੀਆਂ ਹਨ।

---

# ਬੱਲੇ ਨੀ ਪੰਜਾਬ ਦੀਏ ਸ਼ੇਰ ਬਚੀਏ

## ਪੜਾਈ ਤੇ ਖੇਤੀ ਕੰਮਾਂ 'ਚ ਨਿਪੁੰਨ ਹੈ ਮੁਟਿਆਰ ਬਲਦੀਪ ਕੌਰ ਮੋਦੀ ਸਰਕਾਰ ਖ਼ਿਲਾਫ਼ ਕਿਸਾਨੀ ਘੋਲ 'ਚ ਕੀਤੀ ਸ਼ਮੂਲੀਅਤ

- ਸ਼ਵਿੰਦਰ ਕੌਰ

ਸਦੀਆਂ ਤੋਂ ਸਾਮੰਤੀ ਅਤੇ ਰੂੜੀਵਾਦੀ ਸੋਚ ਕਾਰਨ ਮਰਦ ਪ੍ਰਧਾਨ ਸਮਾਜ ਪੁੱਤਰਾਂ ਨੂੰ ਪਹਿਲ ਦਿੰਦਾ ਰਿਹਾ ਹੈ। ਮਾਂ-ਪਿਓ, ਦਾਦਾ-ਦਾਦੀ ਆਪਣਾ ਵੰਸ਼ ਚਲਾਉਣ ਲਈ ਪੁੱਤਰ ਦੀ ਇੱਛਾ ਰੱਖਦੇ ਹਨ। ਭਾਵੇਂ ਹੁਣ ਸਥਿਤੀ ਵਿੱਚ ਕਾਫ਼ੀ ਫ਼ਰਕ ਆਇਆ ਹੈ ਪਰ ਅਜੇ ਵੀ ਜ਼ਿਆਦਾ ਲੋਕਾਂ ਦੀ ਸੋਚ ਵਿੱਚ ਇਹ ਸਮਾਇਆ ਹੋਇਆ ਹੈ ਕਿ ਧੀਆਂ ਤਾਂ ਮਾਪਿਆਂ ਉੱਤੇ ਭਾਰ ਹੀ ਹੁੰਦੀਆਂ ਹਨ। ਇਸੇ ਲਈ ਹੀ ਜਦੋਂ ਧੀ ਨੂੰ ਵਿਆਹ ਕੇ ਸਹੁਰੇ ਘਰ ਤੋਰਿਆ ਜਾਂਦਾ ਹੈ ਤਾਂ ਹਰ ਇੱਕ ਦੇ ਮੂੰਹੋਂ ਇਹ ਸ਼ਬਦ ਹੀ ਨਿਕਲਦੇ ਹਨ, "ਚਲੋ ਭਾਈ ਚੰਗਾ ਹੋਇਆ ਸਿਰੋਂ ਭਾਰ ਲੱਥਾ।" ਧੀਆਂ ਮਾਪਿਆਂ ਦੇ ਘਰੇਲੂ ਰੋਟੀ ਟੁੱਕ, ਚੁੱਲਾ ਚੌਕਾ, ਗੋਹਾ ਕੂੜਾ, ਸਾਫ਼ ਸਫ਼ਾਈ ਆਦਿ ਕੰਮਾਂ ਵਿੱਚ ਪੂਰਾ ਹੱਥ ਵਟਾਉਂਦੀਆਂ ਹਨ। ਪਰ ਘਰ ਦੇ ਕੰਮਾਂ ਨੂੰ ਤਾਂ ਕੰਮ ਹੀ ਨਹੀਂ ਸਮਝਿਆ ਜਾਂਦਾ। ਖੇਤੀ ਦੇ ਕੰਮਾਂ ਵਿੱਚ ਤਾਂ ਪੁੱਤ ਹੀ ਬਾਪ ਦਾ ਸਹਾਰਾ ਬਣ ਸਕਦੇ ਹਨ। ਇਸ ਧਾਰਨਾ ਨੇ ਹੀ ਧੀ ਨਾਲੋਂ ਪੁੱਤ ਦੇ ਪੈਦਾ ਹੋਣ ਦੀ ਲਾਲਸਾ ਨੂੰ ਜਨਮ ਦਿੱਤਾ।

ਇਸ ਧਾਰਨਾ ਨੂੰ ਆਪਣੇ ਕਰਮ ਨਾਲ ਝੂਠਾ ਸਾਬਤ ਕਰ ਦਿੱਤਾ ਹੈ ਬਠਿੰਡੇ ਜ਼ਿਲੇ ਦੇ ਪਿੰਡ ਮਹਿਮਾ ਭਗਵਾਨਾ ਦੀ ਧੀ ਬਲਦੀਪ ਕੌਰ ਨੇ। ਤਿੰਨ ਧੀਆਂ ਦੇ ਬਾਪ ਜਗਸੀਰ ਸਿੰਘ ਦੀ ਵਿਚਕਾਰਲੀ ਧੀ ਬਲਦੀਪ ਕੌਰ ਖੇਤੀ ਦੇ ਹਰ ਕੰਮ ਵਿੱਚ ਮਾਹਿਰ ਹੈ। ਖੇਤੀ ਦੇ ਨਾਲ-ਨਾਲ ਉਸ ਨੇ ਆਪਣੀ ਪੜਾਈ ਵੀ ਜਾਰੀ ਰੱਖੀ ਹੋਈ ਹੈ। ਉਸ ਨੇ ਬਾਰਵੀਂ ਜਮਾਤ ਬਿਆਸੀ ਪਰਸੈਂਟ ਨੰਬਰ ਲੈ ਕੇ ਪਾਸ ਕੀਤੀ ਹੈ। ਉਸ ਨੇ ਟਰੈਕਟਰ ਦਾ ਸਟੇਅਰਿੰਗ ਹੀ ਆਪਣੇ ਹੱਥਾਂ ਵਿੱਚ ਨਹੀਂ ਫੜਿਆ, ਖਾਲ ਘੜਨ, ਜ਼ਮੀਨ ਵਾਹੁਣ, ਬੀਜਣ, ਵੱਟਾਂ ਪਾਉਣ, ਪਾਣੀ ਲਾਉਣ ਤੋਂ ਬਿਨਾਂ ਝੋਨਾ ਲਾਉਣ ਲਈ ਖੇਤ ਕੱਦੂ ਕਰਨ ਵਾਲੇ ਕੰਮ ਵੀ ਉਹ ਮਾਹਿਰ ਕਿਸਾਨ ਵਾਂਗ ਕਰਦੀ ਹੈ। ਸੂਰਜ ਦੀ ਆਮਦ ਨੂੰ ਜੀਅ ਆਇਆ ਕਹਿਣ ਲਈ ਅਜੇ ਅਸਮਾਨ ਸੰਦਲੀ ਰੰਗ ਦਾ ਦੁਪੱਟਾ ਲਪੇਟ ਕੇ ਲਾਲ ਸੂਹਾ ਨਜ਼ਰ ਆਉਣ ਹੀ ਲੱਗਿਆ ਹੁੰਦਾ ਹੈ, ਜਦੋਂ ਬਲਦੀਪ ਟਰੈਕਟਰ ਮਗਰ ਹੱਲ ਪਾਈ, ਰਾਹਾਂ ਵਿੱਚ ਧੂੜਾਂ ਉਡਾਉਂਦੀ ਫੋਰਡ ਟਰੈਕਟਰ ਨੂੰ ਚਲਾਉਂਦੀ ਸਵੈ ਵਿਸ਼ਵਾਸ ਨਾਲ ਧਰਤੀ ਦੀ ਹਿੱਕ ਤੇ ਸਿਆੜ ਕੱਢਣ ਲਈ ਨਿਕਲਦੀ ਹੈ। ਆਪਣੀ ਇਸ ਮਾਣਮੱਤੀ ਧੀ ਤੇ ਜਗਸੀਰ ਸਿੰਘ ਮਾਣ ਨਾਲ ਸਿਰ ਉੱਚਾ ਕਰ ਲੈਂਦਾ ਹੈ।

ਪਹਿਲਾਂ ਲੋਕ ਨੂੰ ਉਸ ਨੂੰ ਟਰੈਕਟਰ ਚਲਾਉਂਦੀ ਦੇਖ ਕੇ ਹੈਰਾਨੀ ਹੁੰਦੇ ਸਨ। ਕਈ ਦਕਿਆਨੂਸੀ ਸੋਚ ਵਾਲੇ ਅੰਦਰੇ ਅੰਦਰ ਕੁਲਝਦੇ ਵੀ ਸਨ। ਜਿਸ ਲੜਕੀ ਨੂੰ ਤੱਕ ਕੇ ਕੱਲ ਤਕ ਨੱਕ ਬੁੱਲ ਵਟਦੇ ਸਨ, ਅੱਜ ਜਦੋਂ ਉਹ ਧਰਤੀ ਮਾਂ ਦੇ ਗਰਭ ਵਿੱਚੋਂ ਨਵੀਆਂ ਕਰੂੰਬਲਾਂ ਨੂੰ ਫੁੱਟਣ ਦਾ ਆਹਰ ਕਰ ਰਹੀ ਹੁੰਦੀ ਹੈ ਤਾਂ ਉਹੀ ਲੋਕ ਉਸ ਦੀਆਂ ਉਦਾਹਰਨਾਂ ਆਪਣੇ ਪੁੱਤਾਂ ਨੂੰ ਦਿੰਦੇ ਹਨ।

ਜਗਸੀਰ ਸਿੰਘ ਨੂੰ ਤਾਂ ਉਸ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਬਾਪੂ ਲੜਕੀ ਦਾ ਕੰਮ ਸਿਰਫ਼ ਘਰ ਵਸਾਉਣਾ ਹੀ ਨਹੀਂ ਹੁੰਦਾ, ਉਸ ਨੂੰ ਆਪਣੇ ਨਾਲ ਹੋ ਰਹੇ ਸਮਾਜੀ ਵਿਤਕਰੇ ਨੂੰ ਵੀ ਆਪਣੇ ਕਰਮ ਨਾਲ ਖ਼ਤਮ ਕਰਨਾ ਹੁੰਦਾ ਹੈ। ਲੋਕ ਕੀ ਕਹਿਣਗੇ, ਇਸ ਗੱਲ ਦੀ ਕਦੇ ਪ੍ਰਵਾਹ ਨਾ ਕਰੀਂ। ਇੱਥੇ ਜੋ ਆਪਣੀ ਮਿਹਨਤ




ਨਾਲ ਤਕਦੀਰ ਅਤੇ ਤਦਬੀਰ ਨੂੰ ਨਵੇਂ ਅਰਥ ਦਿੰਦੇ ਹਨ, ਨੂੰ ਹੀ ਜਿੱਤ ਨਸੀਬ ਹੁੰਦੀ ਹੈ। ਆਪਣੀ ਇਸ ਸੋਚ ਨੂੰ ਕਿ ਖੇਤੀ ਦੇ ਕੰਮਾਂ ਵਿੱਚ ਵੀ ਧੀਆਂ ਪੁੱਤਾਂ ਵਿੱਚ ਕੋਈ ਫ਼ਰਕ ਨਹੀਂ, ਸੱਚ ਸਾਬਤ ਕਰਨ ਲਈ ਪਹਿਲਾਂ ਸਾਨੂੰ ਪੁੱਤਾਂ ਵਾਲੇ ਰੋਲ ਨਿਭਾਉਣੇ ਹੀ ਪੈਣਗੇ। ਸੱਚਮੁੱਚ ਹੀ ਕੇਸੂ ਦੇ ਫੁੱਲ ਵਰਗੀ ਪਰ ਅੰਦਰੋਂ ਲੋਹੇ ਵਰਗੀ ਮਜ਼ਬੂਤ, ਨਿਡਰ, ਨਿਧੜਕ ਅਤੇ ਸਵੈ-ਵਿਸ਼ਵਾਸ ਨਾਲ ਭਰਪੂਰ ਇਸ ਕੁੜੀ ਨੇ ਖੇਤਾਂ ਦੀ ਧੀ ਬਣ ਕੇ ਨਵੀਂ ਪਿਰਤ ਪਾ ਦਿੱਤੀ ਹੈ। ਆਪਣੇ ਕਰਮ ਰਾਹੀਂ ਇਸ ਨੇ ਧੀਆਂ ਨੂੰ ਦੁਰਕਾਰਨ ਵਾਲਿਆਂ, ਜੰਮਣ ਤੋਂ ਪਹਿਲਾਂ ਮਾਰਨ ਵਾਲਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਖੇਤਾਂ ਦੀ ਧੀ ਹੋਣ ਦੇ ਨਾਲ-ਨਾਲ ਖੇਤਾਂ ਦੀ ਸਲਾਮਤੀ ਲਈ ਵੀ ਉਸ ਨੇ ਨਵੀਂ ਬਣੇ ਉਡਾਣ ਭਰ ਕੇ ਇੱਕ ਹੋਰ ਪਰੰਪਰਾ ਨੂੰ ਜਨਮ ਦਿੱਤਾ ਹੈ।

ਕੇਂਦਰੀ ਹਕੂਮਤ ਵੱਲੋਂ ਖੇਤੀ ਸੁਧਾਰਾਂ ਦੇ ਨਾਂ 'ਤੇ ਖੇਤੀ ਦੇ ਵਿਨਾਸ਼ ਲਈ ਲਿਆਂਦੇ ਤਿੰਨ ਆਰਡੀਨੈਂਸ ਜਿਨਾਂ ਨੂੰ ਰੱਦ ਕਰਵਾਉਣ ਲਈ ਕਿਸਾਨ ਯੂਨੀਅਨਾਂ ਵੱਲੋਂ ਸੰਘਰਸ਼ ਵਿੱਢਿਆ ਹੋਇਆ ਹੈ, ਉਨਾਂ ਵੱਲੋਂ ਟਰੈਕਟਰ ਰੋਸ ਮਾਰਚ ਕਰਨ ਦੀ ਘੋਸ਼ਣਾ ਕੀਤੀ ਗਈ ਤਾਂ ਬਲਦੀਪ ਆਪਣੇ ਦਾਦਾ ਜੀ ਜਰਨੈਲ ਸਿੰਘ ਜੋ ਕਿਸਾਨੀ ਦੇ ਹਰ ਸੰਘਰਸ਼ ਵਿੱਚ ਯੋਗਦਾਨ ਪਾਉਂਦੇ ਰਹੇ ਹਨ, ਦੀ ਸੋਚ ਦੀ ਧਾਰਨੀ ਹੋ ਕੇ ਇਸ ਸੰਘਰਸ਼ ਦੀ ਹਮਾਇਤ ਵਿੱਚ ਉੱਤਰ ਆਈ ਹੈ। ਜਦੋਂ ਇਹ ਕਾਫ਼ਲਾ ਸਤਾਈ ਜੁਲਾਈ ਨੂੰ ਪਿੰਡ ਮਹਿਮਾ ਸਰਜਾ ਦੇ ਫੋਕਲ ਪੁਆਇੰਟ ਤੋਂ ਚੱਲਿਆ ਤਾਂ ਦੇਖਣ ਵਾਲਾ ਸੀ। ਆਪਣੇ ਫੋਰਡ ਟਰੈਕਟਰ ਉੱਤੇ ਬੈਨਰ ਅਤੇ ਝੰਡਾ ਲਾਈ ਖ਼ੁਦ ਬਲਦੀਪ ਕੌਰ ਟਰੈਕਟਰ ਚਲਾ ਕੇ ਇਸਦੀ ਅਗਵਾਈ ਕਰ ਰਹੀ ਸੀ। ਸਰਕਾਰਾਂ ਵੱਲੋਂ ਕਿਸਾਨਾਂ ਦੀ ਲੁੱਟ ਲਈ ਘੜੇ ਕਾਨੂੰਨਾਂ ਸਦਕਾ ਪੜਨ ਲਿਖਣ ਦੀ ਉਮਰੇ ਧੀਆਂ ਨੂੰ ਸੰਘਰਸ਼ ਦੇ ਰਾਹ ਪੈਣਾ ਪੈ ਰਿਹਾ ਹੈ।ਬਲਦੀਪ ਕੌਰ ਮੁਤਾਬਿਕ ਉਨਾਂ ਕੋਲ 6 ਕਿੱਲੇ ਜ਼ਮੀਨ ਹੈ ਜਦਕਿ ਕਰਜ਼ਾ ਵੀ ਕਾਫ਼ੀ ਹੈ। ਉਸ ਨੂੰ ਸਰਕਾਰ ਵੱਲੋਂ ਕਰਜ਼ਾ ਮੁਆਫ਼ ਨਾ ਕਰਨ ਦਾ ਗਿਲਾ ਵੀ ਹੈ। ਬਲਦੀਪ ਮੁਤਾਬਿਕ ਕੇਂਦਰ ਸਰਕਾਰ ਵੱਲੋਂ ਲਿਆਂਦਾ ਜਾ ਰਿਹਾ ਬਿੱਲ ਕਿਸਾਨ ਵਿਰੋਧੀ ਹੈ। ਬਲਦੀਪ ਮੁਤਾਬਿਕ ਉਹ ਕਿਸਾਨੀ ਦੇ ਹੱਕਾਂ ਲਈ ਲੜੇ ਜਾ ਰਹੇ ਘੋਲ 'ਚ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਕਰਦੀ ਰਹੇਗੀ। ਬਲਦੀਪ ਕੌਰ ਦੀਆਂ ਗਤੀਵਿਧੀਆਂ ਤੋਂ ਉਸ ਦੇ ਪਰਵਾਰ ਤੋਂ ਇਲਾਵਾ ਕਿਸਾਨ ਜਥੇਬੰਦੀਆਂ ਦੇ ਆਗੂ ਵੀ ਕਾਫ਼ੀ ਖ਼ੁਸ਼ ਹਨ। ਕਿਸਾਨ ਜਥੇਬੰਦੀ ਦੇ ਆਗੂ ਸੁਖਜੀਵਨ ਸਿੰਘ ਨੇ ਕਿਹਾ, "ਸਾਡੇ ਪਿੰਡ ਦੀ ਧੀ ਸਰਕਾਰ ਦੇ ਖ਼ਿਲਾਫ਼ ਲੜਨ ਲਈ ਮੈਦਾਨ ਵਿਚ ਉੱਤਰੀ ਹੈ, ਸਾਨੂੰ ਇਸ ਗੱਲ ਤੇ ਮਾਨ ਹੈ।" ਇਸੇ ਤਰਾਂ ਬਲਦੀਪ ਕੌਰ ਦੀ ਚਾਚੀ ਅਤੇ ਚਾਚੇ ਮੁਤਾਬਿਕ ਉਨਾਂ ਦਾ ਪਰਵਾਰ ਸ਼ੁਰੂ ਤੋਂ ਹੀ ਕਿਸਾਨੀ ਹੱਕਾਂ ਲਈ ਸੰਘਰਸ਼ ਕਰਦਾ ਆ ਰਿਹਾ ਹੈ। ਹੁਣ ਉਨਾਂ ਦੇ ਪਰਵਾਰ ਦੀ ਧੀ ਬਲਦੀਪ ਕੌਰ ਇਸ ਮੋਹਰੀ ਭੂਮਿਕਾ ਨਿਭਾਅ ਰਹੀ ਹੈ, ਜੋ ਪੂਰੇ ਪਰਵਾਰ ਲਈ ਮਾਣ ਵਾਲੀ ਗੱਲ ਹੈ।

ਪੰਜਾਬ ਦੀ ਮਰ ਰਹੀ ਕਿਸਾਨੀ ਨੂੰ ਬਚਾਉਣ ਲਈ ਜਦੋਂ ਬਲਦੀਪ ਵਰਗੀਆਂ ਧੀਆਂ ਆਪਣੇ ਭਰਾਵਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ਾਂ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਫੜ ਲੈਣਗੀਆਂ ਤਾਂ ਧਰਤੀ ਮਾਂ ਵੀ ਇਹਨਾਂ ਆਪਣੀਆਂ ਧੀਆਂ ਤੇ ਮਾਣ ਮਹਿਸੂਸ ਕਰੇਗੀ। ਕੋਈ ਵੀ ਅਜਿਹੇ ਲੋਕ ਦੋਖੀ ਕਾਇਦੇ ਕਾਨੂੰਨ ਇਹਨਾਂ ਅੱਗੇ ਟਿਕ ਨਹੀਂ ਸਕਣਗੇ। ਉਂਜ ਵੀ ਧਰਤੀ ਮਾਂ ਅਤੇ ਇਸ ਦੀਆਂ ਜਾਈਆਂ ਸਭ ਨੂੰ ਰਿਜ਼ਕ ਦੇਣ ਵਿੱਚ ਵਿਸ਼ਵਾਸ ਰੱਖਦੀਆਂ ਹਨ, ਖੋਹਣ ਵਿੱਚ ਨਹੀਂ। ਪੰਜਾਬੀ ਸ਼ਾਇਰ ਸੁਰਜੀਤ ਪਾਤਰ ਦੀਆਂ ਇਹਨਾਂ ਲਾਈਨਾਂ ਮੁਤਾਬਿਕ:

**ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ,**
**ਯੁੱਗਾਂ ਤੋਂ ਕਾਫ਼ਲੇ ਆਉਂਦੇ ਇਸੇ ਸੱਚ ਦੇ ਗਵਾਹ ਬਣਦੇ।**

ਬਲਦੀਪ ਤੇਰੀਆਂ ਪਾਈਆਂ ਪੈੜਾਂ ਰਾਹਾਂ ਵਿੱਚ ਵੱਟ ਜਾਣ ਅਤੇ ਹੱਕ ਸੱਚ ਲਈ ਲੜਨ ਵਾਲੇ ਕਾਫ਼ਲੇ ਇਹਨਾਂ ਰਾਹਾਂ ਤੇ ਤੁਰਦੇ ਰਹਿਣ - ਮੇਰੇ ਧੁਰ ਅੰਦਰੋਂ ਉਸ ਲਈ ਇਹੀ ਅਸੀਸ ਨਿਕਲਦੀ ਹੈ।

# ਭਾਰਤ-ਪਾਕ ਵੰਡ ਲਈ ਜਿਨਾਹ, ਨਹਿਰੂ, ਹਿੰਦੂ ਮਹਾਂ ਸਭਾ ਤੇ ਅੰਗਰੇਜ਼ ਜ਼ਿੰਮੇਵਾਰ

## ਹਿੰਦੂ ਰਾਸ਼ਟਰਵਾਦੀਆਂ ਨੇ ਜਿਨਾਹ ਨੂੰ ਪਾਕਿਸਤਾਨ ਲੈਣ ਲਈ ਮਜਬੂਰ ਕੀਤਾ, ਗਾਂਧੀ, ਅੰਬੇਡਕਰ ਨਹੀਂ ਚਾਹੁੰਦੇ ਸਨ ਵੰਡ



**- ਮੁਹੰਮਦ ਸੱਜਾਦ**
(ਇਤਿਹਾਸਕਾਰ,ਅਲੀਗੜ੍ਹ ਯੂਨੀਵਰਸਿਟੀ)

ਭਾਰਤ ਵਿੱਚ ਮੁਹੰਮਦ ਅਲੀ ਜਿਨਾਹ ਨੂੰ ਵੰਡ ਲਈ ਦੋਸ਼ੀ ਮੰਨਿਆ ਜਾਂਦਾ ਹੈ। ਭਾਰਤ ਦੀ ਵੰਡ ਲਈ ਕੇਵਲ ਜਿਨਾਹ ਨਹੀਂ ਕਾਂਗਰਸ ਅਤੇ ਹਿੰਦੂ ਮਹਾਂਸਭਾ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਇਸ ਵੰਡ ਲਈ ਮੁਸਲਿਮ ਲੀਗ, ਹਿੰਦੂ ਮਹਾਂ ਸਭਾ, ਕਾਂਗਰਸ ਤੇ ਬਰਤਾਨਵੀ ਸ਼ਾਸਨ ਸਣੇ ਸਾਰਿਆਂ ਦੀ ਭੂਮਿਕਾ ਹੈ। ਇਹ ਸੱਚ ਹੈ ਕਿ ਮੁਸਲਿਮ ਲੀਗ ਨੇ ਵੱਖ ਦੇਸ ਦੀ ਮੰਗ ਕੀਤੀ ਸੀ ਤੇ ਉਨਾਂ ਦੀ ਇਹ ਮੰਗ ਪੂਰੀ ਵੀ ਹੋ ਗਈ। ਇਹੀ ਕਾਰਨ ਹੈ ਕਿ ਵੰਡ ਦਾ ਪੂਰਾ ਦੋਸ਼ ਮੁਸਲਮਾਨਾਂ ’ਤੇ ਪਾ ਦਿੱਤਾ ਗਿਆ ਪਰ ਅਜਿਹਾ ਨਹੀਂ ਹੈ। ਸਾਰੇ ਮੁਸਲਮਾਨ ਵੰਡ ਦੇ ਪੱਖ ਵਿੱਚ ਨਹੀਂ ਸਨ ਜਾਂ ਕੇਵਲ ਮੁਸਲਮਾਨ ਹੀ ਇਸਦੇ ਲਈ ਜ਼ਿੰਮੇਵਾਰ ਸਨ। ਮੌਲਾਨਾ ਆਜ਼ਾਦ ਅਤੇ ਖ਼ਾਨ ਅਬਦੁਲ ਗੱਫਾਰ ਖ਼ਾਨ ਵੰਡ ਦੇ ਸਭ ਤੋਂ ਵੱਡੇ ਵਿਰੋਧੀ ਸਨ। ਉਨਾਂ ਨੇ ਇਸ ਦੇ ਖ਼ਿਲਾਫ਼ ਵੱਡੇ ਪੱਧਰ ’ਤੇ ਆਵਾਜ਼ ਚੁੱਕੀ ਸੀ ਪਰ ਉਨਾਂ ਤੋਂ ਇਲਾਵਾ ਇਮਾਰਤ-ਏ-ਸ਼ਰੀਆ ਦੇ ਮੌਲਾਨਾ ਸੱਜਾ, ਮੌਲਾਨਾ ਹਾਫਿਜ਼-ਉਰ-ਰਹਿਮਾਨ, ਤੁਫ਼ੈਲ ਅਹਿਮਦ ਮੰਗਲੌਰੀ ਵਰਗੇ ਕਈ ਹੋਰ ਲੋਕ ਸਨ ਜਿਨਾਂ ਨੇ ਬਹੁਤ ਸਰਗਰਮੀ ਨਾਲ ਮੁਸਲਿਮ ਲੀਗ ਦੀ ਵੰਡ ਵਾਲੀ ਸਿਆਸਤ ਦਾ ਵਿਰੋਧ ਕੀਤਾ ਸੀ। ਇਤਿਹਾਸਕਾਰ ਉਮਾ ਕੌਰਾ ਨੇ ਲਿਖਿਆ ਹੈ ਕਿ ਵੰਡ ਦੀ ਲਾਈਨ ਉਸ ਵੇਲੇ ਡੂੰਘੀ ਹੋ ਗਈ ਜਦੋਂ 1929 ਵਿੱਚ ਮੋਤੀ ਲਾਲ ਨਹਿਰੂ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਹਿੰਦੂ ਮਹਾਂ ਸਭਾ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਮੋਤੀ ਲਾਲ ਨਹਿਰੂ ਕਮੇਟੀ ਨੇ ਹੋਰ ਗੱਲਾਂ ਤੋਂ ਇਲਾਵਾ ਇਸ ਗੱਲ ਦੀ ਵੀ ਸਿਫ਼ਾਰਸ਼ ਕੀਤੀ ਸੀ ਕਿ ਸੈਂਟਰਲ ਅਸੈਂਬਲੀ ਵਿੱਚ ਮੁਸਲਮਾਨਾਂ ਦੇ ਲਈ 33 ਫੀਸਦ ਸੀਟਾਂ ਰਾਖਵੀਂਆਂ ਹੋਣ। ਆਇਸ਼ਾ ਜਲਾਲ ਨੇ ਲਿਖਿਆ ਹੈ ਕਿ 1938 ਤੱਕ ਜਿਨਾਹ ਮੁਸਲਮਾਨਾਂ ਦੇ ਇਕੱਲੇ ਬੁਲਾਰੇ ਬਣ ਗਏ ਕਿਉਂਕਿ ਕੇਵਲ ਉਹ ਉਨਾਂ ਦੀਆਂ ਮੰਗਾਂ ਨੂੰ ਜ਼ੋਰਦਾਰ ਤਰੀਕੇ ਨਾਲ ਚੁੱਕ ਰਹੇ ਸਨ। ਦੂਜੇ ਪਾਸੇ ਇਤਿਹਾਸਕਾਰ ਚਾਰੂ ਗੁਪਤਾ ਨੇ ਲਿਖਿਆ, “ਕਾਂਗਰਸ ਦੇ ਅੰਦਰ ਦੇ ਹਿੰਦੂਵਾਦੀ ਅਤੇ ਹਿੰਦੂ ਮਹਾਂ ਸਭਾ ਦੇ ਨੇਤਾ ਜਿਸ ਤਰੀਕੇ ਨਾਲ ਭਾਰਤ ਮਾਤਾ, ਮਾਂ ਬੋਲੀ ਤੇ ਗਊ ਮਾਤਾ ਦੇ ਨਾਅਰੇ ਲਗਾ ਰਹੇ ਸਨ ਉਸ ਨਾਲ ਬਹੁਗਿਣਤੀ ਦੇ ਏਕਾਧਿਕਾਰ ਦਾ ਮਾਹੌਲ ਬਣ ਰਿਹਾ ਸੀ, ਜਿਸ ਵਿੱਚ ਮੁਸਲਮਾਨਾਂ ਦਾ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰਨਾ ਸੁਭਾਵਿਕ ਸੀ।“ ਇਹ ਵੀ ਗ਼ੌਰ ਕਰਨ ਵਾਲੀ ਗੱਲ ਹੈ ਕਿ 1932 ਵਿੱਚ ਗਾਂਧੀ-ਅੰਬੇਡਕਰ ਦੇ ਪੂਨੇ ਪੈਕਟ ਤੋਂ ਬਾਅਦ ਜਦੋਂ ਦਲਿਤਾਂ ਦੇ ਲਈ ਸੀਟਾਂ ਰਾਖਵੀਂਆਂ ਹੋਈਆਂ ਤਾਂ ਸਵਰਨ ਜਾਤੀ ਤੇ ਮੁਸਲਮਾਨਾਂ, ਦੋਵਾਂ ਵਿੱਚ ਬੇਚੈਨੀ ਵਧੀ। ਉਨਾਂ ਨੂੰ ਲੱਗਿਆ ਕਿ ਉਨਾਂ ਦਾ ਦਬਦਬਾ ਘੱਟ ਹੋ ਜਾਵੇਗਾ।

ਇਤਿਹਾਸਕਾਰ ਜੋਇਆ ਚੈਟਰਜੀ ਦਾ ਕਹਿਣਾ ਹੈ ਕਿ 1932 ਤੋਂ ਬਾਅਦ ਬੰਗਾਲ ਵਿੱਚ ਹਿੰਦੂ-ਮੁਸਲਮਾਨਾਂ ਦਾ ਟਕਰਾਅ ਵਧਦਾ ਗਿਆ, ਜੋ ਵੰਡ ਦੀ ਭੂਮਿਕਾ ਤਿਆਰ ਕਰਨ ਲੱਗਾ। ਦਰਅਸਲ 1905 ਵਿੱਚ ਧਰਮ ਦੇ ਆਧਾਰ ’ਤੇ ਬੰਗਾਲ ਦੀ ਵੰਡ ਕਰਕੇ ਅੰਗਰੇਜ਼ਾਂ ਨੇ ਵੰਡ ਦੀ ਨੀਂਹ ਤਿਆਰ ਕਰ ਦਿੱਤੀ ਸੀ। ਜੋਇਆ ਅਨੁਸਾਰ ਪੂਰਬੀ ਬੰਗਾਲ ਵਿੱਚ ਫਜ਼ਲ-ਉਲ-ਹੱਕ ਦੀ ਕ੍ਰਿਸ਼ੀ ਪਰਜਾ ਪਾਰਟੀ ਦਾ ਅਸਰ ਵਧਿਆ ਅਤੇ ਪੂਨਾ ਪੈਕਟ ਤੋਂ ਬਾਅਦ ਦਲਿਤਾਂ ਦੇ ਲਈ ਸੀਟਾਂ ਰਾਖਵੀਂਆਂ ਕੀਤੀਆਂ ਗਈਆਂ। ਇਸਦਾ ਅਸਰ ਇਹ ਹੋਇਆ ਕਿ ਕਥਿਤ ਉੱਚ ਜਾਤੀ ਹਿੰਦੂਆਂ ਦਾ ਦਬਦਬਾ ਘਟਣ ਲੱਗਿਆ, ਇਸ ਦੀ ਉਨਾਂ ਨੇ ਕਲਪਨਾ ਵੀ ਨਹੀਂ ਕੀਤੀ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਬੰਗਾਲ ਦੇ ਕਥਿਤ ਉੱਚ ਜਾਤੀ ਦੇ ਲੋਕ ਬਰਤਾਨਵੀ ਰਾਜ ਦੇ ਵਿਰੋਧ ਦੇ ਬਦਲੇ ਮੁਸਲਮਾਨਾਂ ਦੇ ਖ਼ਿਲਾਫ਼ ਰੁਖ ਅਖ਼ਤਿਆਰ ਕਰਨ ਲੱਗੇ।“

ਵਿਲੀਅਮ ਗੋਲਡ ਨੇ ਲਿਖਿਆ ਹੈ ਕਿ ਉੱਤਰ ਪ੍ਰਦੇਸ਼ ਵਿੱਚ ਕਾਂਗਰਸ ਦੇ ਵੱਡੇ ਆਗੂ, ਪੁਰਸ਼ੋਤਮ ਦਾਸ ਟੰਡਨ, ਸੰਪੂਰਨਾਨੰਦ ਅਤੇ ਗੋਵਿੰਦ ਵੱਲਭ ਪੰਤ ਦਾ ਝੁਕਾਅ ਹਿੰਦੂਵਾਦ ਵੱਲ ਸੀ ਜਿਸ ਕਾਰਨ ਮੁਸਲਮਾਨ ਅਲਗ-ਥਲੱਗ ਮਹਿਸੂਸ ਕਰ ਰਹੇ ਸਨ। ਪਰ ਦੂਜੇ ਪਾਸੇ ਇਹ ਵੀ ਸੱਚ ਹੈ ਕਿ ਵੰਡ ਵਿੱਚ ਉੱਤਰ ਪ੍ਰਦੇਸ਼ ਦੇ ਮੁਸਲਮਾਨਾਂ ਦੀ ਭੂਮਿਕਾ ਵੀ ਘੱਟ ਨਹੀਂ ਸੀ।

ਮੁਸ਼ੀਰੁਲ ਹਸਨ, ਪਾਪਿਆ ਘੋਸ਼ ਅਤੇ ਵਨਿਤਾ ਦਾਮੋਦਰਨ ਜਿਹੇ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ 1937 ਵਿੱਚ ਕਾਂਗਰਸ ਦੀ ਅਗਵਾਈ ਵਿੱਚ ਜਦੋਂ ਸਰਕਾਰ ਬਣੀ ਤਾਂ ਹਿੰਦੂਆਂ ਅਤੇ ਮੁਸਲਮਾਨਾਂ, ਦੋਵੇਂ ਪਾਸੇ ਦੇ ਫ਼ਿਰਕੂ ਅਨਸਰਾਂ ਵਿੱਚ ਸੱਤਾ ਦੇ ਵੱਡੇ ਹਿੱਸੇ ’ਤੇ ਕਬਜ਼ਾ ਕਰਨ ਦੀ ਹੋੜ ਲੱਗੀ ਹੋਈ ਸੀ, ਜੋ 1940 ਤੋਂ ਬਾਅਦ ਲਗਾਤਾਰ ਵਧਦੀ ਗਈ। ਜਦੋਂ ਕਾਂਗਰਸ ਨਾਲ ਜੁੜੇ ਮੁਸਲਮਾਨ ਖ਼ੁਦ ਨੂੰ ਅਲੱਗ-ਥਲੱਗ ਮਹਿਸੂਸ ਕਰਨ ਲੱਗੇ ਤਾਂ ਜਿਨਾਹ ਦੀ ਮੁਸਲਿਮ ਲੀਗ ਨੇ ਆਪਣੀ ਸਿਆਸਤ ਚਮਕਾਉਣ ਦੇ ਲਈ ਇਸ ਦਾ ਪੂਰਾ ਫ਼ਾਇਦਾ ਚੁੱਕਿਆ। ਗ਼ੌਰ ਕਰਨ ਵਾਲੀ ਗੱਲ ਹੈ ਕਿ ਅੰਗਰੇਜ਼ਾਂ ਨੇ ਮੁਸਲਿਮ ਲੀਗ ਅਤੇ ਹਿੰਦੂ ਮਹਾਂ ਸਭਾ ਦੋਵਾਂ ਨੂੰ ਉਕਸਾਇਆ, ਕਿਉਂਕਿ ਉਹ ਉਨਾਂ ਦੇ ਨਾਲ ਨਹੀਂ ਲੜ ਰਹੇ ਸਨ ਜਦਕਿ 1942 ਵਿੱਚ ‘ਭਾਰਤ ਛੱਡੋ ਅੰਦੋਲਨ’ ਦੌਰਾਨ ਤਕਰੀਬਨ ਸਾਰੇ ਵੱਡੇ ਕਾਂਗਰਸੀ ਨੇਤਾਵਾਂ ਨੂੰ ਜੇਲ ਵਿੱਚ ਸੁੱਟ ਦਿੱਤਾ ਗਿਆ ਸੀ, ਅਜਿਹੇ ਵਿੱਚ ਫ਼ਿਰਕੂ ਲੋਕਾਂ ਨੂੰ ਸੁਨਹਿਰਾ ਮੌਕਾ ਮਿਲਿਆ। ਜੇ ਤੁਸੀਂ ਸਮਝਦੇ ਹੋ ਕਿ ਮੁਸਲਿਮ ਲੀਗ ਅਤੇ ਹਿੰਦੂ ਮਹਾਂਸਭਾ ਦੇ ਵਿਚਾਲੇ ਕੋਈ ਝਗੜਾ ਸੀ ਤਾਂ ਤੁਹਾਨੂੰ ਇਹ ਜ਼ਰੂਰ ਜਾਣਨਾ ਪਵੇਗਾ ਕਿ ਜਦੋਂ ਕਾਂਗਰਸ ਦੇ ਨੇਤਾ ਜੇਲ ਵਿੱਚ ਸਨ ਤਾਂ ਬੰਗਾਲ, ਸੂਬਾ ਸਰਹਿੰਦ ਅਤੇ ਸਿੰਧ ਵਿੱਚ ਉਹ ਮਿਲ ਕੇ ਸਰਕਾਰਾਂ ਚਲਾ ਰਹੇ ਸਨ। ਇਸ ਨਾਲ ਉਨਾਂ ਦੀ ਫ਼ਿਰਕੂ ਸਿਆਸਤ ਹੋਰ ਮਜ਼ਬੂਤ ਹੋਈ ਅਤੇ ਗਾਂਧੀ-ਨਹਿਰੂ ਨੇ ਜੋ ਹਿੰਦੂ-ਮੁਸਲਿਮ ਏਕਤਾ ਦੀ ਨੀਂਹ ਰੱਖੀ ਸੀ ਉਹ ਵੀ ਕਮਜ਼ੋਰ ਹੋ ਗਈ। ਸਮਾਜਵਾਦੀ ਨੇਤਾ ਰਾਮ ਮਨੋਹਰ ਲੋਹੀਆ ਨੇ ਆਪਣੀ ਕਿਤਾਬ ‘ਗਿਲਟੀ ਮੈਨ ਆਫ਼ ਪਾਰਟੀਸ਼ਨ’ ਵਿੱਚ ਲਿਖਿਆ ਹੈ ਕਿ ਕਈ ਵੱਡੇ ਕਾਂਗਰਸੀ ਨੇਤਾ ਜਿਨਾਂ ਵਿੱਚ ਨਹਿਰੂ ਵੀ ਸ਼ਾਮਿਲ ਸਨ, ਸੱਤਾ ਦੇ ਭੁੱਖੇ ਸਨ ਜਿਨਾਂ ਦੇ ਕਾਰਨ ਦੇਸ ਦੀ ਵੰਡ ਹੋਈ।



**ਬਰਤਾਨਵੀ ਸਰਕਾਰ ਦੇ ਕੱਟੜ ਦੁਸ਼ਮਣ**

ਜਾਇਦਾਦ ਹੀ ਜਿਨਾਹ ਦੀ ਭਾਰਤ ਨੂੰ ਇੱਕ ਮਾਤਰ ਸੁਗਾਤ ਨਹੀਂ ਸੀ। ਸਰੋਜਨੀ ਨਾਇਡੂ ਨੇ ਉਨਾਂ ਬਾਰੇ ਕਿਹਾ ਸੀ ਕਿ ਉਹ ਇੱਕ ਸ਼ਰਮੀਲੇ ਤੇ ਆਦਰਸ਼ਵਾਦ ਵਾਲੇ ਵਿਅਕਤੀ ਸਨ ਅਤੇ ਆਪਣੇ ਵੱਖਰੇ ਅਤੇ ਰੋਹਬਦਾਰ ਜੁੱਸੇ ਦੇ ਨਾਲ ਹੀ ਉਹ ਬਰਿਸਟਰ ਦੇ ਰੂਪ ਵਿੱਚ ਬੰਬਈ ਆਉਣ ਮਗਰੋਂ ਉਹ ਇੱਕ ਪ੍ਰੇਰਣਾਦਾਇਕ ਆਗੂ ਬਣੇ। ਉਹ ਆਪਣੀ ਯੋਗਤਾ ਅਤੇ ਮਿਹਨਤ ਸਦਕਾ ਆਪਣੇ ਪੇਸ਼ੇ ਦੇ ਸਿਖਰ ’ਤੇ ਪਹੁੰਚੇ ਸਨ। ਉਹ ਜਨਤਕ ਜੀਵਨ ਦੀ ਥਾਂ ਸ਼ਰਾਬਖ਼ਾਨੇ ਵਿੱਚ ਆਪਣਾ ਜੀਵਨ ਨਹੀਂ ਖ਼ਤਮ ਕਰਨਾ ਚਾਹੁੰਦੇ ਸਨ। ਜਦੋਂ ਉਹ ਅਸੈਂਬਲੀ ਜਾਂ ਇਸ ਦੇ ਬਾਹਰ ‘ਬਰਤਾਨਵੀ ਸਰਕਾਰ ਦੇ ਕੱਟੜ ਦੁਸ਼ਮਣ’ ਵਜੋਂ ਰੁੱਝੇ ਨਹੀਂ ਹੁੰਦੇ ਸਨ ਤਾਂ ਉਹ ਆਪਣੇ ਚੈਂਬਰ ਦੇ ਬਾਹਰ ਜੁਟੇ ਹੋਏ ਨੌਜਵਾਨਾਂ ਨੂੰ ਸਿਆਸਤ ਵਿੱਚ ਸਰਗਰਮ ਹੋਣ ਦੀ ਸਲਾਹ ਦਿੰਦੇ ਸਨ। ਉਹ ਇਹ ਕੰਮ ਇੱਕ ਆਦਰਸ਼ ਵਜੋਂ ਕਰਦੇ ਸਨ। ਕਾਨੂੰਨੀ ਮਾਹਿਰ ਐਮਸੀ ਚਗਲਾ ਉਨਾਂ ਨੂੰ ਬੌਂਬੇ ਦਾ ਬੇਤਾਜ ਬਾਦਸ਼ਾਹ ਕਹਿੰਦੇ ਸਨ।

ਉਦਾਰਵਾਦੀ ਸੁਧਾਰਕ ਗੋਪਾਲ ਕ੍ਰਿਸ਼ਨ ਗੋਖਲੇ ਨੂੰ ਪੂਰਾ ਭਰੋਸਾ ਸੀ ਕਿ ਜਿਨਾਹ ਵਿੱਚ ਸਚਾਈ ਹੈ ਅਤੇ ਉਹ ਧਰਮਾਂ ਬਾਰੇ ਪੂਰਬ ਧਾਰਨਾਵਾਂ ਤੋਂ ਵੀ ਮੁਕਤ ਹਨ। ਜਿਸ ਕਰਕੇ ਉਹ ਹਿੰਦੂ-ਮੁਸਲਿਮ ਏਕਤਾ ਦੇ ਸਮਰਥਕ ਸਨ। ਗੋਖਲੇ ਦੀ ਸਲਾਹ ਨਾਲ ਹੀ ਉਹ ਮੁਸਲਿਮ ਲੀਗ ਵਿੱਚ ਸ਼ਾਮਲ ਹੋਏ। **ਬਾਕੀ ਸਫ਼ਾ 33 ’ਤੇ**

# ਭਾਰਤ-ਪਾਕ ਵੰਡ ਤੇ ਡਾ. ਅੰਬੇਡਕਰ ਦੀ ਸੋਚ

**- ਐੱਸ.ਐੱਲ. ਵਿਰਦੀ ਐਡਵੋਕੇਟ**

ਭਾਰਤ ਸਰਕਾਰ ਐਕਟ 1935 ਤਹਿਤ 1937 ਵਿਚ ਪਹਿਲੀ ਵਾਰ ਭਾਰਤ ਵਿਚ ਸੂਬਾਈ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਐਲਾਨ ਹੋਇਆ। ਮਹਾਤਮਾ ਗਾਂਧੀ ਦੀ ਰਹਿਨੁਮਾਈ ਵਿਚ ਕਾਂਗਰਸ ਤੇ ਮੁਸਲਿਮ ਲੀਗ ਵਿਚਕਾਰ ਚੋਣ ਸਮਝੌਤਾ ਹੋਇਆ ਕਿ ਚੋਣਾਂ ਉਪਰੰਤ ਘੱਟਗਿਣਤੀਆਂ ਖ਼ਾਸਕਰ ਮੁਸਲਮਾਨਾਂ ਨੂੰ ਕੈਬਨਿਟ ਵਿਚ ਬਰਾਬਰ ਹਿੱਸੇਦਾਰੀ ਦਿੱਤੀ ਜਾਵੇਗੀ, ਪਰ ਚੋਣਾਂ ਜਿੱਤਣ ਤੋਂ ਬਾਅਦ ਪੰਡਿਤ ਜਵਾਹਰ ਲਾਲ ਨਹਿਰੂ ਨੇ ਐਲਾਨ ਕੀਤਾ ਕਿ ਦੇਸ਼ ਵਿਚ ਸਿਰਫ਼ ਦੋ ਪਾਰਟੀਆਂ ਕਾਂਗਰਸ ਤੇ ਬ੍ਰਿਟਿਸ਼ ਹੀ ਹਨ, ਜਦੋਂਕਿ ਦੇਸ਼ ਵਿਚ ਮੁਸਲਿਮ ਲੀਗ ਵੀ ਸੀ। ਗਾਂਧੀ ਦੇ ਵਾਅਦੇ ਅਨੁਸਾਰ ਮੁਸਲਮਾਨਾਂ ਨੂੰ ਮੰਤਰੀ ਨਾ ਬਣਾਇਆ ਗਿਆ। ਇਸ ਤਰਾਂ ਜਿਨਾਹ ਅਤੇ ਮੁਸਲਮਾਨ ਨੇਤਾਵਾਂ ਨੇ ਦੇਖਿਆ ਕਿ ਜਦੋਂ ਉੱਚ ਜਾਤੀ ਹਿੰਦੂ ਸੂਬਿਆਂ ਵਿਚ ਹੀ ਮੁਸਲਮਾਨਾਂ ਨੂੰ ਸੱਤਾ ਵਿਚ ਨਹੀਂ ਆਉਣ ਦੇ ਰਹੇ ਤਾਂ ਕੇਂਦਰ ਵਿਚ ਕਦੋਂ ਆਉਣ ਦੇਣਗੇ। ਇਸ ਤਰਾਂ ਜਿਨਾਹ, ਜੋ ਪਹਿਲਾਂ ਨਰਮ-ਖ਼ਿਆਲ ਮੁਸਲਮਾਨ ਸੀ, ਇਸ ‘ਧੋਖੇ’ ਕਾਰਨ ਕੱਟੜਵਾਦੀ ਬਣ ਗਿਆ ਤੇ ਉਸ ਨੇ ਮੁਸਲਿਮ ਲੀਗ ਦੇ ਲਾਹੌਰ ਸੈਸ਼ਨ ਵਿਚ 26 ਮਾਰਚ, 1940 ਨੂੰ ਪਾਕਿਸਤਾਨ ਦੀ ਮੰਗ ਰੱਖ ਦਿੱਤੀ। ਡਾ. ਬੀ.ਆਰ. ਅੰਬੇਡਕਰ ਨੇ ਦੇਖਿਆ ਕਿ ਜਿਨਾਹ ਤੇ ਗਾਂਧੀ ਆਪਣੇ ਨਿੱਜੀ ਸਵਾਰਥਾਂ ਲਈ ਦ੍ਰਿੜ ਸਨ ਤਾਂ ਉਨਾਂ ਦੋਹਾਂ ਨੇਤਾਵਾਂ, ਉਨਾਂ ਦੀਆਂ ਪਾਰਟੀਆਂ- ਕਾਂਗਰਸ ਤੇ ਮੁਸਲਿਮ ਲੀਗ, ਦੋਹਾਂ ਦੀਆਂ ਕੌਮਾਂ ਹਿੰਦੂ-ਮੁਸਲਮਾਨ ਆਦਿ ਦੇ ਨਜ਼ਰੀਏ ਨੂੰ ਭਾਂਪਦਿਆਂ ਕਿਤਾਬ ‘ਥਾਟਸ ਆਨ ਪਾਕਿਸਤਾਨ ਔਰ ਪਾਰਟੀਸ਼ਨ ਆਫ਼ ਇੰਡੀਆ’ ਲਿਖੀ। ਇਸ ਵਿਚ ਉਨਾਂ ਦੋਹਾਂ ਕੌਮਾਂ ਦੇ ਸਿਧਾਂਤਾਂ ਪ੍ਰਤੀ ਚਾਨਣਾ ਪਾਉਂਦਿਆਂ ਦੇਸ਼ ਦੀ ਵੰਡ ਨੂੰ ਰੋਕਣ ਲਈ ਅੰਗਰੇਜ਼ਾਂ, ਹਿੰਦੂਆਂ ਤੇ ਮੁਸਲਮਾਨਾਂ ਸਾਹਮਣੇ ਤਿੰਨ ਠੋਸ ਯੋਜਨਾਵਾਂ ਰੱਖੀਆਂ। ਪਹਿਲੀ, ਫ਼ਿਰਕੂ ਸਮੱਸਿਆ। ਇਸ ਦਾ ਪ੍ਰਭਾਵਸ਼ਾਲੀ ਹੱਲ ਤੁਰੰਤ ਹੋਣਾ ਚਾਹੀਦਾ ਹੈ। ਬਹੁਗਿਣਤੀ ਫ਼ਿਰਕੇ ਤੇ ਘੱਟਗਿਣਤੀ ਫ਼ਿਰਕੇ ਦੇ ਇਸ ਸੰਘਰਸ਼ ਵਿਚ ਬਹੁਗਿਣਤੀ ਹਿੰਦੂ ਭਾਈਚਾਰੇ ਨੂੰ ਮੁਸਲਮਾਨ ਘੱਟ ਗਿਣਤੀ ਨਾਲੋਂ ਕੁਝ ਵੱਧ ਨੁਮਾਇੰਦਗੀ ਦਿੱਤੀ ਜਾ ਸਕਦੀ ਹੈ, ਪਰ ਜਿਨਾਂ ਪ੍ਰਾਂਤਾਂ ਵਿਚ ਮੁਸਲਮਾਨਾਂ ਦੀ ਬਹੁਗਿਣਤੀ ਹੈ, ਉੱਥੇ ਵੀ ਇਹੀ ਸਿਧਾਂਤ ਲਾਗੂ ਹੋਣਾ ਚਾਹੀਦਾ ਹੈ। ਕਿਸੇ ਵੀ ਫ਼ਿਰਕੇ ਨੂੰ 40 ਫ਼ੀਸਦੀ ਤੋਂ ਜ਼ਿਆਦਾ ਪ੍ਰਤੀਨਿਧਤਾ ਨਹੀਂ ਮਿਲਣੀ ਚਾਹੀਦੀ। ਉਨਾਂ ਦੂਜੀ ਯੋਜਨਾ ਵਿਚ ਕਿਹਾ, ਦੇਸ਼ ਦੀ ਏਕਤਾ-ਅਖੰਡਤਾ ਲਈ ਸਾਡੇ ਸਾਹਮਣੇ ਤਿੰਨ ਬਦਲ ਹਨ। ਪਹਿਲਾ, ਇਕ ਪਾਰਟੀ, ਦੂਜੀ ਪਾਰਟੀ ਦੀਆਂ ਮੰਗਾਂ ’ਤੇ ਵਿਚਾਰ ਕਰੇ। ਦੂਜਾ, ਦੋਵੇਂ ਸ਼ਾਂਤੀ ਨਾਲ ਸਮਝੌਤਾ ਕਰਕੇ ਇਕੱਠੇ ਹੋਣ। ਤੀਜਾ, ਨਹੀਂ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਫ਼ਸਾਦ ਹੋਣਗੇ। ਡਾ. ਅੰਬੇਡਕਰ ਨੇ ਕਿਹਾ, ‘ਇਤਿਹਾਸ ਦੱਸਦਾ ਹੈ ਕਿ ਹਿੰਦੂ-ਮੁਸਲਿਮ ਏਕਤਾ ਨਹੀਂ ਹੋ ਸਕੀ। ਦੋ ਕੌਮਾਂ ਦਾ ਸਿਧਾਂਤ, ਭਾਈਚਾਰੇ ਨੂੰ ਵਧਣ ਨਹੀਂ ਦੇ ਰਿਹਾ। ਦੋਵੇਂ ਕੌਮਾਂ ਦੇ ਇਸ਼ਟ, ਗ੍ਰੰਥ, ਭਾਸ਼ਾ, ਰੀਤੀ ਰਿਵਾਜ, ਸੰਸਕਾਰ, ਸਭਿਅਤਾ ਅਲੱਗ ਅਲੱਗ ਹਨ। ਮੁਸਲਮਾਨਾਂ ਦਾ ਇਸ਼ਟ ਅੱਲਾ ਹੈ, ਹਿੰਦੂਆਂ ਦੇ ਕਰੋੜਾਂ ਦੇਵੀ ਦੇਵਤੇ ਹਨ। ਰੇਲਵੇ ਸਟੇਸ਼ਨਾਂ ’ਤੇ ਹਿੰਦੂ ਪਾਣੀ ਅਤੇ ਮੁਸਲਮਾਨ ਪਾਣੀ ਤਕ ਦੇ ਬੋਰਡ ਲੱਗੇ ਹਨ। ਉੱਪਰੋਂ ਇਨਾਂ ਦੇ ਨੇਤਾ ਗਾਂਧੀ ਤੇ ਜਿਨਾਹ ਆਪਣੇ ਸਵਾਰਥਾਂ ’ਤੇ ਅੜੇ ਹਨ, ਜਿਨਾਂ ਨੂੰ ਮਿਲਾਉਣਾ ਹੁਣ ਸੰਭਵ ਨਹੀਂ।‘ ਡਾ. ਅੰਬੇਡਕਰ ਦੀ ਤੀਜੀ ਯੋਜਨਾ ਇਹ ਸੀ ਕਿ ਭਾਰਤ ਦੀ ਵੰਡ ਬਾਰੇ ਸਬੰਧਿਤ ਵਿਧਾਇਕਾਂ ਤੋਂ ਅਲੱਗ ਅਲੱਗ ਰਾਏ-ਸ਼ੁਮਾਰੀ ਕਰਵਾਈ ਜਾਵੇ। ਜੇ ਚੁਣੇ ਹੋਏ ਵਿਧਾਇਕ ਰਾਜਕੁਮਾਰੀ ਦੀ ਵੰਡ ਦੇ ਹੱਕ ਵਿਚ ਵੋਟ ਪਾਉਂਦੇ ਹਨ ਤਾਂ ਪੱਕੀ ਵੰਡ ਕਰ ਦਿੱਤੀ ਜਾਏ, ਪਰ ਪਹਿਲਾਂ ਪਹਿਲਾਂ ਹਿੰਦੂਆਂ ਦੀ ਆਬਾਦੀ ਦਾ ਪਾਕਿਸਤਾਨ ਤੋਂ ਅਤੇ ਮੁਸਲਮਾਨਾਂ ਦਾ ਹਿੰਦੁਸਤਾਨ ਤੋਂ ਮਿਲਟਰੀ ਦੀ ਦੇਖ-ਰੇਖ ਹੇਠ ਜਾਨ-ਮਾਲ ਦਾ ਵਟਾਂਦਰਾ ਕਰ ਲਿਆ ਜਾਵੇ, ਜਿਵੇਂ ਤੁਰਕੀ, ਯੂਨਾਨ ਅਤੇ ਬੁਲਗਾਰੀਆ ਨੇ ਵਿਨਾਸ਼ਕਾਰੀ ਯੁੱਧਾਂ ਨੂੰ ਖ਼ਤਮ ਕਰਨ ਲਈ ਕੀਤਾ ਸੀ। ਦੂਜੇ ਪਾਸੇ ਗਾਂਧੀ ਇੱਕੋ ਜ਼ਿੱਦ ’ਤੇ ਅੜੇ ਸਨ: ‘ਪਾਕਿਸਤਾਨ ਮੇਰੀ ਲਾਸ਼ ਉੱਤੇ ਬਣੇਗਾ।‘ ਡਾ. ਅੰਬੇਡਕਰ ਨੇ ਕਿਹਾ, ‘ਗਾਂਧੀ ਜੀ, ਕਿਸੇ ਦੇਸ਼ ਦੀ ਵੰਡ ਸਮਾਜਿਕ ਜਾਂ ਫ਼ੌਜੀ ਸਵਾਲ ਹੁੰਦਾ ਹੈ। ਭਾਰਤ ਹੀ ਇਕੱਲਾ ਦੇਸ਼ ਨਹੀਂ ਹੈ ਜਿਸ ਨੂੰ ਵੰਡ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੋਲੈਂਡ ਦੀ ਤਿੰਨ ਵਾਰ ਵੰਡ ਹੋਈ।‘ ਬਰਤਾਨਵੀ ਸਰਕਾਰ ਨੇ 24 ਮਾਰਚ, 1946 ਨੂੰ ਇਕ ਕੈਬਨਿਟ ਮਿਸ਼ਨ ਦਿੱਲੀ ਭੇਜਿਆ। ਜਿਨਾਹ ਨੇ ਮਿਸ਼ਨ ਅੱਗੇ ਵੀ ਮੁਸਲਮਾਨਾਂ ਲਈ ਅਲੱਗ ਰਾਜ ਦੀ ਮੰਗ ਰੱਖੀ। ਨਹਿਰੂ ਨੇ ਕਲਕੱਤਾ ਵਿਖੇ ਇਕ ਪ੍ਰੈੱਸ ਕਾਨਫ਼ਰੰਸ ਵਿਚ ਕਿਹਾ, ‘ਅੰਗਰੇਜ਼ਾਂ ਦੇ ਚਲੇ ਜਾਣ ਪਿੱਛੋਂ, ਰਾਜ ਹਿੰਦੂਆਂ ਦੀ ਮਰਜ਼ੀ ਨਾਲ ਚੱਲੇਗਾ।‘ ਤਾਂ ਮੁਸਲਿਮ ਲੀਗ ਨੇ ਜੁਲਾਈ 1946 ਦੇ ਤੀਜੇ ਹਫ਼ਤੇ ‘ਡਾਇਰੈਕਟ ਐਕਸ਼ਨ’ ਦਾ ਮਤਾ ਪਾਸ ਕਰ ਦਿੱਤਾ ਤੇ ਭਾਰਤ ਵਿਚ ਫ਼ਿਰਕੂ ਦੰਗੇ ਭੜਕ ਪਏ। ਦੇਸ਼ ਵਿਚ ਆਰਜ਼ੀ ਸਰਕਾਰ ਬਣਾਉਣ ਲਈ 12 ਅਗਸਤ, 1946 ਨੂੰ ਨਹਿਰੂ ਨੂੰ ਸੱਦਾ ਮਿਲਿਆ, ਪਰ ਮੁਸਲਿਮ ਲੀਗ ਨੇ ਨਹਿਰੂ ਸਰਕਾਰ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਕਾਂਗਰਸ ਨੇ ਮੰਗ ਕੀਤੀ ਕਿ ਫ਼ੌਰੀ ਕੇਂਦਰ ਵਿਚ ਭਾਰਤੀਆਂ ਦੇ ਹੱਥ ਤਾਕਤ ਦੇ ਦਿੱਤੀ ਜਾਵੇ, ਜੋ ਕਿ ਬਰਤਾਨਵੀ ਸੰਸਦ ਵਿਚ ਐਕਟ ਪਾਸ ਹੋਣ ਬਿਨਾਂ ਨਹੀਂ ਸੀ ਹੋ ਸਕਦੀ। ਫਿਰ 3 ਜੂਨ, 1947 ਨੂੰ ਮਾਊਂਟਬੈਟਨ ਕੈਬਨਿਟ ਮਿਸ਼ਨ ਲੈ ਕੇ ਭਾਰਤ ਆਇਆ। ਉਸ ਨੇ ਨਹਿਰੂ, ਪਟੇਲ, ਜੇ.ਬੀ. ਕਿਪਲਾਨੀ, ਬਲਦੇਵ ਸਿੰਘ, ਜਿਨਾਹ, ਲਿਆਕਤ ਅਲੀ ਖ਼ਾਨ ਅਤੇ ਅਬਦੁਰ ਰਬ ਨਿਸ਼ਤਾਰ ਨੂੰ ਇਕ ਮੇਜ਼ ਕਾਨਫ਼ਰੰਸ ’ਤੇ ਬਿਠਾਇਆ। ਮਾਊਂਟਬੈਟਨ ਨੇ ਦੱਸਿਆ ਕਿ ਸਰ ਸਾਈਰਿਲ ਰੈਡਕਲਿੱਫ ਦੀ ਅਗਵਾਈ ਵਿਚ ਇਕ ਹੱਦਬੰਦੀ ਕਮਿਸ਼ਨ ਬਣਾਇਆ ਗਿਆ ਹੈ, ਜਿਸ ਦਾ ਕੰਮ ਭਾਰਤ ਤੇ ਪਾਕਿ ਦੀਆਂ ਹੱਦਾਂ ਮਿਥਣਾ ਅਤੇ ਪੰਜਾਬ ਤੇ ਬੰਗਾਲ ਦੀ ਵੰਡ ਕਰਨਾ ਹੈ। ਕਮਿਸ਼ਨ ਦੀ ਰਿਪੋਰਟ ਸਭ ਨੂੰ ਮੰਨਣੀ ਪਵੇਗੀ। ਉਪਰੋਕਤ ਸਾਰੇ ਆਗੂਆਂ ਨੇ ਇਸ ਯੋਜਨਾ ਨੂੰ ਮੰਨ ਲਿਆ। ਕੁੱਲ ਹਿੰਦ ਕਾਂਗਰਸ ਕਮੇਟੀ ਦੀ ਬੈਠਕ ਨਵੀਂ ਦਿੱਲੀ ਵਿਖੇ 14-15 ਜੂਨ 1947 ਨੂੰ ਹੋਈ। ਪੰਡਿਤ ਗੋਬਿੰਦ ਵੱਲਭ ਪੰਤ ਨੇ ਵੰਡ ਦੀ ਯੋਜਨਾ ਸਵੀਕਾਰਨ ਵਾਸਤੇ ਮਤਾ ਪੇਸ਼ ਕੀਤਾ। ਨਹਿਰੂ ਤੇ ਪਟੇਲ ਨੇ ਬਿਨਾਂ ਕਿਸੇ ਉਜ਼ਰ ਦੇ ਭਾਰਤ ਦੀ ਵੰਡ ਦੇ ਮਤੇ ਨੂੰ ਸਵੀਕਾਰ ਕਰ ਲਿਆ ਤੇ ਕਾਂਗਰਸ ਵਰਕਿੰਗ ਕਮੇਟੀ ਨੇ ਭਾਰਤ ਦੀ ਵੰਡ ਦਾ ਮਤਾ ਪਾਸ ਕਰ ਦਿੱਤਾ। ਇਸ ਮੌਕੇ ਗਾਂਧੀ ਨੇ ਕਿਹਾ, ‘ਮੈਂ ਸਦਨ ਨੂੰ ਇਹੋ ਸਲਾਹ ਦਿੰਦਾ ਹਾਂ ਕਿ 3 ਜੂਨ ਯੋਜਨਾ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ। ਕਈ ਵਾਰੀ ਕਈ ਫ਼ੈਸਲੇ, ਭਾਵੇਂ ਉਹ ਕਿੰਨੇ ਵੀ ਅਢੁੱਕਵੇਂ ਕਿਉਂ ਨਾ ਹੋਣ, ਲੈਣੇ ਹੀ ਪੈਂਦੇ ਹਨ... ਮੈਂ ਬੈਠਕ ਵਿਚ ਕਾਂਗਰਸ ਕਮੇਟੀ ਨੂੰ ਇਹੋ ਕਹਿਣ ਵਾਸਤੇ ਹਾਜ਼ਰ ਹੋਇਆ ਹਾਂ।‘ ਅੰਤ! ਭਾਰਤ ਦੀ ਵੰਡ ਹੋਈ। 15 ਅਗਸਤ 1947 ਨੂੰ ਭਾਰਤ ਦੇਸ਼ ਦੋਫਾੜ ਹੋ ਕੇ ਹਿੰਦੁਸਤਾਨ ਤੇ ਪਾਕਿਸਤਾਨ ਬਣ ਗਿਆ। ਪਾਕਿਸਤਾਨ ਇਕ ਦਿਨ ਪਹਿਲਾਂ ਹੀ 14 ਅਗਸਤ ਨੂੰ ਹੀ ਬਣ ਚੁੱਕਾ ਸੀ, ਪਰ ਪਾਕਿਸਤਾਨ ਗਾਂਧੀ ਜੀ ਦੀ ਲਾਸ਼ ਉੱਤੇ ਨਹੀਂ, ਸਗੋਂ ਲੱਖਾਂ ਬੇਕਸੂਰਾਂ ਦੀਆਂ ਲਾਸ਼ਾਂ ’ਤੇ ਬਣਿਆ। ਭਾਰਤ ਦੀ ਵੰਡ ਸਮੇਂ ਦੋਹਾਂ ਪਾਸਿਆਂ ਤੋਂ ਜਦੋਂ ਵੱਡੇ ਪੱਧਰ ’ਤੇ ਆਬਾਦੀ ਦਾ ਤਬਾਦਲਾ ਹੋਇਆ ਤਾਂ ਫ਼ਿਰਕੂ ਫ਼ਸਾਦਾਂ ਦੇ ਰੂਪ ਵਿਚ ਵੱਡਾ ਘੱਲੂਘਾਰਾ ਵਾਪਰਿਆ। ਕਰੀਬ 10 ਲੱਖ ਲੋਕ ਮਾਰੇ ਗਏ। 1.30 ਕਰੋੜ ਲੋਕਾਂ ਨੂੰ ਘਰਾਂ ਤੋਂ ਉੱਜੜਨਾ ਪਿਆ। ਦੋਹਾਂ ਪਾਸਿਉਂ ਤੋਂ ਇਕ ਲੱਖ ਲੜਕੀਆਂ ਉਧਾਲ਼ੀਆਂ ਗਈਆਂ, ਜਬਰੀ ਉਨਾਂ ਦਾ ਧਰਮ ਬਦਲਿਆ ਗਿਆ। ਡਾ. ਅੰਬੇਡਕਰ ਇਸ ਹਾਲਾਤ ਬਾਰੇ ਪਹਿਲਾਂ ਹੀ ਜਾਣੂ ਸਨ। ਉਨਾਂ ਆਪਣੀ ਕਿਤਾਬ ‘ਥੌਟਸ ਆਨ ਪਾਕਿਸਤਾਨ’ ਵਿਚ ਸਪਸ਼ਟ ਸੁਝਾਅ ਦਿੱਤਾ ਸੀ ਕਿ ਇਸ ਤਬਾਹੀ ਤੋਂ ਬਚਣ ਵਾਸਤੇ ਦੇਸ਼ ਵੰਡ ਤੋਂ ਪਹਿਲਾਂ ਹੀ ਮਿਲਟਰੀ ਦੀ ਦੇਖ ਰੇਖ ਵਿਚ ਤਬਾਦਲਾ ਕਰ ਲੈਣਾ ਚਾਹੀਦਾ ਹੈ।

# ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਇਤਿਹਾਸ

**- ਧਰਮ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਨਾ ਕੇਵਲ ਬਾਣੀ ਆਈ, ਸਗੋਂ ਉਨਾਂ ਦੁਆਰਾ ਇਕ ਨਵੇਂ ਧਰਮ ਦੀ ਨੀਂਹ ਵੀ ਰੱਖੀ ਗਈ। ਗੁਰੂ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ ਹਰ ਹਿੰਦੁਸਤਾਨੀ ਧਰਮ ਦਾ ਆਪੋ-ਆਪਣਾ ਧਰਮ ਗ੍ਰੰਥ ਸੀ ਅਤੇ ਉਨਾਂ ਨੂੰ ਇਸ ਦੀ ਅਹਿਮੀਅਤ ਦਾ ਭਲੀ-ਭਾਂਤ ਗਿਆਨ ਵੀ ਸੀ। ਇਸ ਲਈ ਨਵੇਂ ਧਰਮ ਦੇ ਸਿਧਾਂਤਾਂ ਨੂੰ ਆਮ ਲੋਕਾਂ ਤੱਕ ਪ੍ਰਸਾਰਿਤ ਕਰਨ ਹਿਤ ਗੁਰੂ ਨਾਨਕ ਦੇਵ ਜੀ ਨੇ ਆਪ ਬਾਣੀ ਰਚੀ ਅਤੇ ਨਾਲ ਹੀ ਨਾਲ ਇਸ ਦੀ ਸਾਂਭ-ਸੰਭਾਲ ਲਈ ਯਤਨ ਵੀ ਆਰੰਭੇ। ਆਪਣੀਆਂ ਉਦਾਸੀਆਂ ਸਮੇਂ ਉਹ ਵੱਖ-ਵੱਖ ਧਰਮ ਸਥਾਨਾਂ ਜਾਂ ਕੇਂਦਰਾਂ ਉੱਪਰ ਗਏ ਅਤੇ ਆਪਣੇ ਸਮਕਾਲੀ ਅਤੇ ਪੂਰਬਲੇ ਸੰਤਾਂ ਭਗਤਾਂ ਦੀ ਬਾਣੀ ਇਕੱਠੀ ਵੀ ਕੀਤੀ ਜੋ ਗੁਰੂ ਆਸ਼ੇ ਨਾਲ ਮੇਲ ਖਾਂਦੀ ਸੀ। ਇਸੇ ਲਈ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਵਿਚਾਰਧਾਰਾਈ ਸਮਾਨਤਾ ਵੇਖਦੇ ਹਾਂ।

ਕਿਸੇ ਵੀ ਵਿਚਾਰਧਾਰਾ ਜਾਂ ਦਰਸ਼ਨ ਦੀ ਸਾਰਥਿਕਤਾ ਦੀ ਪਰਖ ਇਸ ਗੱਲੋਂ ਕੀਤੀ ਜਾ ਸਕਦੀ ਹੈ ਕਿ ਉਸ ਨੇ ਕਿਸ ਕਿਸਮ ਦਾ ਵਿਅਕਤੀ ਅਤੇ ਸਮਾਜ ਸਿਰਜਿਆ ਹੈ। ਭਗਵਤ ਗੀਤਾ, ਕੁਰਾਨ ਸ਼ਰੀਫ਼, ਧੱਮਪਦ ਅਤੇ ਹੋਰ ਧਰਮ ਗ੍ਰੰਥ ਉਪਰੋਕਤ ਲੋੜਾਂ ਵਿਚੋਂ ਹੀ ਪੈਦਾ ਹੋਏ ਮੰਨੇ ਜਾ ਸਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਵੀ ਇਨਾਂ ਧਰਮ ਗ੍ਰੰਥਾਂ ਦੀ ਪਰੰਪਰਾ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ। ਕਿਉਂਕਿ ਇਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ, ਸੂਫ਼ੀ ਫ਼ਕੀਰਾਂ ਅਤੇ ਭਗਤਾਂ ਦੁਆਰਾ ਨਿਰਧਾਰਿਤ ਬੁਨਿਆਦੀ ਸਿਧਾਂਤ ਅਤੇ ਇਕ ਆਦਰਸ਼ਕ ਗੁਰਸਿੱਖ (ਗੁਰਮੁਖ) ਦੀ ਜੀਵਨ ਜਾਚ ਦੇ ਬੁਨਿਆਦੀ ਗੁਰ ਦੱਸੇ ਗਏ ਹਨ। ਗੁਰੂ ਸਾਹਿਬਾਨ ਨੇ ਪਰੰਪਰਾਗਤ ਧਰਮਾਂ ਦੇ ਬਹੁਤ ਸਾਰੇ ਸੰਕਲਪਾਂ ਜਾਂ ਵਿਚਾਰਾਂ ਨੂੰ ਜਾਂ ਤਾਂ ਰੱਦ ਕੀਤਾ ਅਤੇ ਜਾਂ ਉਨਾਂ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕੀਤਾ ਸੀ, ਇਸ ਲਈ ਇਕ ਨਵੇਂ ਧਰਮ ਗ੍ਰੰਥ ਦੀ ਭਾਰੀ ਲੋੜ ਸੀ।

ਇਤਿਹਾਸ ਨੇ ਪੰਜਾਬੀਆਂ ਵਿਚ ਕੁਝ ਅਜਿਹੇ ਔਗੁਣ ਪੈਦਾ ਕਰ ਦਿੱਤੇ ਸਨ, ਜਿਨਾਂ ਨੇ ਸਮੇਂ-ਸਮੇਂ ਕਈਆਂ ਸੰਕਟਾਂ ਨੂੰ ਜਨਮ ਦਿੱਤਾ ਹੈ ਪਰ ਇਨਾਂ ਵਿਚੋਂ ਸਭ ਤੋਂ ਪੁਰਾਣਾ ਅਤੇ ਤਿੱਖਾ ਸਭਿਆਚਾਰਕ ਸੰਕਟ ਹੈ। ਸਭਿਆਚਾਰਕ ਸੰਕਟ ਇਕ ਬਹੁਪੱਖੀ ਵਰਤਾਰਾ ਹੈ। ਇਸ ਦਾ ਇਕ ਪਾਸਾਰ ਆਪਣੀ ਮਾਦਰੀ ਜ਼ਬਾਨ ਵੱਲੋਂ ਬੇਰੁਖ਼ੀ ਹੈ। ਪੰਜਾਬੀਆਂ ਵੱਲੋਂ ਆਪਣੀ ਜ਼ਬਾਨ ਦੀ ਕਦਰ ਨਾ ਕਰਨ ਅਤੇ ਹੁਕਮਰਾਨਾਂ ਦੀ ਜ਼ਬਾਨ ਨੂੰ ਆਪਣੀ ਜ਼ਬਾਨ ਸਮਝ ਲੈਣ ਦੀ ਭੁੱਲ ਵੱਲ ਸਭ ਤੋਂ ਪਹਿਲੇ ਸੰਕੇਤ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਅਤੇ ਵਿਸ਼ੇਸ਼ ਕਰਕੇ ਆਸਾ ਕੀ ਵਾਰ ਵਿਚ ਕੀਤੇ ਹਨ। ਇਸੇ ਲਈ ਮੈਂ 'ਆਸਾ ਕੀ ਵਾਰ' ਨੂੰ ਇਕ ਸਭਿਆਚਾਰਕ ਪ੍ਰਵਚਨ ਮੰਨਦਾ ਹਾਂ। 'ਆਸਾ ਕੀ ਵਾਰ' ਵਿਚ ਹੀ ਗੁਰੂ ਨਾਨਕ ਦੇਵ ਜੀ ਖੱਤਰੀਆਂ ਵੱਲੋਂ ਆਪਣੇ ਪਰੰਪਰਾਗਤ ਕਰਮ ਅਰਥਾਤ ਸ਼ਸਤਰਬੱਧ ਹੋ ਕੇ ਲੁਕਾਈ ਦੀ ਰੱਖਿਆ ਕਰਨ ਦੀ ਥਾਂ ਮੁਸਲਮਾਨਾਂ ਦੇ ਸਭਿਆਚਾਰ ਅਤੇ ਉਨਾਂ ਦੀ ਜ਼ਬਾਨ ਦੇ ਦਿਲ-ਦਾਦਾ ਬਣਨ ਉੱਪਰ ਵਿਅੰਗ ਕੱਸਦੇ ਹੋਏ ਕਹਿੰਦੇ ਹਨ ਕਿ ਮੁਸਲਮਾਨਾਂ ਦੀ ਰਾਜਨੀਤਕ ਗ਼ੁਲਾਮੀ ਨੇ ਖੱਤਰੀਆਂ ਨੂੰ ਜ਼ਿਹਨੀ ਤੌਰ 'ਤੇ ਵੀ ਗ਼ੁਲਾਮ ਬਣਾ ਛੱਡਿਆ ਹੈ। ਖੱਤਰੀਆਂ ਦਾ ਧਰਮ (ਫ਼ਰਜ਼) ਸਭਿਆਚਾਰ, ਸਮਾਜ ਅਤੇ ਆਪਣੀ ਬੋਲੀ ਨੂੰ ਬਚਾਉਣ ਦਾ ਸੀ ਪਰ ਉਨਾਂ ਦੀ ਅਣਗਹਿਲੀ ਕਰਕੇ ਆਮ ਜਨਤਾ ਧੜਾਧੜ ਇਸਲਾਮ ਦਾ ਪ੍ਰਭਾਵ ਕਬੂਲ ਰਹੀ ਹੈ :

**ਖਤ੍ਰੀਆ ਤ ਧਰਮੁ ਛੋਡਿਆ**
**ਮਲੇਛ ਭਾਖਿਆ ਗਹੀ**
**ਸ੍ਰਿਸਟਿ ਸਭ ਇਕ ਵਰਨ ਹੋਈ**
**ਧਰਮ ਕੀ ਗਤਿ ਰਹੀ 3**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 663)**

ਬਾਣੀ ਇਕ ਸ਼ਾਬਦਿਕ ਰਚਨਾ ਹੈ, ਇਸ ਲਈ ਗੁਰੂ ਸਾਹਿਬ ਦੇ ਭਾਸ਼ਾਈ ਸੰਕਲਪ ਨੂੰ ਜਾਣਨਾ ਨਿਹਾਇਤ ਜ਼ਰੂਰੀ ਹੈ। ਬਾਣੀ ਸਾਧਾਰਨ ਮਨੁੱਖ ਦੇ ਕਲਿਆਣ ਅਤੇ ਅਗਵਾਈ ਹਿਤ ਲਿਖੀ ਗਈ, ਇਸ ਲਈ ਇਹ ਸਮੂਹ ਨੂੰ ਸੰਬੋਧਿਤ ਹੈ। ਸਿੱਖ ਧਰਮ ਆਪਣੀ ਵਿਚਾਰਧਾਰਾ ਕਰਕੇ ਵੀ ਸੰਗਤੀ ਧਰਮ ਹੈ, ਇਸ ਲਈ ਸਮੂਹ (ਸੰਗਤ) ਅਥਵਾ ਲੋਕਾਂ ਦੀ ਭਾਸ਼ਾ ਵਿਚ ਬਾਣੀ ਰਚਨਾ ਕਰਨਾ ਗੁਰੂ ਨਾਨਕ ਦੇਵ ਜੀ ਦਾ ਭਾਸ਼ਾਈ ਸੰਕਲਪ ਸੀ। ਇਸੇ ਲਈ ਉਹ ਕਹਿੰਦੇ ਹਨ ਕਿ ਜਿਹੜੀ ਗੱਲ ਮੈਂ ਕਹਿ ਰਿਹਾ ਹਾਂ; ਉਹ ਸਾਰੇ ਸੁਣੋ :

**ਏਹੁ ਜੀਉ ਬਹੁਤੇ ਜਨਮ ਭਰੰਮਿਆ**
**ਤਾ ਸਤਿਗੁਰਿ ਸਬਦੁ ਸੁਣਾਇਆ**
**ਸਤਿਗੁਰ ਜੇਵਡੁ ਦਾਤਾ ਕੋ ਨਹੀ**
**ਸਭਿ ਸੁਣਿਅਹੁ ਲੋਕ ਸਬਾਇਆ**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 465)**

ਬ੍ਰਾਹਮਣਾਂ ਨੇ ਆਪਣੇ ਹਲਵੇ ਮੰਡੇ ਲਈ ਧਰਮ ਉੱਪਰ ਇਜਾਰੇਦਾਰੀ ਕਾਇਮ ਕਰ ਰੱਖੀ ਸੀ ਅਤੇ ਇਸ ਨੂੰ ਪੱਕਿਆਂ ਕਰਨ ਲਈ ਭਾਸ਼ਾ, ਲਿਪੀ ਅਤੇ ਗ੍ਰੰਥਾਂ ਬਾਰੇ ਉਨਾਂ ਕਈ ਮਿੱਥਾਂ ਪ੍ਰਚੱਲਿਤ ਕਰ ਰੱਖੀਆਂ ਸਨ। ਇਨਾਂ ਵਿਚੋਂ ਇਕ ਮਿੱਥ ਇਹ ਸੀ ਕਿ ਹਿੰਦੂ ਧਰਮ ਗ੍ਰੰਥ ਸੰਸਕ੍ਰਿਤ ਵਿਚ ਹੋਣ ਕਰਕੇ ਇਹ ਦੇਵ ਬਾਣੀ ਹੈ। ਸੰਸਕ੍ਰਿਤ ਦੇਵ ਭਾਸ਼ਾ ਹੈ ਅਤੇ ਦੇਵਨਾਗਰੀ ਦੇਵ ਲਿਪੀ ਹੈ। ਇਨਾਂ ਤਿੰਨਾਂ ਵਿਚ 'ਦੇਵ' ਸ਼ਬਦ ਸਾਂਝਾ ਹੈ ਜੋ ਇਨਾਂ ਨੂੰ ਦਿੱਬਤਾ ਪ੍ਰਦਾਨ ਕਰਦਾ ਹੈ। ਇਸੇ ਧਾਰਨਾ ਅਧੀਨ ਸੰਸਕ੍ਰਿਤ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਅਤੇ ਲਿਪੀ ਵਿਚ ਲਿਖਿਆ ਗ੍ਰੰਥ ਪਵਿੱਤਰ ਨਾ ਹੋਣ ਕਰਕੇ ਧਰਮ ਕਰਮ ਦੇ ਕੰਮਾਂ ਲਈ ਪ੍ਰਵਾਨ ਨਹੀਂ। ਗੁਰੂ ਸਾਹਿਬਾਨ ਦੀ ਆਸ਼ਾ ਅਜਿਹੀਆਂ ਮਿੱਥਾਂ ਨੂੰ ਤੋੜ ਕੇ ਆਮ ਲੋਕਾਂ ਦੀ ਭਾਸ਼ਾ ਵਿਚ ਲਿਖੀ ਗਈ ਬਾਣੀ ਨੂੰ ਲੋਕ-ਮਾਨਤਾ ਦਿਵਾਉਣਾ ਸੀ। ਇਸੇ ਲਈ ਉਨਾਂ ਆਪਣੀ ਬਾਣੀ ਵਿਚ ਸ਼ਬਦ/ਬਾਣੀ/ਗੁਰਬਾਣੀ ਅਤੇ ਪੋਥੀ ਆਦਿ ਸ਼ਬਦ ਵਰਤਕੇ ਜਿਗਿਆਸੂ ਦੇ ਮਨ ਵਿਚ ਉੱਠ ਸਕਣ ਵਾਲੇ ਹਰ ਤਰਾਂ ਦੇ ਭਰਮ ਅਤੇ ਸ਼ੰਕੇ ਦਾ ਨਿਵਾਰਨ ਕੀਤਾ ਹੈ। ਉਦਾਹਰਨ ਵਜੋਂ ਹੇਠ ਲਿਖੀਆਂ ਤੁਕਾਂ ਵੇਖੋ :

**ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ**
**ਜਿਨਿ ਪੀਤੀ ਤਿਸੁ ਮੋਖ ਦੁਆਰ 5**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1275)**
**ਸਤਿਗੁਰ ਕੀ ਬਾਣੀ**
**ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,**
**ਹਰਿ ਕਰਤਾ ਆਪਿ ਮੁਹਹੁ ਕਢਾਏ**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 308)**

ਇੰਜ ਅਸੀਂ ਵੇਖਦੇ ਹਾਂ ਕਿ ਸੰਸਕ੍ਰਿਤ ਗ੍ਰੰਥਾਂ, ਭਾਸ਼ਾ ਅਤੇ ਦੇਵਨਾਗਰੀ ਲਿਪੀ ਦੇ ਸਮਾਨੰਤਰ ਸੰਕਲਪ ਦੇਣ ਅਤੇ ਇਨਾਂ ਨਾਲ ਜੁੜੇ ਆਦਰ ਮਾਣ ਅਤੇ ਦਿੱਬਤਾ ਨੂੰ ਪ੍ਰਵਾਨਗੀ ਦਿਵਾਉਣ ਲਈ ਗੁਰੂ ਸਾਹਿਬਾਨ ਨੇ ਉਚੇਚੇ ਯਤਨ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਪਿਛੋਕੜ ਅਜਿਹੇ ਯਤਨਾਂ ਨਾਲ ਜੁੜਦਾ ਹੈ।

ਗੁਰੂ ਸਾਹਿਬਾਨ ਦੇ ਲੋਕ ਮੁਖਤਾ ਅਤੇ ਬਾਣੀ ਵਿਚਲੀ ਲੋਕ ਯੋਗਤਾ ਦੇ ਇਸ ਸੰਕਲਪ ਨੂੰ ਪਿਛਲੇਰੇ ਸਿੱਖ ਲੇਖਕਾਂ ਨੇ ਵੀ ਆਪਣੇ ਆਪਣੇ ਅੰਦਾਜ਼ ਵਿਚ ਹੋਰ ਵੀ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਅਠਾਰਵੀਂ ਸਦੀ ਵਿਚ ਲਿਖੀ ਗਈ ਅਤੇ ਭਾਈ ਮਨੀ ਸਿੰਘ ਜੀ ਦੇ ਨਾਂਅ ਨਾਲ ਮਨਸੂਬਾ ਕੀਤੀ ਜਾਂਦੀ ਇਕ ਰਚਨਾ ਸਿੱਖਾਂ ਦੀ ਭਗਤਮਾਲਾ ਵਿਚ ਇਕ ਸਾਖੀ ਅਜਿਹੀ ਹੈ ਜੋ ਬ੍ਰਾਹਮਣਾਂ ਵੱਲੋਂ ਬਹੁਤ ਪ੍ਰਚਾਰੀ ਗਈ ਸੰਸਕ੍ਰਿਤ ਵਾਲੀ ਮਿੱਥ ਦਾ ਬੜੇ ਜ਼ੋਰਦਾਰ ਪਰ ਦਲੀਲਮਈ ਢੰਗ ਨਾਲ ਖੰਡਨ ਕਰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦੇ ਪਿਛੋਕੜ ਵਿਚ ਤੀਜਾ ਅਹਿਮ ਕਾਰਨ ਸੱਚੀ ਅਤੇ ਪ੍ਰਮਾਣਿਕ ਬਾਣੀ ਨੂੰ ਕੱਚੀ ਅਤੇ ਅਪ੍ਰਮਾਣਿਕ ਬਾਣੀ ਨਾਲੋਂ ਨਿਖੇੜ ਕੇ ਹਮੇਸ਼ਾ ਲਈ ਇਸ ਨੂੰ ਸੁਰੱਖਿਅਤ ਕਰਨਾ ਸੀ। ਕੇਸਰ ਸਿੰਘ ਛਿੱਬਰ ਰਚਿਤ 'ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ', ਸਰੂਪ ਦਾਸ ਭਲਾ ਦਾ 'ਮਹਿਮਾ ਪ੍ਰਕਾਸ਼', ਗੁਰਬਿਲਾਸਾਂ ਅਤੇ ਭਾਈ ਸੰਤੋਖ ਸਿੰਘ ਰਚਿਤ 'ਗੁਰ ਪ੍ਰਤਾਪ ਸੂਰਜ ਗ੍ਰੰਥ' ਆਦਿ ਗ੍ਰੰਥਾਂ ਵਿਚ ਮੋਟੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਪਿਛੋਕੜ ਵਿਚ ਕਾਰਜਸ਼ੀਲ ਇਸੇ ਕਾਰਨ ਨੂੰ ਹੀ ਪ੍ਰਮੁੱਖ ਮੰਨਿਆ ਗਿਆ ਹੈ। ਕੇਸਰ ਸਿੰਘ ਛਿੱਬਰ ਅਨੁਸਾਰ ਪ੍ਰਿਥੀ ਚੰਦ ਦਾ ਪੁੱਤਰ ਮਿਹਰਵਾਨ ਆਪ ਵੀ ਬਾਣੀ ਦੀ ਰਚਨਾ ਕਰਦਾ ਸੀ ਪਰ ਕਵੀ ਛਾਪ ਵਜੋਂ 'ਨਾਨਕ' ਪਦ ਹੀ ਵਰਤਦਾ ਸੀ। ਉਸ ਨੇ ਇਕ ਗ੍ਰੰਥ ਵੀ ਬਣਾ ਧਰਿਆ ਸੀ। ਡੂਮ ਮੀਣਿਆਂ ਦੇ ਗ੍ਰੰਥ ਵਿਚੋਂ ਸ਼ਬਦ ਪੜਨ ਲੱਗੇ। ਇਕ ਦਿਨ ਗੁਰੂ ਦਰਬਾਰ ਵਿਚ ਕਿਸੇ ਸਿੱਖ ਨੇ ਕੀਰਤਨ ਕਰਦੇ ਵਕਤ ਮਿਹਰਬਾਨ ਦਾ ਪਦਾ ਪੜਿਆ ਜੋ ਗੁਰੂ ਅਰਜਨ ਦੇਵ ਜੀ ਨੇ ਵੀ ਸੁਣਿਆ। ਉਹ ਸ਼ਬਦ ਪ੍ਰਮਾਣਿਕ ਬਾਣੀ ਵਿਚੋਂ ਨਾ ਹੋਣ ਕਰਕੇ ਪਰ ਪ੍ਰਮਾਣਿਕ ਵਜੋਂ ਚੱਲ ਪੈਣ ਦੇ ਅੰਦੇਸ਼ੇ ਨੇ ਗੁਰੂ ਅਰਜਨ ਦੇਵ ਜੀ ਨੂੰ ਫ਼ੌਰੀ ਤੌਰ 'ਤੇ ਪ੍ਰਮਾਣਿਕ ਬਾਣੀ ਗ੍ਰੰਥ ਰੂਪ ਵਿਚ ਸੰਪਾਦਿਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਉਨਾਂ ਆਪਣੀ ਦੇਖ-ਰੇਖ ਅਧੀਨ ਇਹ ਕੰਮ ਭਾਈ ਗੁਰਦਾਸ ਜੀ ਦੇ ਸਪੁਰਦ ਕਰ ਦਿੱਤਾ।

ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਸਿੱਖ ਗ੍ਰੰਥਾਂ ਵਿਚ ਇਕ ਅਤਿਅੰਤ ਮਹੱਤਵਪੂਰਨ ਗ੍ਰੰਥ ਹੈ ਜਿਸ ਦੇ ਇਕ ਪ੍ਰਕਰਣ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਇਤਿਹਾਸ ਹੈ। ਭਾਈ ਸੰਤੋਖ ਸਿੰਘ ਵੀ ਬਹੁਤੇ ਪੂਰਬਲੇ ਇਤਿਹਾਸਕਾਰਾਂ ਵਾਂਗ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਲਈ ਗੁਰਬਾਣੀ ਨੂੰ ਕੱਚੀ ਬਾਣੀ ਨਾਲੋਂ ਨਿਖੇੜਨ ਦਾ ਕਾਰਨ ਹੀ ਅਹਿਮ ਮੰਨਦੇ ਹਨ। ਭਾਈ ਸੰਤੋਖ ਸਿੰਘ ਤੋਂ ਬਾਅਦ ਆਉਣ ਵਾਲੇ ਇਤਿਹਾਸਕਾਰਾਂ ਨੇ ਵੀ ਥੋੜੇ ਬਹੁਤੇ ਫ਼ਰਕ ਨਾਲ ਇਹੋ ਗੱਲ ਦੁਹਰਾਈ ਹੈ। ਆਮ ਧਾਰਨਾ ਭਾਈ ਗੁਰਦਾਸ ਦੀ ਸੇਵਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਲਿਖਾਈ ਤੱਕ ਹੀ ਸੀਮਤ ਕਰਦੀ ਹੈ ਪਰ ਸਾਡੇ ਖ਼ਿਆਲ ਵਿਚ ਉਸ ਦੀ ਇਕ ਹੋਰ ਮਹੱਤਵਪੂਰਨ ਸੇਵਾ ਗੁਰਬਾਣੀ ਨੂੰ ਕੱਚੀ ਬਾਣੀ ਨਾਲੋਂ ਨਿਖੇੜਨ ਦੀ ਬਾਰੀਕ ਬੀਨੀ ਵੀ ਹੈ, ਜਿਸ ਸਬੰਧੀ ਸਰੂਪ ਦਾਸ ਭੱਲਾ ਦੇ 'ਮਹਿਮਾ ਪ੍ਰਕਾਸ਼' ਵਿਚਲੀ ਇਕ ਸਾਖੀ ਵੇਖੀ ਜਾ ਸਕਦੀ ਹੈ। ਇਹ ਠੀਕ ਹੈ ਕਿ ਅਜਿਹਾ ਕਰਨ ਵਿਚ ਭਾਈ ਗੁਰਦਾਸ ਦੀ ਅਗਵਾਈ ਗੁਰੂ ਅਰਜਨ ਦੇਵ ਜੀ ਕਰ ਰਹੇ ਸਨ ਪਰ ਭਾਈ ਜੀ ਦੀ ਆਪਣੀ ਸੂਝ ਅਤੇ ਸਮਝ ਵੀ ਸਹਾਈ ਹੋ ਰਹੀ ਸੀ।

# ਮਰਹੱਟਿਆਂ ਨੂੰ ਯੁੱਧ 'ਚ ਹਰਾਉਣ ਵਾਲੀ ਬੀਬੀ ਸਾਹਿਬ ਕੌਰ

**- ਨਿਰਮਲ ਸਿੰਘ**

ਮਹਾਰਾਜਾ ਸਾਹਿਬ ਸਿੰਘ ਆਪਣੇ ਪਿਤਾ ਮਹਾਰਾਜਾ ਅਮਰ ਸਿੰਘ ਦੇ ਚਲਾਣੇ ਸਮੇਂ 7 ਸਾਲ ਦੀ ਉਮਰ ਵਿਚ ਪਟਿਆਲੇ ਦੇ ਤਖ਼ਤ ਉੱਤੇ ਬੈਠ ਗਿਆ। ਮਹਾਰਾਜਾ ਸਾਹਿਬ ਸਿੰਘ ਨੇ ਆਪਣੀ ਭੈਣ ਬੀਬੀ ਸਾਹਿਬ ਕੌਰ ਜੋ ਬੜੀ ਸਿਆਣੀ, ਬਹਾਦਰ, ਅਕਲਮੰਦ ਤੇ ਅੰਮ੍ਰਿਤਧਾਰੀ ਸਿੰਘਣੀ ਸੀ, ਨੂੰ ਉਸ ਦੇ ਸਹੁਰੇ ਪਿੰਡ ਫ਼ਤਿਹਗੜ ਤੋਂ ਸੱਦ ਕੇ ਪਟਿਆਲੇ ਦੀ ਰਿਆਸਤ ਦਾ ਸਾਰਾ ਪ੍ਰਬੰਧ ਉਸ ਦੇ ਹਵਾਲੇ ਕਰ ਦਿੱਤਾ। ਦੀਵਾਨ ਨਾਨੂੰ ਮੱਲ ਮਰਹੱਟਿਆਂ ਨਾਲ ਮਿਲਿਆ ਹੋਇਆ ਸੀ। ਉਸ ਨੂੰ ਨੌਕਰੀ ਤੋਂ ਹਟਾ ਕੇ ਸ: ਤਾਰਾ ਸਿੰਘ ਨੂੰ ਸਹਾਇਤਾ ਲਈ ਸਹਾਇਕ ਨਿਯੁਕਤ ਕਰ ਦਿੱਤਾ। ਉਸ ਦਾ ਕੰਮ ਠੀਕ ਨਹੀਂ ਸੀ ਇਸ ਲਈ ਬੀਬੀ ਸਾਹਿਬ ਕੌਰ ਨੇ ਉਸ ਦੀ ਥਾਂ ਸ: ਦੀਵਾਨ ਸਿੰਘ ਨੂੰ ਦੀਵਾਨ ਨਿਯੁਕਤ ਕਰ ਦਿੱਤਾ।

### ਦਿੱਲੀ ਉੱਤੇ ਮਰਹੱਟਿਆਂ ਦਾ ਹਮਲਾ

ਦਿੱਲੀ ਦੇ ਬਾਦਸ਼ਾਹ ਆਲਮਗੀਰ ਨੂੰ ਉਸ ਦੇ ਵਜ਼ੀਰ ਗਾਜ਼ੀਦੀਨ ਨੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਬਾਦਸ਼ਾਹ ਨੇ ਗੁਪਤ ਬੰਦੇ ਕਾਬਲ ਅਫ਼ਗ਼ਾਨਿਸਤਾਨ ਭੇਜ ਕੇ ਅਹਿਮਦ ਸ਼ਾਹ ਅਬਦਾਲੀ ਨੂੰ ਸੱਦ ਲਿਆ। ਅਬਦਾਲੀ ਨੇ ਸੰਨ 1755 ਵਿਚ ਦਿੱਲੀ ਉੱਤੇ ਹਮਲਾ ਕਰ ਕੇ ਗਾਜ਼ੀਦੀਨ ਦੀ ਥਾਂ ਨਜ਼ੀਮ ਖਾਂ ਨੂੰ ਵਜ਼ੀਰ ਬਣਾ ਦਿੱਤਾ ਤੇ ਗਾਜ਼ੀਦੀਨ ਦੀ ਸਾਰੀ ਜਾਇਦਾਦ ਵੇਚ ਦਿੱਤੀ। ਵਜ਼ੀਰੀ ਖੁੱਸ ਜਾਣ ਦੇ ਕਾਰਨ ਗਾਜ਼ੀਦੀਨ ਨੇ ਆਪਣੇ ਨਿਰਾਦਰ ਦਾ ਬਦਲਾ ਲੈਣ ਲਈ ਮਰਹੱਟਿਆਂ ਨੂੰ ਸੱਦ ਲਿਆ। ਉਸ ਸਮੇਂ ਬਾਜੀਰਾਉ ਤੀਸਰਾ ਪੇਸ਼ਵਾ ਪੂਣੇ ਦੀ ਗੱਦੀ ਉੱਤੇ ਬਿਰਾਜਮਾਨ ਸੀ। ਸਾਰੇ ਭਾਰਤ ਵਿਚ ਮਰਹੱਟਿਆਂ ਦਾ ਹੁਕਮ ਚਲਦਾ ਸੀ। ਬਾਜੀਰਾਉ ਪੇਸ਼ਵਾ ਨੇ ਆਪਣੇ ਤਾਬੇਦਾਰ ਸਰਦਾਰ ਸ਼ੋਭਾਜੀ ਕੋਹਲਾਪੁਰ ਦੇ ਸੂਬੇਦਾਰ, ਨਾਗਪੁਰ ਦੇ ਰਾਘੋਜੀ, ਗਵਾਲੀਅਰ ਦੇ ਖਾਂਡੇਰਾਏ ਅਤੇ ਇੰਦੌਰ ਦੇ ਮਲਾਰ ਰਾਏ ਨੂੰ ਆਪਣੇ ਲੜਕੇ ਰਘੁਨਾਥ ਰਾਏ ਨਾਲ ਜਾਣ ਲਈ ਲਿਖ ਦਿੱਤਾ। ਰਘੁਨਾਥ ਰਾਏ ਦੇ ਅਧੀਨ ਦੋ ਲੱਖ ਤੋਂ ਵੱਧ ਫ਼ੌਜ ਅਤੇ 40,000 ਗ਼ੈਰ ਫ਼ੌਜੀ, ਫ਼ੌਜੀਆਂ ਅਤੇ ਹਾਕਮਾਂ ਦੀਆਂ ਲਗਪਗ 20,000 ਇਸਤਰੀਆਂ ਵੀ ਉੱਤਰੀ ਭਾਰਤ ਵਿਚ ਤੀਰਥਾਂ ਦੇ ਦਰਸ਼ਨ ਕਰਨ ਲਈ ਚੱਲ ਪਈਆਂ। ਪੂਣੇ ਤੋਂ ਲਗਪਗ 1,000 ਕਿ: ਮੀ: ਦੂਰ ਸਫ਼ਰ ਕਰਕੇ ਰਘੁਨਾਥ ਰਾਏ ਨੇ ਦਿੱਲੀ ਉੱਤੇ 11 ਅਗਸਤ 1757 ਨੂੰ ਚੜਾਈ ਕਰ ਦਿੱਤੀ। ਦੋ ਮਹੀਨੇ ਦੀ ਲੜਾਈ ਤੋਂ ਬਾਅਦ ਰਘੁਨਾਥ ਰਾਏ ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ। ਉਸ ਸਮੇਂ ਦਿੱਲੀ ਦਾ ਬਾਦਸ਼ਾਹ ਆਲਮਗੀਰ ਸੀ। ਮਰਹੱਟਿਆਂ ਨੇ ਦਰਿਆ ਚੰਬਲ ਤੱਕ ਮੁਗ਼ਲਾਂ ਦਾ ਸਾਰਾ ਇਲਾਕਾ ਆਪਣੇ ਅਧੀਨ ਕਰ ਲਿਆ। ਮਰਹੱਟਿਆਂ ਨੇ ਦਿੱਲੀ ਜਿੱਤ ਕੇ ਪੰਜਾਬ ਉੱਤੇ ਕਬਜ਼ਾ ਕਰਨ ਦੀ ਤਿਆਰੀ ਕਰ ਲਈ। ਨਿੱਕੀਆਂ ਨਿੱਕੀਆਂ ਕਈ ਰਿਆਸਤਾਂ ਸਮੇਤ ਜੀਂਦ ਤੇ ਕੈਥਲ ਨੇ ਵੀ ਆਪਣੀ ਅਧੀਨਗੀ ਦੇ ਸਨੇਹੇ ਰਘੁਨਾਥ ਰਾਏ ਨੂੰ ਭੇਜ ਦਿੱਤੇ।

ਰਘੁਨਾਥ ਨੇ ਰਾਣੀ ਖਾਂ ਦਾਦਾ ਜੀ, ਅਲੀ ਬਹਾਦਰ ਅਤੇ ਹੋਰ ਸਰਦਾਰਾਂ ਨੂੰ ਥਾਨੇਸਰ 'ਤੇ ਕਬਜ਼ਾ ਕਰ ਕੇ ਪਟਿਆਲੇ 'ਤੇ ਕਬਜ਼ਾ ਕਰਨ ਲਈ ਭੇਜ ਦਿੱਤਾ। ਫ਼ੌਜ ਨੇ ਥਾਨੇਸਰ ਜਿੱਤ ਕੇ ਪਟਿਆਲੇ ਜਾਣ ਲਈ ਕੂਚ ਕਰ ਦਿੱਤਾ। ਨਾਨੂੰ ਮੱਲ ਨੇ ਸਾਹਿਬ ਕੌਰ ਨੂੰ ਆਖਿਆ ਬੀਬੀ ਜੀ ਮਰਹੱਟਿਆਂ ਦਾ ਲਸ਼ਕਰ ਬਹੁਤ ਵੱਡਾ ਹੈ ਤੁਸੀਂ ਜਿੱਤ ਨਹੀਂ ਸਕਦੇ, ਸਿਆਣਪ ਇਸ ਵਿਚ ਹੈ ਬਠਿੰਡੇ ਕਿਲੇ ਵਿਚ ਕੁਝ ਦਿਨ ਲਈ ਚਲੇ ਜਾਓ। ਸਾਹਿਬ ਕੌਰ ਨੇ ਇਹ ਸੁਝਾਅ ਠੁਕਰਾ ਦਿੱਤਾ। ਸਾਹਿਬ ਕੌਰ ਨੇ ਸ: ਬੈਹਗਾ ਸਿੰਘ ਥਾਨੇਸਰ, ਜੋਧ ਸਿੰਘ ਕਲਸੀਆਂ, ਤਾਰਾ ਸਿੰਘ, ਬੀਰ ਸਿੰਘ ਸਰਦਾਰਾਂ ਨੂੰ ਸਮੇਤ ਫ਼ੌਜ ਨਾਲ ਲੈ ਕੇ ਮਰਹੱਟਿਆਂ ਦਾ ਟਾਕਰਾ ਕਰਨ ਲਈ ਅਰਦਾਸਾ ਸੋਧ ਕੇ ਕੂਚ ਕਰ ਦਿੱਤਾ।

ਅੰਬਾਲੇ ਤੋਂ ਕੁਝ ਮੀਲ ਦੂਰ ਪਿੰਡ ਮਰਦਾਨਪੁਰ ਦੇ ਨੇੜੇ ਦੋਵੇਂ ਫ਼ੌਜਾਂ ਆਹਮੋ-ਸਾਹਮਣੇ ਹੋ ਗਈਆਂ। ਸਿੰਘਾਂ ਦੀ ਫ਼ੌਜ ਨਾਲੋਂ ਮਰਹੱਟਿਆਂ ਦੀ ਫ਼ੌਜ ਚਾਰ ਗੁਣਾ ਵੱਧ ਸੀ। ਦੋਵਾਂ ਫ਼ੌਜਾਂ ਵਿਚ ਲੜਾਈ ਸ਼ੁਰੂ ਹੋ ਗਈ। ਸਾਹਿਬ ਕੌਰ ਨੇ ਫ਼ੌਜ ਨੂੰ ਲਲਕਾਰ



ਕੇ ਆਖਿਆ, 'ਐ ਬਹਾਦਰੋ ਮਰਦਾਂ ਦਾ ਕੰਮ ਪਿੱਛੇ ਹਟਣਾ ਨਹੀਂ ਹੈ, ਕੀ ਤੁਹਾਡੀ ਇੱਜ਼ਤ, ਬਹਾਦਰੀ ਇਸ ਗੱਲ ਦੀ ਆਗਿਆ ਦੇਵੇਗੀ ਕਿ ਤੁਹਾਡੇ ਮਹਾਰਾਜੇ ਦੀ ਭੈਣ ਵੈਰੀਆਂ ਦੇ ਹੱਥ ਆ ਜਾਏ ਤੇ ਤੁਸੀਂ ਆਪਣੀਆਂ ਜਾਨਾਂ ਬਚਾ ਕੇ ਆਪਣੇ ਘਰੀਂ ਚਲੇ ਜਾਓ। ਜੇ ਤੁਹਾਡੀ ਇਹ ਹੀ ਮਨਸ਼ਾ ਹੈ ਤਾਂ ਚਲੇ ਜਾਓ, ਮੇਰੇ ਵੱਸ ਨਹੀਂ ਹੈ, ਕਿੰਤੂ ਜਦ ਤੱਕ ਮੇਰੀ ਜਾਨ ਵਿਚ ਜਾਨ ਹੈ, ਪਿੱਛੇ ਕਦਮ ਨਹੀਂ ਰੱਖਾਂਗੀ ਇਸੇ ਮੈਦਾਨ ਵਿਚ ਰਹਿ ਜਾਵਾਂਗੀ। ਬਹਾਦਰੋ, ਕੀ ਤੁਹਾਡੇ ਵਿਚ ਮੇਰੇ ਤੀਵੀਂ ਜਿੰਨਾ ਵੀ ਹੌਸਲਾ ਨਹੀਂ ਹੈ। ਵੇਖੋ ਗੁਰੂ ਗੋਬਿੰਦ ਸਿੰਘ ਜੀ ਤੁਹਾਡੀ ਸਹਾਇਤਾ ਕਿਸ ਤਰਾਂ ਕਰਦੇ ਹਨ। ਸਾਹਿਬ ਕੌਰ ਦੇ ਬਹਾਦਰੀ ਦੇ ਬੋਲ ਸੁਣ ਕੇ ਸਿੰਘਾਂ ਦਾ ਹੌਸਲਾ ਵਧ ਗਿਆ। ਬੋਲੇ ਸੋ ਨਿਹਾਲ ਦਾ ਜੈਕਾਰਾ ਬੋਲ ਕੇ ਮਰਹੱਟਿਆਂ ਉੱਤੇ ਸਿੰਘ ਟੁੱਟ ਪਏ। ਸਾਰਾ ਦਿਨ ਲੜਾਈ ਹੁੰਦੀ ਰਹੀ, ਰਾਤ ਪੈ ਗਈ ਅਤੇ ਲੜਾਈ ਬੰਦ ਹੋ ਗਈ। ਫ਼ੌਜਾਂ ਆਪੋ-ਆਪਣੀ ਥਾਂ ਚਲੀਆਂ ਗਈਆਂ। ਸਰਦਾਰਾਂ ਨੇ ਸਾਹਿਬ ਕੌਰ ਨੂੰ ਆਖਿਆ ਕਿ ਹੁਣ ਸਮਾਂ ਹੈ ਪਟਿਆਲੇ ਚਲੇ ਜਾਓ, ਸਾਡੀ ਬਹੁਤ ਫ਼ੌਜ ਸ਼ਹੀਦ ਹੋ ਗਈ ਹੈ। ਕੱਲ ਲੜਾਈ ਵਿਚ ਸਾਡੀ ਫ਼ੌਜ ਨੂੰ ਜ਼ਰੂਰ ਹੀ ਭਾਜੜ ਪੈ ਜਾਵੇਗੀ। ਸਾਹਿਬ ਕੌਰ ਨੇ ਪਟਿਆਲੇ ਜਾਣ ਤੋਂ ਇਨਕਾਰ ਨਹੀਂ ਕੀਤਾ, ਉਨਾਂ ਦੇ ਸਾਹਮਣੇ ਇਹ ਤਜਵੀਜ਼ ਪੇਸ਼ ਕੀਤੀ ਕਿ ਹਿੰਮਤ ਨਾ ਹਾਰੋ ਰਾਤ ਦਾ ਵੇਲਾ ਹੈ, ਮਰਹੱਟੇ ਖ਼ੁਸ਼ੀ ਮਨਾ ਰਹੇ ਹਨ। ਥੱਕ ਕੇ ਸੁੱਤੀ ਹੋਈ ਫ਼ੌਜ ਉੱਤੇ ਛਾਪਾ ਮਾਰੋਗੇ। ਇਹ ਤਜਵੀਜ਼ ਸਾਰੇ ਸਰਦਾਰਾਂ ਤੇ ਸਿੰਘਾਂ ਨੇ ਮੰਨ ਲਈ। ਥੱਕ ਕੇ ਮਰਹੱਟੇ ਸੌਂ ਗਏ। ਅੱਧੀ ਰਾਤ ਤੋਂ ਬਾਅਦ ਬੀਬੀ ਜੀ ਨੇ ਮਰਹੱਟਿਆਂ ਉੱਤੇ ਹਮਲਾ ਕਰਵਾ ਦਿੱਤਾ। ਕਈ ਮਰਹੱਟੇ ਮਾਰੇ ਗਏ। ਬਚੇ ਹੋਏ ਮਰਹੱਟੇ ਆਪਣਾ ਸਾਮਾਨ ਛੱਡ ਕੇ ਦੌੜ ਗਏ। ਅਗਲੇ ਦਿਨ ਸ਼ਹੀਦ ਸਿੰਘਾਂ ਅਤੇ ਮਰਹੱਟਿਆਂ ਦਾ ਸਸਕਾਰ ਕੀਤਾ ਤੇ ਫ਼ੌਜ ਸਮੇਤ ਪਟਿਆਲੇ ਚਲੀ ਗਈ।

ਇੱਥੇ ਵਰਨਣਯੋਗ ਹੈ ਕਿ 18ਵੀਂ ਸਦੀ ਦੀ ਸਾਰੀਆਂ ਨਾਲੋਂ ਭਿਆਨਕ ਪਾਣੀਪਤ ਦੀ ਤੀਸਰੀ ਲੜਾਈ ਅਬਦਾਲੀ ਦੀ 14 ਜਨਵਰੀ, 1761 ਨੂੰ ਮਰਹੱਟਿਆਂ ਨਾਲ ਹੋਈ ਸੀ। ਇਸ ਲੜਾਈ ਵਿਚ ਮਰਹੱਟਿਆਂ ਦੀ ਐਸੀ ਹਾਰ ਹੋਈ ਕਿ ਮਰਹੱਟੇ ਵਾਪਸ ਜਾ ਨਹੀਂ ਸਕੇ। ਅਬਦਾਲੀ ਦੀ ਵੀ ਕੋਈ 12,000 ਤੋਂ 14,000 ਫ਼ੌਜ ਬਚੀ ਸੀ। ਅਬਦਾਲੀ ਨੇ ਮਰਹੱਟਿਆਂ ਦੇ ਕੋਈ 40,000 ਗ਼ੈਰ-ਫ਼ੌਜੀ ਹਾਕਮ, ਪਾਲਕੀਆਂ ਵਿਚ ਬੈਠ ਕੇ ਆਈਆਂ 20,000 ਹਾਕਮਾਂ ਦੀਆਂ ਇਸਤਰੀਆਂ ਅਤੇ ਬੱਚੇ ਕੈਦ ਕਰ ਲਏ। ਅਗਲੇ ਦਿਨ 40,000 ਮਰਹੱਟਿਆਂ ਨੂੰ ਉਨਾਂ ਦੀਆਂ ਇਸਤਰੀਆਂ ਦੇ ਸਾਹਮਣੇ ਅਬਦਾਲੀ ਨੇ ਕਤਲ ਕਰਵਾ ਦਿੱਤਾ। ਇਸ ਯੁੱਧ ਵਿਚ 3 ਲੱਖ ਤੋਂ ਵੱਧ ਆਦਮੀ ਮਾਰੇ ਗਏ।

# ਪੰਥਕ ਸੰਕਟ ਦੇ ਹੱਲ ਲਈ ਬੁੱਧੀਜੀਵੀ ਭੂਮਿਕਾ ਨਿਭਾਉਣ



- ਬਘੇਲ ਸਿੰਘ ਧਾਲੀਵਾਲ
(99142-58142)

ਸਿੱਖਾਂ ਅੰਦਰ ਰਾਜ ਕਰਨ ਦੀ ਭਾਵਨਾ ਤਾਂ ਉਸ ਸਮੇਂ ਹੀ ਪੈਦਾ ਹੋ ਗਈ ਸੀ, ਜਦੋਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਤੱਤੀਆਂ ਤਵੀਆਂ ਤੇ ਬੈਠਾਂ ਕੇ ਤੋ ਹੋਰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਪੰਜਵੇਂ ਗੁਰੂ ਸਾਹਿਬ ਦੀ ਇਸ ਸ਼ਹੀਦੀ ਦੇ ਪ੍ਰਤੀਕਰਮ ਵਿਚੋਂ ਹੀ ਅਜ਼ਾਦ ਪ੍ਰਭੂਸੱਤਾ ਨੇ ਅੰਗੜਾਈ ਭਰੀ, ਛੇਵੇਂ ਪਾਤਸ਼ਾਹ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸਮੇਂ ਦੀ ਹਕੂਮਤ ਦੇ ਬਰਾਬਰ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਵਜੋਂ ਕੀਤੀ ਗਈ। ਏਥੇ ਹੀ ਬਅੈੱਸ ਨਹੀਂ, ਸਗੋਂ ਸ਼ਸਤਰ, ਘੋੜੇ ਰਣਜੀਤ ਨਗਾਰਾ, ਬਾਜ ਅਤੇ ਸ਼ਿਕਾਰ ਖੇਡਣਾ ਜਿੱਥੇ ਗੁਰੂ ਸਾਹਿਬ ਵੱਲੋਂ ਦੁਨਿਆਵੀ ਬਾਦਸ਼ਾਹ ਨੂੰ ਆਪਣੀ ਅਜ਼ਾਦ ਪ੍ਰਭੂ ਸੱਤਾ ਦਾ ਸੁਨੇਹਾ ਸੀ, ਓਥੇ ਨਗਾਰੇ ਦੀ ਚੋਟ ਨਾਲ ਸਮੇਂ ਦੀ ਹਕੂਮਤ ਨੂੰ ਲਲਕਾਰਿਆ ਵੀ ਗਿਆ, ਕਿ ਕਿਤੇ ਕੋਈ ਹਾਕਮ ਇਹ ਭੁਲੇਖਾ ਨਾ ਪਾਲ ਬੈਠੇ ਕਿ ਸ਼ਾਇਦ ਇਹ ਗੁਰੂ ਸਾਹਿਬ ਦੇ ਸਿਰਫ਼ ਸ਼ੌਕ ਮਾਤਰ ਹੀ ਹੋ ਸਕਦੇ ਹਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਿਧਾਂਤ ਤੇ ਹੋਰ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਖ਼ਾਲਸੇ ਦੀ ਸਾਜਣਾ ਕਰਕੇ ਸਿੱਖਾਂ ਨੂੰ ਇੱਕ ਨਿਰਾਲੇ ਪੰਥ ਵਜੋਂ ਪ੍ਰਵਾਨ ਚਾੜਿਆ। ਦੁਨਿਆਵੀ ਹਕੂਮਤਾਂ ਦੀ ਗ਼ੁਲਾਮੀ ਤੋ ਦੂਰ,ਅਜ਼ਾਦ ਪ੍ਰਭੂ ਸੱਤਾ ਦੇ ਆਸ਼ੇ ਵਿਚੋਂ ਪੈਦਾ ਹੋਈ ਇਸ ਕੌਮ ਨੇ ਜਿੰਨੀ ਦੇਰ ਗੁਰੂ ਨੂੰ ਹਾਜ਼ਰ ਨਾਜ਼ਰ ਜਾਣਿਆ,ਓਨੀ ਦੇਰ ਸਫਲਤਾ ਖ਼ਾਲਸੇ ਦੇ ਪੈਰਾਂ ਵਿੱਚ ਦਾਸੀ ਬਣਕੇ ਬੈਠੀ ਰਹੀ ਹੈ, ਪ੍ਰੰਤੂ ਜਦੋਂ ਤੋਂ ਸਿੱਖਾਂ ਨੇ ਗੁਰੂ ਨਾਲੋਂ ਦੁਨਿਆਵੀ ਹਾਕਮਾਂ ਨੂੰ ਨੇੜੇ ਸਮਝਣਾ ਸ਼ੁਰੂ ਕਰ ਦਿੱਤਾ, ਉਸ ਵੇਲੇ ਤੋਂ ਹੀ ਸਿੱਖ ਕੌਮ ਨਿਘਾਰ ਵੱਲ ਜਾ ਰਹੀ ਹੈ। ਮੌਜੂਦਾ ਦੌਰ ਤੱਕ ਪਹੁੰਚਦਿਆਂ ਪਹੁੰਚਦਿਆਂ ਹਾਲਾਤ ਇਹ ਬਣ ਗਏ ਹਨ ਕਿ ਸਿੱਖਾਂ ਨੇ ਅਜ਼ਾਦ ਹਸਤੀ ਵਜੋਂ ਆਪਣੇ ਆਪ ਦੀ ਪਛਾਣ ਖ਼ਤਮ ਕਰ ਲਈ। ਸਿੱਖ ਲੀਡਰਾਂ ਨੇ ਕੌਮ ਅਤੇ ਕੌਮੀ ਖ਼ਿੱਤੇ ਦੇ ਸਾਰੇ ਮੁੱਢਲੇ ਹੱਕ ਹਕੂਕ ਭਾਰਤੀ ਹਕੂਮਤ ਪਾਸ ਵੇਚ ਦਿੱਤੇ ਜਾਂ ਸਹਿਮਤੀ ਨਾਲ ਆਪਣੀ ਹੋਣੀ ਦੇ ਸਾਰੇ ਅਧਿਕਾਰ ਕੇਂਦਰ ਨੂੰ ਸੌਂਪ ਦਿੱਤੇ ਤੇ ਬਦਲੇ ਵਿੱਚ ਸੂਬੇ ਦੀ ਚੌਧਰ ਕਬੂਲ ਕਰ ਲਈ। ਸਿੱਖ ਕੌਮ ਦੀ ਨੁਮਾਇੰਦਗੀ ਦੇ ਨਾਮ ਤੇ ਸੂਬੇ ਦੀ ਰਾਜ-ਸੱਤਾ ਤੇ ਲੰਮਾ ਸਮਾ ਕਾਬਜ਼ ਰਹੇ ਸਿੱਖ ਆਗੂਆਂ ਨੇ ਕੇਂਦਰੀ ਤਾਕਤਾਂ ਨਾਲ ਅਜਿਹੀ ਗੂੜੀ ਸਾਂਝ ਪਾ ਲਈ, ਜਿਹੜੀ ਉਹਨਾਂ ਦੀ ਆਪਣੀ ਕੌਮ ਲਈ ਬੇਹੱਦ ਘਾਟੇਵੰਦ ਸਾਬਤ ਹੋਈ। ਨਤੀਜੇ ਵਜੋਂ ਘੱਟ ਗਿਣਤੀਆਂ ਦੀ ਕੱਟੜ ਦੁਸ਼ਮਣ ਜਮਾਤ ਆਰ ਐੱਸ ਐੱਸ ਸਿੱਖ ਆਗੂਆਂ ਦੀ ਬਦੌਲਤ ਸ਼ਰੋਮਣੀ ਕਮੇਟੀ ਅੰਦਰ ਘੁਸਪੈਠ ਕਰਨ ਵਿੱਚ ਸਫਲ ਹੋ ਗਈ। ਇਹੋ ਕਾਰਨ ਹੈ ਅੱਜ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦਾ ਬ੍ਰਾਹਮਣੀਕਰਨ ਹੋ ਚੁੱਕਾ ਹੈ, ਹਰ ਪਾਸੇ ਜਾਤ ਪਾਤ, ਪਾਖੰਡਵਾਦ, ਕਰਮਕਾਂਡ ਅਤੇ ਵਿਪਰਵਾਦ ਦਾ ਬੋਲਬਾਲਾ ਹੈ। ਹਰ ਇੱਕ ਇਤਿਹਾਸਿਕ ਗੁਰਦੁਆਰਾ ਸਾਹਿਬ ਦੇ ਕੋਲ ਮੰਦਰ ਸਥਾਪਿਤ ਹੋ ਚੁੱਕੇ ਹਨ। ਇਤਿਹਾਸਿਕ ਗੁਰਦੁਆਰਿਆਂ ਵਿੱਚੋਂ ਬਾਬੇ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਨੂੰ ਬ੍ਰਾਹਮਣਵਾਦ ਦੀ ਪਾਣ ਦਿੱਤੀ ਜਾ ਰਹੀ ਹੈ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵੇਲੇ ਅੱਜ ਵੀ ਜਨਮ ਅਸਥਾਨ ਅਨੰਦਪੁਰ ਸਾਹਿਬ, ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਕਹਿਣ ਵਾਲਾ ਖ਼ਾਲਸਾ ਮਜ਼ਬੀ ਸਿੱਖ, ਜੱਟ ਸਿੱਖ,ਰਾਮਦਾਸੀਏ ਸਿੱਖ, ਨਾਈ ਸਿੱਖ, ਮਹਿਰਾ ਸਿੱਖ, ਛੀਂਬਾ ਸਿੱਖ ਆਦਿ ਪਤਾ ਨਹੀਂ ਕਿੰਨੀਆਂ ਕੁ ਜਾਤਾਂ, ਕੁਜਾਤਾਂ ਵਿੱਚ ਉਲਝ ਕੇ ਸਿਰਫ਼ ਨਾਮ ਦਾ ਹੀ ਸਿੱਖ ਰਹਿ ਗਿਆ ਹੈ। ਓਧਰ ਦੂਜੇ ਪਾਸੇ ਸਿੱਖ ਦੁਸ਼ਮਣ ਤਾਕਤਾਂ ਨੇ ਸਿੱਖਾਂ ਨੂੰ ਜਾਤਾਂ ਪਾਤਾਂ ਵਿੱਚ ਉਲਝਾ ਕੇ ਅਤੇ ਧੜੇਬੰਦੀਆਂ ਵਿੱਚ ਵੰਡ ਕੇ ਪਹਿਲਾਂ ਤਾਕਤ ਪੱਖੋਂ ਕਮਜ਼ੋਰ ਕੀਤਾ ਗਿਆ ਹੈ,ਫਿਰ ਸਿਧਾਂਤਾਂ ਤੇ ਹਮਲੇ ਸ਼ੁਰੂ ਕੀਤੇ। ੧ੴ ਦਾ ਧਾਰਨੀ ਸਿੱਖ ਅੱਜ ਪਤਾ ਨਹੀਂ ਕਿੱਥੇ ਕਿੱਥੇ ਨੱਕ ਰਗੜਦਾ ਫਿਰਦਾ ਹੈ। ਪੰਜਾਬ ਅੰਦਰ ਡੇਰਾਵਾਦ ਦਾ ਬੋਲਬਾਲਾ ਵੀ ਸਿੱਖੀ ਸਿਧਾਂਤਾਂ ਦੇ ਘਾਣ ਦੀ ਇੱਕ ਕੜੀ ਹੈ, ਜਿਸ ਨੂੰ ਸਮਝਣ ਦੀ ਬਜਾਏ ਸਿੱਖ ਖ਼ੁਦ ਹੀ ਗੁਰੂ ਨਾਲੋਂ ਟੁੱਟ ਕੇ ਡੇਰਿਆਂ ਦੇ ਪ੍ਰੇਮੀ, ਰਾਧਾ ਸੁਆਮੀ, ਗਰੀਬਦਾਸੀਏ ਅਤੇ ਹੋਰ ਪਤਾ ਨਹੀਂ ਕੀ ਕੀ ਤਖ਼ੱਲਸ ਲਵਾ ਕੇ ਡੇਰਾਵਾਦ ਦੀ ਕਾਇਮੀ ਲਈ ਸਰਗਰਮ ਹੋ ਗਏ। ਇਸ ਸਾਰੇ ਵਰਤਾਰੇ ਤੋ ਬਾਅਦ ਬੜੀ ਚਲਾਕੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਕਰਵਾਈਆਂ ਗਈਆਂ,ਜਿਸ ਵਿੱਚ ਜਿੱਥੇ ਸੂਬੇ ਦੀ ਤਤਕਾਲੀ ਅਕਾਲੀ ਦਲ ਦੀ ਸਰਕਾਰ ਬੇਅਦਬੀਆਂ ਵਿੱਚ ਦੋਸ਼ੀਆਂ ਨਾਲ ਰਲ਼ੀ ਹੋਣ ਦੀ ਦੋਸ਼ੀ ਬਣੀ,ਓਥੇ ਸ਼ਰੋਮਣੀ ਕਮੇਟੀ ਇਹਨਾਂ ਘਟਨਾਵਾਂ ਨੂੰ ਰੋਕਣ ਦੀ ਕੋਸ਼ਿਸ਼ ਕਰਨ ਦੀ ਬਜਾਏ ਮੂਕ ਦਰਸ਼ਕ ਬਣਕੇ ਦੇਖਣ ਪਿੱਛੇ ਦਾ ਵੀ ਇਹ ਹੀ ਕਾਰਨ ਹੈ ਕਿ ਸ਼ਰੋਮਣੀ ਕਮੇਟੀ ਗੁਰਸਿੱਖਾਂ ਦੇ ਹੱਥਾਂ ਚੋ ਬਹੁਤ ਦੇਰ ਪਹਿਲਾਂ ਦੀ ਨਿਕਲ ਕੇ ਸਿੱਖ ਵਿਰੋਧੀਆਂ ਦੇ ਹੱਥਾਂ ਵਿੱਚ ਜਾ ਚੁੱਕੀ ਹੈ,ਜਿਸ ਨੂੰ ਨਾਗਪੁਰ ਦਾ ਇਸ਼ਾਰਾ ਗੁਰੂ ਦੇ ਇਲਾਹੀ ਹੁਕਮ ਤੋ ਸ੍ਰੇਸ਼ਟ ਅਤੇ ਨੇੜੇ ਜਾਪਦਾ ਹੈ। ਭਾਰਤੀ ਹਕੂਮਤ ਨੇ ਸਿੱਖਾਂ ਦੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਰਿਹਾਅ ਹੀ ਨਹੀਂ ਕਰਵਾਇਆ ਬਲਕਿ ਸੀਬੀਆਈ ਵੱਲੋਂ ਅਦਾਲਤ ਵਿੱਚ ਇਸ ਕੇਸ ਨੂੰ ਬੰਦ ਕਰਨ ਦੀ ਸਿਫ਼ਾਰਿਸ਼ ਕਰ ਦਿੱਤੀ ਹੈ,ਜਿਸ ਦੇ ਖ਼ਿਲਾਫ਼ ਨਾ ਹੀ ਸਿੱਖਾਂ ਦੀ ਮੁੱਖ ਨੁਮਾਇੰਦਾ ਪਾਰਟੀ ਕਹੀ ਜਾਣ ਵਾਲੀ ਅਕਾਲੀ ਦਲ ਦੇ ਆਗੂਆਂ ਨੇ ਜ਼ੁਬਾਨ ਖੋਲੀ ਹੈ ਤੇ ਨਾ ਹੀ ਸ਼ਰੋਮਣੀ ਕਮੇਟੀ ਨੇ ਕੋਈ ਪੁਖ਼ਤਾ ਪ੍ਰਤੀਕਰਮ ਦਿੱਤਾ ਹੈ,ਅਜਿਹੇ ਸਮੇਂ ਇਨਸਾਫ਼ ਲੈਣ ਲਈ ਉਹ ਰਵਾਇਤੀ ਪੰਥਕ ਧਿਰਾਂ ਵੀ ਅੱਗੇ ਨਹੀਂ ਆਈਆਂ, ਜਿਨਾਂ ਨੇ ਬੇਅਦਬੀ ਦਾ ਇਨਸਾਫ਼ ਲੈਣ ਲਈ ਮੋਰਚੇ ਵੀ ਲਗਾਏ ਸਨ, ਪ੍ਰੰਤੂ ਨਿਰੋਲ ਸਿੱਖ ਜਥੇਬੰਦੀਆਂ,ਪੰਥ ਦਰਦੀ ਅਤੇ ਸਿੱਖ ਜੁਆਨੀ ਬੇਅਦਬੀਆਂ ਦਾ ਇਨਸਾਫ਼ ਲੈਣ ਲਈ ਦੁਬਾਰਾ ਫਿਰ ਸੜਕਾਂ ਤੇ ਜ਼ਰੂਰ ਆ ਗਈ। ਪਿਛਲੇ ਦਿਨੀਂ ਸੀ ਬੀ ਆਈ ਦੇ ਸਿੱਖ ਵਿਰੋਧੀ ਫ਼ੈਸਲੇ ਦੇ ਖ਼ਿਲਾਫ਼ ਰੋਸ ਪਰਗਟ ਕਰਨ ਲਈ ਚੰਡੀਗੜ ਪਹੁੰਚੇ ਪੰਥ ਦਰਦੀ, ਸਿੱਖ ਸੰਸਥਾਵਾਂ ਦੇ ਆਗੂ ਵਰਕਰ ਅਤੇ ਸਿੱਖ ਨੌਜਵਾਨਾਂ ਤੇ ਅੱਥਰੂ ਗੈੱਸ ਅਤੇ ਪਾਣੀ ਦੀਆਂ ਤੇਜ ਬੁਛਾੜਾਂ ਸੁੱਟ ਕੇ ਜਿੱਥੇ ਦਸਤਾਰਾਂ ਪੈਰਾਂ ਵਿੱਚ ਰੋਲੀਆਂ ਗਈਆਂ ਉੱਥੇ ਸ਼ਾਂਤਮਈ ਸਿੱਖਾਂ ਨੂੰ ਬੁਛਾੜਾਂ ਨਾਲ ਜ਼ਖ਼ਮੀ ਕਰਕੇ ਉਹਨਾਂ ਦੀ ਅਣਖ ਨੂੰ ਜਾਣਬੁੱਝ ਕੇ ਹਲੂਣਿਆ ਗਿਆ ਤਾਂ ਕਿ ਸਿੱਖ ਉਲਟਾ ਪ੍ਰਤੀਕਰਮ ਕਰਨ ਤਾਂ ਕਿ ਸਿੱਖਾਂ ਨੂੰ ਮੁੜ ਤੋ 1984 ਦੀ ਯਾਦ ਤਾਜ਼ਾ ਕਰਵਾ ਕੇ ਨਸਲਕੁਸ਼ੀ ਕੀਤੀ ਜਾ ਸਕੇ।

ਹੁਣ ਉਪਰੋਕਤ ਵਰਤਾਰੇ ਦੇ ਮੱਦੇਨਜ਼ਰ ਇਹ ਸਮਝਣ ਦੀ ਜ਼ਰੂਰਤ ਹੈ,ਕਿ ਸਿੱਖਾਂ ਨੂੰ ਆਪਣੇ ਗੁਰੂ ਦੀ ਬੇਅਦਬੀ ਦਾ ਇਨਸਾਫ਼ ਸੀਬੀਆਈ ਦੇ ਦਫ਼ਤਰ ਦਾ ਘਿਰਾਓ ਕਰਕੇ ਮਿਲਣਾ ਮੁਸ਼ਕਲ ਹੈ, ਸੋ ਇਸ ਸਿੱਖ ਵਿਰੋਧੀ ਵਰਤਾਰੇ ਦੀ ਜੜ ਨੂੰ ਫੜਨ ਦੀ ਜ਼ਰੂਰਤ ਹੈ, ਉਹ ਜੜ ਹੈ ਸ਼ਰੋਮਣੀ ਕਮੇਟੀ,ਜਿਸ ਦਾ ਪ੍ਰਬੰਧ ਸਹੀ ਹੱਥਾਂ ਵਿੱਚ ਆ ਜਾਣ ਨਾਲ ਇਸ ਸਾਰੇ ਵਰਤਾਰੇ ਨੂੰ ਸੌਖਿਆਂ ਹੀ ਠੱਲ ਪਾਈ ਜਾ ਸਕਦੀ ਹੈ। ਜੇਕਰ ਅਕਾਲ ਤਖ਼ਤ ਸਾਹਿਬ ਤੇ ਸੱਚੇ ਸੁੱਚੇ ਗੁਰਸਿੱਖ ਬੈਠੇ ਹੋਣਗੇ, ਫਿਰ ਹੀ ਅਜ਼ਾਦ ਪ੍ਰਭੂ ਸੱਤਾ ਬਾਰੇ ਸੋਚਿਆ ਜਾ ਸਕਦਾ ਹੈ। ਜਿੰਨੇ ਸਿੱਖ ਬੁੱਧੀਜੀਵੀ ਹਨ, ਜਿੰਨੇ ਪੰਥਕ ਵਿਦਵਾਨ ਅਤੇ ਸੰਤ ਸਮਾਜ ਦੇ ਉਹ ਲੋਕ ਜਿਹੜੇ ਸੱਚਮੁੱਚ ਕੌਮੀ ਦਰਦ ਰੱਖਦੇ ਹਨ, ਉਹਨਾਂ ਸਭਨਾਂ ਨੂੰ ਕੌਮੀ ਲਾਮਬੰਦੀ ਲਈ ਇੱਕ ਸਾਂਝਾ ਪ੍ਰੋਗਰਾਮ ਉਲੀਕਣਾ ਪਵੇਗਾ। ਰਾਜਨੀਤਕ ਸਿੱਖ ਜਥੇਬੰਦੀਆਂ ਦੇ ਆਗੂ ਕਦੇ ਵੀ ਆਪਣੀ ਹਉਮੈਂ ਨਹੀਂ ਛੱਡਣਗੇ। ਜੇਕਰ ਸਿੱਖ ਇਸ ਲਾਮਬੰਦੀ ਤੋ ਇਹ ਕਹਿ ਕੇ ਪੱਲਾ ਝਾੜਦੇ ਰਹਿਣਗੇ ਕਿ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਦਾ ਕੋਈ ਪਤਾ ਨਹੀਂ ਕਿ ਕਦੋਂ ਹੋਣੀਆਂ ਹਨ,ਫਿਰ ਕਾਮਯਾਬੀ ਮਿਲਣੀ ਮੁਸ਼ਕਲ ਹੈ। ਸਾਡੀ ਤਿਆਰੀ ਪਹਿਲਾਂ ਹੀ ਹੋਣੀ ਚਾਹੀਦੀ ਹੈ, ਕਿਉਂਕਿ ਖੱਖੜੀਆਂ ਕਰੇਲੇ ਹੋਈ ਕੌਮ ਨੂੰ ਮੌਕੇ ਤੇ ਇਕੱਠੀ ਕਰਨਾ ਕੋਈ ਸੌਖਾ ਕੰਮ ਨਹੀਂ ਹੈ, ਜਦੋਂ ਕਿ ਦੂਜੇ ਪਾਸੇ ਦੁਸ਼ਮਣ ਸਮੁੱਚੀਆਂ ਘੱਟ ਗਿਣਤੀਆਂ ਨੂੰ ਖ਼ਤਮ ਕਰਨ ਲਈ ਇੱਕ ਮੱਤ ਅਤੇ ਬੇਹੱਦ ਤਾਕਤਵਰ ਹੈ, ਇਸ ਲਈ ਸਮਾਂ ਮੰਗ ਕਰਦਾ ਹੈ ਕਿ ਕੌਮੀ ਵਿਦਵਾਨ ਆਪਣੇ ਫ਼ਰਜ਼ਾਂ ਤੇ ਪਹਿਰਾ ਦਿੰਦੇ ਹੋਏ ਆਪਣੀ ਕਲਮ ਤੇ ਬੌਧਿਕਤਾ ਨੂੰ ਕੌਮ ਦੇ ਸੁਨਹਿਰੀ ਭਵਿੱਖ ਲਈ ਇਸਤੇਮਾਲ ਕਰਨ,ਤਾਂ ਕਿ ਸਿੱਖੀ ਸਿਧਾਂਤਾਂ ਦੀ ਰਾਖੀ, ਗੁਰਦੁਆਰਾ ਪ੍ਰਬੰਧ ਨੂੰ ਸਿੱਖ ਦੁਸ਼ਮਣ ਤਾਕਤਾਂ ਤੋ ਮੁਕਤ ਕਰਵਾਉਣ ਅਤੇ ਪੰਜਾਬ,ਪੰਜਾਬੀਅਤ ਤੇ ਪੰਥ ਦੀ ਅਜ਼ਾਦ ਹਸਤੀ ਬਰਕਰਾਰ ਰੱਖਣ ਅਤੇ ਅਕਾਲ ਤਖ਼ਤ ਸਾਹਿਬ ਦੇ ਆਸ਼ੇ ਅਨੁਸਾਰ ਅਜ਼ਾਦ ਪ੍ਰਭੂ ਸੱਤਾ ਦੀ ਪ੍ਰਾਪਤੀ ਲਈ ਖਿੰਡੀ ਪੁੰਡੀ ਸਿੱਖ ਸ਼ਕਤੀ ਦਾ ਇੱਕ ਲੜੀ ਵਿੱਚ ਪਰੋ ਕੇ ਕੌਮੀ ਕਾਰਜ ਲਈ ਸਦ ਉਪਯੋਗ ਕੀਤਾ ਜਾ ਸਕੇ। ਇਹ ਸੱਚ ਹੈ ਕਿ ਮੌਜੂਦਾ ਸੰਕਟ ਦੇ ਦੌਰ ਅੰਦਰ ਕੌਮੀ ਹਿਤਾਂ ਲਈ ਬੁੱਧੀਜੀਵੀ ਵਰਗ ਹੀ ਜ਼ਿਕਰਯੋਗ ਭੂਮਿਕਾ ਅਦਾ ਕਰ ਸਕਦਾ ਹੈ।

# ਪ੍ਰਧਾਨ ਮੰਤਰੀ ਮੋਦੀ ਦਾ ਭਾਸ਼ਣ ਜਾਦੂਗਰੀ ਬਹੁਗਿਣਤੀ ਨੂੰ ਕੀਲਣ ਵਾਲਾ !

**ਕੋਰੋਨਾ ਸੰਕਟ 'ਚ ਭਾਰਤ ਫਸਿਆ ✪ ਬੇਰੁਜ਼ਗਾਰੀ, ਆਰਥਿਕ ਮੰਦਹਾਲੀ ਭਾਰਤ 'ਤੇ ਭਾਰੂ ✪ ਮੋਦੀ ਨਾ ਕੱਢ ਸਕੇ ਕੋਈ ਹੱਲ, ਭਾਸ਼ਣਾਂ ਨਾਲ ਜਨਤਾ ਦਾ ਕੰਮ ਸਾਰਨ ਲੱਗੇ**

**ਨਵੀਂ ਦਿੱਲੀ/ਏ.ਟੀ.ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 74ਵੇਂ ਸੁਤੰਤਰਤਾ ਦਿਵਸ ਮੌਕੇ ਲਾਲ ਕਿਲੇ ਤੋਂ ਆਪਣੀ ਡੇਢ ਘੰਟਾ ਲੰਮੀ ਤਕਰੀਰ ਵਿੱਚ ਇੱਕ ਵਾਰ ਫਿਰ ਆਪਣੀ ਭਾਸ਼ਣ ਕਲਾ ਦੀ ਜਾਦੂਗਰੀ ਦਿਖਾਈ ਹੈ। ਦੇਸ਼ ਦਾ 74ਵਾਂ ਸੁਤੰਤਰਤਾ ਦਿਵਸ ਉਸ ਸਮੇਂ ਆਇਆ ਹੈ, ਜਦੋਂ ਦੇਸ਼ ਵਿੱਚ ਚਾਰੇ ਪਾਸੇ ਮਾਯੂਸੀ ਛਾਈ ਹੋਈ ਹੈ। ਕੋਰੋਨਾ ਮਹਾਂਮਾਰੀ ਦਿਨੋ-ਦਿਨ ਭਿਆਨਕ ਰੂਪ ਅਖ਼ਤਿਆਰ ਕਰਦੀ ਜਾ ਰਹੀ ਹੈ, ਅਰਥ-ਵਿਵਸਥਾ ਬੇਹਾਲ ਹੈ, ਬੇਰੁਜ਼ਗਾਰੀ ਨੇ ਸਭ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ ਤੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਵਿਗੜ ਚੁੱਕੇ ਹਨ। ਅਜਿਹੇ ਵਿੱਚ ਆਮ ਲੋਕਾਂ ਨੂੰ ਇਹ ਆਸ ਸੀ ਕਿ ਪ੍ਰਧਾਨ ਮੰਤਰੀ ਇਸ ਵਿਸ਼ੇਸ਼ ਦਿਨ ਉੱਤੇ ਦੇਸ਼ ਨੂੰ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ ਲੋਕਾਂ ਵਿੱਚ ਪਸਰੀ ਨਿਰਾਸ਼ਾ ਤੇ ਚਿੰਤਾ ਨੂੰ ਦੂਰ ਕਰਨ ਲਈ ਕੁਝ ਠੋਸ ਉਪਾਵਾਂ ਨੂੰ ਸਾਹਮਣੇ ਲਿਆਉਣਗੇ, ਪਰ ਅਜਿਹਾ ਹੋਇਆ ਨਹੀਂ। ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬੀਤੇ 6 ਸਾਲਾਂ ਦੇ ਰਾਜਕਾਲ ਦਾ ਲੇਖਾ-ਜੋਖਾ ਕੀਤਾ ਜਾਵੇ ਤਾਂ ਉਨਾਂ ਦੇ ਹਰ ਭਾਸ਼ਣ ਵਿੱਚ 4 ਗੱਲਾਂ ਪ੍ਰਮੁੱਖ ਹੁੰਦੀਆਂ ਹਨ। ਉਹ ਹਨ: ਝੂਠ, ਫ਼ਰੇਬ, ਨਿੰਦਾ (ਵਿਰੋਧੀਆਂ ਦੀ) ਤੇ ਜੁਮਲੇਬਾਜ਼ੀ, ਜਿਹੜੀ ਧਾਰਮਿਕ ਤੇ ਫ਼ਿਰਕੂ ਮੰਤਰਾਂ ਦੀ ਚਾਸ਼ਨੀ ਵਿੱਚ ਵਲੇਟ ਕੇ ਲੋਕਾਂ ਨੂੰ ਪਰੋਸੀ ਜਾਂਦੀ ਹੈ। ਇਸ ਅਜ਼ਾਦੀ ਦਿਵਸ ਮੌਕੇ ਦਿੱਤਾ ਗਿਆ ਉਨਾਂ ਦਾ ਭਾਸ਼ਣ ਵੀ ਪਹਿਲਾਂ ਵਾਲਿਆਂ ਨਾਲੋਂ ਕੋਈ ਵੱਖਰਾ ਨਹੀਂ ਸੀ। ਪ੍ਰਧਾਨ ਮੰਤਰੀ ਨੇ ਕੋਰੋਨਾ ਮਹਾਂਮਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਿਪਤਾ ਵੱਡੀ ਜ਼ਰੂਰ ਹੈ, ਪਰ ਏਨੀ ਵੱਡੀ ਵੀ ਨਹੀਂ ਕਿ ਉਹ ਸਾਡੀ ਆਤਮ-ਨਿਰਭਰਤਾ ਦੀ ਵਿਜੇ ਯਾਤਰਾ ਨੂੰ ਰੋਕ ਸਕੇ। ਪ੍ਰਧਾਨ ਮੰਤਰੀ ਦੀ ਕਹੀ ਗੱਲ 'ਤੇ ਹੀ ਜੇਕਰ ਯਕੀਨ ਕਰਨਾ ਹੋਵੇ ਤਾਂ ਫਿਰ ਪ੍ਰਧਾਨ ਮੰਤਰੀ ਨੇ ਤਾਂ 5 ਮਹੀਨੇ ਪਹਿਲਾਂ ਲਾਕਡਾਊਨ ਦਾ ਐਲਾਨ ਕਰਨ ਸਮੇਂ ਕਿਹਾ ਸੀ ਕਿ ਭਾਰਤ 21 ਦਿਨਾਂ ਵਿੱਚ ਕੋਰੋਨਾ ਉੱਤੇ ਕਾਬੂ ਪਾ ਲਵੇਗਾ, ਪਰ ਅੱਜ ਹਾਲਤ ਇਹ ਹੈ ਕਿ ਅਸੀਂ ਦੁਨੀਆ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਵਿੱਚ ਤੀਜੇ ਥਾਂ ਪੁੱਜ ਚੁੱਕੇ ਹਾਂ। ਇੱਥੇ ਵੀ ਪ੍ਰਧਾਨ ਮੰਤਰੀ ਨੇ ਇਹ ਕਹਿ ਕੇ ਵੱਡਾ ਝੂਠ ਬੋਲਿਆ ਕਿ ਕੋਰੋਨਾ ਕਾਲ ਤੋਂ ਪਹਿਲਾਂ ਦੇਸ਼ ਵਿੱਚ ਪੀ ਪੀ ਈ ਕਿੱਟਾਂ ਨਹੀਂ ਸੀ ਬਣਦੀਆਂ, ਪਰ ਜਦੋਂ ਸਾਡੇ ਸਾਹਮਣੇ ਇਹ ਚੁਨੌਤੀ ਆਈ ਤਾਂ ਅਸੀਂ ਪੀ ਪੀ ਈ ਕਿੱਟਾਂ ਦਾ ਵੱਡੇ ਪੱਧਰ ਉੱਤੇ ਉਤਪਾਦਨ ਸ਼ੁਰੂ ਕੀਤਾ, ਜਦੋਂ ਕਿ ਸੱਚ ਇਹ ਹੈ ਕਿ ਮਾਰਚ ਮਹੀਨੇ ਤੱਕ ਭਾਰਤ ਪੀ ਪੀ ਈ ਕਿੱਟਾਂ ਚੀਨ ਸਮੇਤ ਹੋਰ ਦੇਸ਼ਾਂ ਨੂੰ ਵੇਚਦਾ ਰਿਹਾ ਸੀ ਤੇ ਜਦੋਂ ਇਸ ਸੰਬੰਧੀ ਦੇਸ਼ ਭਰ ਵਿੱਚ ਰੌਲਾ ਪਿਆ, ਤਦ ਜਾ ਕੇ ਸਰਕਾਰ ਨੇ ਕਿੱਟਾਂ ਦੇ ਨਿਰਯਾਤ ਉੱਤੇ ਰੋਕ ਲਾਈ ਸੀ।

ਪ੍ਰਧਾਨ ਮੰਤਰੀ ਨੇ ਇਸ ਸਮੇਂ ਦੇਸ਼ ਭਰ ਵਿੱਚ ਆ ਚੁੱਕੇ ਸਿਹਤ ਸੰਕਟ ਦੇ ਹੱਲ ਲਈ ਇੱਕ ਨੈਸ਼ਨਲ ਡਿਜੀਟਲ ਹੈਲਥ ਮਿਸ਼ਨ ਬਣਾਉਣ ਦਾ ਐਲਾਨ ਕੀਤਾ ਹੈ। ਇਸ ਦਾ ਮਤਲਬ ਹੈ ਕਿ ਹੁਣ ਹਰ ਦੇਸ਼ ਵਾਸੀ ਦੀ ਜੇਬ ਵਿੱਚ ਅਧਾਰ ਕਾਰਡ ਦੇ ਨਾਲ ਇੱਕ ਹੋਰ ਕਾਰਡ ਹੋਵੇਗਾ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਇਹ ਨਹੀਂ ਦੱਸਿਆ ਕਿ ਇਸ ਦਾ ਲਾਭ ਕੀ ਹੋਵੇਗਾ ? ਇਸ ਤੋਂ ਪਹਿਲਾਂ ਵੀ ਇੱਕ 'ਆਯੂਸ਼ਮਾਨ ਭਾਰਤ' ਦੇ ਨਾਂਅ ਉੱਤੇ ਸਿਹਤ ਯੋਜਨਾ ਸ਼ੁਰੂ ਕੀਤੀ ਗਈ ਸੀ, ਪਰ ਕੋਰੋਨਾ ਮਹਾਂਮਾਰੀ ਦੌਰਾਨ ਉਹ ਵੀ ਦਮ ਤੋੜ ਚੁੱਕੀ ਹੈ। ਲੋਕ ਸਰਕਾਰੀ ਹਸਪਤਾਲਾਂ ਤੇ ਸਿਹਤ ਸਹੂਲਤਾਂ ਦੀ ਘਾਟ ਦਾ ਸੱਚ ਦੇਖ ਚੁੱਕੇ ਹਨ। ਚਾਹੀਦਾ ਤਾਂ ਇਹ ਸੀ ਕਿ ਪ੍ਰਧਾਨ ਮੰਤਰੀ ਸਿਹਤ ਤੰਤਰ ਨੂੰ ਸੁਧਾਰਨ, ਹਸਪਤਾਲਾਂ ਦੀ ਹਾਲਤ ਬਦਲਣ ਤੇ ਸਿਹਤ ਬਜਟ ਨੂੰ ਵਧਾਉਣ ਦੀ ਗੱਲ ਕਰਦੇ, ਪਰ ਉਨਾਂ ਇੱਕ ਨਵਾਂ ਕਾਰਡ ਜਾਰੀ ਕਰਕੇ ਸਰਕਾਰ ਦਾ ਏਜੰਡਾ ਤੈਅ ਕਰ ਦਿੱਤਾ ਹੈ। ਇਸ ਨਵੇਂ ਡਿਜੀਟਲ ਸਿਹਤ ਕਾਰਡ ਨਾਲ ਰੋਗੀ ਦਾ ਭਲਾ ਹੋਵੇ ਜਾਂ ਨਾ, ਸਿਹਤ ਸੰਸਥਾਵਾਂ ਨਾਲ ਜੁੜੀਆਂ ਵੱਡੀਆਂ ਕੰਪਨੀਆਂ ਤੇ ਕਾਰਪੋਰੇਸ਼ਨਾਂ ਦਾ ਕੰਮ ਜ਼ਰੂਰ ਸੌਖਾ ਹੋ ਜਾਵੇਗਾ। ਉਨਾਂ ਨੂੰ ਬਿਨਾਂ ਖ਼ਰਚ ਕੀਤਿਆਂ ਹਰ ਵਿਅਕਤੀ ਦੀ ਸਿਹਤ ਸੰਬੰਧੀ ਪੂਰੀ ਜਾਣਕਾਰੀ ਮੁਹੱਈਆ ਹੁੰਦੀ ਰਹੇਗੀ।



ਪ੍ਰਧਾਨ ਮੰਤਰੀ ਨੇ ਮੌਜੂਦਾ ਚੁਨੌਤੀਆਂ ਦੇ ਮੁਕਾਬਲੇ ਉੱਤੇ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਇਸ ਸਿਲਸਿਲੇ ਵਿੱਚ ਉਨਾਂ ਆਪਣੀ ਪੁਰਾਣੀ ਯੋਜਨਾ 'ਮੇਕ ਇਨ ਇੰਡੀਆ' ਵਾਂਗ ਹੀ 'ਮੇਕ ਫ਼ਾਰ ਵਰਲਡ' ਦਾ ਨਾਅਰਾ ਦਿੱਤਾ ਹੈ। ਇਸ ਤੋਂ ਪਹਿਲਾਂ 2015 ਵਿੱਚ ਇਸੇ ਦਿਨ ਉੱਤੇ ਪ੍ਰਧਾਨ ਮੰਤਰੀ ਨੇ 'ਸਟਾਰਟ ਅੱਪ ਇੰਡੀਆ' ਤੇ ਸਟੈਂਡ ਅੱਪ ਇੰਡੀਆ' ਦਾ ਨਾਅਰਾ ਦਿੱਤਾ ਸੀ, ਪਰ ਅੱਜ ਇਨਾਂ ਦਾ ਕੋਈ ਨਾਂਅ ਵੀ ਨਹੀਂ ਲੈ ਰਿਹਾ। ਪ੍ਰਧਾਨ ਮੰਤਰੀ ਆਤਮ-ਨਿਰਭਰ ਮੁਹਿੰਮ ਦੀ ਗੱਲ ਕਰਦਿਆਂ ਇਹ ਵੀ ਕਹਿ ਗਏ ਕਿ ਇਸ ਸਮੇਂ ਦੇਸ਼ ਵਿੱਚ ਪਹਿਲਾਂ ਨਾਲੋਂ ਵੱਧ ਵਿਦੇਸ਼ੀ ਨਿਵੇਸ਼ ਆ ਰਿਹਾ ਹੈ। ਭਲਾ ਵਿਦੇਸ਼ੀ ਨਿਵੇਸ਼ ਦਾ ਵਾਧਾ ਤੇ ਆਤਮਨਿਰਭਰਤਾ ਦੋਵੇਂ ਸਾਥ ਕਿਵੇਂ ਚੱਲ ਸਕਦੇ ਹਨ ?

ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਲਗਭਗ ਹਰ ਵਰਗ, ਕਿਸਾਨਾਂ, ਆਦਿਵਾਸੀਆਂ, ਦਲਿਤਾਂ, ਮੱਧਵਰਗ ਤੇ ਕੰਮਕਾਜੀ ਔਰਤਾਂ ਦਾ ਜ਼ਿਕਰ ਕੀਤਾ ਹੈ, ਪਰ ਜ਼ਿਕਰ ਕਰਨ ਨਾਲ ਸਮੱਸਿਆਵਾਂ ਦਾ ਹੱਲ ਤਾਂ ਨਹੀਂ ਨਿਕਲਦਾ। ਇੱਕ ਪਾਸੇ ਆਤਮਨਿਰਭਰਤਾ ਦਾ ਨਾਅਰਾ ਦਿੱਤਾ ਜਾ ਰਿਹਾ ਹੈ, ਦੂਜੇ ਪਾਸੇ ਦੇਸ਼ ਦੀ ਸਮੁੱਚੀ ਜਾਇਦਾਦ, ਇੱਥੋਂ ਤੱਕ ਕਿ ਖੇਤੀ ਵਾਲੀ ਜ਼ਮੀਨ ਵੀ ਪੂੰਜੀਪਤੀਆਂ ਨੂੰ ਸੌਂਪੀ ਜਾ ਰਹੀ ਹੈ। ਇਸ ਸਮੇਂ ਜੋ ਨਿੱਜੀਕਰਨ ਦਾ ਦੌਰ ਚੱਲ ਰਿਹਾ ਹੈ, ਉਸ ਦਾ ਸਿੱਟਾ ਤਾਂ ਇਹੋ ਹੋਵੇਗਾ ਕਿ ਸਮੁੱਚੇ ਭਾਰਤੀ ਕੁਝ ਗਿਣਵੇਂ ਪੂੰਜੀਪਤੀਆਂ ਦੇ ਗ਼ੁਲਾਮ ਬਣ ਜਾਣਗੇ ਤੇ ਉਨਾਂ ਦੀਆਂ ਸ਼ਰਤਾਂ ਉੱਤੇ ਕੰਮ ਕਰਨ ਲਈ ਮਜਬੂਰ ਹੋ ਜਾਣਗੇ।

# ਆਜ਼ਾਦੀ ਦਾ ਦੂਜਾ ਪੱਖ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਜੰਗ ਦੇ ਆਮ ਤੌਰ ਉੱਤੇ ਦੋ ਪਹਿਲੂ ਹੁੰਦੇ ਹਨ। ਇੱਕ ਜਿੱਤਣ ਵਾਲਿਆਂ ਦਾ ਅਤੇ ਦੂਜਾ ਹਾਰਨ ਵਾਲਿਆਂ ਦਾ। ਜਿੱਤਣ ਵਾਲਿਆਂ ਵਿੱਚੋਂ ਵੀ ਕੁੱਝ ਜਸ਼ਨ ਮਨਾਉਂਦੇ ਹਨ ਅਤੇ ਕੁੱਝ ਜੰਗ ਦੌਰਾਨ ਆਪਣਿਆਂ ਦੇ ਖੁੱਸ ਜਾਣ ਦਾ ਮਾਤਮ! ਜੇ ਭਾਰਤ ਦੀ ਗੱਲ ਕਰੀਏ ਤਾਂ ਜਿੰਨੀ ਵਾਰ ਵਦੇਸ਼ੀ ਹਮਲਾਵਰ ਆਏ, ਸਰਹੱਦ ਉੱਤੇ ਖ਼ਤਰਾ ਹੋਇਆ ਜਾਂ ਸਰਹੱਦ ਅੰਦਰ ਮਨੁੱਖੀ ਹੱਕਾਂ ਦਾ ਘਾਣ ਹੋਇਆ, ਵੱਡੀ ਗਿਣਤੀ ਵਿਚ ਹਮੇਸ਼ਾ ਸਿੱਖਾਂ ਨੇ ਹੀ ਆਪਣਾ ਫ਼ਰਜ਼ ਮੰਨਦਿਆਂ ਕੁਰਬਾਨੀਆਂ ਦਿੱਤੀਆਂ ਹਨ। ਇੱਥੋਂ ਤੱਕ ਕਿ ਵਤਨੋਂ ਪਾਰ ਦੇ ਐਸ਼ੋ-ਆਰਾਮ ਛੱਡ ਕੇ ਵਾਪਸ ਭਾਰਤ ਪਰਤ ਕੇ ਆਜ਼ਾਦੀ ਦੀ ਜੰਗ ਵਿਚ ਹਿੱਸਾ ਲੈ ਕੇ ਜਾਨਾਂ ਗੁਆ ਦਿੱਤੀਆਂ। ਉਨਾਂ ਗ਼ਦਰ ਲਹਿਰ ਦੇ ਨਾਇਕਾਂ ਨੂੰ ਭਾਰਤ ਵਾਸੀਆਂ ਵੱਲੋਂ ਉੱਕਾ ਹੀ ਵਿਸਾਰ ਦੇਣਾ ਕੀ ਗੱਦਰ ਹੈ? ਪੰਦਰਾਂ ਅਗਸਤ ਦੇ ਨਾਚ ਗਾਣਿਆਂ ਅਤੇ ਸਕੂਲੀ ਛੁੱਟੀਆਂ ਵਿਚ ਪੰਜਾਬੀਆਂ ਦੀ ਤ੍ਰਾਸਦੀ ਕਿਸੇ ਨੂੰ ਯਾਦ ਨਹੀਂ ਰਹੀ।

ਆਜ਼ਾਦੀ ਦੇ ਜਸ਼ਨ ਵਿਚ ਰੁੱਝੇ ਭਾਰਤੀਆਂ ਨੂੰ ਸ਼ਾਇਦ ਇਹ ਗੱਲਾਂ ਯਾਦ ਨਾ ਰਹੀਆਂ ਹੋਣ ਜਿਨਾਂ ਬਾਰੇ ਮੈਂ ਅੱਗੇ ਜ਼ਿਕਰ ਕਰਨ ਲੱਗੀ ਹਾਂ। ਹਿੰਦੁਸਤਾਨ ਤੇ ਪਾਕਿਸਤਾਨ ਦਾ ਪਾੜ ਪੈਣ ਲੱਗਿਆਂ ਅਸਲ ਵਿਚ ਬਰਬਾਦੀ ਕਿਸ ਦੀ ਹੋਈ ਸੀ? ਪੰਜਾਬੀਆਂ ਦੀ ਬਰਬਾਦੀ, ਉਨਾਂ ਦੇ ਲਹੂ ਦੀ ਹੋਲੀ ਖੇਡੀ ਗਈ, ਉਨਾਂ ਦੀਆਂ ਧੀਆਂ ਦੀ ਇੱਜ਼ਤ ਤਾਰ-ਤਾਰ ਹੋਈ, ਜਿਗਰੀ ਦੋਸਤਾਂ ਵਿਚ ਡੂੰਘਾ ਪਾੜ ਪਿਆ, ਫ਼ਿਰਕੂ ਨਫ਼ਰਤ ਦੇ ਤੂਫ਼ਾਨ ਵਿਚ ਸਕੇ ਰਿਸ਼ਤਿਆਂ ਦਾ ਉਜਾੜਾ ਹੋਇਆ, ਪੰਜਾਬੀ ਅਤੇ ਪੰਜਾਬੀਅਤ ਦਾ ਘਾਣ, ਜਾਇਦਾਦਾਂ ਤੇ ਘਰਾਂ ਦਾ ਖੁੱਸ ਜਾਣਾ, ਬਚਪਨ ਦੀਆਂ ਡੂੰਘੀਆਂ ਯਾਦਾਂ ਦੀਆਂ ਤੰਦਾਂ ਟੁੱਟਣੀਆਂ, ਪੰਜਾਬੀ ਸਭਿਆਚਾਰ ਦਾ ਭੋਗ ਪੈਣਾ ਅਤੇ ਹੋਰ ਵੀ ਬਹੁਤ ਕੁੱਝ ਕਿਵੇਂ ਭੁਲਾਇਆ ਜਾ ਸਕਦਾ ਹੈ? ਦੋਨਾਂ ਮੁਲਕਾਂ ਦੀ ਆਜ਼ਾਦੀ ਦੇ ਜਸ਼ਨਾਂ ਵਿਚ ਕਿਤੇ ਉਹ ਚੀਸਾਂ ਅਤੇ ਚੀਕਾਂ, ਹਰ ਹਰ ਮਹਾਦੇਵ, ਤੇ ਅੱਲਾ ਹੂ ਅਕਬਰ ਦੇ ਨਾਅਰੇ ਲਾਉਂਦੇ ਸ਼ਰਾਰਤੀ ਅਨਸਰ ਲੁਕਾ ਤਾਂ ਨਹੀਂ ਦਿੱਤੇ ਗਏ? ਇਨਾਂ ਜਸ਼ਨਾਂ 'ਚ ਅੱਜ ਦੇ ਦਿਨ ਜਿਹੜਾ ਚਾਨਣ ਲੱਗਦਾ ਹੈ, ਉਸ ਵਿਚ ਲੁੱਟੇ ਪੁੱਟੇ ਗ਼ਰੀਬਾਂ ਦੇ ਚੁੱਲੇ ਦਾ ਬਾਲਣ ਤਾਂ ਨਹੀਂ ਬਲਦਾ? ਕੀ ਵਾਹਗੇ ਦੇ ਆਰ-ਪਾਰ ਹਰ ਵਰੇ ਪੀੜ ਦੀ ਸਾਂਝ ਗੰਢਣ ਲਈ ਕਦੇ ਵੈਣ ਸੁਣੇ ਗਏ ਹਨ ਜਿੱਥੇ ਵਿੱਛੜੀਆਂ ਮਾਸੀਆਂ, ਭੂਆ ਮਿਲੀਆਂ ਹੋਣ?

ਕੀ ਬਾਰਡਰ ਉੱਤੇ ਨਿਰੀ ਪੁਰੀ ਨਫ਼ਰਤਾਂ ਭਰੀ ਨੋਕ ਝੋਕ ਹੀ ਸੁਣੀਦੀ ਹੈ ਜਿਸ ਵਿਚ ਹਾਕਮਾਂ ਵੱਲੋਂ ਆਪਣੀ ਕੁਰਸੀ ਪੱਕੀ ਰੱਖਣ ਲਈ ਉਕਸਾਊ ਅਤੇ ਭੜਕਾਊ ਭਾਸ਼ਣਾਂ ਰਾਹੀਂ ਪੰਜਾਬ ਤੇ ਪੰਜਾਬੀਆਂ ਦੀ ਹੋਰ ਬਰਬਾਦੀ ਦਾ ਆਧਾਰ ਪੱਕਾ ਕੀਤਾ ਜਾਂਦਾ ਹੈ?

ਮੇਰੇ ਅਗਲੇ ਸਵਾਲਾਂ ਦੇ ਜਵਾਬ ਦੇਣ ਤੋਂ ਪਹਿਲਾਂ ਜਿਹੜੇ ਵੀ ਰੱਬ ਨੂੰ ਮੰਨਦੇ ਹੋਵੋ, ਉਸ ਨੂੰ ਹਾਜ਼ਰ ਨਾਜ਼ਰ ਜਾਣ ਕੇ ਸੱਚ ਕਹਿਣ ਤੇ ਮੰਨਣ ਦਾ ਹੀਆ ਕਰ ਲੈਣਾ :-

1. ਇਸ ਆਜ਼ਾਦ ਭਾਰਤ ਵਿਚ ਕੀ ਸੱਚਮੁੱਚ ਸਾਰੇ ਆਜ਼ਾਦ ਹਵਾ ਵਿਚ ਸਾਹ ਲੈ ਰਹੇ ਹਨ? ਕੀ ਭਾਰਤ ਦੇ ਇੱਕ ਹਿੱਸੇ ਵਿਚ ਇੱਕ ਰੇਲ ਗੱਡੀ ਸਿਰਫ਼ ਇਸ ਕਰਕੇ ਤਾਂ ਨਹੀਂ ਸਾੜ ਦਿੱਤੀ ਗਈ ਸੀ ਕਿ ਉਸ ਵਿਚ ਵੱਖ ਧਰਮ ਨੂੰ ਮੰਨਣ ਵਾਲੇ ਸਾਡੇ ਵਰਗੇ ਹੀ ਆਮ ਲੋਕ ਸਨ?

2. ਦਰਾਂ ਖ਼ੈਬਰ ਤੋਂ ਤਿੱਬਤ ਤੱਕ ਵਿਦੇਸ਼ੀ ਹੱਲਿਆਂ ਨੂੰ ਜਾਨ ਵਾਰ ਕੇ ਰੋਕਣ ਵਾਲੇ ਅਤੇ ਦੇਸ ਲਈ ਸ਼ਹੀਦ ਹੋਣ ਵਾਲਿਆਂ ਵਿੱਚੋਂ 82 ਫ਼ੀਸਦੀ ਸਿੱਖ ਸਨ। ਜਦੋਂ ਸਾਡੇ ਹੀ ਕਸ਼ਮੀਰੀ ਭਰਾਵਾਂ ਭੈਣਾਂ ਨੂੰ ਖ਼ਤਰਾ ਮਹਿਸੂਸ ਹੋਇਆ ਅਤੇ ਉਨਾਂ ਉੱਤੇ ਜਬਰ ਸਿਰਫ਼ ਇਸ ਕਰ ਕੇ ਹੋਇਆ ਕਿ ਉਹ ਹਿੰਦੂ ਰੱਬ ਨੂੰ ਮੰਨਦੇ ਸਨ ਤਾਂ ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਨਿਰਪੱਖਤਾ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਜਾਨ ਕੁਰਬਾਨ ਕਰ ਦਿੱਤੀ। ਜਦੋਂ ਜਨੇਊ ਭਰ ਕੇ ਗੱਡੇ ਲੱਦੇ ਗਏ ਸਨ ਤੇ ਹਿੰਦੂ ਧਰਮ ਨੂੰ ਮੰਨਣ ਵਾਲਿਆਂ ਨੂੰ ਜਬਰੀ ਧਰਮ ਤਬਦੀਲ ਕਰਨ ਲਈ ਜ਼ੋਰ ਪਾਇਆ ਜਾ ਰਿਹਾ ਸੀ ਤਾਂ ਪੰਜ ਕਰਾਰ ਪਹਿਨੀ ਸਿੱਖ ਧਰਮ ਨੂੰ ਮੰਨਣ ਵਾਲਿਆਂ ਨੇ ਆਪਣੇ ਹਿੰਦੂ ਭੈਣ ਭਰਾਵਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਸਤੇ ਆਪਣੇ ਸਿਰ ਵੱਢਵਾਂ ਕੇ ਗੱਡਿਆਂ ਵਿੱਚ ਭਰਵਾ ਦਿੱਤੇ ਸਨ। ਮੁਲਕ ਦੀ ਵੰਡ ਵਿਚ ਸਭ ਤੋਂ ਵੱਧ ਮਾਰ ਖਾਣ ਵਾਲੇ ਇਨਾਂ ਸਿੱਖਾਂ ਨੂੰ ਕੀ ਪਾਕਿਸਤਾਨ ਵਿਚਲੀਆਂ ਧਾਰਮਿਕ ਥਾਵਾਂ 'ਤੇ ਹੁਣ ਤੱਕ ਵੀ ਗੋਲੀਆਂ ਅਤੇ ਬੰਬਾਂ ਨਾਲ ਨਹੀਂ ਉਡਾਇਆ ਜਾ ਰਿਹਾ? ਕੀ ਭਾਰਤ ਵਿਚ ਸਿੱਖੀ ਪਹਿਰਾਵੇ ਵਾਲਿਆਂ ਨੂੰ ਟਰੱਕਾਂ ਵਿੱਚੋਂ ਥੱਲੇ ਧੂਹ ਕੇ ਜਾਂ ਸੜਕ ਉੱਤੇ ਜਾਂਦਿਆਂ ਬੇਦੋਸਿਆਂ ਨੂੰ ਭੜਕਾਈ ਭੀੜ ਵੱਲੋਂ ਰਾਡਾਂ ਨਾਲ ਨਹੀਂ ਕੁੱਟਿਆ ਜਾ ਰਿਹਾ?

3. ਕੀ ਸਰਹੱਦ ਉੱਤੇ ਜਾਨ ਵਾਰ ਦੇਣ ਲਈ ਤਿਆਰ ਸਿੱਖ ਫ਼ੌਜੀਆਂ ਨੂੰ 84 ਵਿਚ ਰੇਲ ਗੱਡੀਆਂ ਵਿੱਚੋਂ ਧੂਹ ਕੇ ਬਾਹਰ ਕੱਢ ਕੇ, ਉੱਚੀ-ਉੱਚੀ ਚੀਕ ਕੇ-'ਫ਼ੂਕ ਦੋ ਸਰਦਾਰੋ ਕੋ, ਦੇਸ ਕੇ ਗ਼ੱਦਾਰੋ ਕੋ'- ਮਾਰੇ ਜਾਣ ਤੋਂ ਪਹਿਲਾਂ ਨਹੀਂ ਸੁਣਨਾ ਪਿਆ ਸੀ?

4. ਇਨਾਂ ਫ਼ੌਜੀਆਂ ਦੀਆਂ ਵਿਧਵਾਵਾਂ ਤੇ ਬੇਕਸੂਰ ਨਿਹੱਥੀਆਂ ਬੇਟੀਆਂ ਨੂੰ ਸਮੂਹਕ ਬਲਾਤਕਾਰ ਦਾ ਸ਼ਿਕਾਰ ਕਿਸ ਆਧਾਰ ਉੱਤੇ ਬਣਾਇਆ ਗਿਆ ਸੀ?

5. ਦਸਤਾਰਾਂ ਵਾਲਿਆਂ ਦੇ ਗਲੇ ਵਿਚ ਟਾਇਰ ਪਾ ਕੇ ਸਾੜਨ ਲੱਗਿਆਂ ਸਰਹੱਦਾਂ ਉੱਤੇ ਛਾਤੀ ਵਿਚ ਗੋਲੀਆਂ ਖਾ ਕੇ ਸ਼ਹੀਦ ਹੋਣ ਵਾਲੇ ਸਿੱਖ ਕਿਉਂ ਭੁਲਾ ਦਿੱਤੇ ਗਏ ਜਿਨਾਂ ਸਦਕਾ ਅੱਜ ਆਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਹਨ?

6. ਪਰ ਇਹ ਤਾਂ ਦੱਸੋ ਕਿ ਕੀ ਅੱਜ ਆਜ਼ਾਦ ਹਿੰਦੁਸਤਾਨ ਵਿੱਚੋਂ ਭ੍ਰਿਸ਼ਟ ਅਧਿਕਾਰੀਆਂ ਤੋਂ ਵੀ ਆਜ਼ਾਦੀ ਮਿਲ ਚੁੱਕੀ ਹੈ?

7. ਕੀ ਆਜ਼ਾਦੀ ਵੇਲੇ ਹੋ ਰਹੀਆਂ ਔਰਤਾਂ ਦੀਆਂ ਬੇਪਤੀਆਂ ਹੁਣ ਆਜ਼ਾਦ ਭਾਰਤ ਜਾਂ ਆਜ਼ਾਦ ਪਾਕਿਸਤਾਨ ਵਿਚ ਖ਼ਤਮ ਹੋ ਚੁੱਕੀਆਂ ਹਨ?

8. ਕੀ ਹੁਣ ਪਾਕਿਸਤਾਨ ਜਾਂ ਹਿੰਦੁਸਤਾਨ ਵਿਚ ਆਜ਼ਾਦੀ ਤੋਂ ਬਾਅਦ ਧਾਰਮਿਕ ਦੰਗੇ ਬੰਦ ਹੋ ਚੁੱਕੇ ਹਨ?

9. ਕੀ ਆਜ਼ਾਦੀ ਤੋਂ ਬਾਅਦ ਦੋਨਾਂ ਮੁਲਕਾਂ ਵਿੱਚੋਂ ਭ੍ਰਿਸ਼ਟ ਤੇ ਫ਼ਿਰਕੂ ਵੰਡੀਆਂ ਪਾਉਣ ਵਾਲੇ ਸਿਆਸਤਦਾਨਾਂ ਤੋਂ ਮੁਕਤੀ ਮਿਲ ਚੁੱਕੀ ਹੋਈ ਹੈ? ਕੀ ਦੋਨਾਂ ਮੁਲਕਾਂ ਵਿੱਚ ਸਿਆਸਤਦਾਨਾਂ ਵੱਲੋਂ ਨਫ਼ਰਤਾਂ ਵੰਡਣੀਆਂ ਬੰਦ ਹੋ ਚੁੱਕੀਆਂ ਹਨ? ਕੀ ਭੜਕਾਊ ਸਿਆਸੀ ਭਾਸ਼ਣ ਬੰਦ ਹੋ ਚੁੱਕੇ ਹਨ?

10. ਕੀ ਸਿਆਸੀ ਵਧੀਕੀਆਂ ਵਿਰੁੱਧ ਆਵਾਜ਼ ਚੁੱਕਣ ਵਾਲੇ ਮੀਡੀਆ ਕਰਮੀਆਂ ਨੂੰ ਦੋਨਾਂ ਮੁਲਕਾਂ ਵਿਚ ਸੱਚ ਦੀ ਆਵਾਜ਼ ਕੱਢਣ ਕਰਕੇ ਗੋਲੀਆਂ ਨਾਲ ਭੁੰਨ ਤਾਂ ਨਹੀਂ ਦਿੱਤਾ ਜਾਂਦਾ? ਕਿਤੇ ਆਜ਼ਾਦੀ ਦੇ ਨਾਂ ਹੇਠ ਉਨਾਂ ਤੋਂ ਸੱਚ ਲਿਖਣ ਤੇ ਬੋਲਣ ਦੀ ਆਜ਼ਾਦੀ ਤਾਂ ਨਹੀਂ ਖੋਹ ਲਈ ਗਈ?

11. ਕੀ ਆਜ਼ਾਦੀ ਤੋਂ ਬਾਅਦ ਨਸ਼ਾ ਮਾਫ਼ੀਆ, ਭੁੱਕੀ, ਚਰਸ ਉੱਤੇ ਰੋਕ ਲੱਗ ਗਈ ਹੈ?

12. ਕੀ ਦੋਨਾਂ ਮੁਲਕਾਂ ਦੇ ਗ਼ਰੀਬ ਲੋਕਾਂ ਨੂੰ ਆਪਣੇ ਹੱਕ ਮਿਲਣ ਲੱਗ ਪਏ ਹਨ?

13. ਕੀ ਧਾਰਮਿਕ ਪਾਖੰਡਾਂ 'ਚੋਂ ਦੋਵੇਂ ਮੁਲਕਾਂ ਦੇ ਲੋਕ ਆਜ਼ਾਦ ਹੋ ਚੁੱਕੇ ਹਨ?

14. ਕੀ 74 ਸਾਲਾਂ ਦੀ ਆਜ਼ਾਦੀ ਬਾਅਦ ਹਾਲੇ ਵੀ ਸੱਚ ਨੂੰ ਫਾਂਸੀ ਤਾਂ ਨਹੀਂ ਮਿਲ ਰਹੀ?

15. ਕੀ ਦੋਨਾਂ ਮੁਲਕਾਂ ਵਿਚ ਕੂੜੇ ਭਰੇ ਢੇਰਾਂ ਵਿੱਚੋਂ ਭਵਿੱਖ ਭਾਲਦੇ ਗ਼ਰੀਬ ਬਚਪਨ ਰੁਲ ਤਾਂ ਨਹੀਂ ਰਹੇ?

16. ਕੀ ਲਦਾਖ਼ ਵਿਚ 12 ਚੀਨੀਆਂ ਨੂੰ ਮਾਰ ਮੁਕਾਉਣ ਵਾਲਾ ਮੁੱਛ-ਫੁੱਟ ਸਿੱਖ ਬਹਾਦਰੀ ਵਿਖਾਉਣ ਲੱਗਿਆਂ ਜੈਕਾਰਾ ਛੱਡੇ ਤਾਂ ਠੀਕ, ਪਰ ਉਹੀ ਜੈਕਾਰਾ ਧਾਰਮਿਕ ਥਾਂ ਅੰਦਰ ਗੂੰਜੇ ਤਾਂ ਦੇਸ਼-ਧ੍ਰੋਹ ਤਾਂ ਨਹੀਂ ਮੰਨ ਲਿਆ ਜਾਂਦਾ? ਕੀ ਪੰਜ ਕਰਾਰਾਂ ਵਾਲਾ ਸਿੱਖੀ ਪਹਿਰਾਵਾ ਹੁਣ ਆਜ਼ਾਦ ਮੁਲਕ ਵਿਚ ਜੁਰਮ ਮੰਨ ਕੇ ਅਣਪਛਾਤੀ ਲਾਸ਼ ਤਾਂ ਨਹੀਂ ਬਣਾ ਦਿੱਤੀ ਜਾਂਦੀ?

17. ਕੀ ਦੋਵਾਂ ਆਜ਼ਾਦ ਮੁਲਕਾਂ ਦੇ ਗ਼ਰੀਬਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਅਤੇ ਮੁਫ਼ਤ ਵਿੱਦਿਆ ਮਿਲਣ ਲੱਗ ਚੁੱਕੀ ਹੈ?

18. ਕੀ ਦੋਵੇਂ ਆਜ਼ਾਦ ਮੁਲਕਾਂ ਵਿਚਲੇ ਅਮੀਰ ਹੋਰ ਅਮੀਰ ਤੇ ਗ਼ਰੀਬ ਹੋਰ ਗ਼ਰੀਬ ਤਾਂ ਨਹੀਂ ਬਣ ਰਹੇ?

19. ਕੀ ਦੋਵਾਂ ਆਜ਼ਾਦ ਮੁਲਕਾਂ ਦੇ ਸਿਆਸਤਦਾਨਾਂ ਦੇ ਬੱਚੇ ਸਰਹੱਦਾਂ ਉੱਤੇ ਮਰਨ ਜਾ ਰਹੇ ਹਨ ਕਿ ਸਿਰਫ਼ ਆਮ ਜਨਤਾ ਨੂੰ ਹੀ ਮਰਨ ਲਈ ਅੱਗੇ ਧੱਕਿਆ ਜਾ ਰਿਹਾ ਹੈ?

20. ਕੀ ਕਿਸਾਨ ਖ਼ੁਦਕੁਸ਼ੀਆਂ ਬੰਦ ਹੋ ਚੁੱਕੀਆਂ ਹਨ ਤੇ ਉਨਾਂ ਨੂੰ ਆਜ਼ਾਦੀ ਸਦਕਾ ਕਰਜ਼ਿਆਂ ਤੋਂ ਨਿਜਾਤ ਮਿਲ ਚੁੱਕੀ ਹੈ?

21. ਕੀ ਬਾਲੜੀਆਂ ਦੇ ਬਲਾਤਕਾਰ ਬੰਦ ਹੋ ਚੁੱਕੇ ਹਨ ਅਤੇ ਉਨਾਂ ਦਾ ਦੇਰ ਰਾਤ ਘਰੋਂ ਬਾਹਰ ਰਹਿਣਾ ਦੋਵਾਂ ਮੁਲਕਾਂ ਵਿਚ ਆਜ਼ਾਦੀ ਤੋਂ ਬਾਅਦ ਸੁਰੱਖਿਅਤ ਮੰਨਿਆ ਜਾਂਦਾ ਹੈ?

ਆਖ਼ਰੀ, ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਆਜ਼ਾਦੀ ਦੇ ਨਾਂ ਉੱਤੇ ਲਹਿਲਹਾਉਂਦੀਆਂ ਫ਼ਸਲਾਂ, ਘਰ-ਬਾਰ, ਜ਼ਮੀਨਾਂ ਤੇ ਗੁਰਧਾਮਾਂ ਨੂੰ ਛੱਡ ਕੇ ਆਏ ਸਿੱਖ ਕੀ ਹੁਣ ਬਚੇ ਖੁਚੇ ਪੰਜਾਬ ਅੰਦਰ ਟਿਕ ਕੇ ਬਹਿ ਚੁੱਕੇ ਹਨ? ਕੀ ਹੁਣ ਹੋਰ ਥਾਏਂ ਪਰਵਾਸ ਤਾਂ ਨਹੀਂ ਸ਼ੁਰੂ ਹੋ ਚੁੱਕਿਆ? ਕੀ ਹੁਣ ਪੰਜਾਬ ਅੰਦਰਲੀਆਂ ਲਹਿਲਹਾਉਂਦੀਆਂ ਫ਼ਸਲਾਂ, ਘਰ-ਬਾਰ, ਜ਼ਮੀਨਾਂ ਤੇ ਗੁਰਧਾਮਾਂ ਨੂੰ ਛੱਡ ਕੇ ਦੁਬਾਰਾ ਬਾਹਰ ਜਾਣ ਉੱਤੇ ਮਜਬੂਰ ਤਾਂ ਨਹੀਂ ਕੀਤਾ ਜਾ ਰਿਹਾ? ਇਸ ਮਜਬੂਰੀ ਵਿਚ ਸ਼ਾਮਲ ਹੈ ਕਿਸਾਨਾਂ ਨੂੰ ਨਪੀੜਨਾ, ਕਰਜ਼ਿਆਂ ਥੱਲੇ ਦੱਬਣਾ, ਨੌਕਰੀਆਂ ਨਾ ਹੋਣੀਆਂ, ਕਮਾਈ ਦੇ ਸਾਧਨ ਖੋਹਣੇ, ਟੈਕਸਾਂ ਨਾਲ ਪੀਹ ਦੇਣਾ ?

ਹੁਣ ਇਸ ਸਵਾਲ ਦਾ ਜਵਾਬ ਤਾਂ ਦੇ ਦਿਓ ਕਿ 1947, 15 ਅਗਸਤ ਬਾਰੇ ਸ਼ਾਇਰ ਬਲੱਗਣ ਨੇ ਜੋ ਉਚਾਰਿਆ ਸੀ, ਕੀ ਉਹ ਅੱਜ ਵੀ 100 ਫ਼ੀਸਦੀ ਸਹੀ ਤਾਂ ਨਹੀਂ ਸਾਬਤ ਹੋ ਰਿਹਾ?

"ਰਾਹ ਵੀਰਾਂ ਦਾ ਤੱਕਦੀਆਂ ਕਈ ਭੈਣਾਂ,<br>
ਅਜੇ ਤੀਕ ਖਲੋ ਦਹਿਲੀਜ਼ ਉੱਤੇ।<br>
ਅਜੇ ਤੀਕ ਵੀ ਅੱਥਰੂ ਕੇਰ ਰਹੀਆਂ,<br>
ਆਪਣੇ ਦਾਜ ਦੀ ਸੁੱਚੀ ਕਮੀਜ਼ ਉੱਤੇ।<br>
ਕਈ ਵਹੁਟੀਆਂ ਖੜੀਆਂ ਬਨੇਰਿਆਂ ਤੇ,<br>
ਪਾਉਣ ਔਸੀਆਂ ਕਿਸੇ ਉਡੀਕ ਪਿੱਛੇ!"

ਆਪਣੇ ਜ਼ਮੀਰ ਨੂੰ ਹਲੂਣਾ ਦੇ ਕੇ ਇੱਕ ਵਾਰ ਸੱਚ ਬੋਲਣ ਦੀ ਹਿੰਮਤ ਕਰੋ ਤੇ ਦੱਸੋ ਕਿ ਉਸ ਸਮੇਂ ਦੇ ਫਾਂਸੀਆਂ ਨੂੰ ਚੁੰਮ ਕੇ ਸੰਘਰਸ਼ ਨੂੰ ਅੰਜਾਮ ਦੇਣ ਵਾਲੇ ਅੱਜ ਤੱਕ ਅਣਪਛਾਤੀਆਂ ਲਾਸ਼ਾਂ ਕਿਉਂ ਬਣਾਏ ਜਾ ਰਹੇ ਹਨ? ਆਜ਼ਾਦੀ ਮਿਲਣ ਨਾਲ ਉਸ ਸਮੇਂ ਦੇ ਭਰੇ ਗੱਡਿਆਂ ਨਾਲ ਸਿਰ ਤੇ ਅੱਜ ਦੇ ਟਰੱਕ ਭਰ ਕੇ ਨੌਜਵਾਨਾਂ ਦੀਆਂ ਲਾਸ਼ਾਂ ਸਾੜ ਦੇਣ ਵਿਚ ਕੀ ਫ਼ਰਕ ਪਿਆ ਹੈ?

ਸਿੱਖੀ ਪਹਿਰਾਵੇ ਨੂੰ ਸ਼ਿਕਾਰ ਬਣਾਉਣ ਵਾਲੇ ਜਰਾਇਮ ਪੇਸ਼ਾ ਲੋਕਾਂ ਨੂੰ ਏਨਾ ਚੇਤੇ ਰੱਖਣ ਦੀ ਲੋੜ ਹੈ ਕਿ ਸਿੱਖਾਂ ਨੂੰ ਮਾਰ ਮੁਕਾਉਣ ਦੀ ਸੋਚ ਤੇ ਇਨਾਂ ਨੂੰ ਪੰਜਾਬੋਂ ਬਾਹਰ ਧੱਕ ਦੇਣ ਬਾਅਦ ਜਦੋਂ ਫਿਰ ਕਿਸੇ ਵੈਰੀ ਵੱਲੋਂ ਭਾਰਤ ਉੱਤੇ ਹੱਲੇ ਹੋਏ ਤਾਂ ਉਦੋਂ ਗੋਲੀਆਂ ਤੋਂ ਬਚਣ ਲਈ ਕਿਨਾਂ ਦੀਆਂ ਛਾਤੀਆਂ ਲੱਭਣਗੇ?

ਅਖੀਰ ਵਿਚ ਮੈਂ ਸਾਰੇ ਵੀਰਾਂ ਭੈਣਾਂ ਨੂੰ ਅਪੀਲ ਕਰਦੀ ਹਾਂ ਕਿ ਪਿੰਡਾਂ ਵਿਚ ਅੱਜ ਵੀ ਈਦ, ਜਨਮ ਅਸ਼ਟਮੀ ਅਤੇ ਗੁਰਪੁਰਬ ਸਾਂਝੇ ਮਨਾਏ ਜਾਂਦੇ ਹਨ। ਜੇ ਆਮ ਲੋਕ ਪਿਆਰ ਅਤੇ ਮੁਹੱਬਤ ਚਾਹੁੰਦੇ ਹਨ ਅਤੇ ਅਮਨ-ਅਮਾਨ ਨਾਲ ਜੀਣਾ ਚਾਹੁੰਦੇ ਹਨ ਤਾਂ ਫਿਰ ਕਿਉਂ, ਆਖ਼ਰ ਕਿਉਂ ਹੁਕਮਰਾਨਾਂ ਵੱਲੋਂ ਭੜਕਾਏ ਜਾਣ ਉੱਤੇ ਭੜਕ ਕੇ ਆਪਣਾ ਹੀ ਨੁਕਸਾਨ ਕਰਵਾ ਰਹੇ ਹਨ? ਆਓ ਰਲ ਮਿਲ ਕੇ ਰਹੀਏ ਅਤੇ ਨਫ਼ਰ ਤਾਂ ਫੈਲਾਉਣ ਵਾਲੇ ਅਨਸਰਾਂ ਤੋਂ ਆਜ਼ਾਦੀ ਪਾਈਏ। ਉਹੀ ਅਸਲ ਆਜ਼ਾਦੀ ਮੰਨੀ ਜਾਏਗੀ।

**ਬੱਚਿਆਂ ਦੀ ਮਾਹਿਰ, 28,**<br>
**ਪ੍ਰੀਤ ਨਗਰ, ਲੋਅਰ ਮਾਲ ਪਟਿਆਲਾ।**<br>
**0175-2216783**

# ਭਾਰਤ ਵਿੱਚ ਕਾਰੋਬਾਰ ਕਰਨਾ ਕਿੰਨਾ ਕੁ ਸੌਖਾ ਹੈ

- ਗੁਰਵਿੰਦਰ ਸਿੰਘ

ਭਾਰਤੀ ਆਗੂ ਆਏ ਦਿਨ ਦਾਅਵਾ ਕਰਦੇ ਰਹਿੰਦੇ ਹਨ ਕਿ ਹੁਣ ਭਾਰਤ ਵਿੱਚ ਕਾਰੋਬਾਰ ਕਰਨਾ ਬਹੁਤ ਸੁਖਾਲਾ ਹੋ ਗਿਆ ਹੈ। ਉਹ ਦਾਅਵਾ ਕਰਦੇ ਹਨ ਕਿ ਸੌਖ ਨਾਲ ਕਾਰੋਬਾਰ ਕਰਨ ਦੇ ਮਾਮਲੇ ਵਿੱਚ ਭਾਰਤ ਇੱਕ ਮੋਹਰੀ ਦੇਸ਼ ਬਣ ਗਿਆ ਹੈ। ਪਰ ਬਲੂਮਬਰਗ ਵਿੱਚ ਛਪੀ ਇੱਕ ਰਿਪੋਰਟ ਉਲਟ ਕਹਾਣੀ ਬਿਆਨ ਕਰਦੀ ਹੈ। ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਹਲਦੀ ਵਿੱਚ ਮਿਲਾਵਟ ਦੇ ਕੇਸ ਵਿੱਚ ਫ਼ੈਸਲਾ ਆਉਣ ਲਈ 34 ਸਾਲ ਲੱਗ ਗਏ। 1982 ਵਿੱਚ ਹਲਦੀ ਵਿੱਚ ਮਿਲਾਵਟ ਕਰਨ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਹੇਠਲੀ ਅਦਾਲਤ ਨੇ ਇੱਕ ਮਹੀਨੇ ਦੀ ਕੈਦ ਅਤੇ ਪੰਜ ਸੌ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ। ਸਰਵ ਉੱਚ ਅਦਾਲਤ ਵਿੱਚ ਮਾਮਲਾ ਪਹੁੰਚਣ ਤੋਂ ਪਹਿਲਾਂ ਇਸ ਮਾਮਲੇ ਵਿੱਚ ਫ਼ੈਸਲਾ ਦੇਣ ਲਈ ਹੇਠਲੀਆਂ ਦੋ ਅਦਾਲਤਾਂ ਨੇ ਚੌਦਾਂ ਚੌਦਾਂ ਸਾਲ ਦਾ ਸਮਾਂ ਲਿਆ। ਸਰਵਉੱਚ ਅਦਾਲਤ ਵਿੱਚ ਇਹ ਮਾਮਲਾ ਪਹੁੰਚਣ ਤੇ ਸਰਵ ਉੱਚ ਅਦਾਲਤ ਨੇ ਹੇਠਲੀਆਂ ਅਦਾਲਤਾਂ ਦੇ ਫ਼ੈਸਲੇ ਨੂੰ ਪਲਟ ਦਿੱਤਾ। ਹੇਠਲੀਆਂ ਅਦਾਲਤਾਂ ਦੇ ਫ਼ੈਸਲੇ ਨੂੰ ਪਲਟਣ ਵਿੱਚ ਦਸ ਸਾਲ ਬੀਤ ਗਏ। ਭਾਰਤ ਦੀ ਤਿੰਨ ਪੜਾਵੀ ਨਿਆਇਕ ਪ੍ਰਣਾਲੀ (ਜ਼ਿਲਾ ਅਦਾਲਤ, ਉੱਚ ਅਦਾਲਤ ਅਤੇ ਸਰਵ ਉੱਚ ਅਦਾਲਤ) ਵਿੱਚ ਲਗਭਗ ਚਾਰ ਕਰੋੜ ਕੇਸ ਲਮਕੇ ਹੋਏ ਹਨ। ਸਰਕਾਰੀ ਅੰਕੜਿਆਂ ਮੁਤਾਬਿਕ ਮੁਲਕ ਦੀਆਂ ਪੱਚੀ ਉੱਚ-ਅਦਾਲਤਾਂ ਵਿੱਚ ਲਗਪਗ 173000 ਕੇਸ 20 ਸਾਲ ਤੋਂ ਜ਼ਿਆਦਾ ਸਮੇਂ ਤੋਂ ਲਮਕ ਰਹੇ ਹਨ ਅਤੇ ਇਸ ਤੋਂ ਅੱਧੇ ਕੇਸਾਂ ਨੂੰ ਲਮਕਦਿਆਂ 30 ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ। ਅਜਿਹੀ ਹਾਲਤ ਵਿੱਚ ਇਹ ਕੇਸ ਦਾ ਫ਼ੈਸਲਾ ਕੋਈ ਨਵੀਂ ਗੱਲ ਨਹੀਂ ਹੈ ਪਰ ਇਹ ਦਿਖਾਉਂਦਾ ਹੈ ਕਿ ਭਾਰਤ ਵਿੱਚ ਹਾਲੇ ਵੀ ਸੌਖ ਨਾਲ ਕਾਰੋਬਾਰ ਕਰਨਾ ਦੂਰ ਦੀ ਗੱਲ ਹੈ। ਵਿਸ਼ਵ ਬੈਂਕ ਨੇ ਸਮੁੱਚੇ ਤੌਰ ਤੇ ਸੌਖ ਨਾਲ ਕਾਰੋਬਾਰ ਕਰਨ ਦੇ ਮਾਮਲੇ ਵਿੱਚ ਭਾਰਤ ਨੂੰ ਸਿਖਰਲੇ ਇੱਕ ਤਿਹਾਈ ਦੇਸ਼ਾਂ ਵਿੱਚ ਰੱਖਿਆ ਹੈ ਪਰ ਜਦੋਂ ਕਾਰੋਬਾਰਾਂ ਨਾਲ ਸਬੰਧਿਤ ਕਾਨੂੰਨੀ ਮਸਲਿਆਂ ਨੂੰ ਹੱਲ ਕਰਨ ਦੀ ਨਿਪੁੰਨਤਾ ਅਤੇ ਸਮਝੌਤਿਆਂ ਨੂੰ ਲਾਗੂ ਕਰਨ ਦੀ ਗੱਲ ਆਉਂਦੀ ਹੈ ਤਾਂ ਭਾਰਤ ਸੂਚੀ ਦੇ ਅਖੀਰਲੇ 15% ਵਾਲੇ ਖਾਨੇ ਵਿੱਚ ਆ ਜਾਂਦਾ ਹੈ ਅਤੇ ਇਸਦੀ ਹਾਲਤ ਪਾਕਿਸਤਾਨ, ਸੀਰੀਆ ਅਤੇ ਸੇਨੇਗਲ ਨਾਲੋਂ ਵੀ ਮਾੜੀ ਹੈ।

ਕੌਮੀ ਕਾਰੋਬਾਰੀ ਖ਼ਬਰਖਾਨੇ ਮਿੰਟ (Mint) ਮੁਤਾਬਿਕ ਵਿੱਤੀ ਸਾਲ 2018 ਦੇ ਅੰਤ ਤੱਕ ਭਾਰਤ ਵਿਚਲੀਆਂ ਕੰਪਨੀਆਂ ਦਾ ਕਾਨੂੰਨੀ ਅਤੇ ਨਿਯਮ ਪਾਲਣਾ ਸਬੰਧੀ ਖਰਚਾ ਤਿੰਨ ਸੌ ਕਰੋੜ ਡਾਲਰ ਤੋਂ ਪਾਰ ਕਰ ਚੁੱਕਾ ਸੀ। ਦੇਸ਼ ਦੇ ਕਈ ਵੱਡੇ ਅਦਾਰੇ ਅਤੇ ਕਾਰੋਬਾਰੀ ਸਮਝੌਤੇ ਨਿਆਇਕ ਦੇਰੀਆਂ ਦੇ ਚੱਕਰ ਵਿੱਚ ਫਸ ਗਏ ਹਨ। ਜਿਵੇਂ ਕਿ:

**ਫੋਰਟਿਸ ਹਸਪਤਾਲਾਂ ਦਾ ਮਸਲਾ**

**ਬੰਗਾਲ ਵਿੱਚ ਟਾਟਾ ਮੋਟਰਜ਼ ਨੂੰ ਦਿੱਤੀ ਗਈ ਜ਼ਮੀਨ ਕਿਸਾਨਾਂ ਨੂੰ ਵਾਪਸ ਦੇਣ ਦਾ ਫ਼ੈਸਲਾ**

ਦੇਸ਼ ਦੀਆਂ ਬੇਤਾਰ ਕੰਪਨੀਆਂ ਵਿਰੁੱਧ 1900 ਕਰੋੜ ਡਾਲਰ ਦਾ ਫ਼ੈਸਲਾ

ਫ਼ੈਸਲੇ ਵਿੱਚ ਦੇਰੀ ਦਾ ਇੱਕ ਵੱਡਾ ਕਾਰਨ ਜੱਜਾਂ ਦੀਆਂ ਖ਼ਾਲੀ ਪਈਆਂ ਅਸਾਮੀਆਂ ਹਨ। ਮੁੰਬਈ ਸਥਿਤ ਐਕੁਇਟੀ ਲਾਅ (Acuity Law) ਦੇ ਪ੍ਰਬੰਧਕੀ ਹਿੱਸੇਦਾਰ ਸੌਵਿਕ ਗਾਂਗੁਲੀ ਦਾ ਕਹਿਣਾ ਹੈ ਕਿ ਕੇਸਾਂ ਦੇ ਨਿਬੇੜੇ ਦਾ ਲੰਮਾ ਸਮਾਂ ਵਿਦੇਸ਼ੀ ਕੰਪਨੀਆਂ ਲਈ ਅਨਿਸ਼ਚਿਤਤਾ ਦਾ ਮਾਹੌਲ ਪੈਦਾ ਕਰਦਾ ਹੈ ਜਦ ਕਿ ਉਹ ਭਾਰਤ ਵਿੱਚ ਕਾਰੋਬਾਰ ਕਰਨ ਲਈ ਤਿਆਰ ਹੁੰਦੀਆਂ ਹਨ। ਅਨਿਸ਼ਚਿਤਤਾ ਦਾ ਮਾਹੌਲ ਕਾਰੋਬਾਰੀਆਂ ਨੂੰ ਚਿੰਤਾ ਵਿੱਚ ਪਾ ਦਿੰਦਾ ਹੈ। ਭਾਰਤ ਦਾ ਮੁਕਾਬਲਾ ਸਿੰਗਾਪੁਰ, ਥਾਈਲੈਂਡ ਅਤੇ ਅਜਿਹੇ ਹੋਰ ਦੇਸ਼ਾਂ ਨਾਲ ਹੈ ਜਿੱਥੇ ਮਾਮਲਿਆਂ ਦਾ ਨਿਬੇੜਾ ਬੜੀ ਜਲਦੀ ਹੁੰਦਾ ਹੈ।

**ਕੀ ਫ਼ੈਸਲਿਆਂ ਵਿੱਚ ਦੇਰੀ ਹੀ ਵੱਡਾ ਅੜਿੱਕਾ ਹੈ ?**

ਭਾਵੇਂ ਕਿ ਇਸ ਰਿਪੋਰਟ ਵਿੱਚ ਕਾਰੋਬਾਰ ਕਰਨ ਵਿੱਚ ਪੈਂਦੇ ਅੜਿੱਕਿਆਂ ਵਿੱਚੋਂ ਫ਼ੈਸਲਿਆਂ ਵਿੱਚ ਦੇਰੀ ਵਾਲੇ ਅੜਿੱਕੇ ਬਾਰੇ ਦੱਸਿਆ ਗਿਆ ਹੈ। ਪਰ ਭਾਰਤ ਵਿੱਚ ਕਈ ਸਿਆਸੀ ਨੇਤਾਵਾਂ ਅਤੇ ਬਦਮਾਸ਼ ਬਿਰਤੀ ਵਾਲੇ ਲੋਕਾਂ ਵੱਲੋਂ ਕਾਰੋਬਾਰਾਂ ਵਿੱਚ ਨਿੱਜੀ ਦਾਖਲ ਅਤੇ ਵੱਡੇ ਕਾਰੋਬਾਰੀ ਅਦਾਰਿਆਂ ਵੱਲੋਂ ਛੋਟੇ ਕਾਰੋਬਾਰੀਆਂ ਨੂੰ ਹੜੱਪਣ ਅਤੇ ਨਵੇਂ ਕਾਰੋਬਾਰੀ ਦੇ ਪੈਰ ਨਾ ਲੱਗਣ ਦੇਣ ਲਈ ਆਪਣਾਏ ਜਾਂਦੇ ਹੱਥਕੰਡਿਆਂ ਵੀ ਵੱਡੇ ਅੜਿੱਕੇ ਹਨ। ਸਰਕਾਰਾਂ ਵੱਲੋਂ ਭਾਵੇਂ ਹਰ ਰੋਜ਼ ਕਾਰੋਬਾਰ ਸ਼ੁਰੂ ਕਰਨ ਦੀ ਆਗਿਆ ਲੈਣ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣ ਦਾ ਦਾਅਵਾ ਕੀਤਾ ਜਾਂਦਾ ਹੈ ਪਰ ਜ਼ਮੀਨੀ ਸਚਾਈ ਇਸ ਤੋਂ ਉਲਟ ਹੈ। ਕਾਗ਼ਜ਼ੀ ਕਾਰਵਾਈ ਭਾਵੇਂ ਸੁਖਾਲ਼ੀ ਹੋ ਗਈ ਹੋਵੇ ਪਰ ਇੱਕ ਕਾਰੋਬਾਰੀ ਨੂੰ ਪ੍ਰਸ਼ਾਸਨ ਤੋਂ ਬਾਹਰੀ ਤਾਕਤਾਂ ਤੋਂ ਅਸ਼ੀਰਵਾਦ ਲੈਣਾ ਹੀ ਪੈਂਦਾ ਹੈ। ਕਾਨਪੁਰ ਦੇ ਵਿਕਾਸ ਦੂਬੇ ਵਾਲਾ ਕੇਸ ਇਸ ਦੀ ਤਾਜ਼ੀ ਮਿਸਾਲ ਹੈ ਉਸ ਦੇ ਮਾਰੇ ਜਾਣ ਤੋਂ ਬਾਅਦ ਹੋਏ ਖ਼ੁਲਾਸੇ ਤੋਂ ਪਤਾ ਲਗਦਾ ਹੈ ਕਿ ਕਿਵੇਂ ਸਿਆਸੀ ਨੇਤਾਵਾਂ, ਸਥਾਨਕ ਬਦਮਾਸ਼ਾਂ ਅਤੇ ਪ੍ਰਸ਼ਾਸਨ ਵਿਚਲੇ ਭ੍ਰਿਸ਼ਟ ਅਧਿਕਾਰੀਆਂ ਦਾ ਇਕ ਤਾਣਾ ਬਾਣਾ ਬਣਿਆ ਹੋਇਆ ਹੈ।

# ਆਜ਼ਾਦੀ ’ਤੇ ਜਸ਼ਨ ਜਾਂ ਬਰਬਾਦੀ ’ਤੇ ਮਾਤਮ ?

## ✪ ਸਿੱਖਾਂ ਤੇ ਘੱਟ ਗਿਣਤੀਆਂ ’ਤੇ ਠੋਸਿਆ ਜਾ ਰਿਹਾ ਏ ਭਾਰਤ ’ਚ ਬਹੁਗਿਣਤੀ ਵਾਦ ਦਾ ਬਿਰਤਾਂਤ, ✪ ਵੰਨ - ਸੁਵੰਨਤਾ ਨੂੰ ਮਲੀਆਮੇਟ ਕਰਨ ਲਈ ‘ਇਕ ਦੇਸ਼ ਇਕ ਭਾਸ਼ਾ’ ਵਰਗੇ ਨਾਅਰੇ ਦਿੱਤੇ ਜਾ ਰਹੇ ਨੇ

**- ਡਾ. ਗੁਰਵਿੰਦਰ ਸਿੰਘ**

“ਬਸ ਏਕ ਹੀ ਉੱਲੂ ਕਾਫ਼ੀ ਥਾ,
ਬਰਬਾਦ ਗੁਲਿਸਤਾਂ ਕਰਨੇ ਕੋ
ਹਰ ਸ਼ਾਖ਼ ਪੇ ਉੱਲੂ ਬੈਠਾ ਹੈ,
ਅੰਜਾਮ -ਏ-ਗੁਲਿਸਤਾਂ ਕਿਆ ਹੋਗਾ ?“

ਜਦੋਂ ਵੀ ਦੇਸ਼ ਦੀ ਆਜ਼ਾਦੀ ਬਾਰੇ ਆਲੋਚਨਾਤਮਿਕ ਅਧਿਐਨ ਕੀਤਾ ਜਾਂਦਾ ਹੈ ਤੇ ਦੇਸ਼ ਨੂੰ ਬਰਬਾਦ ਕਰ ਰਹੀਆਂ ਤਾਕਤਾਂ ਉੱਪਰ ਕਰਾਰੀ ਚੋਟ ਮਾਰੀ ਜਾਂਦੀ ਹੈ, ਤਾਂ ਅਕਸਰ ਇਹ ਸ਼ੇਅਰ ਪੜ੍ਹਿਆ ਜਾਂਦਾ ਹੈ। ਇਹ ਸ਼ੇਅਰ ਗੁੰਮਰਾਹ ਸ਼ਾਇਰ ਸ਼ੌਕ ਬਹਿਰਾਇਚੀ (1884-1964) ਦਾ ਹੈ, ਜਿਸ ਨੇ ਪਹਿਲੀ ਵਾਰ ਇਕ ਸਿਆਸੀ ਜਲਸੇ ਮੌਕੇ ਤਿੱਖਾ ਵਿਅੰਗ ਕਰਦਿਆਂ, ਪੜ੍ਹਿਆ ਸੀ। ਗ਼ੁਰਬਤ ਤੇ ਗੁਮਨਾਮੀ ਭਰੀ ਜ਼ਿੰਦਗੀ ਗੁਜ਼ਾਰਨ ਵਾਲੇ ਸ਼ਾਇਰ ਸ਼ੌਕ ਬਹਿਰਾਇਚੀ ਦਾ ਇਹ ਮਸ਼ਹੂਰ ਸ਼ੇਅਰ ਅੱਜ ਭਾਰਤ ਦੇ ਆਜ਼ਾਦੀ ਦੇ 73 ਸਾਲ ਗੁਜ਼ਰ ਜਾਣ ਮਗਰੋਂ ਨਜ਼ਰ ਆ ਰਹੇ ਹਾਲਾਤ ’ਤੇ ਪੂਰਾ ਢੁੱਕਦਾ ਹੈ। ਦੇਸ਼ ਵਿੱਚ ਸਿਆਸਤਦਾਨਾਂ ਵੱਲੋਂ ਮਾਨਵਵਾਦ ਉੱਤੇ ਫਿਰਕੂਵਾਦ ਅਤੇ ਲੋਕਤੰਤਰ ਉੱਤੇ ਫਾਸ਼ੀਵਾਦ ਦੀ ਜਿੱਤ ਦਾ, ਨੰਗਾ - ਚਿੱਟਾ ਪ੍ਰਚਾਰ ਕੀਤਾ ਜਾ ਰਿਹਾ ਹੈ। ਢਾਂਚਾਗਤ ਨਸਲਵਾਦ ਦਾ ਬੋਲਬਾਲਾ ਢਾਂਚਾ ਨੂੰ ਛੂਹ ਰਿਹਾ ਹੈ। ਬਹੁ-ਸੰਖਿਆਵਾਦ ਦੀ ਦਹਿਸ਼ਤਗਰਦੀ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਆਪਣੇ ਵਿੱਚ ਜਜ਼ਬ ਕਰਨ ਜਾਂ ਮੂਲੋਂ ਹੀ ਮਿਟਾਉਣ ’ਤੇ ਤੁਲੀ ਹੋਈ ਹੈ। ਦੇਸ਼ ਦੇ ਸੈਂਕੜੇ ਬੁੱਧੀਜੀਵੀ ਯੁਏਪੀਏ ਵਰਗੇ ਕਾਲੇ ਕਾਨੂੰਨਾਂ ਅਧੀਨ ਜੇਲਾਂ ਵਿਚ ਡੱਕੇ ਹੋਏ ਹਨ। ਸਰਕਾਰ ਦੀ ਅਲੋਚਨਾ ਕਰਨਾ ਸਭ ਤੋਂ ਵੱਡਾ ਜੁਰਮ ਹੈ। ਸੰਵਿਧਾਨ ਵਿਚਲੇ ‘ਸੈਕੂਲਰਿਜ਼ਮ’ ਭਾਵ ਧਰਮ ਨਿਰਪੱਖਤਾ ਦੇ ਸ਼ਬਦ ਚਾਹੇ ਲਿਖਤੀ ਰੂਪ ਵਿਚ ਅਜੇ ਹਟਾਏ ਨਹੀਂ ਗਏ, ਪਰ ਸੱਤਾ ਤੇ ਸਥਾਪਤੀ ਨੇ ਆਪਣੇ ਵਿਹਾਰ ਤੇ ਕਿਰਦਾਰ ਵਿਚੋਂ ਇਹ ਕਦੋਂ ਦੇ ਖ਼ਤਮ ਕਰ ਦਿੱਤੇ ਹਨ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤੇ ਰੱਖਿਅਕ ਹੀ ਭੱਖਿਅਕ ਬਣ ਜਾਣ, ਤਾਂ ਪੀੜਤ ਦੇ ਬਚ ਸਕਣ ਦੀ ਆਸ ਮੁੱਕ ਜਾਂਦੀ ਹੈ। ਇਉਂ ਹਰ ਟਹਿਣੀ ’ਤੇ ਬੈਠੇ ਸਿਆਸੀ ਉੱਲੂਆਂ ਤੋਂ ਦੇਸ਼ ਰੂਪੀ ਬਾਗ਼ ਨੂੰ ਬਰਬਾਦ ਹੋਣੋਂ ਕਿਵੇਂ ਬਚਾਇਆ ਜਾ ਸਕਦਾ ਹੈ ?

### ਗ਼ਦਰ ਪਾਰਟੀ ਨੇ ਕੈਨੇਡਾ

ਅਮਰੀਕਾ ਦੀ ਧਰਤੀ ਤੋਂ ਭਾਰਤ ਨੂੰ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦ ਕਰਵਾਉਣ ਦਾ ਬਿਗਲ ਬਜਾਇਆ ਸੀ। ਗ਼ਦਰੀ ਬਾਬਿਆਂ ਨੇ ਆਜ਼ਾਦ ਦੇਸ਼ ਲਈ ਨਾਂ ‘ਯੂਨਾਈਟਿਡ ਸਟੇਟਸ ਆਫ਼ ਇੰਡੀਆ’ ਦਿੱਤਾ ਸੀ, ਜਿਸ ਦਾ ਭਾਵ ਸੀ ਮਜ਼ਬੂਤ ਸੰਘੀ ਢਾਂਚਾ ਭਾਵ ਦੇਸ਼ ਦੇ ਸਮੂਹ ਰਾਜ, ਉੱਥੋਂ ਦੇ ਭਾਈਚਾਰੇ, ਮੂਲਵਾਸੀ ਤੇ ਘੱਟ ਗਿਣਤੀਆਂ ਆਪਣਾ ਸਭਿਆਚਾਰ, ਪਹਿਰਾਵੇ, ਖਾਣ- ਪੀਣ, ਬੋਲ - ਚਾਲ ਤੇ ਰਹਿਣ- ਸਹਿਣ ਦਾ ਪੂਰਨ ਆਨੰਦ ਮਾਣ ਸਕਣ। ਇਸ ਦਾ ਭਾਵ ਇਹ ਵੀ ਸੀ ਕਿ ਨਾ ਤਾਂ ਸੱਤਾ ਦਾ ਭਾਰੀ ‘ਕੇਂਦਰੀਕਰਨ’ ਹੋਵੇ ਅਤੇ ਨਾ ਹੀ ਰਾਜਨੀਤੀ ਦਾ ‘ਧਰੁਵੀ ਕਰਨ’। ਸੰਘੀ ਢਾਂਚੇ ਵਿਚ ਕੇਂਦਰ ਆਪਣੇ ਸੂਬਿਆਂ ਦੀਆਂ ਸਰਕਾਰਾਂ ਧੱਕੇਸ਼ਾਹੀ ਨਾਲ ਤੰਗ ਨਾ ਕਰੇ ਅਤੇ ਕੇਂਦਰੀ ਸਰਕਾਰ ਸੁਆਰਥ ਲਈ, ਸਿਆਸੀ ਵਿਰੋਧੀਆਂ ਦਾ ਅੰਤ ਨਾ ਕਰੇ। ਗ਼ਦਰੀ ਬਾਬਿਆਂ ਦੀ ਇਸ ਸੋਚ ਨਾਲ ਅੱਜ ਜਿਵੇਂ ਖਿਲਵਾੜ ਹੋ ਰਿਹਾ ਹੈ, ਜਿਸ ਦੀਆਂ ਅਨੇਕਾਂ ਮਿਸਾਲਾਂ ਮੌਜੂਦਾ ਆਜ਼ਾਦ ਭਾਰਤ ਦੇ ਸੰਘੀ ਢਾਂਚੇ ’ਤੇ ਸੁਆਲ ਖੜੇ ਕਰਦੀਆਂ ਹਨ। ਆਜ਼ਾਦੀ ਮਗਰੋਂ ਭਾਰਤ ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਾ ਕੇ ਲੋਕਰਾਜੀ ਤਾਕਤਾਂ ਨਸ਼ਟ ਕਰਨਾ, ਅਜਿਹੀ ਮੰਦਭਾਗੀ ਕਾਰਵਾਈ ਸੀ, ਜਿਸ ਨੇ ਆਜ਼ਾਦੀ ਦਾ ਸਿਧਾਂਤ ਹੀ ਬਰਬਾਦ ਕਰ ਦਿੱਤਾ। ਦੇਸ਼ ਵਿਚ ਅੱਜ ਵੱਖ - ਵੱਖ ਸੂਬਿਆਂ ਅੰਦਰ ਕੇਂਦਰ ਦੇ ਨੁਮਾਇੰਦੇ ਰਾਜਪਾਲਾਂ ਰਾਹੀ, ਸਰਕਾਰਾਂ ਤੋੜਨ ਅਤੇ ਸਿਆਸੀ ਖ਼ਰੀਦੋ- ਫ਼ਰੋਖ਼ਤ ਦਾ ਧੰਦਾ ਜ਼ੋਰਾਂ ਤੇ ਚੱਲ ਰਿਹਾ ਹੈ। ਜੰਮੂ- ਕਸ਼ਮੀਰ ਵਿੱਚ ਧਾਰਾ 370 ਦੇ ਖ਼ਾਤਮੇ ਨੂੰ 5 ਅਗਸਤ ਨੂੰ ਇਹ ਵਰਾ ਗੁਜ਼ਰ ਗਿਆ ਹੈ ਤੇ ਉੱਥੋਂ ਦੀ ਅਤਿ-ਦਰਦਨਾਕ ਹਾਲਤ ਵਿਚ ਲੋਕਾਂ ਦੀ ਜ਼ਿੰਦਗੀ ਮੂਲੋਂ ਹੀ ਉੱਖੜ ਗਈ ਹੈ। ਸਿਤਮਜ਼ਰੀਫੀ ਹੈ ਕਿ 5 ਅਗਸਤ ਦਾ ਦਿਨ ਇਕ ਪਾਸੇ ਕਸ਼ਮੀਰ ਦੇ ਲੋਕਾਂ ਦੀ ਜ਼ੁਬਾਨ ਬੰਦੀ ਅਤੇ 70 ਸਾਲ ਪਹਿਲਾਂ ਮਿਲੇ ਵਿਸ਼ੇਸ਼ ਰਾਜ ਦੇ ਦਰਜੇ ਦੇ ਹੱਕ ਨੂੰ ਖ਼ਤਮ ਕਰਨ ਦਾ ਦੁਖਦਾਈ ਦਿਨ ਸੀ, ਪਰ 5 ਅਗਸਤ ਦੇ ਦਿਨ ਨੂੰ ਹੀ ਅਯੁੱਧਿਆ ਵਿਚ ਬਾਬਰੀ ਮਸਜਿਦ ਢਾਹੇ ਜਾਣ ਵਾਲੇ ਥਾਂ ’ਤੇ, ਮੰਦਿਰ ਨਿਰਮਾਣ ਦੇ ਭੂਮੀ ਪੂਜਨ ਵਜੋਂ ਚੁਣਨਾ ਖ਼ਾਸ ਫ਼ਿਰਕੇ ਦੇ ਜ਼ਖ਼ਮਾਂ ’ਤੇ ਲੂਣ ਛਿੜਕਣ ਦੇ ਬਰਾਬਰ ਸੀ। ਇਹ ਉਹੀ ਪੀੜਾ ਹੈ, ਜਿਹੜੀ ਲੋਕਾਂ ਅੰਦਰ ਫ਼ਿਰਕੂ ਸਾਂਝ ਤੋੜਨ ਤੇ ਤਣਾਓ ਵਧਾਉਣ ਦੀ ਹਾਲਤ ਵਿਚ, ਨਾਸੂਰ ਬਣਦੀ ਹੈ। ਅਜਿਹੇ ਕਦਮ ਨੂੰ ਪ੍ਰਧਾਨ ਮੰਤਰੀ ਵੱਲੋਂ ‘ਆਜ਼ਾਦੀ ਦੀ ਲੜਾਈ’ ਦੇ ਸਮਾਨੰਤਰ ਦੱਸਣਾ ਕਿਸੇ ਤਰਾਂ ਵੀ ਉਚਿੱਤ ਨਹੀਂ। ਆਜ਼ਾਦੀ ਦੀ ਜੰਗ ਵਿਚ ਸਾਰੇ ਫ਼ਿਰਕੇ ਮਿਲਕੇ, ਬਸਤੀਵਾਦ ਅਤੇ ਨਸਲਵਾਦ ਖ਼ਿਲਾਫ਼ ਲੜੇ, ਉਨਾਂ ਦਾ ਮਨੋਰਥ ਆਜ਼ਾਦ ਲੋਕ ਰਾਜ ਸਥਾਪਿਤ ਕਰਨਾ ਸੀ। ਦੂਸਰੇ ਪਾਸੇ ਬਾਬਰੀ ਮਸਜਿਦ ਨੂੰ ਢਾਹੇ ਜਾਣ ਦੀ ਕਾਰਵਾਈ ਲਈ ਨਾਮਜ਼ਦ ਸੰਘ ਦੇ ਆਗੂਆਂ ’ਤੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਇਸ ਵੇਲੇ ਵੀ ਮੁਕੱਦਮਾ ਅਦਾਲਤ ਵਿਚ ਚੱਲ ਰਿਹਾ ਹੈ। ਉਸ ਜਗਾ ’ਤੇ ਮੰਦਿਰ ਨਿਰਮਾਣ ਦੇ ਲਈ ਭੂਮੀ ਪੂਜਨ ਨੂੰ ‘ਆਜ਼ਾਦੀ ਦੀ ਲੜਾਈ ਦਾ ਇਤਿਹਾਸ’ ਦੁਹਰਾਉਣ ਵਾਲਾ ਅਧਿਆਇ ਗਰਦਾਨਣਾ ਕਿਵੇਂ ਉਚਿੱਤ ਹੋ ਸਕਦਾ ਹੈ ? ਮਸਜਿਦ ਦਾ ਮਲਵਾ ਢਹਿ ਢੇਰੀ ਕਰਨਾ ਤੇ ਸਭ ਵੱਲੋਂ ਮਿਲ ਕੇ ਆਜ਼ਾਦ ਦੇਸ਼ ਦੀ ਸਾਂਝੀ ਉਸਾਰੀ ਕਰਨਾ ਇਕ - ਦੂਜੇ ਤੇ ਬਿਲਕੁਲ ਉਲਟ ਹੈ। ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸਾਂਝਾ ਯੋਗਦਾਨ ਪਾਉਣ ਵਾਲਿਆਂ ਵਿਚੋਂ ਅੱਜ ਘੱਟ ਗਿਣਤੀਆਂ ਨੂੰ ਆਪਣੀ ‘ਦੇਸ਼ ਭਗਤੀ’ ਦਾ ਸਬੂਤ ਦੇਣ ਲਈ ਕਿਹਾ ਜਾ ਰਿਹਾ ਹੈ। ਸਭ ਦੀ ਵੰਨ ਸੁਵੰਨਤਾ ਨੂੰ ਮਲੀਆਮੇਟ ਕਰਨ ਲਈ ‘ਇਕ ਦੇਸ਼ ਇਕ ਭਾਸ਼ਾ’ ਵਰਗੇ ਨਾਅਰੇ ਦਿੱਤੇ ਜਾ ਰਹੇ ਹਨ। ਬਹੁ- ਗਿਣਤੀਵਾਦ ਦੀ ਆੜ ਵਿਚ ਘੱਟ ਗਿਣਤੀ ਭਾਈਚਾਰੇ ਨੂੰ ਪਾਕਿਸਤਾਨ ਚਲੇ ਜਾਣ ਤੱਕ ਦੇ ਤਾਅਨੇ ਮਾਰੇ ਜਾ ਰਹੇ ਹਨ। ਫ਼ਿਰਕੂ ਪੱਧਰ ’ਤੇ ਭਾਈਚਾਰਿਆਂ ਨੂੰ ਹੱਕਾਂ ਪੱਖੋਂ ਵੰਡਣ ਵਾਲੇ, ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋ ਚੁੱਕੇ ਹਨ। ਇਸ ਤੋਂ ਅੱਗੇ ਨੈਸ਼ਨਲ ਰਜਿਸਟਰੇਸ਼ਨ ਅਤੇ ਕਈ ਹੋਰ ਘੁਣਤਰਾਂ ਵੀ ਤਿਆਰ ਹੋ ਰਹੀਆਂ ਹਨ। ਦੇਸ਼ ਆਜ਼ਾਦ ਕਰਵਾਉਣ ਵਾਲਿਆਂ ਨੇ ਕਦੇ ਸੋਚਿਆ ਨਹੀਂ ਸੀ ਕਿ ਅਜਿਹੇ ਦਿਨ ਵੀ ਵੇਖਣੇ ਪੈਣਗੇ।

ਸੱਤਾ ਦੇ ਧਰੁਵੀ ਕਰਨ ਦੀ ਕੋਹਜੀ ਤਸਵੀਰ ਦੇਖਣੀ ਹੋਵੇ, ਤਾਂ ਨਵੰਬਰ 1984 ਵਿੱਚ ਸਿੱਖ ਨਸਲਕੁਸ਼ੀ ਦੇ ਦੁਖਾਂਤ ਹੋ ਸਪਸ਼ਟ ਹੋ ਜਾਂਦੀ ਹੈ। ਆਜ਼ਾਦ ਭਾਰਤ ਵਿਚ ਸਰਕਾਰੀ-ਤੰਤਰ ਦੀ ਆੜ ਵਿਚ ਹਜ਼ਾਰਾਂ ਸਿੱਖਾਂ ਦਾ ਕਤਲ ਹੋਇਆ, ਪਰ ਜਵਾਬ ਵਿਚ ਬਹੁਗਿਣਤੀ ਵੱਲੋਂ ਉਸ ਸਮੇਂ ਦੀ ਕਾਂਗਰਸ ਨੂੰ ਸਭ ਤੋਂ ਵੱਡਾ ਬਹੁਮਤ ਹਾਸਿਲ ਹੋਇਆ। ਇਸ ਵਰਤਾਰੇ ਨੂੰ ਦੁਹਰਾਉਂਦੇ ਹੋਏ, ਸੰਨ 2002 ਵਿੱਚ ਗੁਜਰਾਤ ਅੰਦਰ ਮੁਸਲਿਮ ਕਤਲੇਆਮ ਹੋਇਆ , ਉਸ ਮਗਰੋਂ ਭਾਜਪਾ ਨੂੰ ਬਹੁ ਗਿਣਤੀ ਵੱਲੋਂ ਭਾਰੀ ਬਹੁਮਤ ਨਾਲ ਨਿਵਾਜਿਆ ਗਿਆ। ਅੱਜ ਦੀ ਤਾਰੀਖ਼ ਵਿੱਚ ਧਾਰਾ 370 ਦਾ ਖ਼ਾਤਮਾ, ਮਸਜਿਦ ਢਾਹ ਕੇ ਮੰਦਿਰ ਨਿਰਮਾਣ, ਸੀ.ਏ.ਏ. ਵਰਗੇ ਐਕਟ ਆਦਿ ਵੋਟਾਂ ਦੇ ਧਰੁਵੀ ਕਰਨ ਲਈ ਜ਼ਮੀਨ ਤਿਆਰ ਕਰ ਰਹੇ ਹਨ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ,ਆਜ਼ਾਦੀ ਮਗਰੋਂ ਇਕ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਪੁੱਛਿਆ ਇਹ ਸਵਾਲ ਕਿ ਬਾਬਾ ਜੀ, ਤੁਹਾਡੀ ਕਮਰ ਝੁਕ ਗਈ ਹੈ, ਦੇ ਜਵਾਬ ਵਿਚ ਬਾਬਾ ਭਕਨਾ ਨੇ ਕਿਹਾ ਸੀ ਕਿ ਅੰਗਰੇਜ਼ ਤਾਂ ਉਨਾਂ ਦੀ ਪਿੱਠ ਵਿਚ ਕੁੱਬ ਨਾ ਪਾ ਸਕੇ, ਪਰ ਆਜ਼ਾਦ ਦੇਸ਼ ਦੀ ਆਪਣੀ ਸਰਕਾਰ ਨੇ ਜ਼ਰੂਰ ਪਾ ਦਿੱਤਾ। ਅੱਜ 73 ਵਰੇ ਬੀਤਣ ਮਗਰੋਂ ਜੇਲਾਂ ਅੰਦਰ ਤਾੜੇ ਬੁੱਧੀਜੀਵੀ, ਅਪਾਹਜ ਵਿਅਕਤੀ ਤੇ ਸਿਆਸੀ ਆਲੋਚਕ ਵੀ ਬਾਬਾ ਭਕਨਾ ਵਾਂਗ ਹੀ ਮਹਿਸੂਸ ਕਰ ਰਹੇ ਹਨ। ‘ਸ਼ੇਰਾਂ ਦੀ ਮਾਰਾਂ ਤੇ ਗਿੱਦੜਾਂ ਦੀਆਂ ਕਲੋਲਾਂ’ ਵਾਂਗ ਜਿਹੜੇ ਕੋੜਮੇ ਨੇ ਆਜ਼ਾਦੀ ਵਿਚ ਹਿੱਸਾ ਪਾਉਣ ਦੀ ਥਾਂ, ਅੰਗਰੇਜ਼-ਪ੍ਰਸਤੀ ਕੀਤੀ, ਅੱਜ ਉਹ ਆਜ਼ਾਦੀ ਦੇ ਪਰਵਾਨਿਆਂ ਤੋਂ ‘ਦੇਸ਼ ਪਿਆਰ’ ਦੇ ਪ੍ਰਮਾਣ ਮੰਗ ਰਹੇ ਹਨ। ਦੇਸ਼ ਅੰਦਰ ਗ਼ਰੀਬੀ, ਅਨਪੜਤਾ, ਬੇਰੁਜ਼ਗਾਰੀ, ਸਿਆਸਤ ਦਾ ਅਪਰਾਧੀਕਰਨ, ਭ੍ਰਿਸ਼ਟਾਚਾਰ, ਬਲਾਤਕਾਰ ਤੇ ਥਾਂ-ਥਾਂ ਮਨੁੱਖੀ ਕਤਲੇਆਮ ਹੋ ਰਹੇ ਹਨ। ਅਜਿਹੀ ਹਾਲਤ ਵਿਚ ਹਰ ਬਸ਼ਰ ਦੇ ਜ਼ਿਹਨ ਵਿਚ ਅਲਾਮਾ ਇਕਬਾਲ ਦਾ ਇਹ ਸ਼ੇਅਰ ਚੋਟਾਂ ਮਾਰ ਰਿਹਾ ਹੈ :

“ਮੁੱਦਤੇਂ ਗੁਜ਼ਰੀ ਹੈਂ ਇਤਨੀ
ਰੰਜੋ ਗ਼ਮ ਸਹਿਤੇ ਹੂਏ।
ਸ਼ਰਮ ਸੀ ਆਤੀ ਹੈ
ਇਸ ਵਤਨ ਕੋ ਵਤਨ ਕਹਿਤੇ ਹੂਏ।“

---

# ਪੰਜਾਬ ਅੰਦਰ 15 ਅਗਸਤ ਦਾ ਵਿਰੋਧ ਡੂੰਘੇ ਅਰਥ ਰੱਖਦਾ ਹੈ

ਅੰਮ੍ਰਿਤਸਰ/ ਚਰਨਜੀਤ ਸਿੰਘ: ਲੰਮੇ ਸਮੇਂ ਬਾਅਦ ਪੰਜਾਬ ਅੰਦਰ ਵੱਡੇ ਪੱਧਰ ’ਤੇ 15 ਅਗਸਤ ਦਾ ਵਿਰੋਧ ਦੇਖਣ ਨੂੰ ਮਿਲਿਆ ਹੈ ਭਾਵੇਂ ਕਿ ਇਸ ਸਾਲ ਵਿਰੋਧ ਦਾ ਮੁੱਖ ਮੁੱਦਾ ਕਾਲੇ ਕਾਨੂੰਨਾਂ ਦੀ ਘੋਰ ਦੁਰਵਰਤੋਂ ਰਿਹਾ ਹੈ। ਫ਼ੌਰੀ ਕਾਰਨ ਕੁਝ ਵੀ ਬਣੇ ਹੋਣ, ਪੰਜਾਬ ਅੰਦਰ 15 ਅਗਸਤ ਦਾ ਵਿਰੋਧ ਹੋਣਾ ਹੀ ਵੱਖਰੇ ਤੇ ਡੂੰਘੇ ਅਰਥ ਰੱਖਦਾ ਹੈ। ਇਸ ਵਾਰ 15 ਅਗਸਤ ਨੂੰ ਆਪਣਾ ਵਿਰੋਧ ਜਿਤਾਉਣ ਲਈ ਸੜਕਾਂ ’ਤੇ ਖ਼ਾਲਿਸਤਾਨ ਧਿਰਾਂ ਤੋ ਇਲਾਵਾ ਕਿਸਾਨ ਅਤੇ ਖੱਬੇ ਪੱਖੀ ਪਾਰਟੀਆਂ ਵੀ ਉੱਤਰੀਆਂ ਹਨ। ਹਰ ਪਾਸੇ ਕਾਲੇ ਝੰਡੇ ਲਹਿਰਾਏ ਗਏ ਅਤੇ ਭਾਰਤ ਦੇ ਆਜ਼ਾਦੀ ਦਿਹਾੜੇ ਨੂੰ ਕਾਲੇ ਦਿਨ ਵਜੋਂ ਮਨਾਇਆ ਗਿਆ।

ਦਲ ਖ਼ਾਲਸਾ ਵੱਲੋਂ ਆਪਣੀ ਹਮ ਖ਼ਿਆਲੀ ਜਥੇਬੰਦੀ ਅਕਾਲੀ ਦਲ ਅੰਮ੍ਰਿਤਸਰ ਨਾਲ ਮਿਲ ਕੇ ਭਾਰਤ ਦੇ ਆਜ਼ਾਦੀ ਦਿਹਾੜੇ ਮੌਕੇ ਸਮੂਹ ਜ਼ਿਲਿਆਂ ਅੰਦਰ ਯੂ.ਏ. ਪੀ. ਏ ਅਤੇ ਦੇਸ਼-ਧ੍ਰੋਹ ਦੇ ਕਾਨੂੰਨ ਦੀ ਦੁਰਵਰਤੋਂ ਵਿਰੁੱਧ ਮੁਜ਼ਾਹਰੇ ਕੀਤੇ ਗਏ। ਪ੍ਰਦਰਸ਼ਨਕਾਰੀਆਂ ਨੇ ਇਹਨਾਂ ਕਠੋਰ ਕਾਨੂੰਨਾਂ ਦੀ ਮਾਰ ਝੱਲ ਰਹੇ ਕਸ਼ਮੀਰੀਆਂ, ਸਿੱਖਾਂ, ਦਲਿਤ ਅਤੇ ਦਿੱਲੀ ਯੂਨੀਵਰਸਿਟੀਆਂ ਜਾਮੀਆ, ਜੇ.ਐਨ.ਯੂ ਦੇ ਵਿਦਿਆਰਥੀਆਂ ਨਾਲ ਜਿੱਥੇ ਇੱਕਜੁੱਟਤਾ ਦਿਖਾਈ ਉੱਥੇ ਉਹਨਾਂ ਦੀ ਬਿਨਾ ਸ਼ਰਤ ਰਿਹਾਈ ਦੀ ਮੰਗ ਵੀ ਕੀਤੀ। ਪੰਜਾਬ ਭਰ ਅੰਦਰ ਸੜਕਾਂ ’ਤੇ ਉੱਤਰੇ ਦਲ ਖ਼ਾਲਸਾ ਤੇ ਮਾਨ ਦਲ ਦੇ ਕਾਰਜਕਰਤਾਵਾਂ ਨੇ ਇਹਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ। ਉਹਨਾਂ ਦਾ ਕਹਿਣਾ ਸੀ ਕਿ ਇਹਨਾਂ ਕਾਨੂੰਨਾਂ ਦਾ ਸਹਾਰਾ ਲੈ ਕੇ ਬਹੁ-ਗਿਣਤੀ ਆਪਣੇ ਰਾਜ-ਪ੍ਰਬੰਧ ਦੀ ਪਕੜ ਅਤੇ ਜਕੜ ਨੂੰ ਹੋਰ ਮਜ਼ਬੂਤ ਕਰ ਰਹੀ ਹੈ ਅਤੇ ਘੱਟ -ਗਿਣਤੀਆਂ ਨੂੰ ਹਾਸ਼ੀਏ ਵੱਲ ਧੱਕ ਰਹੀ ਹੈ।

ਜ਼ਿਕਰਯੋਗ ਹੈ ਕਿ ਟਾਡਾ ਅਤੇ ਪੋਟਾ ਵਰਗੇ ਕਾਲੇ ਕਾਨੂੰਨਾਂ ਦੀ ਘੋਰ ਦੁਰਵਰਤੋਂ ਵਿਰੁੱਧ ਵੀ ਪੰਜਾਬ ਦੇ ਸੰਘਰਸ਼ਸ਼ੀਲ ਲੋਕ ਹੀ ਮੋਹਰੀ ਹੋ ਕੇ ਨਿੱਤਰੇ ਸਨ। ਲੋਕਾਂ ਦੇ ਪ੍ਰੈਸ਼ਰ ਹੇਠ ਹੀ ਭਾਜਪਾ ਨੇ ਟਾਡਾ ਕਾਨੂੰਨ ਰੱਦ ਕੀਤਾ ਸੀ ਅਤੇ ਇਸੇ ਤਰਾਂ ਲੋਕ ਰਾਏ ਅੱਗੇ ਝੁਕਦਿਆਂ 2004ਵਿੱਚ ਕਾਂਗਰਸ ਸਰਕਾਰ ਨੇ ਪੋਟਾ ਕਾਨੂੰਨ ਰੱਦ ਕੀਤਾ ਸੀ।

ਯੂ.ਏ.ਪੀ.ਏ ਕਾਨੂੰਨ ਭਾਵੇਂ ਕਿ 1967 ਵਿੱਚ ਬਣਿਆ ਸੀ ਪਰ ਇਸ ਵਿੱਚ ਹੁਣ ਤੱਕ 3 ਵਾਰੀ ਸੋਧਾਂ ਹੋ ਚੁੱਕੀਆਂ ਹਨ। ਦਲ ਖ਼ਾਲਸਾ ਦਾ ਮੰਨਣਾ ਹੈ ਕਿ ਇਹ ਕਾਨੂੰਨ ਹੁਣ ਹੁਕਮਰਾਨਾਂ ਦੇ ਹੱਥ ਵਿਚ ਕਠੋਰ ਤੇ ਮਾਰੂ ਹਥਿਆਰ ਹੈ ਜਿਸ ਰਾਹੀਂ ਉਹ ਘੱਟਗਿਣਤੀਆਂ ਦੀ ਬੋਲਣ ਤੇ ਲਿਖਣ ਦੀ ਆਜ਼ਾਦੀ ਨੂੰ ਖੋਹ ਅਤੇ ਦਬਾ ਰਹੇ ਹਨ।

ਪੰਦਰਾਂ ਅਗਸਤ ਦੇ ਮੁਜ਼ਾਹਰੇ ਮੌਕੇ ਦਲ ਖ਼ਾਲਸਾ ਦੇ ਕਾਰਜ-ਕਰਤਾਵਾਂ ਦੇ ਹੱਥਾਂ ਵਿੱਚ ਫੜੀਆਂ ਤਖ਼ਤੀਆਂ ਉੱਤੇ ਲਿਖਿਆਂ ਸੀ ਕਿ ਯੂ.ਏ.ਪੀ,ਏ. ਘੱਟ-ਗਿਣਤੀਆਂ ਵਿਰੁੱਧ ਭਾਰਤ ਦਾ ਇਕ ਘਿਣਾਉਣਾ ਹਥਿਆਰ। ਪ੍ਰਦਰਸ਼ਨਕਾਰੀਆਂ ਨੇ ਥਾਂ ਥਾਂ ਸਰਕਾਰ ਵਿਰੁੱਧ ਅਤੇ ਕਾਲੇ ਕਾਨੂੰਨ ਰੱਦ ਕਰਨ ਲਈ ਨਾਅਰੇ ਵੀ ਮਾਰੇ।







ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਕਾਲੇ ਕਾਨੂੰਨਾਂ ਦੀ ਮਾਰ ਬਹੁਤ ਝੱਲੀ ਹੈ। ਪਹਿਲਾਂ ਟਾਡਾ, ਫਿਰ ਦੇਸ਼-ਧ੍ਰੋਹ ਤੇ ਹੁਣ ਯੂ.ਏ.ਪੀ,ਏ ਕਾਨੂੰਨ ਦੀ ਘੋਰ ਦੁਰਵਰਤੋਂ ਕਰਕੇ ਸਾਡੀ ਆਜ਼ਾਦੀ ਦੀ ਤਾਂਘ ਨੂੰ ਕੁਚਲਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਉਹਨਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਅੰਦਰ ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ ਨੈਸ਼ਨਲ ਸਕਿਉਰਿਟੀ ਦੇ ਨਾਮ ਹੇਠ ਸਿੱਖ ਨੌਜਵਾਨਾਂ ਨੂੰ ਇਹਨਾਂ ਕਾਲੇ ਕਾਨੂੰਨਾਂ ਰਾਹੀਂ ਲੰਮੇ ਸਮੇਂ ਲਈ ਨਜ਼ਰਬੰਦ ਰੱਖਿਆ ਜਾਂਦਾ ਹੈ। ਉਹਨਾਂ ਕਿਹਾ ਕਿ ਅਕਾਲੀ ਸਰਕਾਰ ਦੇ ਦਸ ਸਾਲ ਕਾਰਜ-ਕਾਲ ਮੌਕੇ 47 ਐਫ ਆਈ ਆਰ ਯੂ.ਏ. ਪੀ.ਏ ਕਾਨੂੰਨ ਤਹਿਤ ਦਰਜ ਕੀਤੀਆਂ ਗਈਆਂ ਸਨ ਤੇ ਕੈਪਟਨ ਸਰਕਾਰ ਦੇ ਰਾਜ ਕਾਲ ਮੌਕੇ ਤਿੰਨ ਸਾਲਾਂ ਅੰਦਰ ਹੀ 47 ਐਫ ਆਈ ਆਰ ਯੂ.ਏ.ਪੀ.ਏ ਕਾਨੂੰਨ ਦਰਜ ਹੋ ਚੁੱਕੀਆਂ ਹਨ।

ਯੂ.ਏ.ਪੀ.ਏ. ਦੀ ਦੁਰਵਰਤੋਂ ਦੀ ਗੱਲ ਕਰਦਿਆਂ ਕੰਵਰਪਾਲ ਸਿੰਘ ਨੇ ਭਾਰਤ ਸਰਕਾਰ ਵੱਲੋਂ 9 ਸਿੱਖਾਂ ਨੂੰ ਅੱਤਵਾਦੀ ਘੋਸ਼ਿਤ ਕਰਨ ਦੀ ਕਾਰਵਾਈ ਨੂੰ ਬੜੀ ਗੰਭੀਰਤਾ ਨਾਲ ਲਿਆ। ਉਹਨਾਂ ਇਸ ਨੂੰ ਮੋਦੀ ਸਰਕਾਰ ਦੀ ਸਿੱਖਾਂ ਪ੍ਰਤੀ ਬਦਨੀਤੀ ਦੱਸਦਿਆਂ ਕਿਹਾ ਕਿ ਸਰਕਾਰ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡੇ ਹਨ। ਉਹਨਾਂ ਕਿਹਾ ਕਿ ਰੈਫਰੇਡਮ 2020 ਤਾਂ ਇਕ ਬਹਾਨਾ ਹੈ, ਇਕ ਕਵਚ ਹੈ, ਅਸਲ ਵਿੱਚ ਮੋਦੀ-ਸ਼ਾਹ ਦੀ ਜੋੜੀ ਦੁਨੀਆ ਦੇ ਮੁਲਕਾਂ ਦੀ ਨਜ਼ਰ ਵਿੱਚ ਸਿੱਖਾਂ ਦੇ ਵਧਦੇ ਪ੍ਰਭਾਵ ਅਤੇ ਅਕਸ ਨੂੰ ਸੱਟ ਮਾਰਨ ਦੀ ਨੀਤੀ ਤੇ ਨੀਯਤ ਰੱਖਦੀ ਹੈ।

ਉਨਾਂ ਪਿਛਲੇ ਦਿਨੀਂ ਨੌਜਵਾਨ ਲਵਪ੍ਰੀਤ ਸਿੰਘ ਵੱਲੋਂ ਕੀਤੀ ਖ਼ੁਦਕੁਸ਼ੀ ਦਾ ਹਵਾਲਾ ਦੇਦਿੰਆ ਕਿਹਾ ਕਿ ਕਾਲੇ ਕਾਨੂੰਨ ਦੇ ਖ਼ੌਫ਼ ਨੇ ਹੀ ਉਸਨੂੰ ਮੌਤ ਵੱਲ ਧੱਕ ਦਿੱਤਾ।

ਕੰਵਰਪਾਲ ਸਿੰਘ ਨੇ ਮੰਨਿਆ ਕਿ ਮੋਦੀ ਸਰਕਾਰ ਨੇ ਆਪਣੀਆਂ ਫਾਸੀਵਾਦੀ ਨੀਤੀਆਂ ਤੇ ਦਮਨਕਾਰੀ ਪਹੁੰਚ ਕਾਰਨ ਦੇਸ਼ ਦੇ ਇਕ ਵਰਗ ਨੂੰ ਖੌਫਜਾਦਾ ਕਰ ਰੱਖਿਆ ਹੈ ਪਰ ਸਿੱਖਾਂ ਦੇ ਇਹ ਸੁਭਾ ਵਿੱਚ ਨਹੀਂ ਹੈ ਕਿ ਉਹ ਜ਼ੁਲਮ ਤੇ ਜਾਬਰ ਸਾਹਵੇਂ ਝੁਕ ਜਾਣ ਜਾਂ ਹੀਣ ਮੰਨ ਲੈਣ। ਉਹਨਾਂ ਕਿਹਾ ਕਿ ਇਸੇ ਸੁਭਾ ਤੇ ਜਜ਼ਬੇ ਕਾਰਨ ਹੀ ਸਿੱਖ ਕਸ਼ਮੀਰੀਆਂ, ਦਲਿਤਾਂ ਅਤੇ ਨਾਗਰਿਕਤਾ ਸੋਧ ਕਾਨੂੰਨ ਦੀ ਮੁਖ਼ਾਲਫ਼ਤ ਕਰ ਰਹੇ ਮੁਸਲਮਾਨ ਭਰਾਵਾਂ ਨਾਲ ਉਹਨਾਂ ਦੀ ਔਖੀ ਘੜੀ ਵਿੱਚ ਖੜੇ ਹਨ।

ਦਲ ਖ਼ਾਲਸਾ ਆਗੂ ਨੇ ਪੰਜਾਬ ਭਰ ਅੰਦਰ ਕਾਲੇ ਕਾਨੂੰਨਾਂ ਨੂੰ ਰੱਦ ਕਰਨ, ਕਿਸਾਨ ਵਿਰੋਧੀ ਆਰਡੀਨੈਂਸਾਂ ਨੂੰ ਵਾਪਸ ਲੈਣ ਅਤੇ ਰਾਜਨੀਤਿਕ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਦਿੱਤੇ ਗਏ ਮੁਜ਼ਾਹਰਿਆਂ ਵਿੱਚ ਸ਼ਮੂਲੀਅਤ ਕਰਨ ਲਈ ਲੋਕਾਂ ਦਾ ਧੰਨਵਾਦ ਕੀਤਾ।

# ਗੁਰਬਾਣੀ ਦਾ ਸੁਨੇਹਾ ਸ਼ਾਸਤਰਾਂ ਨਾਲ ਮੁਕਤੀ ਸੰਭਵ ਨਹੀਂ



**- ਗੁਰਬਚਨ ਸਿੰਘ**

ਗੁਰਮਤਿ ਦਾ ਫੁਰਮਾਨ ਹੈ :

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ।**
**(ਪੰਨਾ 1128)**

ਯਥਾ ਜਾਤਪਾਤ ਨੂੰ ਮੰਨਣ ਵਾਲਾ ਜਾਂ ਜਾਤ ਦਾ ਹੰਕਾਰ ਕਰਨ ਵਾਲਾ ਮਨੁੱਖ ਮੂਰਖ ਅਤੇ ਗਵਾਰ ਹੈ। ਭਾਵ ਉਹ ਪਸ਼ੂ ਸਮਾਨ ਹੈ। ਕਿਉਂਕਿ ਜਾਤ ਦਾ ਹੰਕਾਰ ਕਰਨ ਵਾਲੇ ਮਨੁੱਖ ਦੇ ਮਨ ਵਿਚ ਬਹੁਤ ਵਿਕਾਰ ਪੈਦਾ ਹੋ ਜਾਂਦੇ ਹਨ। ਭਾਵ ਜਾਤੀ ਹੰਕਾਰ ਕਿਸੇ ਦੂਜੇ ਮਨੁੱਖ ਨੂੰ ਨੁਕਸਾਨ ਬਾਅਦ ਵਿਚ ਪਹੁੰਚਾਉਂਦਾ ਹੈ, ਪਹਿਲਾਂ ਇਹ ਹੰਕਾਰ ਮਨੁੱਖ ਦੇ ਆਪਣੇ ਮਨ ਵਿਚ ਵਿਕਾਰ ਭਾਵ ਵਿਗਾੜ ਪੈਦਾ ਕਰਦਾ ਹੈ। ਜਾਤੀ ਹੰਕਾਰ ਮਨੁੱਖ ਦੀ ਆਪਣੀ ਚੇਤਨਾ ਵਿਚਲੀ ਆਪਣੀ ਸਮਾਜੀ ਹੋਂਦ ਨੂੰ ਛੋਟਾ ਕਰਦਾ ਹੈ ਅਤੇ ਉਹ ਖੁਦ ਹੀ ਆਪਣੇ ਮਨ ਵਿਚ ਆਪਣਾ ਸਮਾਜੀ ਦਾਇਰਾ ਸੀਮਤ ਕਰ ਲੈਂਦਾ ਹੈ। ਇਹ ਸੀਮਤਾਈ ਉਸ ਦੀ ਸਮਾਜੀ ਸੂਝ ਨੂੰ ਜ਼ਿੰਦਗੀ ਭਰ ਪੂਰਨ ਰੂਪ ਵਿਚ ਖਿੜਨ ਨਹੀਂ ਦੇਂਦੀ ਅਤੇ ਫਿਰ ਇਹੀ ਜਾਤੀ ਹੰਕਾਰ ਸਮਾਜ ਵਿਚ ਵੰਡੀਆਂ ਪਾਣ ਦਾ ਕਾਰਨ ਬਣਦਾ ਹੈ। ਸਮਾਜੀ ਜ਼ਿੰਦਗੀ ਵਿਚ ਲੜਾਈ ਝਗੜਿਆਂ ਦਾ ਆਧਾਰ ਬਣਦਾ ਹੈ।

ਵਰਣ ਵੰਡ ਅਤੇ ਜਾਤਪਾਤ ਦਾ ਮੂਲ ਆਧਾਰ ਮਨੂ ਸਿਮ੍ਰਿਤੀ ਹੈ। ਮਨੂ ਸਿਮ੍ਰਿਤੀ ਬਾਰੇ ਭਾਈ ਕਾਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਲਿਖਿਆ ਹੈ : "ਹਿੰਦੂ ਮਤ ਅਨੁਸਾਰ ਮਨੁੱਖ ਜਾਤਿ ਦਾ ਆਦਿ ਪੁਰਖ ਬ੍ਰਹਮਾ ਦਾ ਮਾਨਸ ਪੁੱਤਰ ਮਨੂ ਹੈ। ਮਨੂ ਦੇ ਬਣਾਏ ਸੂਤਰ (ਹਿੰਦੂ) ਧਰਮ ਦਾ ਮੂਲ ਮੰਨੇ ਜਾਂਦੇ ਹਨ ਅਰ ਇਸੇ ਦਾ ਨਾਮ ਮਾਨਵ ਧਰਮ ਸ਼ਾਸਤਰ ਹੈ। ਇਨਾਂ ਸੂਤ੍ਰਾਂ ਦੇ ਆਧਾਰ ਪੁਰ ਭ੍ਰਿਗੁ ਨੇ ਮਨੁਸਿਮ੍ਰਿਤੀ ਅਥਵਾ ਮਨੁ ਸਹਿੰਤਾ ਲਿਖੀ ਹੈ, ਜਿਸ ਦੇ 12 ਅਧਿਆਇ ਤੇ 2704 ਸ਼ਲੋਕ ਹਨ। ਇਹ ਗ੍ਰੰਥ ਹਿੰਦੂਮਤ ਦਾ ਕਾਨੂੰਨ ਹੈ।"

'ਜਾਤਪਾਤ ਦਾ ਬੀਜ ਨਾਸ' ਦੇ ਲਿਖਾਰੀ ਬਾਬਾ ਸਾਹਿਬ ਅੰਬੇਡਕਰ ਨੇ ਮਨੂ ਸਿਮ੍ਰਿਤੀ ਬਾਰੇ ਇਹ ਜਾਣਕਾਰੀ ਦਿੱਤੀ ਹੈ :

"ਹਿੰਦੂ ਧਰਮ ਦਾ ਸਮੁੱਚਾ ਸਦਾਚਾਰ ਅਤੇ ਧਾਰਮਿਕ ਮਾਨਤਾਵਾਂ ਸਿਮ੍ਰਿਤੀਆਂ ਵਿਚ ਦਰਜ ਹਨ। ਇਹ ਸਿਮ੍ਰਿਤੀਆਂ 108 ਦੇ ਕਰੀਬ ਹਨ। ਇਹਨਾਂ ਸਿਮ੍ਰਿਤੀਆਂ ਵਿਚੋਂ ਹੀ ਹਿੰਦੂ ਧਰਮ ਅਤੇ ਇਸਦਾ ਨੀਤੀ ਸ਼ਾਸਤਰ ਸਮਝਿਆ ਜਾ ਸਕਦਾ ਹੈ। ਇਹਨਾਂ ਸਾਰੀਆਂ ਸਿਮ੍ਰਿਤੀਆਂ ਦਾ ਇਕ ਸਾਂਝਾ ਸ੍ਰੋਤ ਹੈ ਮਨੂ ਸਿਮ੍ਰਿਤੀ। ਇਸਨੂੰ ਮਾਨਵ ਧਰਮ ਸ਼ਾਸਤਰ ਵੀ ਕਿਹਾ ਜਾਂਦਾ ਹੈ। ਬਾਕੀ ਸਾਰੀਆਂ ਸਿਮ੍ਰਿਤੀਆਂ ਇਸਦੀ ਦੁਹਰਾਈ ਮਾਤਰ ਹਨ। ਇਸ ਲਈ ਹਿੰਦੂਆਂ ਦੀਆ ਸਾਰੀਆਂ ਧਾਰਮਿਕ ਮਾਨਤਾਵਾਂ ਅਤੇ ਸਦਾਚਾਰ ਦੇ ਸਾਰੇ ਸੰਕਲਪਾਂ ਨੂੰ ਜਾਣਨ ਲਈ ਮਨੂ ਸਿਮ੍ਰਿਤੀ ਦਾ ਅਧਿਐਨ ਹੀ ਕਾਫ਼ੀ ਹੈ। ਬਾਕੀ ਸਾਰੀਆਂ ਸਿਮ੍ਰਿਤੀਆਂ ਵਾਂਗ ਮਨੂ ਸਿਮ੍ਰਿਤੀ ਵੀ ਧਾਰਮਿਕ ਕਾਨੂੰਨਾਂ ਦਾ ਇਕ ਜ਼ਾਬਤਾ ਹੈ। ਇਹ ਸਿਰਫ਼ ਸਦਾਚਾਰ ਅਤੇ ਧਰਮ ਦੀ ਇਕ ਕਿਤਾਬ ਹੀ ਨਹੀਂ ਬਲਕਿ ਇਸ ਨੂੰ ਧਰਮ ਅਤੇ ਸਦਾਚਾਰਕ ਕਾਨੂੰਨਾਂ ਦੀ ਇਕ ਕਿਤਾਬ ਕਹਿਣਾ ਚਾਹੀਦਾ ਹੈ।"

ਮਨੂ ਸਿਮ੍ਰਿਤੀ ਦੇ ਆਰੰਭਕ ਵਾਕ ਹਨ : "ਆਦਿ ਕਾਲ ਦੀ ਗੱਲ ਹੈ। ਇਕ ਸਥਾਨ ਉੱਤੇ ਮਹਾਂਰਿਸ਼ੀ ਲੋਗ ਇਕਾਗਰ-ਚਿੱਤ ਅਤੇ ਸੁਖੀ ਆਸਣ ਵਿਚ ਬੈਠੇ ਭਗਵਾਨ ਮਨੂ ਦੇ ਕੋਲ ਪੂਰੀ ਸ਼ਰਧਾ ਭਗਤੀ ਨਾਲ ਜਾ ਕੇ ਪ੍ਰਸ਼ਨ ਕਰਤਾ ਦੇ ਰੂਪ ਵਿਚ ਬੋਲੇ।

ਹੇ ਭਗਵਾਨ! ਸਾਰੇ ਵਰਣਾਂ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਅਤੇ ਬ੍ਰਾਹਮਣ ਵਰਣ ਦੇ ਪਿਤਾ ਤੇ ਵੈਸ਼ ਵਰਣ ਦੀ ਮਾਤਾ ਦੇ ਸੰਜੋਗ ਆਦਿ ਭਾਵ ਉੱਚ ਵਰਣ ਦੇ ਪਿਤਾ ਤੇ ਹੇਠਲੇ ਵਰਣ ਦੀ ਮਾਤਾ ਦੇ ਸੰਜੋਗ ਤੋਂ, ਬ੍ਰਾਹਮਣ ਵਰਣ ਦੇ ਪਿਤਾ ਤੇ ਖੱਤਰੀ ਵਰਣ ਦੀ ਮਾਤਾ ਦੇ ਸੰਜੋਗ ਤੋਂ ਤਥਾ ਇਸ ਦੇ ਉਲਟ ਹੇਠਲੇ ਵਰਣ ਦੇ ਪੁਰਸ਼ ਤੇ ਬ੍ਰਾਹਮਣ ਵਰਣ ਦੀ ਮਾਤਾ ਦੇ ਸੰਜੋਗ ਤੋਂ ਪੈਦਾ ਹੋਈ ਔਲਾਦ ਦੇ ਕ੍ਰਮਵਾਰ ਨਿਭਾਹੇ ਜਾਣ ਵਾਲੇ ਧਰਮ ਨੂੰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਹ ਕਹੋ।

ਅੰਡਜ (ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ ਭਾਵ ਸੱਪ, ਮੱਛੀ, ਪੰਛੀ ਆਦਿ), ਜੇਰਜ (ਜ਼ੇਰ ਤੋਂ ਪੈਦਾ ਹੋਣ ਵਾਲੇ ਜੀਵ ਭਾਵ ਮਨੁੱਖ, ਪਸ਼ੂ ਆਦਿ), ਸੇਤਜ (ਮੈਲ ਤੋਂ ਪੈਦਾ ਹੋਣ ਵਾਲੇ ਜੀਵ ਭਾਵ ਖਟਮਲ, ਜੂੰ ਆਦਿ), ਉਤਭੁਜ (ਭਾਵ ਬੀਜ ਤੋਂ ਪੈਦਾ ਹੋਣ ਵਾਲੀ ਬਨਸਪਤੀ) ਸਾਰੇ ਜੀਵ ਸਮੂਹਾਂ ਦੇ ਜਨਮ ਅਤੇ ਮੌਤ, ਉਨਾਂ ਦੇ ਕਰਨ ਵਾਲੇ ਤੇ ਨਾ ਕਰਨ ਵਾਲੇ ਕੰਮਾਂ, ਉਨਾਂ ਦੇ ਵਿਸ਼ਵਾਸਾਂ ਤੇ ਉਨਾਂ ਦੇ ਆਚਾਰ ਨੂੰ ਯਥਾਯੋਗ ਤੇ ਇੱਛਾ ਅਨੁਸਾਰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਨਾਂ ਨੂੰ ਕਹੋ। ਕਿਉਂਕਿ ਹੇ ਪ੍ਰਭੂ! ਸਿਰਫ਼ ਤੁਸੀਂ ਹੀ ਇਕ ਪੂਰਨ ਅਲੌਕਿਕ ਈਸ਼ਵਰ, ਮਨੁੱਖੀ ਸੋਚ ਤੋਂ ਪਾਰ ਤਥਾ ਅਮਿਤ, ਵੇਦ ਦੇ ਸਦੀਵੀ ਗਿਆਨ ਦੇ ਜਾਣਨਹਾਰ, ਯੱਗ ਕਰਤਾ ਤੇ ਬ੍ਰਹਮਾ ਨੂੰ ਜਾਣਨ ਵਾਲੇ ਮੰਨੇ ਗਏ ਹੋ।

ਫਿਰ ਮਹਾਂ ਰਿਸ਼ੀਆਂ ਵੱਲੋਂ ਇਸ ਤਰਾਂ ਪੁੱਛੇ ਗਏ ਸੁਆਲਾਂ ਬਾਰੇ ਅਪਾਰ ਗਿਆਨ ਵਾਲੇ ਮਨੂ ਉਨਾਂ ਸਾਰੇ ਮਹਾਂ ਰਿਸ਼ੀਆਂ ਦਾ ਉਚਿੱਤ ਸਤਿਕਾਰ ਕਰ ਕੇ ਬੋਲੇ ਸੁਣੋ! ਪਰਲੋ ਕਾਲ ਵਿਚ ਇਹ ਸੰਸਾਰ ਹਨੇਰੇ ਵਿਚ ਲੀਨ, ਅਣਜਾਣ, ਚਿਹਨ ਰਹਿਤ, ਪ੍ਰਮਾਣ ਆਦਿ ਤਰਕ ਤੋਂ ਹੀਣ, ਅਣਜਾਣੀਆਂ ਤਥਾ ਪੂਰਨ ਰੂਪ ਵਿਚ ਸੁਪਤ ਅਵਸਥਾ ਵਿਚ ਸੀ। ਤਾਂ ਫਿਰ ਆਪਣੀ ਇੱਛਾ ਨਾਲ ਸਰੀਰ ਧਾਰਨ ਕਰਨ ਵਾਲੇ, ਮਨੁੱਖੀ ਇੰਦਰੀਆਂ ਦੀ ਪਕੜ ਵਿਚ ਨਾ ਆਉਣ ਵਾਲੇ ਅਦ੍ਰਿਸ਼ਟ, ਅਮਿਤ ਸਰਬ-ਸ਼ਕਤੀਮਾਨ ਹਨੇਰੇ ਨੂੰ ਦੂਰ ਕਰਨ ਵਾਲੇ ਭਗਵਾਨ ਆਕਾਸ਼ ਆਦਿ ਮੂਲ ਤੱਤਾਂ ਸਮੇਤ ਪ੍ਰਗਟ ਹੋਏ। ਜਿਹੜੇ ਭਗਵਾਨ ਮਨੁੱਖੀ ਗਿਆਨ ਇੰਦਰੀਆਂ ਦੀ ਪਹੁੰਚ ਅਤੇ ਸਮੂਹ ਪ੍ਰਾਣੀਆਂ ਦੀ ਸੋਚ ਤੋਂ ਪਾਰ, ਸੂਖਮ ਸਰੂਪ, ਅਗਮ, ਸਦਾ ਰਹਿਣ ਵਾਲੇ ਹਨ ਉਹ ਖੁਦ ਪ੍ਰਗਟ ਹੋਏ। ਫਿਰ ਉਸ ਪਰਮਾਤਮਾ ਨੇ ਅਨੇਕ ਤਰਾਂ ਦੀ ਪਰਜਾ ਦੀ ਸਿਰਜਣਾ ਕਰਨ ਦੀ ਇੱਛਾ ਨਾਲ ਸਭ ਤੋਂ ਪਹਿਲਾਂ ਪਾਣੀ ਦੀ ਸਿਰਜਣਾ ਕੀਤੀ ਅਤੇ ਉਸ ਪਾਣੀ ਵਿਚ ਸ਼ਕਤੀ ਰੂਪੀ ਬੀਜ ਬੀਜਿਆ। ਇਸ ਬੀਜ ਨੇ ਹਜ਼ਾਰਾਂ ਸੂਰਜਾਂ ਦੇ ਬਰਾਬਰ ਪ੍ਰਕਾਸ਼ ਵਾਲੇ ਸੋਨੇ ਵਰਗੇ ਸ਼ੁੱਧ ਆਂਡੇ ਦਾ ਰੂਪ ਧਾਰਨ ਕਰ ਲਿਆ ਤੇ ਫਿਰ ਉਸ ਆਂਡੇ ਵਿਚੋਂ ਸਮੂਹ ਲੋਕਾਂ ਦੀ ਸਿਰਜਣਾ ਕਰਨ ਵਾਲੇ ਬ੍ਰਹਮਾ ਜੀ ਪੈਦਾ ਹੋਏ।"

ਮਨੂ ਸਿਮ੍ਰਿਤੀ ਦੇ ਮੁੱਢ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ : "ਮਨੂ ਸਿਮ੍ਰਿਤੀ ਸੰਸਾਰ ਦਾ ਸਭ ਤੋਂ ਪੁਰਾਣਾ ਕਾਨੂੰਨੀ ਅਤੇ ਸਮਾਜੀ ਪ੍ਰਬੰਧ ਹੈ। ਇਹ ਏਨਾ ਠੋਸ ਹੈ ਕਿ ਭਾਰਤੀ ਸੰਵਿਧਾਨ ਤੇ ਭਾਰਤ ਦਾ ਸਮਾਜੀ ਪ੍ਰਬੰਧ ਅੱਜ ਵੀ ਇਸੇ ਮਨੂ ਸਿਮ੍ਰਿਤੀ ਉੱਤੇ ਆਧਾਰਿਤ ਹੈ। ਇਸ ਦੀ ਸਿਰਜਣਾ ਬ੍ਰਹਮਾ ਨੇ ਕੀਤੀ। ਬ੍ਰਹਮਾ ਨੇ ਮਨੂ ਨੂੰ ਪੜਾਇਆ ਅਤੇ ਫਿਰ ਮਨੂ ਨੇ ਇਸ ਦਾ ਗਿਆਨ ਭ੍ਰਿਗੂ ਨੂੰ ਦਿੱਤਾ। ਮਹਾਂਰਿਸ਼ੀ ਭ੍ਰਿਗੂ ਨੇ ਇਹ ਗਿਆਨ ਬਾਕੀ ਰਿਸ਼ੀਆਂ ਨੂੰ ਦੱਸਿਆ। ਇਸ ਤਰਾਂ ਇਹ ਸੰਸਕ੍ਰਿਤ ਸਾਹਿਤ ਦਾ ਹੈਰਾਨੀਜਨਕ ਤੇ ਅਨਮੋਲ ਖ਼ਜ਼ਾਨਾ ਸਾਹਮਣੇ ਆਇਆ।"

ਮਨੂ ਸਿਮ੍ਰਿਤੀ ਵਿਚ ਹੀ ਵਰਣ ਵੰਡ ਦੇ ਰੂਪ ਵਿਚ ਜਾਤਪਾਤ ਦੇ ਬੀਜ ਬੀਜੇ ਗਏ ਹਨ। ਔਰਤਾਂ ਨੂੰ ਸ਼ੂਦਰਾਂ ਦਾ ਦਰਜਾ ਦਿੱਤਾ ਗਿਆ ਹੈ। ਜਿਸ ਦਾ ਖ਼ਮਿਆਜ਼ਾ ਹੁਣ ਤਕ ਇਸ ਦੇ ਲਿਖੇ ਜਾਣ ਤੋਂ ਹਜ਼ਾਰਾਂ ਸਾਲਾਂ ਬਾਅਦ ਵੀ ਮਨੁੱਖ ਜਾਤੀ ਦਾ ਵੱਡਾ ਹਿੱਸਾ ਭੁਗਤ ਰਿਹਾ ਹੈ। ਇਹੀ ਮਨੂ ਸਿਮ੍ਰਿਤੀ ਮਨ-ਕਲਪਿਤ ਬ੍ਰਾਹਮਣਵਾਦ ਭਾਵ ਮਨ-ਕਲਪਿਤ ਦੇਵਤਿਆਂ ਦੀ ਭਗਤੀ ਦੇ ਨਾਂ ਉੱਤੇ ਅਨੇਕ ਕਿਸਮ ਦੇ ਕਰਮਕਾਂਡ ਦੀ ਜਨਕ ਹੈ। ਇਕ ਸੁਆਲ ਅਕਸਰ ਕੀਤਾ ਜਾਂਦਾ ਹੈ ਕਿ ਗੁਲਾਮਦਾਰੀ ਤਾਂ ਦੁਨੀਆ ਭਰ ਦੇ ਲਗਪਗ ਸਾਰੇ ਹੀ ਸਮਾਜਾਂ ਵਿਚ ਰਹੀ ਹੈ ਪਰ ਜਾਤਪਾਤ ਵਰਗਾ ਚੀੜਾ ਸਮਾਜੀ ਪ੍ਰਬੰਧ ਸਿਰਫ਼ ਸਾਡੇ ਹੀ ਦੇਸ ਵਿਚ ਕਿਉਂ ਮੌਜੂਦ ਹੈ, ਜਿਹੜਾ ਗੁਲਾਮਦਾਰੀ ਯੁੱਗ ਦੇ ਖ਼ਤਮ ਹੋ ਜਾਣ ਦੇ ਬਾਵਜੂਦ ਅਜੇ ਤਕ ਵੀ ਕਾਇਮ ਹੈ? ਇਸ ਸੁਆਲ ਦਾ ਜੁਆਬ ਮਨੂ ਸਿਮ੍ਰਿਤੀ ਦੇ ਸੂਤਰਾਂ ਵਿਚ ਦਰਜ ਹੈ, ਜਿਨਾਂ ਨੇ ਜਾਤਪਾਤ ਨੂੰ ਧਾਰਮਿਕ ਰੰਗਤ ਦੇ ਕੇ ਇਹਨਾਂ ਨੂੰ ਮੰਨਣਾ ਇਕ 'ਰੱਬੀ' ਆਦੇਸ਼ ਬਣਾ ਦਿੱਤਾ।

ਮਨੂ ਸਿਮ੍ਰਿਤੀ ਵਿਚ ਦਰਜ ਹੈ, "ਉਸ ਮਹਾਨ ਤੇਜ ਵਾਲੇ ਬ੍ਰਹਮਾ ਨੇ ਇਸ ਲੋਕ ਦੀ ਰੱਖਿਆ ਲਈ ਆਪਣੇ ਮੂੰਹ ਬਾਹਾਂ ਜੰਘਾਂ ਅਤੇ ਪੈਰਾਂ ਵਿਚੋਂ ਕ੍ਰਮਵਾਰ ਚੌਹਾਂ ਵਰਣਾਂ ਨੂੰ ਪੈਦਾ ਕੀਤਾ ਅਤੇ ਇਹਨਾਂ ਦੇ ਕੰਮ ਅੱਡ-ਅੱਡ ਨਿਸ਼ਚਿਤ ਕਰ ਦਿੱਤੇ। ਈਸ਼ਵਰ ਨੇ ਸ਼ੂਦਰਾਂ ਲਈ ਇਹ ਹੀ ਕੰਮ ਕਰਨ ਦਾ ਆਦੇਸ਼ ਦਿੱਤਾ ਕਿ ਉਹ ਦੂਜੇ ਤਿੰਨਾਂ ਵਰਣਾਂ (ਸੁਵਰਣਾਂ) ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖ਼ਤੀ ਨਾਲ ਸ਼ੂਦਰਾਂ ਨੂੰ ਉਨਾਂ ਲਈ ਨੀਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਅਗਰ ਉਹ ਆਪਣੇ ਨੀਯਤ ਕੀਤੇ ਕੰਮ ਤੋਂ ਮੁਨਕਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ।"

ਇਹੀ ਮਨੂਵਾਦੀ ਸੋਚ ਅਤੇ ਇਸ ਦੇ ਆਧਾਰ ਉੱਤੇ ਬਣੀ ਬ੍ਰਾਹਮਣੀ ਮਾਨਸਿਕਤਾ ਨੇ ਹੀ ਅਗਲੇ ਸਮੇਂ ਵਿਚ ਵਰਣ ਵੰਡ ਨੂੰ ਜਾਤਪਾਤ ਦਾ ਰੂਪ ਦੇ ਕੇ ਸਾਰੇ ਸਮਾਜ ਨੂੰ ਦਰਜਾ-ਬਦਰਜੀ ਖ਼ਾਨਿਆਂ ਵਿਚ ਵੰਡ ਦਿੱਤਾ। ਇਹੀ ਵੰਡ ਸਾਡੇ ਦੇਸ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ ਹੈ। ਇਸ ਵੰਡ ਦੇ ਆਧਾਰ ਉੱਤੇ ਬਣੀ ਸੋਚ ਅਤੇ ਮਾਨਸਿਕਤਾ ਸਮੂਹ ਲੋਕਾਂ ਦਾ ਇਕ ਭਾਈਚਾਰਾ ਬਣਨ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਮਨੁੱਖੀ ਸਮਾਜ ਦੇ ਐਨ ਮੁੱਢ ਵਿਚ ਕੁਦਰਤੀ ਤੌਰ ਉੱਤੇ ਵਿਕਸਿਤ ਹੋਏ ਔਰਤ ਪ੍ਰਧਾਨ ਸਮਾਜ ਤੋਂ ਬਾਅਦ ਜਦੋਂ ਨਿੱਜੀ ਜਾਇਦਾਦ ਉੱਤੇ ਆਧਾਰਿਤ ਪਿਤਾ-ਪੁਰਖੀ ਮਰਦ ਪ੍ਰਧਾਨ ਸਮਾਜ ਹੋਂਦ ਵਿਚ ਆਇਆ ਤਾਂ ਕੁਦਰਤੀ ਦਸਤੂਰ ਦੇ ਉਲਟ ਬਣੇ ਇਸ ਜਾਤਪਾਤੀ ਸਮਾਜ ਦੀ ਜਾਇਜਤਾ ਠਹਿਰਾਉਣ ਲਈ ਕਿਸੇ ਜਾਅਲੀ 'ਰੱਬੀ' ਹਸਤੀ ਦਾ ਮਾਨਸਿਕ ਬਿੰਬ ਘੜਨ ਦੀ ਲੋੜ ਪਈ। ਉਸੇ ਲੋੜ ਵਿਚੋਂ ਇਕ ਛੋਟੇ ਜਿਹੇ ਪੁਜਾਰੀ (ਬ੍ਰਾਹਮਣ) ਵਰਗ ਨੇ ਹੱਥੀਂ ਕਿਰਤ ਨਾਲੋਂ ਟੁੱਟ ਕੇ ਵਿਹਲੜ ਜ਼ਿੰਦਗੀ ਜਿਉਣ ਅਤੇ ਰਾਜਸੀ-ਸਮਾਜੀ ਤੇ ਪਦਾਰਥਕ ਸਹੂਲਤਾਂ ਮਾਨਣ ਦੀ ਆਪਣੀ ਲਾਲਸਾ ਅਧੀਨ ਆਮ ਬੌਧਿਕ ਅਤੇ ਮਾਨਸਿਕ ਕੰਗਾਲੀ ਦੇ ਉਸ ਦੌਰ ਵਿਚ ਆਪਣੇ ਆਪ ਨੂੰ 'ਰੱਬੋਂ' ਉੱਚ ਜਾਤੀ ਸਾਬਤ ਕਰਨ ਵਾਸਤੇ ਸਮਾਜ ਵਿਚ ਕਰਮਕਾਂਡ, ਵਰਣ ਵੰਡ ਅਤੇ ਜਾਤਪਾਤੀ ਕੋਹੜ ਫੈਲਾਉਣ ਦਾ ਬੌਧਿਕ ਆਧਾਰ ਤਿਆਰ ਕਰਨ ਲਏ 'ਬ੍ਰਹਮ' ਦੇ ਵਿਅਕਤੀ ਰੂਪ ਮਨ-ਕਲਪਿਤ ਬ੍ਰਹਮਾ ਦੀ 'ਰੱਬੀ' ਹਸਤੀ ਦਾ ਮਾਨਸਿਕ ਬਿੰਬ ਘੜ ਲਿਆ। ਇਹੀ ਮਾਨਸਿਕ ਕਲਪਨਾ ਅੱਜ ਤਕ ਮਨੁੱਖ ਜਾਤੀ ਨੂੰ ਉਚ-ਨੀਚ ਵਿਚ ਵੰਡਣ ਅਤੇ ਅਨੇਕ ਕਿਸਮ ਦੇ ਕਰਮਕਾਂਡੀ ਭਰਮ ਜਾਲ ਫੈਲਾਉਣ ਦਾ ਮੂਲ ਆਧਾਰ ਬਣੀ ਹੋਈ ਹੈ।

ਗੁਰਮਤਿ ਨੇ ਮਨੂ ਦੇ ਜਨਕ ਬ੍ਰਹਮਾ ਦੀ ਕਰਤਾਰੀ ਹੋਂਦ ਨੂੰ ਮੁਲੋਂ ਹੀ ਨਕਾਰ ਦਿੱਤਾ ਹੈ।

**ਬ੍ਰਹਮਾ ਬਿਸਨੁ ਮਹੇਸੁ ਨ ਕੋਈ। (ਪੰਨਾ 1035)**

**ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ।**
**(ਪੰਨਾ 559)**

**ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ।**
**ਮਾਨੈ ਹੁਕਮੁ ਸੋਹੈ ਦਰ ਸਾਚੈ ਆਕੀ ਮਰਹਿ ਅਫਾਰੀ।**
**(ਪੰਨਾ 991)**

ਯਥਾ ਬ੍ਰਹਮਾ ਬਿਸਨ ਮਹੇਸ ਦੀ ਕੋਈ ਹੋਂਦ ਨਹੀਂ। ਬ੍ਰਹਮਾ ਦੇ ਨਾਂ ਉੱਤੇ ਜਿਹੜਾ ਵੇਦਾਂ ਦਾ ਗਿਆਨ ਦਿੱਤਾ ਜਾ ਰਿਹਾ ਹੈ, ਇਹ ਸਾਰਾ ਮਨ-ਕਲਪਿਤ ਅਤੇ ਝੂਠ ਹੈ। ਬ੍ਰਹਮਾ ਬਿਸਨ ਤੇ ਸਾਰੇ ਰਿਖੀ ਮੁਨੀ ਸ਼ੰਕਰ (ਸ਼ਿਵਜੀ) ਇੰਦਰ ਅਤੇ ਹੋਰ ਵੀ ਸਾਰੇ ਤਪੇ ਭਾਵ ਤਪ ਕਰਨ ਵਾਲੇ ਉਸ ਸੱਚੇ ਮਾਲਕ ਦੇ ਦਰਬਾਰ ਵਿਚ ਮੰਗਤੇ ਹਨ। ਜਿਹੜੇ ਉਸਦੇ ਹੁਕਮ ਵਿਚ ਚਲਦੇ ਹਨ, ਸਿਰਫ਼ ਉਹੀ ਉਸ ਦੇ ਦਰ ਉੱਤੇ ਸੋਹਣੇ ਲਗਦੇ ਹਨ ਬਾਕੀ ਸਾਰੇ ਆਪਣੇ ਹੰਕਾਰ ਵਿਚ ਆਫਰੇ ਹੀ ਮਰ ਜਾਂਦੇ ਹਨ।

ਗੁਰਮਤਿ ਨੇ ਇਹ ਗਿਆਨ ਵੀ ਦਿੱਤਾ ਹੈ ਕਿ

**ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ। ਮਾਇਆ ਮੋਹੁ ਪਸਰਿਆ ਪਾਸਾਰਾ।**
**ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ। (ਪੰਨਾ 1053)**

ਯਥਾ ਸਿਮ੍ਰਿਤੀਆਂ ਤੇ ਸ਼ਾਸਤਰਾਂ ਵਿਚ ਜਿੰਨਾ ਵਿਸਥਾਰ ਹੈ, ਇਹ ਸਾਰਾ ਕਲਪਿਤ ਝੂਠ ਅਤੇ ਝੂਠੇ ਪਿਆਰ ਦਾ ਪਸਾਰਾ ਹੈ। ਮੂਰਖ ਮਨੁੱਖ ਇਹਨਾਂ ਨੂੰ ਪੜਦਾ ਹੈ ਪਰ ਸ਼ਬਦ ਵਿਚਲੇ ਆਤਮਿਕ ਗਿਆਨ ਦਾ ਭੇਦ ਨਹੀਂ ਪਾ ਸਕਦਾ। ਗੁਰੂ ਦੇ ਗਿਆਨ ਵਲ ਮੂੰਹ ਕਰਨ ਵਾਲਾ ਕੋਈ ਵਿਰਲਾ ਮਨੁੱਖ ਹੀ ਇਸ ਦਾ ਭੇਦ ਪਾ ਸਕਦਾ ਹੈ।

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ। ਸਾਂਕਲ ਜੇਵਰੀ ਲੈ ਹੈ ਆਈ।

ਆਪਨ ਨਗਰੁ ਆਪ ਤੇ ਬਾਧਿਆ। ਮੋਹ ਕੈ ਫਾਧਿ ਕਾਲ ਸਰੁ ਸਾਂਧਿਆ। ਰਹਾਉ।

**ਕਟੀ ਨ ਕਟੈ ਤੂਟਿ ਨਹ ਜਾਈ। ਸਾ ਸਾਪਨਿ ਹੋਇ ਜਗੁ ਕਉ ਖਾਈ। (ਪੰਨਾ 329)**

ਯਥਾ ਵੇਦ ਹੀ ਸਿਮ੍ਰਿਤੀਆਂ ਦੇ ਜਨਕ ਹਨ। ਇਹਨਾਂ ਵਿਚਲਾ ਗਿਆਨ ਮਨੁੱਖੀ ਮਨ ਨੂੰ ਪਏ ਸੰਗਲ ਤੇ ਜ਼ੰਜੀਰਾਂ ਵਾਂਗ ਹਨ। ਇਹ ਇੰਞ ਹੈ ਜਿਵੇਂ ਕੋਈ ਮਨੁੱਖ ਆਪਣੇ ਆਲੇ-ਦੁਆਲੇ ਆਪ ਹੀ ਜਾਲ ਬੁਣ ਲਏ ਅਤੇ ਫਿਰ ਉਸ ਦੇ ਮੋਹ ਵਿਚ ਆਪ ਹੀ ਫਸ ਕੇ ਮਰ ਜਾਏ। ਸਾਰੇ ਯਤਨਾਂ ਦੇ ਬਾਵਜੂਦ ਜਿਹੜਾ ਜਾਲ ਕੱਟਿਆ ਨਹੀਂ ਜਾ ਸਕਦਾ ਅਤੇ ਜਿਹੜਾ ਸੱਪਣੀ ਦਾ ਰੂਪ ਧਾਰ ਕੇ ਜਗਤ ਨੂੰ ਖਾ ਰਿਹਾ ਹੈ।

**ਸਿਮ੍ਰਿਤ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ।**
**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ।**
**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣ ਵਿਹਾਣੀ।**
**(ਪੰਨਾ 920)**

ਯਥਾ ਸਿਮ੍ਰਿਤੀਆਂ ਤੇ ਸ਼ਾਸਤਰ ਪੁੰਨ ਪਾਪ ਦੀ ਚਰਚਾ ਕਰਦੇ ਹਨ ਪਰ ਇਸ ਚਰਚਾ ਦਾ ਤੱਤ-ਸਾਰ ਨਹੀਂ ਜਾਣਦੇ। ਅਗਿਆਨ ਦੇ ਹਨੇਰੇ ਨੂੰ ਦੂਰ ਕਰ ਕੇ ਸੱਚ ਦੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਗੁਰੂ ਤੋਂ ਬਗੈਰ ਇਸ ਤੱਤ ਦਾ ਭੇਦ ਨਹੀਂ ਪਾਇਆ ਜਾ ਸਕਦਾ। ਸਾਰਾ ਸੰਸਾਰ ਤਿੰਨਾਂ ਗੁਣਾਂ ਭਾਵ ਰਜੋ-ਤਮੋ- ਸਤੋ ਗੁਣਾਂ ਦੇ ਭਰਮ ਜਾਲ ਵਿਚ ਫਸਿਆ ਹੋਇਆ ਹੈ ਅਤੇ ਇਸ ਭਰਮ ਜਾਲ ਵਿਚ ਫਸਿਆ ਹੀ ਮਰ ਜਾਂਦਾ ਹੈ।

**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ।**
**(ਪੰਨਾ 747)**

**ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀਂ ਕੀਮਤਿ ਪਾਈ।**
**(ਪੰਨਾ 747)**

ਯਥਾ ਵੇਦ ਕਤੇਬ ਸਿਮ੍ਰਿਤੀਆਂ ਤੇ ਸਾਰੇ ਸ਼ਾਸਤਰ ਪੜ ਕੇ ਵੀ (ਮਨ ਦੀ) ਮੁਕਤੀ ਨਹੀਂ ਮਿਲਦੀ। ਵੇਦ ਪੜ ਪੜ ਕੇ ਬ੍ਰਹਮੇ ਵਰਗੇ ਅਨੇਕ ਹਾਰ ਹੰਭ ਗਏ ਹਨ ਪਰ ਉਨਾਂ ਨੇ ਉਸ ਇਕੁ (ਏਕੋ) ਦੀ ਰੱਤੀ ਭਰ ਵੀ ਕੀਮਤ ਨਹੀਂ ਜਾਣੀ। ਭਾਵ ਏਕੋ ਦਾ ਭੇਦ ਨਹੀਂ ਪਾਇਆ। ਗੁਰਮਤਿ ਵਿਚ ਦਰਜ ਆਤਮਿਕ ਗਿਆਨ ਬਾਰੇ ਵਿਚਾਰ ਕਰਨ ਨਾਲ ਇਹ ਸਾਰੇ ਭਰਮ ਖ਼ਤਮ ਹੋ ਜਾਂਦੇ ਹਨ।

**ਜਾਤਿ ਬਰਨ ਕੁਲ ਸਹਿਸਾ ਚੂਕਾ ਗੁਰਮਤਿ ਸਬਦਿ ਬੀਚਾਰੀ।**
**(ਪੰਨਾ 1198)**




# ਕੈਨੇਡਾ ਵਿਚ ਪੰਜਾਬੀ: ਕੱਲ, ਅੱਜ ਅਤੇ ਭਲਕ



**- ਡਾ ਗੁਰਵਿੰਦਰ ਸਿੰਘ**

ਪਿਛਲੇ ਸਵਾ ਸੌ ਸਾਲ ਵਿਚ ਕੈਨੇਡਾ ਵੱਸਦੇ ਪੰਜਾਬੀਆਂ ਨੇ ਵਪਾਰ, ਕਾਰੋਬਾਰ ਅਤੇ ਖੇਤੀ ਖੇਤਰ ਵਿਚ ਵੀ ਵੱਡੀਆਂ ਮੱਲਾਂ ਮਾਰੀਆਂ ਹਨ। ਅੱਜ ਜਿੱਥੇ ਟਰੱਕ ਅਤੇ ਟੈਕਸੀ ਸਨਅਤ ਵਿਚ ਪੰਜਾਬੀਆਂ ਦੀ ਚੜ੍ਹਤ ਹੈ, ਉੱਥੇ ਕੈਨੇਡਾ ਦੇ ਹਜ਼ਾਰਾਂ ਏਕੜਾਂ 'ਚ ਲੱਖਾਂ ਟਨ ਬਲਿਊਬੇਰੀ, ਰਸਬੇਰੀ ਅਤੇ ਸਟਰਾਬੇਰੀ ਸਮੇਤ ਅਨੇਕਾਂ ਫ਼ਸਲਾਂ ਉਗਾ ਕੇ ਕੈਨੇਡਾ ਦੀ ਆਰਥਿਕਤਾ ਨੂੰ ਹੁਲਾਰਾ ਦੇ ਰਹੇ ਹਨ। ਅਹਿਮ ਗੱਲ ਇਹ ਹੈ ਕਿ ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੀ ਦੇਣ ਮੂਲ ਪੰਜਾਬ ਲਈ ਵੀ ਜ਼ਿਕਰਯੋਗ ਹੈ, ਕਿਉਂਕਿ ਬਹੁਤਾਤ ਕੈਨੇਡੀਅਨ ਪੰਜਾਬੀ ਇੱਥੇ ਆ ਕੇ ਨਾ ਸਿਰਫ਼ ਘਰ, ਕੋਠੀਆਂ ਅਤੇ ਜ਼ਮੀਨ ਜਾਇਦਾਦਾਂ ਤੇ ਹੀ ਲੱਖਾਂ ਡਾਲਰ ਖ਼ਰਚਦੇ ਹਨ, ਬਲਕਿ ਸਕੂਲਾਂ, ਹਸਪਤਾਲਾਂ, ਸਟੇਡੀਅਮਾਂ, ਖੇਡ ਮੇਲਿਆਂ ਅਤੇ ਮੈਡੀਕਲ ਕੈਂਪਾਂ ਵਿਚ ਵੀ ਆਪਣਾ ਵਿੱਤੋਂ ਵੱਧ ਹਿੱਸਾ ਪਾਉਂਦੇ ਹਨ। ਇਹ ਗੱਲ ਵੱਖਰੀ ਹੈ ਕਿ ਕੁਝ ਲੋਕ ਅਜਿਹੇ ਵੀ ਹਨ, ਜਿਹੜੇ ਇੱਥੇ ਆ ਕੇ ਵਿਆਹਾਂ-ਸ਼ਾਦੀਆਂ ਅਤੇ ਹੋਰ ਜਸ਼ਨਾਂ ਵਿਚ ਸ਼ੁਹਰਤ ਦੀ ਭੁੱਖ ਕਰਕੇ, ਲੱਖਾਂ ਡਾਲਰ ਨਸ਼ਿਆਂ ਤੇ ਰੋੜ ਕੇ ਹੋਰਨਾਂ ਨੂੰ ਵੀ ਕਲੰਕਿਤ ਕਰਦੇ ਹਨ। ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੇ ਵਿਕਾਸ 'ਚ ਪੰਜਾਬੀ ਮੀਡੀਆ ਦਾ ਵਡਮੁੱਲਾ ਯੋਗਦਾਨ ਰਿਹਾ ਹੈ, ਜਿਸ ਦਾ ਇਤਿਹਾਸ ਤਾਂ ਸੌ ਸਾਲ ਤੋਂ ਵੀ ਵੱਧ ਪੁਰਾਣਾ ਹੈ, ਜਿਸ ਵਿਚ 1910 'ਚ ਪਹਿਲੇ ਪੰਜਾਬੀ ਅਖ਼ਬਾਰ 'ਸਵਦੇਸ਼ ਸੇਵਕ' ਦੇ ਸੰਪਾਦਕ ਸ਼ਹੀਦ ਹਰਨਾਮ ਸਿੰਘ ਕਾਹਰੀ ਸਾਹਰੀ ਅਤੇ 1913 ਵਿਚ ਅਮਰੀਕਾ ਤੋਂ ਅਰੰਭੇ ਅਤੇ ਕੈਨੇਡਾ 'ਚ ਸਭ ਤੋਂ ਵੱਧ ਫੈਲੇ ਪੰਜਾਬੀ 'ਗ਼ਦਰ' ਅਖ਼ਬਾਰ ਦੇ ਸੰਪਾਦਕ ਸ਼ਹੀਦ ਕਰਤਾਰ ਸਿੰਘ ਸਰਾਭਾ ਮੋਢੀ ਸ਼ਹੀਦ ਪੱਤਰਕਾਰ ਕਹੇ ਜਾ ਸਕਦੇ ਹਨ। ਇਸ ਵੇਲੇ ਕੈਨੇਡਾ ਭਰ 'ਚ 100 ਤੋਂ ਵੱਧ ਪੰਜਾਬੀ ਅਖ਼ਬਾਰ, ਰਸਾਲੇ ਅਤੇ ਰੇਡੀਉ-ਟੈਲੀਵਿਜ਼ਨ ਸ਼ੋਅ ਆਪੋ-ਆਪਣੀ ਸਮਰੱਥਾ ਅਨੁਸਾਰ ਕੈਨੇਡੀਅਨ ਪੰਜਾਬੀਆਂ ਨੂੰ ਮੂਲ ਧਰਤੀ ਨਾਲ ਜੋੜੀ ਰੱਖਣ ਵਿਚ ਸਹਾਈ ਸਿੱਧ ਹੋ ਰਹੇ ਹਨ।

ਸ਼ਬਦ 'ਡਾਇਸਪੋਰਾ' ਚਾਹੇ ਮੌਲਿਕ ਰੂਪ ਵਿਚ 'ਯਹੂਦੀ' ਕੌਮ ਦੇ ਇਤਿਹਾਸ ਅਤੇ ਸਭਿਆਚਾਰ ਨਾਲ ਸਬੰਧਿਤ ਅਜਿਹੇ ਸੰਕਲਪ ਨੂੰ ਦਰਸਾਉਂਦਾ ਹੈ, ਜਿਸ ਅਧੀਨ ਆਪਣੀ ਭੂਮੀ ਨੂੰ ਛੱਡ ਕੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਜਾ ਖਿੰਡੀ ਇਕ ਕੌਮ ਦੀ ਹੋਣੀ ਦਾ ਮਸਲਾ ਉੱਭਰਦਾ ਹੈ। ਆਪਣੀ ਇੱਛਾ ਅਨੁਸਾਰ, ਕਿਸੇ ਮਜਬੂਰੀ ਅਧੀਨ ਜਾਂ ਕਿਸੇ ਸਿਆਸੀ ਸ਼ਕਤੀ ਦੇ ਦਬਾਓ ਕਰਕੇ, ਆਪਣੇ ਦੇਸ਼ ਨੂੰ ਛੱਡ ਕੇ ਪਰਦੇਸੀਂ ਜਾ ਵੱਸੀ, ਦੁਨੀਆ ਦੀ ਹਰ ਕੌਮ ਭਾਸ਼ਾਈ ਪਰਿਪੇਖ ਵਿਚ ਅਜਿਹੇ ਖਿੰਡਾਓ ਤੇ ਫੈਲਾਓ ਨੂੰ, 'ਡਾਇਸਪੋਰਾ' ਦੇ ਸੰਕਲਪ ਅਧੀਨ ਰੱਖਦਿਆਂ ਆਪਣੀ ਪਛਾਣ ਵਿਚਾਰਦੀ ਹੈ। ਇਸ ਸੰਦਰਭ ਵਿਚ ਪੰਜਾਬੀ ਡਾਇਸਪੋਰਾ ਨੂੰ ਕੇਂਦਰ ਵਿਚ ਰੱਖ ਕੇ, ਸੰਸਾਰ ਭਰ ਵਿਚ ਫੈਲੇ ਪੰਜਾਬੀਆਂ ਦੇ ਭਾਸ਼ਾਈ ਅਤੇ ਸਭਿਆਚਾਰਕ ਮਸਲਿਆਂ ਨੂੰ ਵਿਚਾਰਨਾ ਭਾਵਪੂਰਵਕ ਯਤਨ ਹੈ। ਦਰਅਸਲ ਪੰਜਾਬੀਆਂ ਦੇ ਹਿੱਸੇ ਵਿਚ ਭਾਵਪੂਰਨ ਪੱਖੋਂ ਸਦਾ ਹੀ ਉੱਜੜਨਾ ਅਤੇ ਫਿਰ ਵੱਸਣਾ ਆਇਆ ਹੈ। ਇਸ ਨੂੰ ਕੌਮੀ ਵਰਦਾਨ ਜਾਂ ਸੰਤਾਪ ਕੁਝ ਵੀ ਕਹਿ ਲਿਆ ਜਾਵੇ, ਆਪਣੀ ਮਰਜ਼ੀ ਜਾਂ ਜਬਰੀ ਅਜਿਹਾ ਵਰਤਾਰਾ ਵਾਪਰੇ ਜਾਂ ਘਰੋਂ ਬੇਘਰ ਅਤੇ ਬੇਗਾਨੇ ਘਰ ਨੂੰ ਆਪਣਾ ਬਣਾ ਕੇ ਫਿਰ ਮੂਲ ਘਰ ਦਾ ਪ੍ਰੇਮ ਜਾਗਣ ਦੇ ਪੰਜਾਬੀ ਸੁਭਾਉ ਦਾ ਇਹ ਹਿੱਸਾ ਸਭਿਆਚਾਰਕ, ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਸਬੰਧ ਵਿਚ ਵਿਚਾਰਿਆ ਜਾ ਸਕਦਾ ਹੈ। ਇਸ ਦਾ ਮੁੱਢ ਤਾਂ ਅਸਲ ਵਿਚ 15ਵੀਂ ਸਦੀ ਉਸ ਵੇਲੇ ਹੀ ਬੱਝ ਜਾਂਦਾ ਹੈ, ਜਦੋਂ ਗੁਰੂ ਨਾਨਕ ਸਾਹਿਬ ਭਾਈ ਮਰਦਾਨੇ ਨੂੰ ਨਾਲ ਲੈ ਕੇ ਇਕ ਪਿੰਡ ਵਿਚ ਜਾਂਦੇ ਹਨ ਅਤੇ ਉੱਥੋਂ ਦੇ ਲੋਕਾਂ ਵੱਲੋਂ ਸੇਵਾ ਤੇ ਸਤਿਕਾਰ ਦੀ ਥਾਂ ਨਿਰਮੋਹੇ ਅਤੇ ਬੇਹੁਰਮਤੀ ਭਰੇ ਵਰਤਾਓ ਕਾਰਨ ਨਗਰ ਛੱਡਦਿਆਂ ਆਖ ਦਿੰਦੇ ਹਨ, 'ਜਾਓ ਭਾਈ, ਵੱਸਦੇ ਰਹੋ।' ਅਗਲੇ ਨਗਰ ਵਿਚ ਗੁਰੂ ਸਾਹਿਬ ਦੇ ਪੁੱਜਣ 'ਤੇ ਪਿੰਡ ਵਾਸੀ ਸੇਵਾ ਅਤੇ ਸਤਿਕਾਰ ਵਿਚ ਕੋਈ ਕਸਰ ਨਹੀਂ ਛੱਡਦੇ, ਉੱਥੋਂ ਜਾਣ ਲੱਗਿਆਂ ਗੁਰੂ ਸਾਹਿਬ ਮੁੱਖੋਂ ਉਚਾਰਦੇ ਹਨ, 'ਜਾਓ ਭਾਈ ਉੱਜੜ ਜਾਓ।' ਇਸ ਰਹੱਸਮਈ ਵਿਚਾਰ ਦੀਆਂ ਗੁੰਝਲਾਂ ਖੋਲਣ ਲਈ ਮਾਧਿਅਮ ਬਣਦੇ ਭਾਈ ਮਰਦਾਨਾ ਜਦੋਂ ਸਵਾਲ ਕਰਦੇ ਹਨ, 'ਮਾੜਿਆਂ ਲਈ ਵੱਸਣਾ ਅਤੇ ਚੰਗਿਆਂ ਲਈ ਉੱਜੜਨਾ, ਕੀ ਵਰ ਹੈ ? ਤੇ ਕੀ ਸਰਾਪ ?' ਇਸ ਦੇ ਉੱਤਰ 'ਚ ਗੁਰੂ ਨਾਨਕ ਸਾਹਿਬ ਦਾ ਕਥਨ ਰਮਜ਼ ਭਰਪੂਰ ਹੈ, 'ਮਾੜਾ ਇੱਕੋ ਥਾਂ ਵਸਿਆ ਰਹੇ ਤਾਂ ਚੰਗਾ ਹੈ, ਕਿਉਂਕਿ ਉਹ ਜਿੱਥੇ ਵੀ ਜਾਵੇਗਾ ਮਾੜੇਪਨ ਦੀ ਦੁਰਗੰਧ ਹੀ ਫੈਲਾਏਗਾ। ਦੂਜੇ ਪਾਸੇ ਚੰਗਾ ਇਕ ਥਾਂ ਟਿਕਣ ਦੀ ਥਾਂ ਜੇ ਥਾਂ-ਥਾਂ ਖਿੱਲਰੇਗਾ, ਤਾਂ ਉਹ ਚੰਗੇਪਨ ਦੀ ਖ਼ੁਸ਼ਬੂ ਵੀ ਖਿੰਡਾਏਗਾ।' ਹਕੀਕਤ ਇਹ ਹੈ ਕਿ ਸਿੱਖ ਡਾਇਸਪੋਰਾ ਗੁਰੂ ਸਾਹਿਬ ਦੇ ਇਸ ਵਰਦਾਨ 'ਚੋਂ, 'ਸਰਬੱਤ ਦੇ ਭਲੇ' ਅਤੇ 'ਜੀਓ ਅਤੇ ਜਿਊਣ ਦਿਓ' ਦੇ ਸੰਕਲਪ ਨੂੰ ਲੈ ਕੇ ਦੁਨੀਆ ਦੇ ਕੋਨੇ-ਕੋਨੇ ਵਿਚ ਖਿੰਡਿਆ ਹੋਇਆ ਹੈ।

ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੀ ਆਮਦ ਨੂੰ ਵਿਚਾਰਨ ਲਈ 19ਵੀਂ ਸਦੀ ਦੇ ਮੱਧਕਾਲੀ ਇਤਿਹਾਸ ਨੂੰ ਵਿਚਾਰਨਾ ਬਣਦਾ ਹੈ, ਜਦੋਂ ਪੰਜਾਬ ਆਪਣੀ ਪ੍ਰਭੂਸੱਤਾ ਅੰਗਰੇਜ਼ਾਂ ਹੱਥੋਂ ਗਵਾ ਕੇ ਗ਼ੁਲਾਮ ਹੁੰਦਾ ਹੈ। 'ਜੰਗਨਾਮਾ ਸ਼ਾਹ ਮੁਹੰਮਦ' ਵਿਚ ਲਿਖੇ ਇਹ ਸ਼ਬਦ 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਿਸ਼ਾਹੀ ਫ਼ੌਜਾਂ ਭਾਰੀਆਂ ਨੇ' ਤੋਂ ਭਲੀਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਅਜ਼ਾਦ ਪੰਜਾਬ ਖ਼ਾਲਸਾ ਰਾਜ ਅਤੇ 'ਬ੍ਰਿਟਿਸ਼ ਬਸਤੀ ਹਿੰਦੁਸਤਾਨ' ਦੀਆਂ ਫ਼ੌਜਾਂ ਦੀ 1849 ਦੀ ਇਹ ਲੜਾਈ ਅਜ਼ਾਦੀ ਦੀ ਉਹ ਪਹਿਲੀ ਜੰਗ ਹੈ, ਜਿਸ ਦਾ ਮਨੋਰਥ ਪ੍ਰਭੂਸੱਤਾ ਸੰਪੰਨ ਖ਼ਾਲਸਾ ਰਾਜ ਨੂੰ ਕਾਇਮ ਰੱਖਣ ਲਈ ਸਿਰਧੜ ਦੀ ਬਾਜ਼ੀ ਲਗਾਉਣੀ ਅਤੇ ਅਜ਼ਾਦੀ ਦੀ ਪ੍ਰਾਪਤੀ ਲਈ ਹਰ ਕੁਰਬਾਨੀ ਕਰਨੀ। ਇਸ ਜੰਗ ਵਿਚ ਪੰਜਾਬ ਦਾ ਹਾਰਨਾ, ਨਾ ਸਿਰਫ਼ ਪੰਜਾਬੀਆਂ ਦੀ ਹਾਰ ਸੀ, ਬਲਕਿ ਹਿੰਦੁਸਤਾਨ ਦੀ ਮੁਕੰਮਲ ਗ਼ੁਲਾਮੀ ਦਾ ਇਹ ਆਖ਼ਰੀ ਪੜਾਓ ਸੀ। ਗ਼ੁਲਾਮੀ ਦਾ ਦੁੱਖ ਕਦੇ ਵੀ ਨਾ ਝੱਲਣ ਵਾਲੇ ਸਿੱਖਾਂ ਦੇ ਘਰੋਂ ਬੇਘਰ ਅਤੇ ਵਤਨੋਂ ਬੇਵਤਨੇ ਹੋਣ ਦਾ ਇਹ ਦੁਖਾਂਤਕ ਕਦਮ ਵੀ ਕਿਹਾ ਜਾ ਸਕਦਾ ਹੈ। ਅਜਿਹੀਆਂ ਹਾਲਤਾਂ ਨੇ ਪੰਜਾਬੀਆਂ ਨੂੰ ਆਪਣਾ 'ਦੇਸ਼ ਪੰਜਾਬ' ਛੱਡਣ ਲਈ ਮਜਬੂਰ ਕੀਤਾ ਅਤੇ ਉਹ ਕਿਸੇ ਨਾ ਕਿਸੇ ਰੂਪ ਵਿਚ, ਇਸ ਗ਼ੁਲਾਮੀ ਦੀ ਦਲਦਲ 'ਚੋਂ ਬਾਹਰ ਨਿਕਲਣ ਲਈ ਤੜਫਣ ਲੱਗੇ। ਅਹਿਮ ਗੱਲ ਇਹ ਹੈ ਕਿ 'ਫਰੀਦਾ ਬਾਰ ਪਰਾਇਐ ਬੈਸਣਾ ਸਾਂਈਂ ਮੁਝੇ ਨਾ ਦੇਹ॥ ਜੇ ਤੂੰ ਇਵੇਂ ਰਖਸੀ ਜਿਓ ਸਰੀਰਹੁ ਲੇਹ॥' ਦੇ ਬਚਨਾਂ ਦੇ ਧਾਰਨੀ ਪੰਜਾਬੀਆਂ ਨੇ, ਗ਼ੁਲਾਮੀ ਤੋਂ ਖਹਿੜਾ ਛੁਡਾਉਣ ਲਈ ਅਜਿਹਾ ਰਾਹ ਚੁਣਿਆ, ਜਿਹੜਾ ਉਨਾਂ ਨੂੰ ਆਪਣੀ ਹੀ ਧਰਤੀ ਤੋਂ ਦੂਰ ਪਰਦੇਸਾਂ ਵਿਚ ਲੈ ਗਿਆ। ਇਸ ਦਾ ਮਾਧਿਅਮ ਆਤਮਿਕ ਬਲ ਅਤੇ ਜਿਸਮਾਨੀ ਸ਼ਕਤੀ ਨਾਲ ਭਰਪੂਰ ਪੰਜਾਬੀਆਂ ਦੇ ਫ਼ੌਜੀ ਰੂਪ ਵਿਚ ਦੇਸ਼-ਵਿਦੇਸ਼ਾਂ ਦੀਆਂ ਸਰਹੱਦਾਂ ਤੇ ਜਾਣਾ ਬਣਿਆ, ਪਰ ਫ਼ਰਕ ਇਹ ਸੀ ਕਿ ਹੁਣ ਉਹ ਵੀ ਦੂਸਰਿਆਂ ਵਾਂਗ ਬ੍ਰਿਟਿਸ਼ ਸਾਮਰਾਜਵਾਦ ਦੇ ਭਰਤੀ ਕੀਤੇ ਫ਼ੌਜੀ ਬਣ ਕੇ ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਫੈਲ ਰਹੇ ਸਨ, ਜਦੋਂ ਕਿ ਪਹਿਲਾਂ ਖ਼ਾਲਸਾ ਰਾਜ ਦੀ ਪ੍ਰਭੂਸੱਤਾ ਲਈ ਲੜਾਈ, ਇਨਾਂ ਹੀ ਤਾਕਤਾਂ ਖ਼ਿਲਾਫ਼ ਸੀ।

ਪੰਜਾਬ ਤੋਂ ਕੈਨੇਡਾ ਸਣੇ ਉੱਤਰੀ ਅਮਰੀਕਾ 'ਚ 'ਪੰਜਾਬੀ ਡਾਇਸਪੋਰਾ' ਦੀ ਵਿਸ਼ਾਲ ਪੱਧਰ ਤੇ ਪਛਾਣ 1897 ਤੋਂ ਬਾਅਦ ਬਣਨੀ ਸ਼ੁਰੂ ਹੁੰਦੀ ਹੈ, ਜਦੋਂ ਬ੍ਰਿਟਿਸ਼ ਫ਼ੌਜ ਦੇ ਸਾਬਕਾ ਸਿੱਖ ਸਿਪਾਹੀ ਪ੍ਰਸ਼ਾਂਤ ਮਹਾਂਸਾਗਰ ਦੇ ਕਿਨਾਰੇ 'ਤੇ ਵੱਸਦੀ ਖ਼ੂਬਸੂਰਤ ਧਰਤੀ ਨੂੰ ਆਪਣਾ ਟਿਕਾਣਾ ਬਣਾਉਂਦੇ ਹਨ। ਸਭਿਆਚਾਰਕ ਪਛਾਣ ਅਤੇ ਭਾਸ਼ਾ ਨੂੰ ਹਰ ਥਾਂ ਨਾਲ ਲਿਜਾਉਣ ਵਾਲੇ ਸਿੱਖਾਂ ਦੇ ਕੈਨੇਡਾ ਅਤੇ ਅਮਰੀਕਾ 'ਚ ਪਹਿਲਾਂ ਵਸੇ ਬਜ਼ੁਰਗਾਂ ਨੂੰ, ਚਾਹੇ ਬੇਗਾਨੀ ਧਰਤੀ 'ਤੇ ਅਨੇਕਾਂ ਨਸਲੀ ਹਮਲਿਆਂ ਅਤੇ ਭਾਸ਼ਾਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਉਹ ਆਪਣੀ ਜ਼ੁਬਾਨ ਤੇ ਪਛਾਣ ਕਾਇਮ ਰੱਖਦੇ ਹਨ। ਅਸਲ ਵਿਚ ਗ਼ੁਲਾਮੀ ਦਾ ਅਹਿਸਾਸ ਇਨਾਂ ਲੋਕਾਂ ਨੂੰ ਉਸ ਵੇਲੇ ਹੁੰਦਾ ਹੈ, ਜਦੋਂ 30 ਕਰੋੜ ਆਬਾਦੀ ਵਾਲੇ ਦੇਸ਼ ਦੇ ਵਾਸੀਆਂ ਨੂੰ ਮੁੱਠੀ ਭਰ ਅੰਗਰੇਜ਼ਾਂ ਵੱਲੋਂ ਗ਼ੁਲਾਮ ਬਣਾਏ ਜਾਣ ਦੇ ਕਿੱਸੇ ਮਿਹਣੇ ਤੇ ਤਾਅਨੇ ਬਣ ਕੇ ਪੰਜਾਬੀਆਂ ਦੇ ਸੀਨੇ ਚੀਰਦੇ ਹਨ, ਤਦ ਉਨਾਂ ਦੇ ਵਲੂੰਧਰੇ ਮਨਾਂ 'ਚੋਂ ਇਹ ਬੋਲ ਵਾਰ-ਵਾਰ ਨਿਕਲਦੇ ਹਨ:

**'ਦੇਸ ਪੈਣ ਧੱਕੇ, ਬਾਹਰ ਮਿਲੇ ਢੋਈ ਨਾ,**
**ਸਾਡਾ ਪਰਦੇਸੀਆਂ ਦਾ, ਦੇਸ ਕੋਈ ਨਾ।'**

ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੇ ਸੰਦਰਭ ਵਿਚ 20ਵੀਂ ਸਦੀ ਦੇ ਆਰੰਭ ਵਿਚ ਉੱਠੀ ਗ਼ਦਰ ਲਹਿਰ ਖ਼ਾਸ ਮਹੱਤਵ ਰੱਖਦੀ ਹੈ, ਕਿਉਂਕਿ ਇਹ ਪਹਿਲੀ ਅਜਿਹੀ ਤਹਿਰੀਕ ਸੀ, ਜਿਸ ਨੇ ਕੈਨੇਡਾ ਤੇ ਅਮਰੀਕਾ ਵਿਚ ਹੀ ਨਹੀਂ, ਬਲਕਿ ਦੁਨੀਆ ਭਰ ਵਿਚ ਖਿੰਡੇ ਪੰਜਾਬੀਆਂ ਨੂੰ ਜਥੇਬੰਦ ਕਰਨ 'ਚ ਇਤਿਹਾਸਕ ਭੂਮਿਕਾ ਨਿਭਾਈ। ਇਸ ਸਬੰਧ ਵਿਚ 1909 ਵਿਚ ਕੈਨੇਡਾ ਦੇ ਗੁਰਦੁਆਰਾ ਖ਼ਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਸਥਾਨ, ਤੇ ਸਾਬਕਾ ਸਿੱਖ ਫ਼ੌਜੀਆਂ ਨੇ ਇਕੱਠਿਆਂ ਹੋ ਕੇ ਅੰਗਰੇਜ਼ਾਂ ਵੱਲੋਂ ਦਿੱਤੇ ਮੈਡਲ, ਇਨਸਿਗਨੀਏ ਅਤੇ ਵਰਦੀਆਂ ਸਾੜਦਿਆਂ, ਇਕ ਵਾਰ ਫੇਰ ਗ਼ੁਲਾਮੀ ਦਾ ਜੂਲ ਗਲ਼ੋਂ ਲਾਹੁਣ ਲਈ ਐਲਾਨੇ-ਏ-ਜੰਗ ਕੀਤਾ। ਪੰਜਾਬੀ ਡਾਇਸਪੋਰਾ ਨੂੰ ਅਜਿਹੇ ਨਾਜ਼ੁਕ ਸਮੇਂ, ਇਕ ਸੂਤਰ ਵਿਚ ਪਰੋਣ ਲਈ 'ਏਕ ਪਿਤਾ ਏਕਸ ਕੇ ਹਮ ਬਾਰਿਕ, 'ਮਾਨਸ ਕੀ ਜਾਤ ਸਭੈ ਏਕੁ ਪਹਿਚਾਨਬੋ' ਅਤੇ 'ਏਕ ਨੂਰ ਤੇ ਸਭਿ ਜਗ ਉਪਜਿਆ' ਦੇ ਬਚਨਾਂ ਨੂੰ ਹਿਰਦੇ ਵਿਚ ਵਸਾ ਕੇ, ਗ਼ਦਰੀ ਬਾਬਿਆਂ ਨੇ ਸਾਰਿਆਂ ਨੂੰ ਇਕ ਮੰਚ ਤੇ ਇਕੱਠਿਆਂ ਕੀਤਾ। ਸਹੀ ਅਰਥਾਂ ਵਿਚ ਕੈਨੇਡਾ ਸਣੇ ਦੁਨੀਆ ਭਰ ਵਿਚ ਪੰਜਾਬੀਆਂ ਦੀ ਮੌਜੂਦਾ ਸਮੇਂ ਜੋ ਪਛਾਣ ਕਾਇਮ ਹੈ, ਉਹ ਇਤਿਹਾਸ ਦੇ ਇਨਾਂ ਸੁਨਹਿਰੀ ਪੰਨਿਆਂ ਵਿਚੋਂ ਮਿਲੀ ਪ੍ਰੇਰਨਾ ਦੀ ਬਦੌਲਤ ਹੈ।

ਕੈਨੇਡਾ ਦੀ ਧਰਤੀ 'ਤੇ ਆਣ ਵਸੇ ਪੰਜਾਬੀ ਅਜ਼ਾਦੀ ਦੀ ਲਹਿਰ ਵਿਚ ਕੁੱਦਣ ਵਾਸਤੇ, ਕਰੜੀ ਮਿਹਨਤ ਸਦਕਾ ਕਾਇਮ ਕੀਤੀਆਂ ਆਪਣੀਆਂ ਜ਼ਮੀਨਾਂ ਜਾਇਦਾਦਾਂ ਅਤੇ ਡਾਲਰਾਂ ਨੂੰ ਤਿਆਗਦੇ ਹੋਏ, ਫ਼ਾਂਸੀਆਂ ਦੇ ਹਾਰ ਆਪਣੇ ਗਲਾਂ ਵਿਚ ਪਵਾ ਗਏ। ਸੌ ਸਾਲ ਮਗਰੋਂ ਵੀ ਜਿਹੜੇ ਇਹ ਗੱਲ ਮੰਨਣ ਲਈ ਤਿਆਰ ਨਹੀਂ ਕਿ ਪੰਜਾਬ ਦੀ ਧਰਤੀ ਦੇ ਜਾਏ ਇਹ ਪਰਦੇਸੀ ਪੁੱਤ ਹੀ ਅੱਜ ਦੇ 'ਅਜ਼ਾਦ ਭਾਰਤ' ਦੇ ਅਸਲ ਨਾਇਕ ਹਨ, ਉਹ ਇਤਿਹਾਸ ਦਾ ਸਭ ਤੋਂ ਵੱਡਾ ਸੱਚ ਝੁਠਲਾਉਣ ਦੇ ਯਤਨਾਂ 'ਚ ਹਨ। ਜਿਹੜੇ ਇਹ ਆਖਦੇ ਹਨ ਕਿ ਪੰਜਾਬੀਆਂ ਦੇ ਵਿਦੇਸ਼ਾਂ ਵਿਚ ਵੱਸਣ ਲਈ ਰੋਜ਼ੀ ਰੋਟੀ ਲਈ ਅਤੇ ਆਰਥਿਕਤਾ ਹੀ ਮੁੱਖ ਕਾਰਨ ਹਨ, ਉਹ ਇਹ ਵਿਸਾਰ ਦਿੰਦੇ ਹਨ ਕਿ ਪੰਜਾਬੀਆਂ ਦੇ ਘਰੋਂ ਬੇਘਰ ਹੋ ਕੇ ਮੁੜ ਬੇਗਾਨੀ ਧਰਤੀ ਤੋਂ ਉੱਜੜਨ ਅਤੇ ਦੇਸ਼ ਵਾਸੀਆਂ ਲਈ ਘਰ ਵਸਾਉਣ ਪਿੱਛੇ, ਧਨ ਦੌਲਤ ਨੂੰ ਤਿਆਗਣ ਅਤੇ ਸ਼ਹੀਦੀਆਂ ਪਾਉਣ ਦੀ ਮੂਲ ਭਾਵਨਾ ਹੀ ਕੰਮ ਕਰਦੀ ਹੈ। ਕੈਨੇਡਾ ਵਿਚ ਉੱਤਰ ਸੁਤੰਤਰਤਾ ਕਾਲ ਦੌਰਾਨ ਪੰਜਾਬ ਦੀ ਧਰਤੀ ਤੋਂ ਆ ਵਸੇ ਪੰਜਾਬੀਆਂ ਲਈ ਅਜਿਹੇ ਕਾਰਨ ਨਜ਼ਰ ਆਉਂਦੇ ਹਨ, ਜਿਨਾਂ ਵਿਚ ਦੇਸ਼ ਅੰਦਰ ਨਵੀਂ ਸਾਮਰਾਜਵਾਦ ਨੀਤੀ ਅਧੀਨ ਪੈਦਾ ਹੋਏ ਬੁਰਜ਼ੂਆ ਢਾਂਚੇ ਦੀ ਧੱਕੇਸ਼ਾਹੀ, ਗ਼ੁਲਾਮੀ ਦੇ ਬਦਲਵੇਂ ਰੂਪ ਵਿਚ ਭਾਰੂ ਹੋਈ ਮਿਲਦੀ ਹੈ। ਹੁਣ ਪੰਜਾਬ ਦੀ ਧਰਤੀ ਤੋਂ ਕੈਨੇਡਾ ਵਸੇ ਪੰਜਾਬੀਆਂ ਲਈ ਇਸ ਖ਼ਿੱਤੇ ਦੀ ਚੋਣ ਆਰਜ਼ੀ ਰੂਪ ਵਿਚ ਨਹੀਂ ਹੁੰਦੀ, ਸਗੋਂ ਪੱਕੇ ਵਾਸੀਆਂ ਵਜੋਂ ਉਹ ਇੱਥੇ ਆ ਕੇ ਆਪਣਾ 'ਨਵਾਂ ਘਰ' ਵਸਾਉਂਦੇ ਹਨ।

ਪੰਜਾਬੀ ਆਪਣੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਪਰਿਪੇਖ 'ਚ ਪਛਾਣ ਕਾਇਮ ਕਰਨ ਲਈ 1971 ਦੀ ਕੈਨੇਡਾ ਦੀ ਸਭਿਆਚਾਰਕ ਨੀਤੀ ਦਾ ਭਰਪੂਰ ਫ਼ਾਇਦਾ ਉਠਾਉਂਦੇ ਹੋਏ, ਨਵੇਂ ਸੰਘਰਸ਼ ਦੇ ਰਾਹ ਤੁਰਦੇ ਹਨ। ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੇ ਪ੍ਰਸੰਗ ਵਿਚ ਕੈਨੇਡਾ ਦੇ ਪ੍ਰਮੁੱਖ ਸੂਬਿਆਂ 'ਚੋਂ ਬ੍ਰਿਟਿਸ਼ ਕੋਲੰਬੀਆ, ਓਨਟਾਰੀਓ, ਮੈਨੀਟੋਬਾ ਅਤੇ ਅਲਬਰਟਾ ਵਿਚ ਵਧੇਰੇ ਵਸ ਰਹੇ ਹਨ ਅਤੇ ਇਨਾਂ ਵਿਚੋਂ ਵੈਨਕੂਵਰ ਤੇ ਟੋਰਾਂਟੋ ਮਹਾਂ ਨਗਰਾਂ ਦੇ ਇਲਾਕਿਆਂ ਵਿਚ ਪੰਜਾਬੀਆਂ ਦੀ ਸਭ ਤੋਂ ਸੰਘਣੀ ਆਬਾਦੀ ਹੈ।

ਕੈਨੇਡਾ ਵਿਚ 200 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਅਤੇ ਅੰਗਰੇਜ਼ੀ ਤੇ ਫਰਾਂਸੀਸੀ ਸਰਕਾਰੀ ਭਾਸ਼ਾਵਾਂ ਦਾ ਦਰਜ ਹਾਸਲ ਹਨ। ਕੈਨੇਡਾ 'ਚ ਪੰਜਾਬੀ ਭਾਸ਼ਾ ਨੂੰ ਰਾਸ਼ਟਰੀ ਮਰਦਮਸ਼ੁਮਾਰੀ ਦੌਰਾਨ ਇਸ ਵੇਲੇ 'ਪਰਵਾਸੀ' ਲੋਕਾਂ ਦੀ ਤੀਜੀ ਪ੍ਰਮੁੱਖ ਭਾਸ਼ਾ ਦਾ ਸਥਾਨ ਹਾਸਲ ਹੈ। ਦੁਨੀਆ ਭਰ 'ਚ ਹਜ਼ਾਰਾਂ ਜੀਵੰਤ ਬੋਲੀਆਂ ਵਿਚੋਂ 160 ਮੁਲਕਾਂ ਵਿਚੋਂ 15 ਕਰੋੜ ਲੋਕਾਂ ਦੀ ਜ਼ੁਬਾਨ ਪੰਜਾਬੀ ਨੂੰ ਦਸਵਾਂ ਸਥਾਨ ਹਾਸਲ ਹੋਣਾ, ਇਹ ਗੱਲ ਤਹਿ ਕਰਦਾ ਹੈ ਕਿ ਪੰਜਾਬੀ ਮਾਂ ਬੋਲੀ ਨੂੰ ਹਰ ਥਾਂ ਬਣਦਾ ਸਨਮਾਨ ਦੇਣ ਲਈ ਤਤਪਰ ਹਨ। ਦੂਸਰੇ ਪਾਸੇ ਪੰਜਾਬੀਆਂ ਨੂੰ ਰਸੂਲ ਹਮਜ਼ਾਤੋਵ ਦੇ ਇਸ ਕਥਨ ਨੂੰ ਵੀ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਸਭ ਤੋਂ ਵੱਡੀ ਗਾਲ਼ ਇਹ ਹੁੰਦੀ ਹੈ, ਜਾਹ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ।

ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੇ ਵਿਕਾਸ ਵਿਚ ਪੰਜਾਬੀਆਂ ਦੇ ਉੱਥੋਂ ਦੀ ਸਿਆਸਤ ਵਿਚ ਖ਼ਾਸ ਥਾਂ ਬਣਾਉਣ ਦੇ ਸਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਦੋ ਫ਼ੀਸਦੀ ਤੋਂ ਘੱਟ ਵਸੋਂ ਵਾਲੇ ਇਸ ਭਾਈਚਾਰੇ ਨੇ ਪਾਰਲੀਮੈਂਟ ਤੋਂ ਲੈ ਕੇ ਸੂਬਾਈ ਅਸੈਂਬਲੀ ਤੱਕ ਆਪਣਾ ਸਿੱਕਾ ਜਮਾਇਆ ਹੋਇਆ ਹੈ। ਇਸ ਦਾ ਹੀ ਨਤੀਜਾ ਹੈ ਕਿ ਕੈਨੇਡਾ ਦੀ ਹਰੇਕ ਚੋਣ ਦੌਰਾਨ ਹਰ ਪਾਰਟੀ ਅਤੇ ਰੰਗ ਨਸਲ ਦੇ ਨੇਤਾ ਪੰਜਾਬੀਆਂ ਦੇ ਆਲੇ-ਦੁਆਲੇ ਘੁੰਮਦੇ ਦਿਖਾਈ ਦਿੰਦੇ ਹਨ। ਕੈਨੇਡਾ ਵੱਸਦੇ ਪੰਜਾਬੀਆਂ ਦੀ ਅਹਿਮ ਪ੍ਰਾਪਤੀ ਇੱਥੋਂ ਦਾ ਪੰਜਾਬੀ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਕਿਹਾ ਜਾ ਸਕਦਾ ਹੈ, ਜਿਸ ਨੇ ਪੰਜਾਬੀਆਂ ਦੀ ਸਭਿਆਚਾਰਕ ਪਛਾਣ ਕਾਇਮ ਰੱਖਣ ਵਿਚ ਖ਼ਾਸ ਭੂਮਿਕਾ ਨਿਭਾਈ ਹੈ।

ਪਿਛਲੇ ਸਵਾ ਸੌ ਸਾਲ ਵਿਚ ਕੈਨੇਡਾ ਵੱਸਦੇ ਪੰਜਾਬੀਆਂ ਨੇ ਵਪਾਰ, ਕਾਰੋਬਾਰ ਅਤੇ ਖੇਤੀ ਖੇਤਰ ਵਿਚ ਵੀ ਵੱਡੀਆਂ ਮੱਲਾਂ ਮਾਰੀਆਂ ਹਨ। ਅੱਜ ਜਿੱਥੇ ਟਰੱਕ ਅਤੇ ਟੈਕਸੀ ਸਨਅਤ ਵਿਚ ਪੰਜਾਬੀਆਂ ਦੀ ਚੜ੍ਹਤ ਹੈ, ਉੱਥੇ ਕੈਨੇਡਾ ਦੇ ਹਜ਼ਾਰਾਂ ਏਕੜਾਂ 'ਚ ਲੱਖਾਂ ਟਨ ਬਲਿਊਬੇਰੀ, ਰਸਬੇਰੀ ਅਤੇ ਸਟਰਾਬੇਰੀ ਸਮੇਤ ਅਨੇਕਾਂ ਫ਼ਸਲਾਂ ਉਗਾ ਕੇ ਕੈਨੇਡਾ ਦੀ ਆਰਥਿਕਤਾ ਨੂੰ ਹੁਲਾਰਾ ਦੇ ਰਹੇ ਹਨ।

ਅਹਿਮ ਗੱਲ ਇਹ ਹੈ ਕਿ ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੀ ਦੇਣ ਮੂਲ ਪੰਜਾਬ ਲਈ ਵੀ ਜ਼ਿਕਰਯੋਗ ਹੈ, ਕਿਉਂਕਿ ਬਹੁਤਾਤ ਕੈਨੇਡੀਅਨ ਪੰਜਾਬੀ ਇੱਥੇ ਆ ਕੇ ਨਾ ਸਿਰਫ਼ ਘਰ, ਕੋਠੀਆਂ ਅਤੇ ਜ਼ਮੀਨ ਜਾਇਦਾਦਾਂ ਤੇ ਹੀ ਲੱਖਾਂ ਡਾਲਰ ਖ਼ਰਚਦੇ ਹਨ, ਬਲਕਿ ਸਕੂਲਾਂ, ਹਸਪਤਾਲਾਂ, ਸਟੇਡੀਅਮਾਂ, ਖੇਡ ਮੇਲਿਆਂ ਅਤੇ ਮੈਡੀਕਲ ਕੈਂਪਾਂ ਵਿਚ ਵੀ ਆਪਣਾ ਵਿੱਤੋਂ ਵੱਧ ਹਿੱਸਾ ਪਾਉਂਦੇ ਹਨ। ਇਹ ਗੱਲ ਵੱਖਰੀ ਹੈ ਕਿ ਕੁਝ ਲੋਕ ਅਜਿਹੇ ਵੀ ਹਨ, ਜਿਹੜੇ ਇੱਥੇ ਆ ਕੇ ਵਿਆਹਾਂ-ਸ਼ਾਦੀਆਂ ਅਤੇ ਹੋਰ ਜਸ਼ਨਾਂ ਵਿਚ ਸ਼ੁਹਰਤ ਦੀ ਭੁੱਖ ਕਰਕੇ, ਲੱਖਾਂ ਡਾਲਰ ਨਸ਼ਿਆਂ ਤੇ ਰੋੜ ਕੇ ਹੋਰਨਾਂ ਨੂੰ ਵੀ ਕਲੰਕਿਤ ਕਰਦੇ ਹਨ।

ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੇ ਵਿਕਾਸ 'ਚ ਪੰਜਾਬੀ ਮੀਡੀਆ ਦਾ ਵਡਮੁੱਲਾ ਯੋਗਦਾਨ ਰਿਹਾ ਹੈ, ਜਿਸ ਦਾ ਇਤਿਹਾਸ ਤਾਂ ਸੌ ਸਾਲ ਤੋਂ ਵੀ ਵੱਧ ਪੁਰਾਣਾ ਹੈ, ਜਿਸ ਵਿਚ 1910 'ਚ ਪਹਿਲੇ ਪੰਜਾਬੀ ਅਖ਼ਬਾਰ 'ਸਵਦੇਸ਼ ਸੇਵਕ' ਦੇ ਸੰਪਾਦਕ ਸ਼ਹੀਦ ਹਰਨਾਮ ਸਿੰਘ ਕਾਹਰੀ ਸਾਹਰੀ ਅਤੇ 1913 ਵਿਚ ਅਮਰੀਕਾ ਤੋਂ ਅਰੰਭੇ ਅਤੇ ਕੈਨੇਡਾ 'ਚ ਸਭ ਤੋਂ ਵੱਧ ਫੈਲੇ ਪੰਜਾਬੀ 'ਗ਼ਦਰ' ਅਖ਼ਬਾਰ ਦੇ ਸੰਪਾਦਕ ਸ਼ਹੀਦ ਕਰਤਾਰ ਸਿੰਘ ਸਰਾਭਾ ਮੋਢੀ ਸ਼ਹੀਦ ਪੱਤਰਕਾਰ ਕਹੇ ਜਾ ਸਕਦੇ ਹਨ। ਇਸ ਵੇਲੇ ਕੈਨੇਡਾ ਭਰ 'ਚ 100 ਤੋਂ ਵੱਧ ਪੰਜਾਬੀ ਅਖ਼ਬਾਰ, ਰਸਾਲੇ ਅਤੇ ਰੇਡੀਉ-ਟੈਲੀਵਿਜ਼ਨ ਸ਼ੋਅ ਆਪੋ-ਆਪਣੀ ਸਮਰੱਥਾ ਅਨੁਸਾਰ ਕੈਨੇਡੀਅਨ ਪੰਜਾਬੀਆਂ ਨੂੰ ਮੂਲ ਧਰਤੀ ਨਾਲ ਜੋੜੀ ਰੱਖਣ ਵਿਚ ਸਹਾਈ ਸਿੱਧ ਹੋ ਰਹੇ ਹਨ।

ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੇ ਵਰਤਮਾਨ ਸਮੇਂ ਪ੍ਰਮੁੱਖ ਮਸਲੇ ਨੌਜਵਾਨ ਪੀੜ੍ਹੀ ਨੂੰ ਆਪਣੀ ਮਾਂ ਬੋਲੀ ਨਾਲ ਜੋੜਨ ਵਿਚ ਪੈਦਾ ਹੋ ਰਹੀਆਂ ਚੁਨੌਤੀਆਂ,ਪੰਜਾਬੀ ਮੀਡੀਆ ਅੰਦਰ ਵਹਿਮਾਂ-ਭਰਮਾਂ ਨਾਲ ਸਬੰਧਿਤ ਇਸ਼ਤਿਹਾਰਬਾਜ਼ੀ ਦਾ ਵਧਣਾ, ਪੰਜਾਬੀਆਂ ਅੰਦਰ ਇੱਕੋ ਧਰਤੀ ਨਾਲ ਸਬੰਧਿਤ ਹੋਣ ਦੇ ਬਾਵਜੂਦ ਮਾਝੇ, ਮਾਲਵੇ ਅਤੇ ਦੁਆਬੇ ਵਾਲੀ ਇਲਾਕਾ ਬਾਜ਼ੀ ਦੇ ਮਸਲੇ, ਜਾਤਾਂ ਤੇ ਆਧਾਰਤ ਧਾਰਮਿਕ ਅਸਥਾਨਾਂ ਦਾ ਉੱਸਰਨਾ, ਕੈਨੇਡਾ ਵਿਚ ਭਾਈਚਾਰੇ ਨਾਲੋਂ ਖ਼ੁਦ ਨੂੰ ਇੰਡੋ-ਕੈਨੇਡਾ ਵਿਚ ਬਣਾ ਕੇ ਵੱਖਰੀ ਕਿਸਮ ਦੀ ਅਲਹਿਦਗੀ ਬਣਾਉਣਾ, ਸਿਆਸੀ ਪਾਰਟੀਆਂ ਵਿਚ ਥਾਂ ਬਣਾਉਣ ਲਈ 'ਦੇਸੀ ਸਿਆਸਤ' ਵਾਲੇ ਦਾਅ-ਪੇਚ ਵਰਤਣਾ ਅਤੇ ਨੌਜਵਾਨਾਂ ਦੇ ਇਕ ਵਰਗ ਅੰਦਰ ਨਸ਼ੀਲੇ ਪਦਾਰਥਾਂ ਦੇ ਵਪਾਰ ਕਾਰਨ ਹਿੰਸਾ ਦਾ ਵਧਣਾ ਨਜ਼ਰ ਆ ਰਹੇ ਹਨ। ਪੰਜਾਬੀ ਭਾਸ਼ਾ ਦੇ ਕੈਨੇਡਾ 'ਚ ਭਵਿੱਖ ਨਾਲ ਸਬੰਧਿਤ ਚੁਨੌਤੀਆਂ ਵਿਚ ਪੰਜਾਬੀ ਨੂੰ 'ਕੈਨੇਡਾ ਵਿਚ ਭਾਸ਼ਾ' ਵਜੋਂ ਮਾਨਤਾ ਦਿਵਾਉਣ, ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਲਈ ਸੰਸਥਾਗਤ ਯਤਨਾਂ ਦੀ ਲੋੜ, ਘਰਾਂ ਵਿਚ ਪੰਜਾਬੀ ਸਿਖਾਉਣ ਲਈ ਮਾਪਿਆਂ ਦੀ ਜ਼ਿੰਮੇਵਾਰੀ ਅਤੇ ਪੰਜਾਬੀ ਵਿਦਿਆਰਥੀਆਂ ਨੂੰ ਦੂਜੇ ਵਿਸ਼ੇ ਵਜੋਂ ਪੰਜਾਬੀ ਚੁਣਨ ਲਈ ਉਤਸ਼ਾਹਿਤ ਕਰਨਾ ਸ਼ਾਮਲ ਹਨ।ਪੰਜਾਬੀ ਭਾਸ਼ਾ ਨੂੰ ਸਤਿਕਾਰਨ ਅਤੇ ਕਦੇ ਵੀ ਨਾ ਵਿਸਾਰਨ ਲਈ ਦੁਨੀਆ ਭਰ 'ਚ ਉੱਜੜ ਕੇ ਵਸੇ ਪੰਜਾਬੀਆਂ ਵਾਸਤੇ ਸਦਾ ਯਾਦ ਰੱਖਣ ਯੋਗ ਨੁਕਤਾ ਇਹ ਹੈ :

**'ਮਾਂ ਬੋਲੀ ਜੇ ਭੁੱਲ ਜਾਵਾਂਗੇ, ਕੱਖਾਂ ਵਾਂਗੂੰ ਰੁਲ ਜਾਵਾਂਗੇ।'**

# ਮੈਨੂੰ ਜਾਣਨੈ ?

ਕਹਾਣੀ

**- ਕੁਲਵੰਤ ਸਿੰਘ ਵਿਰਕ**

ਮੈਨੂੰ ਟੋਕਰੀ ਵਿੱਚ ਫਲ ਪੁਆਉਂਦਿਆਂ ਵੇਖ ਕੇ ਉਹ ਚੁੱਕਣ ਲਈ ਦੁਕਾਨ ’ਤੇ ਆ ਖਲੋਤਾ।

“ਟੋਕਰੀ ਚੁਕਾਉਣੀ ਏ ?” ਉਸ ਹੌਲੀ ਜਿਹੀ ਪੁੱਛਿਆ।

ਇਹੋ ਜਿਹੀ ਦਿਸਣੀ ਵਾਲੇ ਚਿਹਰੇ ਵਿੱਚੋਂ ਮੈਨੂੰ ਇਸ ਤੋਂ ਉੱਚੀ ਆਵਾਜ਼ ਆਉਣ ਦੀ ਉਮੀਦ ਵੀ ਨਹੀਂ ਸੀ। ਓਪਰੀ ਜਿਹੀ ਨਜ਼ਰ ਨਾਲ ਵੇਖਿਆਂ ਵੀ ਇਹ ਦਿਸ ਪੈਂਦਾ ਸੀ ਕਿ ਉਸ ਦੇ ਹੋਸ਼-ਹਵਾਸ ਬਹੁਤੇ ਟਿਕਾਣੇ ਨਹੀਂ। ਅਸਲੋਂ ਹੀ ਮੁਰਦਾ ਦਿਲ ਜਾਪਦਾ ਸੀ। ਮੈਂ ਨਾਂਹ ਕਰ ਦਿੱਤੀ। ਉਸ ਨੂੰ ਆਪਣੇ ਨਾਲ ਤੋਰਨ ਨੂੰ ਮੇਰਾ ਜੀਅ ਨਹੀਂ ਕਰਦਾ ਸੀ। ਜੇ ਉਸ ਨੂੰ ਅਜੇ ਵੀ ਮਨੁੱਖ ਕਿਹਾ ਜਾ ਸਕਦਾ ਸੀ ਤਾਂ ਉਹ ਮਨੁੱਖਤਾ ਦਾ ਬੜਾ ਮਿੱਧਿਆ ਹੋਇਆ ਨਮੂਨਾ ਸੀ। ਜ਼ਿੰਦਗੀ ਉਸ ਵਿੱਚ ਇੰਨੀ ਕੁ ਹੀ ਸੀ ਜਿੰਨੀ ਮਾਂਹ ਦੇ ਦਾਣੇ ’ਤੇ ਸਫ਼ੈਦੀ। ਉਸ ਦੇ ਮੱਥੇ, ਬੁੱਲ, ਧੌਣ, ਕੱਪੜੇ, ਪੈਰ ਸਾਰਿਆਂ ’ਤੇ ਜਿਵੇਂ ਇੱਕ ਸਾਂਝਾ ਸੁਹਾਗਾ ਵੱਜ ਗਿਆ ਹੋਇਆ ਸੀ। ਉਨਾਂ ਵਿੱਚੋਂ ਕੋਈ ਵੀ ਵੇਖਣ ਵਾਲੇ ਦੇ ਦਿਨ ਨੂੰ ਆਵਾਜ਼ ਨਹੀਂ ਮਾਰਦਾ ਸੀ। ਉਸ ਨਾਲ ਗੱਲ ਕੀਤਿਆਂ ਜਵਾਬ ਆਉਣ ਦੀ ਉਮੀਦ ਨਹੀਂ ਸੀ। ਸਾਮਾਨ ਚੁੱਕਾ ਕੇ ਨਾਲ ਤੁਰਨ ਵਾਲਾ ਵੀ ਤੇ ਆਖ਼ਰ ਸਾਥੀ ਹੀ ਹੁੰਦਾ ਹੈ। ਤੁਸੀਂ ਕਿਸੇ ਬੰਦੇ ਨੂੰ ਸਮਾਨ ਚੁੱਕ ਕੇ ਜਾਂ ਉਸ ਨਾਲ ਇੱਕ ਤਰਾਂ ਨਿਰਸੰਬੰਧ ਹੋ ਕੇ ਨਹੀਂ ਟੁਰ ਸਕਦੇ, ਜਿਵੇਂ ਖੋਤੇ ਜਾਂ ਮੋਟਰ ’ਤੇ ਸਾਮਾਨ ਰੱਖਿਆ ਹੋਇਆ ਹੁੰਦਾ ਹੈ। ਉਸ ਦੀ ਹੋਂਦ ਦਾ ਪ੍ਰਭਾਵ ਤੁਹਾਡੇ ’ਤੇ ਪੈਂਦਾ ਰਹਿੰਦਾ ਹੈ।

ਮੇਰੇ ਨਾਂਹ ਕਰਨ ਦਾ ਉਸ ’ਤੇ ਅਸਲੋਂ ਕੋਈ ਅਸਰ ਨਾ ਹੋਇਆ। ਪਤਾ ਨਹੀਂ ਉਸ ਨੇ ਸੁਣਿਆ ਵੀ ਕਿ ਨਾ। ਮੈਨੂੰ ਉਸ ਦੀ ਸੁਣਨ, ਬੋਲਣ, ਵੇਖਣ ਕਿਸੇ ਵੀ ਸ਼ਕਤੀ ’ਤੇ ਕੋਈ ਵਿਸ਼ਵਾਸ ਨਹੀਂ ਸੀ। ਉਸ ਨੂੰ ਅਜੇ ਵੀ ਉੱਥੇ ਖਲੋਤਾ ਵੇਖ ਕੇ ਦੁਕਾਨਦਾਰ ਮੈਨੂੰ ਖ਼ੁਸ਼ ਕਰਨ ਲਈ ਉਸ ਨਾਲ ਤੱਤਾ ਹੋਣ ਲੱਗ ਪਿਆ। ਉਸ ਦੀ ਬੇਇੱਜ਼ਤੀ ਦਾ ਕਾਰਨ ਬਣ ਕੇ ਮੈਨੂੰ ਅਫ਼ਸੋਸ ਹੋਇਆ। ਆਖ਼ਰ ਮੈਂ ਕਿਸੇ ਨੂੰ ਤੇ ਫਲ ਚੁਕਾਉਣੇ ਹੀ ਸਨ। ਚਲੋ, ਇਸੇ ਨੂੰ ਹੀ ਚੁਕਾ ਲੈਂਦੇ ਹਾਂ। ਮੈਂ ਮੰਨ ਗਿਆ। ਅਸੀਂ ਟੁਰ ਪਏ ਟੁਰਦਿਆਂ-ਟੁਰਦਿਆਂ ਮੈਂ ਇਹ ਜਾਣਨ ਲਈ ਕਾਹਲਾ ਪੈ ਗਿਆ ਕਿ ਕਿਸ ਗੱਲ ਨੇ ਉਸ ਨੂੰ ਇਸ ਤਰਾਂ ਰਗੜ ਸੁੱਟਿਆ ਸੀ। ਭੁੱਖ-ਨੰਗ ਦੇ ਮਿੱਧੇ ਹੋਏ ਲੋਕ ਮੈਂ ਅੱਗੇ ਵੇਖੇ ਸਨ। ਉਨਾਂ ਵਿੱਚੋਂ ਤਾਂ ਕਈਆਂ ਨੂੰ ਇਸ ਨਾਲ ਹੋ ਵੀ ਬਲ ਮਿਲ ਜਾਂਦਾ ਹੈ ਤੇ ਉਹ ਹੋਰ ਵੀ ਵਧੇਰੇ ਚੇਤੰਨ ਹੋ ਜਾਂਦੇ ਨੇ। ਨਹੀਂ , ਇਹ ਉਹ ਵਿੱਚੋਂ ਨਹੀਂ ਸੀ। ਉਸ ਨੂੰ ਤੇ ਸ਼ਾਇਦ ਇਹ ਵੀ ਪਤਾ ਨਹੀਂ ਸੀ ਕਿ ਉਹ ਕੁਮਲਾ ਗਿਆ ਹੈ। ਪੈਰ-ਪੈਰ ’ਤੇ ਮੈਨੂੰ ਡਰ ਲੱਗਦਾ ਸੀ ਕਿ ਉਹ ਕਿਧਰੇ ਮੋਟਰ ਟਾਂਗੇ ਥੱਲੇ ਨਾ ਆ ਜਾਵੇ।

“ਤੂੰ ਇੱਥੋਂ ਦਾ ਹੈ ਕਿ ਉਧਰੋਂ ਆਇਆ ਏ ?” ਮੈਂ ਗੱਲ ਛੇੜ ਦਿੱਤੀ। ‘ਉਧਰੋਂ’ ਤੋਂ ਮੇਰਾ ਭਾਵ ਪਾਕਿਸਤਾਨ ਤੋਂ ਸੀ।

ਉਸ ਨੇ ਮੇਰੀ ਗੱਲ ਨਾ ਗੌਲੀ। ਮੇਰੀ ਸੁਆਲਾਂ ਦਾ ਜੁਆਬ ਦੇਣ ਨੂੰ ਉਹ ਕੋਈ ਕਾਹਲਾ ਨਹੀਂ ਸੀ ਜਾਂ ਤੇ ਉਹ ਸੁਣਦਾ ਨਹੀਂ ਸੀ ਜਾਂ ਸੁਣ ਕੇ ਸਮਝਦਾ ਨਹੀਂ ਸੀ। ਪਿਛਲੀ ਗੱਲ ਸਚਾਈ ਦੇ ਵਧੇਰੇ ਨੇੜੇ ਦਿਸਦੀ ਸੀ। ਬਾਹਰਲੀਆਂ ਆਵਾਜ਼ਾਂ ਉਸ ਦੇ ਦਿਮਾਗ਼ ਵਿੱਚ ਖੁੱਭ ਕੇ ਕੋਈ ਜਵਾਬ ਕੱਢਣ ਦੀ ਥਾਂ ਇੱਧਰ-ਉੱਧਰ ਤਿਲਕ ਜਾਂਦੀਆਂ, ਜਿਵੇਂ ਬੱਤਖ਼ ਦੇ ਪਿੰਡੇ ਤੋਂ ਪਾਣੀ। ਬੜੀ ਮੁਸ਼ਕਲ ਨਾਲ ਮੈਂ ਕੁੱਝ ਗੱਲਾਂ ਉਸ ਦੇ ਅੰਦਰੋਂ ਖੁਰਚੀਆਂ।

“ਤੂੰ ਪਾਕਿਸਤਾਨ ਵਿੱਚੋਂ ਆਇਆ ਹੋਇਆ ਏ ?”

‘’ਆਹੋ।’’

“ਕਿਹੜੇ ਥਾਉਂ ?”

“ਸਾਂਗਲਿਓਂ।”

“ਇੱਥੇ ਕੀ ਕਰਨਾ ਏ ?”

“ਕੁਝ ਵੀ ਨਹੀਂ”

ਕ ’ਤੇ ਸੌਂ ਰਹਿਨਾ ਵਾਂ।”

“ਰੋਟੀ ਕਿੱਥੋਂ ਖਾਨਾ ਏ ?”

“ਕਿਸੇ ਤਨੂਰ ਤੋਂ ਖਾ ਲੈਨਾ, ਦੋ ਆਨਿਆਂ ਦੀ।”

“ਤੇਰੀ ਵਹੁਟੀ, ਧੀ-ਪੁੱਤ, ਭੈਣ-ਭਰਾ ਕੁੱਝ ਨਹੀਂ ?”

“ਉਹੂੰ !” ਉਸ ਨੇ ਸਿਰ ਫੇਰ ਦਿੱਤਾ।

“ਤੂੰ ਦਿਹਾੜੀ ਵਿੱਚ ਕਿੰਨੇ ਪੈਸੇ ਖੱਟ ਲੈਨਾ ਏ ?”

“ਇਹ ਪੰਚ-ਸੱਤ ਆਨੇ।”

ਉਹ ਸਾਂਗਲੇ ਤੋਂ ਆਇਆ ਸੀ। ਮੈਂ ਸੁਣਿਆ ਹੋਇਆ ਸੀ ਕਿ ਸਾਂਗਲੇ ਇੱਕ ਪਹਾੜੀ ਹੈ, ਜਿਸ ਤੋਂ ਪੱਥਰ ਕੱਟ ਕੇ ਗੱਡੀ ਦੀਆਂ ਲਾਈਨਾਂ ’ਤੇ ਵਛਾਇਆ ਜਾਂਦਾ ਹੈ। ਇਸੇ ਲਈ ਉਸ ਨੂੰ ਸਾਂਗਲਾ ਹਿੱਲ ਵੀ ਆਖਦੇ ਸਨ। “ਤੂੰ ਉੱਥੇ ਸਾਂਗਲੇ ਕਦੀ ਪਹਾੜੀ ’ਤੇ ਚੜਿਆ ਸੈਂ।” ਮੈਂ ਗੱਲ ਟੋਰੀ ਰੱਖਣ ਲਈ ਕਿਹਾ।

ਹੈ ?

“ਤੂੰ ਸਾਂਗਲੇ ਤੋਂ ਆਇਆ ਏ ਨਾ। ਉੱਥੇ ਜਿਹੜੀ ਪਹਾੜੀ ਸੀ, ਤੂੰ ਕਦੀ ਉਸ ’ਤੇ ਚੜਿਆ ਸੈਂ ?’

“ਤੂੰ ਮੈਨੂੰ ਜਾਣਨੈ ?” ਉਸ ਚਾ ਨਾਲ ਉੱਛਲ ਕੇ ਕਿਹਾ। ਪਹਾੜੀ ਨਾਲ ਜੋੜਿਆਂ ਜਿਵੇਂ ਉਸ ਨੂੰ ਅੰਮ੍ਰਿਤ ਦਾ ਟੀਕਾ ਲੱਗ ਗਿਆ ਹੋਵੇ। ਆਪਣੇ ਸਾਂਗਲੇ ਤੋਂ ਆਉਣ ਦੀ ਗੱਲ ਉਸ ਆਪ ਮੈਨੂੰ ਦੱਸੀ ਸੀ, ਇਹ ਉਸ ਨੂੰ ਯਾਦ ਨਹੀਂ ਸੀ ਰਿਹਾ।

“ਆਹੋ ਮੈਂ ਤੈਨੂੰ ਉੱਥੇ ਵੇਖਿਆ ਏ।” ਮੈਂ ਉਸ ਦਾ ਦਿਲ ਨਹੀਂ ਤੋੜਨਾ ਚਾਹੁੰਦਾ ਸਾਂ।

“ਹੱਲਾ !” ਉਸ ਦੇ ਮੂੰਹ ’ਤੇ ਖੇੜਾ ਖੇਡ ਰਿਹਾ ਸੀ। ਉਸ ਸਿਰ ਤੋਂ ਪੈਰਾਂ ਤੱਕ ਮੈਨੂੰ ਚੰਗੀ ਤਰਾਂ ਵੇਖਿਆ ਤੇ ਫਿਰ ਆਪਣੇ ਆਪ ਨੂੰ। ਜਦ ਦਾ ਉਹ ਮੇਰੇ ਨਾਲ ਤੁਰਿਆ ਸੀ, ਪਹਿਲੀ ਵਾਰ ਉਸ ਨੇ ਕੁੱਝ ਦੇਖਣ ਦੀ ਕੋਸ਼ਿਸ਼ ਕੀਤੀ ਸੀ।

“ਤੂੰ ਮੈਨੂੰ ਉੱਥੇ ਵੇਖਿਐ ?” ਉਸ ਮੇਰੀ ਕੀਤੀ ਹੋਈ ਗੱਲ ਨੂੰ ਫਿਰ ਦੁਹਰਾਇਆ।

‘’ਆਹੋ।’’

“ਮੈਨੂੰ ਤੇ ਨਹੀਂ ਤੇਰਾ ਚੇਤਾ ਆਉਂਦਾ।”

“ਤੈਨੂੰ ਨਹੀਂ ਆਉਂਦਾ, ਪਰ ਮੈਂ ਤੈਨੂੰ ਉੱਥੇ ਵੇਖਿਐ।”

ਇੰਨੇ ਨੂੰ ਅਸੀਂ ਘਰ ਅੱਪੜ ਗਏ। ਮੈਂ ਉਸ ਦੀ ਮਜ਼ਦੂਰੀ ਦਿੱਤੀ।

“ਇੱਕ ਗੱਲ ਹੋਰ ਏ।”

ਕੀ ?

“ਮੈਨੂੰ ਕੋਈ ਪੁਰਾਣਾ ਕਮੀਜ਼-ਪਜਾਮਾ ਦੇਹ।”

ਉਸ ਨਾਲ ਗੰਢੀ ਵਾਕਫ਼ੀ ਕਰਕੇ ਮੈਂ ਉਸ ਨੂੰ ਨਾਂਹ ਨਹੀਂ ਕਰ ਸਕਦਾ ਸਾਂ। ਇੱਕ ਪੁਰਾਣੀ ਕਮੀਜ਼ ਤੇ ਪਜਾਮਾ ਮੈਂ ਅੰਦਰੋਂ ਲਿਆ ਕੇ ਉਸ ਨੂੰ ਦੇ ਦਿੱਤਾ। ਉਹ ਖ਼ੁਸ਼ੀ-ਖ਼ੁਸ਼ੀ ਪਿਛਾਂਹ ਮੁੜ ਗਿਆ। ਉਸ ਦਾ ਪੈਰ ਹੁਣ ਕੁਛ ਤ੍ਰਿੱਖਾ ਸੀ।

ਤਿੰਨ-ਚਾਰ ਦਿਨ ਲੰਘ ਗਏ। ਇੱਕ ਦਿਨ ਉਹ ਮੇਰੇ ਘਰ ਆ ਕੇ ਵਾਜਾਂ ਮਾਰਨ ਲੱਗ ਪਿਆ। ਮੈਂ ਬਾਹਰ ਆਇਆ ਤੇ ਉਸ ਨੂੰ ਵੇਖ ਕੇ ਹੈਰਾਨ ਰਹਿ ਗਿਆ। ਉਹ ਪਹਿਲੇ ਨਾਲੋਂ ਬਹੁਤ ਬਦਲਿਆ ਹੋਇਆ ਸੀ। ਉਸ ਨੇ ਮੇਰਾ ਦਿੱਤਾ ਹੋਇਆ ਕਮੀਜ਼-ਪਜਾਮਾ ਪਾਇਆ ਹੋਇਆ ਸੀ। ਉਸ ਦਾ ਮੂੰਹ, ਅੱਖਾਂ ਤੇ ਨੱਕ ਸਭ ਨਿੱਖਰੇ ਹੋਏ ਸਨ। ਕੋਲ ਹੀ ਉਸ ਨੇ ਇੱਕ ਸਾਈਕਲ ਰਿਕਸ਼ਾ ਖੜੀ ਕੀਤੀ ਹੋਈ ਸੀ।

“ਸੈਰ ਕਰਨ ਜਾਣੈਂ ?” ਉਸ ਪੁੱਛਿਆ। ਉਹ ਹੁਣ ਰਿਸ਼ਾ ਵਾਹੁਣ ਲੱਗ ਪਿਆ ਸੀ ਤੇ ਆਪਣੇ ਰਿਕਸ਼ੇ ’ਤੇ ਬਿਠਾ ਕੇ ਮੈਨੂੰ ਇੱਧਰ-ਉੱਧਰ ਘੁਮਾਉਣਾ ਚਾਹੁੰਦਾ ਸੀ। “ਨਹੀਂ ਭਈ ਮੈਂ ਵਾਂਢੇ ਜਾਵੈਂ। ਹੁਣ ਸਾਮਾਨ ਬੰਨ ਰਿਹਾ ਹਾਂ, ਦਸਾਂ ਦਿਨਾਂ ਨੂੰ ਮੁੜ ਕੇ ਆਵਾਂਗਾ, ਫਿਰ ਤੇਰੇ ਨਾਲ ਸੈਰ ਕਰਨ ਚੱਲਾਂਗਾ।”

ਦਸਾਂ ਦਿਨਾਂ ਪਿੱਛੋਂ ਉਹ ਫਿਰ ਆਇਆ। ਮੈਂ ਉਸ ਦੇ ਰਿਕਸ਼ੇ ’ਤੇ ਬੈਠ ਗਿਆ। “ਕਿੱਥੇ ਦੀ ਸੈਰ ਕਰਨੀ ਏ ?” ਉਸ ਪੁੱਛਿਆ। ਮੈਂ ਕਿਹਾ “ਜਿੱਥੇ ਸਲਾਹ ਈ ਲੈ ਚੱਲ।”

ਇੱਕ ਗਲੀ ਵਿੱਚ ਜਾ ਕੇ ਉਸ ਨੇ ਰਿਕਸ਼ਾ ਖੜੀ ਕਰ ਦਿੱਤੀ। ਉਸ ਜੰਦਰਾ ਖੋਲਿਆ, ਅਸੀਂ ਇੱਕ ਕੋਠੇ ਵਿੱਚ ਵੜ ਗਏ। ਉੱਥੇ ਇੱਕ ਮੰਜੀ ਢੱਠੀ ਹੋਈ ਸੀ। ਇੱਕ ਕੰਧ ’ਤੇ ਇੱਕ ਲਾਲਟੈਨ ਟੰਗੀ ਹੋਈ ਸੀ ਅਤੇ ਪੁਰਾਣੇ ਰਸਾਲਿਆਂ ਤੇ ਅਖ਼ਬਾਰਾਂ ਵਿੱਚੋਂ ਪਾੜੀਆਂ ਹੋਈਆਂ ਐਕਟ੍ਰੈੱਸਾਂ ਦੀਆਂ ਕੁੱਝ ਤਸਵੀਰਾਂ ਲੱਗੀਆਂ ਹੋਈਆਂ ਸਨ। ਮੈਂ ਮੰਜੀ ’ਤੇ ਬੈਠ ਗਿਆ।

“ਇਹ ਕੋਠਾ ਤੇਰਾ ਏ ?” ਮੈਂ ਪੁੱਛਿਆ।

“ਇਹ ਮੈਂ ਕਿਰਾਏ ’ਤੇ ਲਿਆ ਏ। ਮੈਂ ਕਿਹਾ ਤੈਨੂੰ ਸੈਰ ਕਰਾਉਣ ਲਿਆਵਾਂਗਾ ਇੱਥੇ। ਇਸ ਰਿਕਸ਼ੇ ਵਿੱਚੋਂ ਮੈਨੂੰ ਦੋ-ਤਿੰਨ ਰੁਪਏ ਰੋਜ਼ ਬਚ ਜਾਂਦੇ ਨੇ। ਕਰਾਇਆ ਕਰੂਆ ਦੇ ਲਵਾਂਗੇ।”

‘ਉੱਧਰ ਕੀ ਕੰਮ ਕਰਦਾ ਸੈ ਤੂੰ ?’

“ਉੱਧਰ ਮੈਂ ਕਈ ਕੰਮ ਕੀਤੇ, ਮੇਰਾ ਪਿਓ ਆਪਣੇ ਪਿੰਡ ਵਿੱਚ ਖੱਡੀ ਉਣਦਾ ਸੀ। ਪਹਿਲਾਂ ਮੈਂ ਖੱਡੀ ਉਣਨੀ ਸਿੱਖੀ, ਫਿਰ ਖੱਡੀਆਂ ਛੱਡ ਕੇ ਬੱਕਰੀਆਂ ਪਾਲ਼ੀਆਂ, ਫਿਰ ਮੇਰਾ ਪਿਓ ਮਰ ਗਿਆ। ਹੋਰ ਕੋਈ ਭੈਣ-ਭਰਾ ਹੈ ਨਹੀਂ ਸੀ। ਉਹ ਹੱਟੀ ਚੁੱਕ ਕੇ ਮੈਂ ਸਾਂਗਲੇ ਸ਼ਹਿਰ ਲੈ ਆਂਦੀ ਤੇ ਉੱਥੇ ਹੀ ਮਿਸਰੀ-ਨਸ਼ਾਦਰ ਦੇ ਡੱਬੇ-ਪੀਪੇ ਭਰੇ ਭਰਾਏ ਛੱਡ ਕੇ ਇੱਧਰ ਆ ਗਿਆ। ਫਿਰ ਹੁਣ ਤੂੰ ਮਿਲ ਪਿਉਂ।”

“ਤੂੰ ਹੁਣ ਵਿਆਹ ਕਰਾ ਲੈਂ“ ਮੈਂ ਆਲੇ-ਦੁਆਲੇ ਦੀ ਸੁੰਨ ਅਨੁਭਵ ਕਰਦਿਆਂ ਹੋਇਆਂ ਮਸ਼ਵਰਾ ਦਿੱਤਾ।

“ਵਿਆਹ ’ਤੇ ਮੈਂ ਇੱਕ ਉੱਧਰ ਵੀ ਕਰਾਇਆ ਸੀ। ਇੱਕ ਦਿਨ ਮੈਂ ਉਹ ਨੂੰ ਦੋ ਚਪੇੜਾਂ ਮਾਰ ਬੈਠਾ, ਰੋਣ-ਪਿੱਟਣ ਲੱਗ ਪਈ। ਆਂਢ-ਗੁਆਂਢ ਨੂੰ ਰੋ-ਰੋ ਸੁਣਾਏ। ਆਕੇ ਮੈਂ ਮੁਫ਼ਤ ਲੱਭੀਆਂ ਤਾਂਹੀਓ ਈ ਤੇ ਮਾਰਦਾ ਏ। ਜੇ ਪੈਸੇ ਖ਼ਰਚ ਕੇ ਲਿਆਂਦੀ ਹੁੰਦੀ ਤਾਂ ਕਾਹਤੇ ਮਾਰਦਾ। ਅਗਲੇ ਦਿਨ ਉਹ ਪੇਕਿਆਂ ਦੇ ਘਰ ਟੁਰ ਗਈ। ਬਸ, ਫਿਰ ਨਹੀਂ ਆਈ। ਹੁਣ ਜੇ ਵਿਆਹ ਕਰਾਇਆ ਤਾਂ ਪੈਸੇ ਦੇ ਕੇ ਹੀ ਕਰਾਂਗੇ। ਉਂਝ ਵੀ ਕਿਹੜਾ ਸਾਡੇ ਲਈ ਕੋਈ ਮੁਫ਼ਤ ਸਾਕ ਲਈ ਬੈਠਾ ਏ। ਏਧਰ ਆ ਕੇ ਵਰਿਆਂ ਪਿੱਛੋਂ ਤੇ ਸਿਆਣੂ ਬੰਦਾ ਮੱਥੇ ਲੱਗਾ ਏ। ਬਸ, ਕੁੱਝ ਕਰੋ ਕੁੱਝ ਨਾ ਕਰੋ, ਕੋਈ ਵੇਖਦਾ ਈ ਨਹੀਂ, ਕੋਈ ਸਿਆਣਦਾ ਹੀ ਨਹੀਂ। ਪਤਾ ਨਹੀਂ ਲੋਕ ਕਿੱਧਰ ਨੂੰ ਲੱਗ ਗਏ ਨੇ। ਵਿਆਹ ’ਤੇ ਹੁਣ ਕਰਾ ਲੈਣੈ, ਬਸ ਪੈਸੇ ਇਕੱਠੇ ਹੋਣ ਦੀ ਡੇਰ ਏ।”

“ਜਦੋਂ ਦਾ ਤੂੰ ਏਧਰ ਆਇਆ ਏ, ਜੇ ਉਦੋਂ ਦਾ ਲੱਗਾ ਹੁੰਦਾ ਤਾਂ ਹੁਣ ਨੂੰ ਦੋ ਵਹੁਟੀਆਂ ਜੋਗੇ ਪੈਸੇ ਬਣਾ ਲੈਣੇ ਸਨ।” ਮੈਂ ਉਸ ਨੂੰ ਹੱਲਾਸ਼ੇਰੀ ਦਿੰਦੇ ਹੋਏ ਕਿਹਾ।

“ਕੋਈ ਸੁਰ ਈ ਨਹੀਂ ਲੱਗਾ। ਮੈਨੂੰ ਤੇ ਸੁਰਤ ਈ ਹੁਣ ਆਈ ਏ, ਜਿਉਂ ਦਾ ਪਾਰ ਟੱਪਿਆਂ। ਮੈਨੂੰ ਤੇ ਜਾਣਦਾ ਹੀ ਕੋਈ ਨਹੀਂ ਸੀ।”

## 19 ਅਗਸਤ: ਵਿਸ਼ਵ ਫ਼ੋਟੋਗ੍ਰਾਫੀ ਦਿਹਾੜਾ

**- ਗੋਬਿੰਦਰ ਸਿੰਘ ਢੀਂਡਸਾ**

ਗੁਜ਼ਰੇ ਵਕਤ ਦੇ ਨਾਲ ਰੂ-ਬਰੂ ਹੋਣ ਦੀ ਤਾਕਤ ਤਸਵੀਰਾਂ ਆਪਣੇ ਵਿੱਚ ਸਮੋਈ ਬੈਠੀਆਂ ਹਨ ਅਤੇ ਖ਼ਾਸ ਪਲਾਂ,ਯਾਦਾਂ ਨੂੰ ਸਮੇਟ ਕੇ ਰੱਖਣ ਵਿੱਚ ਤਸਵੀਰਾਂ ਦੀ ਆਪਣੀ ਅਹਿਮੀਅਤ ਹੈ। ਜੇਕਰ ਕਹਿ ਲਿਆ ਜਾਵੇ ਕਿ ਹਰ ਵਿਅਕਤੀ ਫੋਟੋਗ੍ਰਾਫ਼ਰ ਹੈ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ ਕਿਉਂਕਿ ਕੁਦਰਤ ਨੇ ਹਰ ਇਨਸਾਨ ਨੂੰ ਅੱਖ ਰੂਪੀ ਕੈਮਰਾ ਦਿੱਤਾ ਹੈ ਜਿਸ ਨਾਲ ਉਹ ਦੁਨੀਆ ਦੇਖਦਾ ਹੈ ਤੇ ਆਪਣੇ ਦਿਮਾਗ਼ ਤੇ ਨਜ਼ਰ ਆਉਣ ਵਾਲੀਆਂ ਚੀਜ਼ਾਂ ਦੀ ਛਾਪ ਛੱਡਦਾ ਹੈ। ਇੱਕ ਤਸਵੀਰ ਜਾਂ ਚਿੱਤਰ ਹਜ਼ਾਰ ਸ਼ਬਦਾਂ ਬਰਾਬਰ ਹੁੰਦਾ ਹੈ। ਫੋਟੋਗ੍ਰਾਫਿਕ ਨਾਲ ਜੁੜੇ ਪਹਿਲੂਆਂ ਅਤੇ ਉੱਚ ਮਿਆਰੀ ਫੋਟੋਗ੍ਰਾਫੀ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਹਰ ਸਾਲ 19 ਅਗਸਤ ਨੂੰ ਦੁਨੀਆ ਭਰ ਵਿੱਚ ਵਿਸ਼ਵ ਫੋਟੋਗ੍ਰਾਫਿਕ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਭਾਰਤੀ ਅੰਤਰਰਾਸ਼ਟਰੀ ਫੋਟੋਗ੍ਰਾਫਿਕ ਕਾਊਂਸਿਲ, ਨਵੀਂ ਦਿੱਲੀ ਨੇ ਆਪਣੇ ਸੰਸਥਾਪਕ ਓ.ਪੀ. ਸ਼ਰਮਾਂ ਦੇ ਮਾਰਗ ਦਰਸ਼ਨ ਵਿੱਚ ਵੱਖੋ ਵੱਖਰੇ ਫੋਟੋਗ੍ਰਾਫਿਕ ਦਿੱਗਜਾਂ ਤੱਕ ਆਪਣੀ ਪਹੁੰਚ ਦਾ ਘੇਰਾ ਵਧਾਇਆ ਤਾਂ ਜੋ ਹਰ ਸਾਲ ਫੋਟੋਗ੍ਰਾਫੀ ਦਾ ਜਸ਼ਨ ਮਨਾਇਆ ਜਾ ਸਕੇ। ਸਭ ਤੋਂ ਪਹਿਲਾਂ 1839 ਵਿੱਚ ਫਰਾਂਸੀਸੀ ਵਿਗਿਆਨਿਕ ਲੂਈਸ ਜੇਕਸ ਅਤੇ ਮੇਂਡੇ ਡਾਗਊਰੇ ਨੇ ਫ਼ੋਟੋ ਤੱਤ ਨੂੰ ਖੋਜਣ ਦਾ ਦਾਅਵਾ ਕੀਤਾ ਸੀ। ਬ੍ਰਿਟਿਸ਼ ਵਿਗਿਆਨਿਕ ਵਿਲੀਅਮ ਹੈਨਰੀ ਫਾਕਸਟੇਲ ਬੋਟ ਨੇ ਨੈਗੇਟਿਵ ਪੌਜੀਟਿਵ ਪ੍ਰੋਸੈੱਸ ਲੱਭ ਲਿਆ ਸੀ। ਟੇਲ ਬੋਟ ਨੇ 1834 ਵਿੱਚ ਲਾਈਟ ਸੈਂਸਟਿਵ ਪੇਪਰ ਦਾ ਆਵਿਸ਼ਕਾਰ ਕੀਤਾ ਜਿਸ ਨਾਲ ਖਿੱਚੇ ਚਿੱਤਰ ਨੂੰ ਸਥਾਈ ਰੂਪ ਵਿੱਚ ਰੱਖਣ ਦੀ ਸੁਵਿਧਾ ਪ੍ਰਾਪਤ ਹੋਈ। ਫਰਾਂਸੀਸੀ ਵਿਗਿਆਨਿਕ ਆਰਗੋ ਨੇ ਜਨਵਰੀ 1839 ਨੂੰ ਫਰੈਂਚ ਅਕਾਦਮੀ ਆੱਫ ਸਾਇੰਸ ਦੇ ਲਈ ਇੱਕ ਰਿਪੋਰਟ ਤਿਆਰ ਕੀਤੀ। ਫਰਾਂਸ ਸਰਕਾਰ ਨੇ ਇਹ ਪ੍ਰੋਸੈੱਸ ਰਿਪੋਰਟ ਖ਼ਰੀਦ ਕੇ ਆਮ ਲੋਕਾਂ ਦੇ ਲਈ 19 ਅਗਸਤ 1839 ਨੂੰ ਮੁਫ਼ਤ ਘੋਸ਼ਿਤ ਕੀਤੀ। ਇਹੀ ਕਾਰਨ ਹੈ ਕਿ 19 ਅਗਸਤ ਨੂੰ ਵਿਸ਼ਵ ਫੋਟੋਗ੍ਰਾਫੀ ਦਿਵਸ ਮਨਾਇਆ ਜਾਂਦਾ ਹੈ। ਕੁਸ਼ਲਤਾ ਕਿਸੇ ਵੀ ਖੇਤਰ ਵਿੱਚ ਹੋਵੇ ਉਸਦੇ ਮਿਆਰ ਨੂੰ ਉੱਚ ਦਰਜਾ ਪ੍ਰਦਾਨ ਕਰਦੀ ਹੈ। ਫੋਟੋਗ੍ਰਾਫੀ ਨੂੰ ਬਹੁਤਿਆਂ ਨੇ ਆਪਣੇ ਕਿੱਤੇ ਵਜੋਂ ਵੀ ਅਪਣਾਇਆ ਹੋਇਆ ਹੈ। ਪ੍ਰਸਿੱਧ ਚਿੱਤਰਕਾਰ ਪ੍ਰਭੂ ਜੋਸ਼ੀ ਦਾ ਕਹਿਣਾ ਹੈ ਕਿ ਸਾਨੂੰ ਫਰੇਮ ਵਿੱਚ ਕੀ ਲੈਣਾ ਹੈ ਇਸ ਤੋਂ ਜ਼ਿਆਦਾ ਇਸ ਗੱਲ ਦਾ ਗਿਆਨ ਜ਼ਰੂਰੀ ਹੈ ਕਿ ਸਾਨੂੰ ਕੀ ਕੀ ਛੱਡਣਾ ਹੈ। ਭਾਰਤ ਦੇ ਪ੍ਰਸਿੱਧ ਫ਼ੋਟੋਗਰਾਫ਼ਰ ਪਦਮਸ਼੍ਰੀ (1972) ਰਘੂਰਾਏ ਦੇ ਸ਼ਬਦਾਂ ਵਿੱਚ ਚਿੱਤਰ ਖਿੱਚਣ ਦੇ ਲਈ ਪਹਿਲਾਂ ਤੋਂ ਕੋਈ ਤਿਆਰੀ ਨਹੀਂ ਕਰਦਾ। ਮੈਂ ਉਸਨੂੰ ਉਸਦੇ ਅਸਲ ਰੂਪ ਵਿੱਚ ਅਚਾਨਕ ਕੈਂਡਿਡ ਰੂਪ ਵਿੱਚ ਹੀ ਲੈਣਾ ਪਸੰਦ ਕਰਦਾ ਹਾਂ। ਪਰੰਤੂ ਅਸਲ ਤਸਵੀਰ ਤਕਨੀਕੀ ਰੂਪ ਵਿੱਚ ਚਾਹੇ ਕਿੰਨੀ ਵੀ ਵਧੀਆ ਹੋਵੇ, ਇਹ ਓਨੀ ਦੇਰ ਸਰਵ ਵਿਆਪਕ ਤੌਰ ਤੇ ਸਵੀਕਾਰ ਨਹੀਂ ਹੋ ਸਕਦੀ ਜਿੰਨਾ ਚਿਰ ਉਸ ਵਿੱਚ ਵਿਚਾਰ ਨਹੀਂ ਹੈ। ਇੱਕ ਚੰਗੀ ਤਸਵੀਰ ਉਹੀ ਹੈ ਜੋ ਮਾਨਵੀ ਸੰਵੇਦਨਾ ਨੂੰ ਹਲੂਣਾ ਦੇਵੇ। ਚੰਗੇ ਸਮਾਜ ਦੀ ਸਿਰਜਣਾ ਵਿੱਚ ਚੰਗੀਆਂ ਅਤੇ ਵਿਚਾਰ ਭਰਪੂਰ ਤਸਵੀਰਾਂ ਦੀ ਆਪਣੀ ਅਹਿਮੀਅਤ ਹੈ ਅਤੇ ਇਹਨਾਂ ਦੀ ਜ਼ਰੂਰਤ ਹਮੇਸ਼ਾ ਬਣੀ ਰਹੇਗੀ।

**ਪਿੰਡ ਤੇ ਡਾਕ. ਬਰੜਵਾਲ**
**ਤਹਿ. ਧੂਰੀ (ਸੰਗਰੂਰ)**

# ਕੀ ਬਣੂ ਮੇਰੇ ਪੰਜਾਬ ਦਾ ਗੀਤ ਰਾਹੀ ਗਾਇਕ ਗੋਰਾ ਲੌਂਗੋਵਾਲੀਆਂ ਪੇਸ਼ ਕੀਤੀ ਪੰਜਾਬ ਦੀ ਅਸਲ ਤਸਵੀਰ

**ਫਰਿਜ਼ਨੋ, ਕੈਲੀਫੋਰਨੀਆਂ/ਕੁਲਵੰਤ ਧਾਲੀਆਂ / ਨੀਟਾ ਮਾਛੀਕੇ:** ਅਜੋਕੀ ਗਾਇਕੀ ਅਤੇ ਵੀਡੀਉ ਰਾਹੀ ਗਾਇਕਾ ਨੇ ਪੰਜਾਬ ਦੇ ਸੱਭਿਆਚਾਰ ਦਾ ਘਾਣ ਕਰਕੇ ਰੱਖ ਦਿੱਤਾ। ਜਿਸ ਵਿੱਚ ਵੱਧ ਰਹੇ ਸੋਸ਼ਲ ਮੀਡੀਏ ਨੇ ਵੀ ਕੋਈ ਕਸਰ ਨਹੀਂ ਛੱਡੀ। ਜਿੱਥੇ ਕਿਸੇ ਸਮੇਂ ਗਾਇਕ ਸੱਭਿਆਚਾਰ ਦੇ ਦਾਇਰੇ ਅੰਦਰ ਰਹਿ ਗੀਤ ਰਾਹੀਂ ਮਨੋਰੰਜਨ ਕਰਨ ਦੇ ਨਾਲ-ਨਾਲ ਅੰਤ ਕੋਈ ਸੁਨੇਹਾ ਵੀ ਦਿੰਦੇ ਸਨ। ਉੱਥੇ ਅਜੋਕੇ ਗਾਇਕ ਬਦਮਾਸ਼ੀ, ਲੱਚਰਤਾ ਅਤੇ ਬੰਦੂਕਾਂ ਦੇ ਸੱਭਿਆਚਾਰ ਨੂੰ ਫੈਲਾ ਰਹੇ ਹਨ। ਅਜਿਹੇ ਸਮੇਂ ਵੀ ਕੁਝ ਕਲਾਕਾਰ ਹਨ ਜੋ ਆਪਣੀ ਗੀਤਕਾਰੀ ਅਤੇ ਗਾਇਕੀ ਰਾਹੀ ਸੱਚਮੁੱਚ ਪੰਜਾਬ ਨਾਲ ਜੁੜੇ ਹੋਏ ਹਨ। ਜਿਨਾਂ ਵਿੱਚੋਂ ਇਕ ਸੰਗਰੂਰ ਜਿਲੇ ਦੇ ਪਿੰਡ ਲੌਂਗੋਵਾਲ ਦਾ ਜੰਮਪਲ ਚਮਕੌਰ ਸਿੰਘ ਗੋਰਾ ਹੈ। ਪਰ ਉਸ ਨੂੰ ਸਾਰੇ ‘ਗੌਰਾ ਲੌਂਗੋਵਾਲੀਆ’ ਦੇ ਨਾਮ ਜਾਣਦੇ ਹਨ। ਇਹ ਅੱਜ-ਕੱਲ ਅਮਰੀਕਾ ਦੀ ਸਟੇਟ ਕੈਲੀਫੋਰਨੀਆਂ ਦੇ ਸ਼ਹਿਰ ਸਟਾਕਟਨ ਵਿਖੇ ਰਹਿ ਰਿਹਾ ਹੈ। ਇਸ ਨੂੰ ਸੱਭਿਆਚਾਰ ਦੀ ਗੁੜਤੀ ਪਰਿਵਾਰਕ ਵਿਰਸੇ ਵਿੱਚੋਂ ਮਿਲੀ ਹੈ। ਇਹ ਸੰਘੇੜਾ ਕਾਲਜ ਅਤੇ ਮਸਤੂਆਣਾ ਸਾਹਿਬ ਦੇ ਕਾਲਜ ਤੋਂ ਉੱਚ ਵਿੱਦਿਆ ਪ੍ਰਾਪਤ ਕਰਨ ਦੇ ਨਾਲ-ਨਾਲ ਵੱਖ-ਵੱਖ ਯੂਨੀਵਰਸਿਟੀਆਂ



ਦੇ ਵਿੱਚ ਭੰਗੜੇ ਦੀ ਟੀਮ ਨਾਲ ਢੋਲੀ ਅਤੇ ਗਾਇਕ ਦੀਆ ਸੇਵਾਵਾ ਨਿਭਾ ਚੁੱਕਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਦੇਸ਼ਾਂ ਵਿੱਚ ਆਪਣੀ ਕਲਾ ਕਰਕੇ ਸਨਮਾਨ ਹਾਸਲ ਕਰ ਚੁੱਕਾ ਹੈ। ਅਮਰਿੰਦਰ ਗਿੱਲ ਅਤੇ ਗਿੱਪੀ ਗਰੇਵਾਲ ਆਦਿਕ ਹੋਰ ਪੰਜਾਬੀ ਫਿਲਮਾਂ ਵਿੱਚ ਕੰਮ ਕਰਨ ਵਾਲੇ ਇਸ ਕਲਾਕਾਰ ਦੁਆਰਾ ਪੰਜਾਬ ਦੀ ਵਿਗੜ ਰਹੀ ਹਾਲਤ, ਗਾਇਕਾ ਦੁਆਰਾ ਸੱਭਿਆਚਾਰ ਦਾ ਸ਼ੋਸ਼ਣ ਅਤੇ ਘਟੀਆ ਸਿਆਸਤ ਬਾਰੇ ਆਪ ਲਿਖਿਆਂ ਅਤੇ ਗਾਇਆ ਗੀਤ ਯੂ-ਟਿਊਬ ਰਾਹੀਂ ਕੀ ਬਣੂ ਪੰਜਾਬ ਦਾ ਰਿਲੀਜ਼ ਕੀਤਾ ਗਿਆ। ਜਿਸ ਵਿੱਚ ਵਿਗੜ ਰਹੇ ਹਲਾਤਾਂ ’ਤੇ ਬਹੁਤ ਖੁੱਲ ਕੇ ਵਿਅੰਗ ਕੀਤੇ ਗਏ ਹਨ। ਜਿਵੇਂ, ਸਕੂਲਾਂ ਨਾਲੋਂ ਪਹਿਲਾਂ ਠੇਕੇ ਖੋਲੇ ਨੇ, ਕੀ ਬਣੂ ਮੇਰੇ ਪੰਜਾਬ ਦਾ ਹੁਣ ਤਾਂ ਪਤਾ ਨਹੀਂ। ਜਿੱਥੇ ਪੜੇ ਲਿਖੇ ਝੋਨਾ ਲਾਉਂਦੇ ਨੇ ਸਰਕਾਰਾਂ ‘ਟਿਕ-ਟਾਕ’ ਵਾਲਿਆਂ ਨੂੰ ਨੌਕਰੀਆਂ, ਕਿੰਨੇ ਹੀ ਗੱਭਰੂ ਨਸ਼ੇ ਨੇ ਮਾਰ ਦਿੱਤੇ, ਕਿਸਾਨ ਫਾਹੇ ਲੈ ਰਹੇ ਨੇ, ਬੰਦੂਕਾਂ ਦਾਰੂ, ਕੁੜੀਆਂ ’ਤੇ ਬਹੁਤ ਗੀਤ ਆਉਂਦੇ ਨੇ ਆਦਿਕ। ਇਸ ਗੀਤ ਰਾਹੀ ਮਨੋਰੰਜਨ ਦੇ ਨਾਲ-ਨਾਲ ਪੰਜਾਬ ਦਾ ਦਰਦ ਬਹੁਤ ਸੁਚੱਜੇ ਤਰੀਕੇ ਨਾਲ ਪੇਸ਼ ਕਰਦੇ ਹੋਏ ਬਹੁਤ ਸਾਰੇ ਨਿਘਾਰ ਵੱਲ ਲਿਜਾ ਰਹੇ ਪੱਖਾ ’ਤੇ ਗਾਇਆ ਗਿਆ ਹੈ। ਅੱਜ ਦੇ ਸਮੇਂ ਦੀ ਇਹ ਲੋੜ ਹੈ ਚੰਗੇ ਸਿੱਖਿਆ ਦਾਇਕ ਗੀਤ ਲਿਖੇ ਅਤੇ ਗਾਏ ਜਾਣ ਤਾਂ ਜੋ ‘ਸੋਨੇ ਦੀ ਚਿੜੀ’ ਕਹੇ ਜਾਣ ਵਾਲੇ ਪੰਜਾਬ ਨੂੰ ਵਗ ਰਹੇ ਛੇਵੇਂ ਨਸ਼ਿਆਂ ਦੇ ਦਰਿਆ ਤੋਂ ਬਚਾਇਆ ਜਾ ਸਕੇ। ਅਸੀਂ ਕਹਿ ਸਕਦੇ ਹਾਂ ਕਿ ਇਹ ਗੀਤ

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕੜੀ - 4

### - ਕਰਮ ਸਿੰਘ ਜ਼ਖ਼ਮੀ

'ਤੁਸੀਂ ਭੁੱਖੇ ਹੋਵੋਗੇ, ਪਹਿਲਾਂ ਕੁਝ ਖਾਣ ਦਾ ਪ੍ਰਬੰਧ ਕਰ ਲਈਏ।' ਲਾਲ ਸਿੰਘ ਨੇ ਕਿਹਾ।

'ਕੀ ਤਿਆਰ ਹੈ ?' ਕਰਤਾਰ ਸਿੰਘ ਨੇ ਪੁੱਛਿਆ।

'ਮੱਕੀ ਦੀਆਂ ਦਸ ਕੁ ਭੁੱਜੀਆਂ ਹੋਈਆਂ ਛੱਲੀਆਂ ਆਈਆਂ ਹਨ। ਉਹ ਤੁਸੀਂ ਚੱਬੋ। ਮੈਂ ਵਾੜੀ ਵਿਚੋਂ ਚਾਰ ਬਤਾਊਂ ਤੋੜ ਕੇ ਧਰ ਦਿੰਦਾ ਹਾਂ ਆਟਾ ਪਿਆ ਹੈ।' ਲਾਲ ਸਿੰਘ ਨੇ ਕਿਹਾ।

'ਨਹੀਂ ਇਸਦੀ ਲੋੜ ਨਹੀਂ ਹੈ। ਅਸੀਂ ਰਾਤ ਜੋਗਾ ਰਾਸ਼ਨ ਨਾਲ ਹੀ ਲੈ ਆਏ ਹਾਂ। ਕਹਿੰਦੇ ਹੋਏ ਕਰਤਾਰ ਸਿੰਘ ਨੇ ਆਪਣੇ ਥੈਲੇ ਵਿਚੋਂ ਕੋਈ ਦੋ ਕੁ ਸੇਰ ਮਠਿਆਈ ਕੱਢ ਕੇ ਸਾਹਮਣੇ ਰੱਖ ਦਿੱਤੀ।

ਤਿੰਨਾਂ ਨੇ ਖਾਣੀ ਸ਼ੁਰੂ ਕਰ ਦਿੱਤੀ।

'ਹਾਲਾਂ ਤੁਹਾਡੇ ਕਰਨ ਵਾਲਾ ਕੰਮ ਤਾਂ ਕਿਲੇ ਵਿਚ ਬਹੁਤ ਸੀ, ਬਾਹਰ ਨਹੀਂ ਸੀ ਆਉਣਾ ਚਾਹੀਦਾ।' ਸਾਧੂ ਲਾਲ ਸਿੰਘ ਨੇ ਕਿਹਾ।

'ਭਾਈ ਜੀ ਕਲਗੀਆਂ ਵਾਲੇ ਸਤਿਗੁਰੂ ਦੀ ਸਿੱਖੀ ਤਾਂ ਨਹੀਂ ਕੁਰਬਾਨ ਕੀਤੀ ਜਾ ਸਕਦੀ। ਤੁਸਾਂ ਸੁਣਿਆ ਨਹੀਂ ਕਿ ਭਾਈ ਤਾਰੂ ਸਿੰਘ ਨੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ। ਸਿਰ ਦੀ ਖੋਪਰੀ ਲੁਹਾ ਲਈ ਪਰ ਇਕ ਵਾਲ ਭੀ ਵਿੰਗਾ ਨਹੀਂ ਹੋਣ ਦਿੱਤਾ।' ਸਰਦਾਰਾ ਸਿੰਘ ਨੇ ਕਿਹਾ।

ਕਰਤਾਰਸਿੰਘਨੇਸਾਰੀਕਹਾਣੀਭਾਈਲਾਲਸਿੰਘਨੂੰਕਹਿਸੁਣਾਈ।

'ਤੁਸਾਂ ਚੰਗਾ ਕੀਤਾ ਤੁਸੀਂ ਤਾਂ ਸ਼ਾਹੀ ਡੇਰੇ ਵਿਚੋਂ ਆਏ ਹੋ, ਦੱਸੋ ਕੀ ਕੁਝ ਹੋਣ ਵਾਲਾ ਹੈ ?' ਭਾਈ ਲਾਲ ਸਿੰਘ ਨੇ ਪੁੱਛਿਆ।

'ਤੁਸੀਂ ਹੀ ਦੱਸੋ ਅਸੀਂ ਤਾਂ ਤਸਵੀਰ ਦਾ ਇਕ ਹੀ ਰੁਖ ਵੇਖ ਕੇ ਆਏ ਹਾਂ ਤੇ ਉਹ ਤੁਹਾਨੂੰ ਪਤਾ ਹੀ ਹੈ। ਖ਼ਾਲਸਾ ਰਾਜ ਦੇ ਹਾਲਾਂ ਪੈਰ ਨਹੀਂ ਜੰਮ ਸਕੇ ਤੇ ਇਸ ਤੇ ਮੁਗ਼ਲ ਸਾਮਰਾਜ ਵੱਲੋਂ ਪੂਰੇ ਜ਼ੋਰ ਨਾਲ ਹਮਲਾ ਹੋਣ ਵਾਲਾ ਹੈ। ਇਸ ਹਮਲੇ ਵਿਚ ਸ਼ਾਮਲ ਹੋਣ ਲਈ ਪੇਸ਼ਾਵਰ ਤੋਂ ਲੈ ਕੇ ਅਲਾਹਾਬਾਦ ਤੱਕ ਦੇ ਸਾਰੇ ਫ਼ੌਜਦਾਰਾਂ ਨੂੰ ਹੁਕਮ ਨਾਮੇ ਤੇ ਲੱਖਾਂ ਰੁਪਏ ਭੇਜੇ ਜਾ ਚੁੱਕੇ ਹਨ।' ਕਰਤਾਰ ਸਿੰਘ ਨੇ ਦੱਸਿਆ।

'ਤੁਸੀਂ ਬਾਹਰਲੀ ਹਾਲਤ ਦੱਸੋ।' ਸਰਦਾਰਾਂ ਸਿੰਘ ਨੇ ਪੁੱਛਿਆ।

'ਮੇਰਾ ਖ਼ਿਆਲ ਹੈ ਕਿ ਆਜ਼ਾਦੀ ਹਾਲਾਂ ਆਪਣਾ ਮੁੱਲ ਮੰਗਦੀ ਹੈ। ਸਿੱਖਾਂ ਨੂੰ ਕੁਰਬਾਨੀਆਂ ਦੀ ਭੱਠੀ ਵਿਚ ਇਕ ਵੇਰ ਫੇਰ ਪੈਣਾ ਪਵੇਗਾ।' ਲਾਲ ਸਿੰਘ ਨੇ ਆਪਣਾ ਵਿਚਾਰ ਦੱਸਿਆ।

'ਕੀ ਹਾਲਾਂ ਕੁਰਬਾਨੀਆਂ ਦੀ ਕੋਈ ਕਸਰ ਰਹਿ ਗਈ ਹੈ। ਲੱਖਾਂ ਸਿੰਘ ਤਾਂ ਸ਼ਹੀਦ ਹੋ ਚੁੱਕੇ ਹਨ।' ਸਰਦਾਰਾ ਸਿੰਘ ਨੇ ਆਖਿਆ।

'ਭਾਈ ਜੀ ਠੀਕ ਕਹਿੰਦੇ ਹੋ, ਪਰੰਤੂ ਆਜ਼ਾਦੀ ਦਾ ਪੂਰਾ ਮੁੱਲ ਅਜੇ ਚੁਕਾਇਆ ਨਹੀਂ ਜਾ ਸਕਿਆ। ਇਹ ਠੀਕ ਹੈ ਕਿ ਮੁਗ਼ਲ ਰਾਜ ਆਖ਼ਰੀ ਦਮਾਂ ਉੱਤੇ ਹੈ, ਪਰੰਤੂ ਫੇਰ ਭੀ ਹਾਲਾਂ ਇਸ ਪਾਸੇ ਇਤਨੀ ਤਾਕਤ ਤੇ ਸਾਧਨ ਹਨ ਕਿ ਮੁੱਠੀ ਭਰ ਸਿੱਖ ਇਸ ਦਾ ਲੰਮੇ ਸਮੇਂ ਤਕ ਟਾਕਰਾ ਨਹੀਂ ਕਰ ਸਕਦੇ।' ਲਾਲ ਸਿੰਘ ਨੇ ਦੱਸਿਆ।

'ਕੀ ਸਰਹਿੰਦ ਸਿੱਖਾਂ ਪਾਸ ਨਹੀਂ ਰਹੇਗੀ ?' ਕਰਤਾਰ ਸਿੰਘ ਨੇ ਪੁੱਛਿਆ।

'ਵਾਹਿਗੁਰੂ ਈ ਭਲੀ ਪ੍ਰਕਾਰ ਜਾਣਦਾ ਹੈ ਆਸ ਬਹੁਤ ਘੱਟ ਹੈ।' ਲਾਲ ਸਿੰਘ ਨੇ ਆਖਿਆ।

'ਬਾਬਾ ਬੰਦਾ ਸਿੰਘ ਬਹਾਦਰ ਤੋਂ ਤਾਂ ਇਹ ਸਾਰਾ ਮੁਗ਼ਲ ਸਾਮਰਾਜ ਭੈ ਖਾਂਦਾ ਹੈ, ਬਾਦਸ਼ਾਹ ਬਹਾਦਰ ਸ਼ਾਹ ਦੀ ਨੀਂਦ ਹਰਾਮ ਹੋਈ ਹੋਈ ਹੈ। ਉਹ ਰਾਜਪੂਤਾਨੇ ਦੀ ਬਗ਼ਾਵਤ ਕੁਚਲਨ ਲਈ ਆਇਆ ਸੀ, ਪਰੰਤੂ ਸਿੱਖਾਂ ਦੀਆਂ ਸਰਗਰਮੀਆਂ ਤੋਂ ਭੈ-ਭੀਤ ਹੋ ਕੇ ਇਹ ਕੰਮ ਕੀਤੇ ਬਿਨਾਂ ਹੀ ਵਾਪਸ ਦਿੱਲੀ ਨੂੰ ਜਾ ਰਿਹਾ ਹੈ।' ਕਰਤਾਰ ਸਿੰਘ ਇਕ ਸਚਾਈ ਦਸ ਰਿਹਾ ਸੀ।

ਭਾਈ ਜੀ ਠੀਕ ਹੈ। ਸ਼ੱਕ ਨਹੀਂ ਕਿ ਦਸਮੇਸ਼ ਪਿਤਾ ਤੋਂ ਪ੍ਰਾਪਤ ਕੀਤੀ ਮਹਾਨ ਸ਼ਕਤੀ ਬਾਬਾ ਬੰਦਾ ਸਿੰਘ ਬਹਾਦਰ ਪਾਸ ਹੈ। ਉਹਨਾਂ ਦੀ ਸੂਰਜ ਗਤੀ ਤੋਂ ਬਾਦਸ਼ਾਹ ਬਹਾਦਰ ਸ਼ਾਹ ਤੱਕ ਸਾਰੇ ਹੀ ਡਰਦੇ ਹਨ। ਪਰੰਤੂ ਮੈਂ ਸਮਝਦਾ ਹਾਂ ਕਿ ਹਾਲਾਂ ਸਿੱਖ ਰਾਜ ਦੇ ਸਿਰਜਣ ਦਾ ਠੀਕ ਸਮਾਂ ਨਹੀਂ ਆਇਆ। ਆਜ਼ਾਦੀ ਦਾ ਮੁੱਲ ਹਾਲਾਂ ਹੋਰ ਤਾਰਨਾ ਪਵੇਗਾ। ਤਦ ਕਿਤੇ ਉਹ ਘੁੰਡ ਚੱਕ ਕੇ ਪੂਰੀ ਤਰਾਂ ਦਰਸ਼ਨ ਦੇਵੇਗੀ।' ਇਹ ਲਾਲ ਸਿੰਘ ਦਾ ਆਪਣਾ ਵਿਸ਼ਵਾਸ ਸੀ।

ਠੀਕ ਹੀ ਜਾਪਦਾ ਏ ਸਰਦਾਰਾ ਸਿੰਘ ਨੇ ਕਿਹਾ 'ਰਾਤ ਬਹੁਤ ਚਲੀ ਗਈ ਹੈ। ਹੁਣ ਅਸਾਨੂੰ ਸੌਣਾ ਚਾਹੀਦਾ ਹੈ। ਸਵੇਰੇ ਅਸੀਂ ਜਾਣਾ ਭੀ ਤਾਂ ਹੈ ਤੇ ਉਹ ਵੀ ਪਹਿਰ ਦੇ ਤੜਕੇ।' ਸਰਦਾਰਾਂ ਸਿੰਘ ਨੇ ਆਖਿਆ।

'ਤੁਸੀਂ ਹੁਣ ਜਾਣਾ ਕਿੱਥੇ ਚਾਹੁੰਦੇ ਹੋ ?' ਲਾਲ ਸਿੰਘ ਨੇ ਪੁੱਛਿਆ।




'ਸਰਹਿੰਦ ਹੀ ਜਾਣਾ ਚਾਹੀਦਾ ਹੈ ਸਰਦਾਰ ਬਾਜ ਸਿੰਘ ਨੂੰ ਮਿਲਾਂਗੇ ਅਤੇ ਫੇਰ ਉਹਨਾਂ ਵੱਲੋਂ ਜਿੱਥੇ ਵੀ ਕੋਈ ਜ਼ਿੰਮੇਵਾਰੀ ਦਿੱਤੀ ਜਾਵੇਗੀ, ਉਸ ਨੇ ਨਿਭਾਉਣ ਲਈ ਡਟ ਜਾਵਾਂਗੇ।' ਕਰਤਾਰ ਸਿੰਘ ਨੇ ਦੱਸਿਆ।

'ਤੁਸੀਂ ਸੌਂ ਜਾਓ, ਮੈਂ ਤੁਹਾਡੇ ਅਗਲੇ ਸਫ਼ਰ ਦਾ ਕੁਝ ਪ੍ਰਬੰਧ ਕਰਾਂਗਾ ਨਾਲੇ ਇਹ ਵੀ ਵੇਖਾਂ ਕਿ ਮੁਗ਼ਲ ਫ਼ੌਜਾਂ ਤੁਹਾਡੇ ਲੱਭਣ ਲਈ ਕੀ ਕੁਝ ਕਰ ਰਹੀਆਂ ਹਨ।' ਕਹਿੰਦੇ ਹੋਏ ਲਾਲ ਸਿੰਘ ਨੇ ਕੰਬਲ ਦੀ ਬੁੱਕਲ ਮਾਰੀ ਤੇ ਉੱਠ ਖੜਾ ਹੋਇਆ। ਉਸ ਦੇ ਨਾਲ ਹੀ ਕਰਤਾਰ ਸਿੰਘ ਤੇ ਸਰਦਾਰਾ ਸਿੰਘ ਭੀ ਉੱਠੇ ਤੇ ਉਸ ਨੂੰ ਵਾੜੇ ਦੇ ਬਾਹਰ ਤੱਕ ਛੱਡ ਕੇ ਮੁੜ ਆਏ। ਇਸ ਸਮੇਂ ਘੁੱਪ ਹਨੇਰਾ ਸੀ ਹੱਥ ਪਸਾਰਿਆ ਭੀ ਨਜ਼ਰ ਨਹੀਂ ਸੀ ਆ ਰਿਹਾ। ਲਾਲ ਸਿੰਘ ਤਾਂ ਦੋ ਕਦਮ ਜਾ ਕੇ ਹੀ ਉਹਨਾਂ ਦੀਆਂ ਨਿਗਾਹਾਂ ਤੋਂ ਓਹਲੇ ਹੋ ਗਿਆ ਤੇ ਉਹ ਮੁੜ ਝੁੱਗੀ ਵਲ ਮੁੜ ਆਏ। ਹਾਲਾਂ ਉਹ ਝੁੱਗੀ ਵਿਚ ਦਾਖ਼ਲ ਨਹੀਂ ਸੀ ਹੋਏ ਕਿ ਦੂਰੋਂ "ਅੱਲਾ ਹੂ ਅਕਬਰ" ਦੇ ਨਾਅਰਿਆਂ ਦੀ ਆਵਾਜ਼ ਉਹਨਾਂ ਦੇ ਕੰਨਾਂ ਵਿਚ ਪੈਣ ਲੱਗੀ ਅਤੇ ਇਸ ਦੇ ਨਾਲ ਹੀ ਮਿਸਾਲਾਂ ਦੀ ਮੱਧਮ ਜਿਹੀ ਰੌਸ਼ਨੀ ਛਿਣ ਛਿਣ ਕੇ ਉਹਨਾਂ ਤੱਕ ਪੁੱਜਦੀ ਦਿਖਾਈ ਦੇਣ ਲੱਗੀ। ਉਹਨਾਂ ਲਈ ਇਹ ਸਮਝਣ ਕੁਝ ਵੀ ਔਖਾ ਨਾ ਰਿਹਾ ਕਿ ਫ਼ੌਜ ਦਾ ਦਸਤਾ ਉਹਨਾਂ ਦੀ ਭਾਲ ਵਿਚ ਗਸ਼ਤ ਕਰ ਰਿਹਾ ਹੈ। ਇਹ ਰੌਸ਼ਨੀ ਤੇ ਨਾਅਰੇ ਹੌਲੀ ਹੌਲੀ ਜੈਪੁਰ ਵਧਣ ਲੱਗੇ।

'ਹੰਭ ਹਾਰ ਕੇ ਵਾਪਸ ਜਾ ਰਹੇ ਹਨ ਕੰਬਖ਼ਤ।' ਕਰਤਾਰ ਸਿੰਘ ਨੇ ਕਿਹਾ ਕਿ ਦੋਵੇਂ ਹੱਸ ਪਏ। ਉਹ ਇਸ ਸਮੇਂ ਆਪਣੇ ਆਪ ਨੂੰ ਬਿਲਕੁਲ ਹੀ ਮਹਿਫ਼ੂਜ਼ ਸਮਝ ਰਹੇ ਸਨ। ਝੁੱਗੀ ਦੇ ਅੰਦਰ ਜਾ ਕੇ ਉਹਨਾਂ ਨੇ ਸੌਣ ਦਾ ਯਤਨ ਕੀਤਾ। ਪਰੰਤੂ ਨੀਂਦ ਤੇ ਉਹਨਾਂ ਦਾ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ। ਦੋ ਦੋ ਕੰਬਲ ਉੱਪਰ ਲਈ ਉਹ ਘਰ ਦੇ ਵਿਛੌਣੇ ਤੇ ਪਏ ਆਪਸ ਵਿਚ ਗੱਲਾਂ ਕਰਦੇ ਰਹੇ, ਇੱਥੋਂ ਤੱਕ ਕਿ ਪਹਿਰ ਦਾ ਤੜਕਾ ਹੋ ਗਿਆ ਤੇ ਆਲੇ-ਦੁਆਲੇ ਦੇ ਪਿੰਡਾਂ ਤੋਂ ਕੁੱਕੜਾਂ ਦੀਆਂ ਬਾਂਗਾਂ ਸੁਣਾਈ ਦੇਣ ਲੱਗ ਪਈਆਂ। ਫੇਰ ਘੋੜਿਆਂ ਦੇ ਹਿਣਕਣ ਦੀ ਆਵਾਜ਼ ਉਹਨਾਂ ਦੇ ਕੰਨਾਂ ਵਿਚ ਪਈ ਅਤੇ ਇਸ ਦੇ ਨਾਲ ਲਾਲ ਸਿੰਘ ਝੁੱਗੀ ਦੇ ਅੰਦਰ ਦਾਖ਼ਲ ਹੋਇਆ। ਝੁੱਗੀ ਵਿਚ ਇਸ ਸਮੇਂ ਭੀ ਸਰੋਂ ਦੇ ਤੇਲ ਦਾ ਦੀਵਾ ਬਲ ਰਿਹਾ ਸੀ ਤੇ ਉਸ ਦੀ ਮੱਧਮ ਜਿਹੀ ਪੀਲੀ ਰੌਸ਼ਨੀ ਵਿਚ ਉਹ ਇਕ ਦੂਜੇ ਦੇ ਮੂੰਹ ਚੰਗੀ ਤਰਾਂ ਵੇਖ ਸਕਦੇ ਸਨ।

'ਤੁਸੀਂ ਤਿਆਰ ਹੋ ਜਾਓ।' ਲਾਲ ਸਿੰਘ ਨੇ ਆਖਿਆ।

ਕੋਈ ਖ਼ਤਰਾ ਤਾਂ ਨਹੀਂ ?' ਕਰਤਾਰ ਸਿੰਘ ਨੇ ਪੁੱਛਿਆ।

'ਨਾਲ ਦੇ ਪਿੰਡ ਗੜ੍ਹੀ ਵਿਚ ਇਕ ਫ਼ੌਜੀ ਦਸਤਾ ਆਇਆ ਸੀ ਤੇ ਫੇਲਾ ਫਾਲੀ ਕਰਕੇ ਮੁੜ ਗਿਆ। ਸਵੇਰੇ ਖ਼ਬਰੇ ਫੇਰ ਆਲੇ-ਦੁਆਲੇ ਦੇ ਪਿੰਡਾਂ ਵਿਚ ਛਾਪੇ ਮਾਰੇ ਜਾਣ। ਤੁਸੀਂ ਇਸ ਪਿਛਲੇ ਪਾਸਿਉਂ ਦੀ ਨਿਕਲੋ। ਘੋੜੇ ਤਿਆਰ ਹਨ।' ਲਾਲ ਸਿੰਘ ਨੇ ਆਖਿਆ।

'ਇਹ ਘੋੜੇ ਤੁਸੀਂ ਕਿਥੋਂ ਲਿਆਏ ਹੋ ?' ਸਰਦਾਰਾ ਸਿੰਘ ਨੇ ਪੁੱਛਿਆ।

'ਗੜ੍ਹੀ ਦੇ ਸਰਦਾਰਾਂ ਦੀ ਹਵੇਲੀ ਵਿਚੋਂ ਇਹ ਸਰਦਾਰ ਕੋਈ ਵੀਹਾਂ ਸਾਲਾਂ ਤੋਂ ਏਥੇ ਵਸੇ ਹੋਏ ਹਨ, ਚੋਖੀ ਜ਼ਮੀਨ ਸਾਂਭੀ ਹੋਈ ਹੈ। ਪੰਥ ਲਈ ਹਰ ਸਮੇਂ ਜਾਨ ਦੇਣ ਲਈ ਤਿਆਰ ਰਹਿੰਦੇ ਹਨ। ਅਸੀਂ ਉਹਨਾਂ ਦੇ ਘੋੜੇ ਨਿੱਤ ਵਰਤਦੇ ਹਾਂ।' ਲਾਲ ਸਿੰਘ ਨੇ ਦੱਸਿਆ।

'ਫੇਰ ਤਾਂ ਇਹ ਵਾਪਸ ਕਰਨੇ ਹੋਣਗੇ ਅਸੀਂ ਪੈਦਲ ਹੀ ਨਾ ਤੁਰ ਜਾਈਏ।' ਕਰਤਾਰ ਸਿੰਘ ਨੇ ਆਖਿਆ।

'ਤੁਸੀਂ ਕਿਸੇ ਗਲ ਦੀ ਚਿੰਤਾ ਨਾ ਕਰੋ। ਵਾਹਿਗੁਰੂ ਦਾ ਨਾਮ ਲੈ ਕੇ ਜਾਓ, ਮੈਂ ਉਹਨਾਂ ਨੂੰ ਹੋਰ ਘੋੜੇ ਲੈ ਦਿਆਂਗਾ।' ਲਾਲ ਸਿੰਘ ਨੇ ਆਖਿਆ।

ਕਰਤਾਰ ਸਿੰਘ ਤੇ ਸਰਦਾਰ ਸਿੰਘ ਫੇਰ ਕੁਝ ਨਹੀਂ ਬੋਲੇ, ਲਾਲ ਸਿੰਘ ਪਿਛਲੇ ਪਾਸਿਉਂ ਦੀ ਉਹਨਾਂ ਨੂੰ ਜੰਗਲ ਦੇ ਬਾਹਰ ਛੱਡ ਗਿਆ, ਜਿੱਥੋਂ ਕੱਚੀ ਸੜਕ ਪੰਜਾਬ ਵਲ ਜਾਂਦੀ ਸੀ ਤੇ ਇਸ ਤੋਂ ਥੋੜ੍ਹੀ ਹੀ ਦੇਰ ਪਿੱਛੋਂ ਉਹਨਾਂ ਦੇ ਘੋੜੇ ਹਵਾ ਨਾਲ ਗੱਲਾਂ ਕਰਦੇ ਹੋਏ ਆਪਣੀ ਮੰਜ਼ਲ ਵਲ ਜਾ ਰਹੇ ਸਨ।

ਦੋ ਦਿਨਾਂ ਦੀ ਮੰਜ਼ਲ ਪਾਰ ਕਰਕੇ ਉਹ ਸਰਹਿੰਦ ਪੁੱਜੇ। ਸਰਹਿੰਦ ਦੇ ਖੰਡਰ ਉਹਨਾਂ ਦਾ ਸਵਾਗਤ ਕਰ ਰਹੇ ਹਨ। ਬਦਲੇ ਦੀ ਭਾਵਨਾ ਨਾਲ ਸਿੰਘਾਂ ਨੇ ਉਸ ਦੀ ਇੱਟ ਨਾਲ ਇੱਟ ਵਜਾ ਦਿੱਤੀ ਸੀ। ਮੁਗ਼ਲਾਂ ਦਾ ਕਿਤੇ ਨਾਮ ਨਿਸ਼ਾਨ ਨਜ਼ਰ ਨਹੀਂ ਸੀ ਆਉਂਦਾ। ਮਲਬੇ ਵਿਚੋਂ ਹਾਲਾਂ ਭੀ ਲਾਸ਼ਾਂ ਬਾਹਰ ਨੂੰ ਝਾਕਦੀਆਂ ਨਜ਼ਰ ਆਉਂਦੀਆਂ ਸਨ। ਉਹਨਾਂ ਦੇ ਕਾਲਜੇ ਵਿਚ ਠੰਢ ਕਿਲੇ ਉੱਤੇ ਝੂਲ ਰਹੇ ਦਸਮੇਸ਼ ਪਿਤਾ ਦੇ ਕੇਸਰੀ ਨਿਸ਼ਾਨ ਵੇਖ ਕੇ ਪਈ। ਦੋਹਾਂ ਦੇ ਸਿਰ ਉਸ ਦੇ ਸਤਿਕਾਰ ਲਈ ਝੁਕ ਗਏ। ਦੋਹਾਂ ਦੇ ਮੂੰਹੋਂ ਨਿਕਲਿਆ ਧੰਨ ਕਲਗ਼ੀਆਂ ਬਾਜਾਂ ਵਾਲੇ ਸਤਿਗੁਰੂ।' ਉਹਨਾਂ ਦੇ ਘੋੜੇ ਹੋਰ ਭੀ ਤੇਜ਼ੀ ਨਾਲ ਕਿਲੇ ਵਲ ਵਧਣ ਲੱਗੇ। ਕਿਲੇ ਦੇ ਬਾਹਰ ਸਰਦਾਰ ਬਾਜ ਸਿੰਘ ਸਰਦਾਰ ਸ਼ਾਮ ਸਿੰਘ ਤੇ ਸਰਦਾਰ ਸੁੱਖਾ ਸਿੰਘ, ਕੁਝ ਹੋਰ ਸਿੰਘਾਂ ਸਮੇਤ ਇਕ ਪੱਕੇ ਚਬੂਤਰੇ ਤੇ ਬੈਠੇ ਰਾਜ ਪ੍ਰਬੰਧ ਦੇ ਸੰਬੰਧ ਵਿਚ ਗੱਲਾਂ ਕਰ ਰਹੇ ਸਨ ਕਿ ਇਹ ਘੋੜਿਆਂ ਤੋਂ ਉਤਰ ਕੇ ਉਹਨਾਂ ਦੇ ਸਾਹਮਣੇ ਜਾ ਖੜੇ ਹੋਏ। ਸਰਦਾਰ ਬਾਜ ਸਿੰਘ ਨੇ ਉੱਠ ਕੇ ਦੋਹਾਂ ਨੂੰ ਗਲਵਕੜੀ ਵਿਚ ਲੈ ਕੇ ਪਿਆਰ ਕੀਤਾ, ਉਹਨਾਂ ਦੇ ਘੋੜੇ ਸੇਵਾਦਾਰਾਂ ਦੁਆਰਾ ਕਿਲੇ ਵਿਚ ਪੁਚਾ ਦਿੱਤੇ ਗਏ। ਕਿਤਨੀ ਹੀ ਦੇਰ ਵਿਚ ਉਹਨਾਂ ਤੋਂ ਬਾਦਸ਼ਾਹ ਬਹਾਦਰ ਸ਼ਾਹ ਦੀਆਂ ਸਿੰਘਾਂ ਵਿਰੁੱਧ ਸਰਗਰਮੀਆਂ ਬਾਰੇ ਪੁੱਛਦੇ ਰਹੇ ਤੇ ਉਹ ਦੱਸਦੇ ਰਹੇ। ਸਰਦਾਰ ਬਾਜ ਸਿੰਘ ਇਸ ਸਮੇਂ ਬੜੇ ਹੀ ਗੰਭੀਰ ਸਨ। ਇਹ ਜਾਣਕੇ ਕਿ ਚਹੁੰਆਂ ਪਾਸਿਆਂ ਤੋਂ ਮੁਗ਼ਲ ਮੁਲਖਈਏ ਨੂੰ ਨਾਲ ਲੈ ਕੇ ਹਮਲਾ ਕਰਨ ਵਾਲੇ ਹਨ। ਉਹ ਹੋਰ ਵੀ ਗੰਭੀਰ ਹੋ ਗਏ।

'ਸਰਦਾਰ ਜੀ ਕੀ ਇਸ ਹਮਲੇ ਦਾ ਮੁਕਾਬਲਾ ਹੋ ਸਕੇਗਾ ?' ਕਰਤਾਰ ਸਿੰਘ ਨੇ ਪੁੱਛਿਆ।

'ਕਲਗ਼ੀਆਂ ਵਾਲੇ ਸਤਿਗੁਰੂ ਨੇ ਇਕ ਸਿੰਘ ਨੂੰ ਸਵਾ ਸਵਾ ਲੱਖ ਨਾਲ ਲੜਨ ਲਈ ਸਮਰੱਥਾ ਬਖ਼ਸ਼ੀ ਹੈ, ਹਮਲੇ ਦਾ ਟਾਕਰਾ ਕਿਉਂ ਨਹੀਂ ਹੋਵੇਗਾ ਅਸੀਂ ਜਦ ਸਰਹਿੰਦ ਫ਼ਤਿਹ ਕਰਕੇ ਖ਼ਾਲਸਾ ਰਾਜ ਦੇ ਝੰਡੇ ਝੁਲਾਏ ਹਨ ਤਾਂ ਇਹਨਾਂ ਦੀ ਰੱਖਿਆ ਭੀ ਜ਼ਰੂਰ ਕਰਾਂਗੇ। ਇਹ ਗੱਲ ਸਰਦਾਰ ਬਾਜ ਸਿੰਘ ਦੀ ਥਾਂ ਸਰਦਾਰ ਸ਼ਾਮ ਸਿੰਘ ਨੇ ਕਹੀ। ਉਹ ਇਸ ਸਮੇਂ ਚੜ੍ਹਦੀਆਂ ਕਲਾਂ ਵਿਚ ਸਨ।

'ਅਸਾਡੇ ਲਈ ਹੁਣ ਕੀ ਹੁਕਮ ?' ਕਰਤਾਰ ਸਿੰਘ ਨੇ ਪੁੱਛਿਆ ਅਤੇ ਫੇਰ ਸਰਦਾਰ ਬਾਜ ਸਿੰਘ ਦੇ ਪੁੱਛਣ ਤੇ ਉਸ ਨੇ ਉਹ ਸਾਰੇ ਹਾਲਾਤ ਉਹਨਾਂ ਦੇ ਸਾਹਮਣੇ ਰੱਖ ਦਿੱਤੇ ਕਿ ਜਿਨ੍ਹਾਂ ਕਾਰਨ ਉਹਨਾਂ ਨੂੰ ਜੈਪੁਰ ਦੇ ਕਿਲੇ ਵਿਚੋਂ ਭੱਜਣਾ ਪਿਆ ਸੀ।

'ਕੋਈ ਗਲ ਨਹੀਂ ਵਾਹਿਗੁਰੂ ਜੋ ਕੁਝ ਕਰਦਾ ਹੈ, ਠੀਕ ਕਰਦਾ ਹੈ। ਤੁਸੀਂ ਕਲਗ਼ੀਆਂ ਵਾਲੇ ਦੀ ਸਿੱਖੀ ਦੀ ਰੱਖਿਆ ਕਰਕੇ ਚੰਗਾ ਹੀ ਕੀਤਾ ਹੈ। ਹੁਣ ਜੇਕਰ ਕੋਈ ਖ਼ਤਰਾ ਨਾ ਹੋਵੇ ਤਾਂ ਤੁਹਾਨੂੰ ਮੁੜ ਦਿੱਲੀ ਜਾ ਕੇ ਹੀ ਡੇਰੇ ਲਾਉਣੇ ਪੈਣਗੇ।' ਸਰਦਾਰ ਬਾਜ ਸਿੰਘ ਨੇ ਕਰਤਾਰ ਸਿੰਘ ਨੂੰ ਆਖਿਆ।

'ਤੇ ਸਰਦਾਰਾਂ ਸਿੰਘ ਲਈ ਕੀ ਹੁਕਮ ਹੈ ?'

'ਇਹ ਖ਼ਾਲਸਾ ਫ਼ੌਜ ਵਿਚ ਸ਼ਾਮਲ ਹੋ ਕੇ ਸੇਵਾ ਕਰੇ ਤੂੰ ਦਸ ਕਿ ਦਿੱਲੀ ਵਿਚ ਤੇਰੇ ਲਈ ਕੋਈ ਖ਼ਤਰਾ ਤਾਂ ਨਹੀਂ ਹੋਵੇਗਾ ?' ਸਰਦਾਰ ਬਾਜ ਸਿੰਘ ਨੇ ਫੇਰ ਕਰਤਾਰ ਸਿੰਘ ਨੂੰ ਹੀ ਸੰਬੋਧਨ ਕੀਤਾ।

'ਸਰਦਾਰ ਜੀ, ਖ਼ਤਰੇ ਦੀ ਗਲ ਨਾ ਕਰੋ, ਪੰਥ ਦੀ ਸੇਵਾ ਲਈ ਜੇਕਰ ਇਹ ਜਾਨ ਚਲੀ ਜਾਵੇ ਤਾਂ ਇਸ ਨਾਲੋਂ ਚੰਗੀ ਗੱਲ ਹੋਰ ਕੀ ਹੋਵੇਗੀ ਤੇ ਮੈਂ ਜਾਵਾਂਗਾ ਜ਼ਰੂਰ ਜਾਵਾਂਗਾ।' ਕਰਤਾਰ ਸਿੰਘ ਨੇ ਬੜੇ ਜ਼ੋਰ ਨਾਲ ਆਖਿਆ।

'ਬਾਦਸ਼ਾਹ ਬਹਾਦਰ ਸ਼ਾਹ ਵਾਪਸ ਦਿੱਲੀ ਆ ਰਿਹਾ ਹੈ ਨਾ ?' ਸਰਦਾਰ ਸ਼ਾਮ ਸਿੰਘ ਨੇ ਪੁੱਛਿਆ।

'ਜੀ ਪਰ ਹੋ ਸਕਦਾ ਹੈ ਕਿ ਕੁਝ ਚਿਰ ਪੰਜਾਬ ਵਿਚ ਹੀ ਠਹਿਰੇ।' ਕਰਤਾਰ ਸਿੰਘ ਦਾ ਉਤਰ ਸੀ। ਉਸ ਨੇ ਇਹ ਵੀ ਕਿਹਾ ਕਿ ਇਹ ਵੀ ਹੋ ਸਕਦਾ ਹੈ ਕਿ ਏਥੋਂ ਦੀ ਜੰਗ ਸਮੇਂ ਏਥੇ ਆਸ ਪਾਸ ਹੀ ਰਹੇ।'

(ਚਲਦਾ...)

# ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਅਤੇ ਸਨਾਤਨ ਧਰਮ

- ਪ੍ਰੋ. ਹਰਿੰਦਰ ਸਿੰਘ ਮਹਿਬੂਬ

ਡਾਕਟਰ ਇਕਬਾਲ ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਹਿੰਦੋਸਤਾਨ ਨੂੰ 'ਬੁੱਤ-ਕਦਹ' ਮੂਰਤੀਆਂ ਦੀ ਬਹੁਲਤਾ ਕਾਰਨ ਨਹੀਂ ਆਖਦੇ, ਸਗੋਂ ਮਨੁੱਖੀ ਚੇਤਨਾ ਉੱਤੇ ਕਾਬਜ਼ ਭਿਅੰਕਰ ਸਿਥਲਤਾ, ਤੁੰਦ ਹਉਮੈਂ, ਦਵੈਤ ਦੀ ਖ਼ੁਸ਼ਕ ਅਤੇ ਰਸਹੀਣ ਖਲਾ ਅਦਵੈਤ ਦੇ ਚੱਕਰ ਉੱਤੇ ਚੜ੍ਹੀ ਤੁਰਸ਼ ਨਿਰਲੇਪਤਾ ਅਤੇ ਗਣਿਤ ਸੂਤਰਾਂ ਨਾਲ ਲੱਭੀ ਹੋਈ ਰੂਹਾਨੀ ਮੰਜ਼ਿਲ ਦੀ ਇਕਹਿਰੀ ਹੋਂਦ ਨੂੰ ਉਹ ਬੁੱਧ ਆਖਦੇ ਹਨ। ਸਮੂਹਿਕ ਪੱਧਰ 'ਤੇ ਅਜਿਹੀ ਚੇਤਨਾ ਇਕਬਾਲ ਦੀ ਨਜ਼ਰ ਵਿਚ 'ਬੁੱਤ-ਕਦਹ' ਹੈ। ਗੁਰੂ ਨਾਨਕ ਸਾਹਿਬ ਦਾ 'ਸਚਿ ਖੰਡ' ਸੱਚ ਦੇ ਅਮਲ ਵਿਚ ਜ਼ਿੰਦਗੀ ਦੀ ਮਹਾਂ ਕਾਵਿਕ ਸ਼ਾਨ ਹੈ। ਜੇ ਇਹ ਸੱਚ ਨਿਰਲੇਪ ਏਕੋ ਏਕ ਸ਼ਕਤੀ ਜਾਂ ਅਗੰਮ ਹੈ ਤਾਂ ਸਿਰਫ਼ ਏਸੇ ਲਈ ਕਿ ਇਸ ਨੇ ਮਨੁੱਖ ਦੇ ਪੈਗ਼ੰਬਰੀ ਇਮਾਨ ਦਾ ਧੁਰਾ ਬਣਨਾ ਹੈ ਅਤੇ ਉਸ ਵਿਚ ਅਟੱਲ ਯਕੀਨ ਦੀ ਬਾਦਸ਼ਾਹਤ ਕਾਇਮ ਕਰਨੀ ਹੈ। ਇਸ ਪੈਗ਼ੰਬਰੀ ਇਮਾਨ ਵਿਚ ਰੱਬੀ ਰਹਿਮ, ਰੱਬੀ ਗ਼ਜ਼ਬ ਅਤੇ ਰੱਬੀ ਯਕੀਨ ਦੀਆਂ ਤਿੰਨ ਸੁਰਾਂ ਪ੍ਰਧਾਨ ਹਨ। ਗੁਰੂ ਨਾਨਕ ਸਾਹਿਬ ਆਪ ਹੀ ਇਹ ਪੈਗ਼ੰਬਰੀ ਇਮਾਨ ਹਨ (ਜਿਸ ਦਾ ਵਿਸਤਾਰ ਅੱਗੇ ਚੱਲ ਕੇ ਆਵੇਗਾ), ਪਰ ਇਸ ਦੀਆਂ ਬਹੁਤ ਸਾਰੀਆਂ ਟਰਮਾਂ ਗੁਰੂ ਸਾਹਿਬ ਦੇ ਜੀਵਨ-ਅਮਲ ਅਤੇ ਬਾਣੀ ਵਿਚ ਹਨ।

ਵੇਦਾਂਤੀਆਂ ਦਾ 'ਬ੍ਰਹਮ' ਸ਼ਕਤੀ ਦਾ ਆਖ਼ਿਰ ਹੈ, ਗੁਰੂ ਨਾਨਕ ਸਾਹਿਬ ਦਾ 'ਸੱਚ' ਮਨੁੱਖ ਦੇ ਪੈਗ਼ੰਬਰੀ ਇਮਾਨ ਦਾ ਆਖ਼ਿਰ ਹੈ। ਮੂਲ ਮੰਤਰ ਵਿਚ ਦਿੱਤੀ 'ਸਚੁ' ਦੀ ਨੁਹਾਰ ਨੂੰ ਭਾਰਤੀ ਫ਼ਲਸਫ਼ੇ ਵਿਚੋਂ ਲੱਭਿਆ ਜਾ ਸਕਦਾ ਹੈ। ਪਰ ਮਨੁੱਖ ਦੇ ਸੰਨੇ ਦੇ ਨੇੜੇ ਹੀ ਮੱਘ ਰਹੇ ਉਸ ਜੇਤੂ ਵਲਵਲੇ ਨੂੰ ਧਰਤੀ ਤੇ ਉਸ ਖਰਵੇ ਪਰ ਉਪਜਾਊ ਜਲਾਲ ਨੂੰ ਅਤੇ ਜ਼ਿੰਦਗੀ ਦੇ ਬਹੁ ਦਿਸ਼ਾਵਾਂ ਵਿਚ ਚੱਲ ਰਹੇ ਉਨਾਂ ਕਾਫ਼ਲਿਆਂ ਦੇ ਹਾਵਾਂ-ਭਾਵਾਂ ਨੂੰ ਭਾਰਤੀ ਫ਼ਲਸਫ਼ੇ ਵਿਚੋਂ ਨਹੀਂ ਦੇਖਿਆ ਜਾ ਸਕਦਾ, ਜਿਨਾਂ ਵਿਚੋਂ ਇਹ 'ਸਚੁ' ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਸਾਹਿਬ ਦੇ 'ਸਚਿ ਖੰਡਿ' ਵੱਲ ਤੱਕਣ ਤੋਂ ਪਹਿਲਾਂ ਇਕ ਵਿਸ਼ਾਲ ਸੁਹਜ ਪਸਾਰ ਵਿਚੋਂ ਹੀ ਗੁਜ਼ਰਨਾ ਪੈਂਦਾ ਹੈ, ਇਹ ਸੁਹਜ-ਪਸਾਰ ਜ਼ਿੰਦਗੀ ਦੀ ਸ਼ਰੀਣੀ ਅਤੇ ਕੁੜੱਤਣ, ਲੋਕ ਕਥਾ-ਰਸ, ਪੁਰਾਣ-ਰਸ, ਸਮਕਾਲੀ ਜੀਵਨ ਝਾਕੀਆਂ ਅਤੇ ਪਾਰਦਰਸ਼ੀ ਝਲਕਾਰਿਆਂ ਦੇ ਅਹਿਸਾਸ ਵਿਚੋਂ ਉਪਜਦਾ ਹੈ। 'ਜਪੁਜੀ' ਦੀਆਂ 'ਗਾਵੈ', 'ਸੁਣਿਐ', 'ਮੰਨੈ', 'ਅਸੰਖ' ਅਤੇ 'ਸੋਦਰੁ' ਜਹੀਆਂ ਪੌੜੀਆਂ ਦੇ ਰਾਗਮਈ ਸੰਕੇਤ ਇਕ ਮਹਾਨ ਪੌਰਾਣਿਕ ਸੰਘਣਤਾ ਵਿਚ ਜੀਵਨ ਦੀ ਸਾਦਗੀ ਨੂੰ ਬਿਨਾਂ ਉਚੇਚ ਪਰ ਕਿਸੇ ਗੰਭੀਰ ਸਹਿਜ ਨਾਲ ਨਿਹਾਲ ਕਰ ਰਹੇ ਹਨ। ਜ਼ਿੰਦਗੀ ਦਾ ਮਹਾਂ-ਕਾਵਿ ਮਨੁੱਖ ਦੇ ਲਹੂ ਦੇ ਨੇੜ ਤੇੜੇ ਜਦ ਗਿਆਨ, ਕੁਹਜ, ਗੁਨਾਹ, ਜ਼ਬਤ, ਖੇੜੇ, ਬਉਰਾਣੀ ਲਟਕ, ਪੁਰਾਣ, ਸੁਹਜ ਅਤੇ ਸਮਾਜਿਕ ਦ੍ਰਿਸ਼ਾਂ ਵਿਚੋਂ ਦੀ ਨਿਰੰਕਾਰੀ ਗੂੰਜਾਂ ਪਾਉਂਦਾ ਹੋਇਆ ਪ੍ਰਮਾਣਿਕਤਾ ਹਾਸਲ ਕਰਦਾ ਹੈ ? ਫੇਰ ਹੀ 'ਸਚਿ ਖੰਡ' ਬਣਦਾ ਹੈ। ਵੇਦਾਂਤ ਅਤੇ ਯੋਗ ਮੱਤ ਦੇ ਕਠਿਨ ਜੁਹਦ ਅਤੇ ਹਾਕਮਾਨਾ ਜ਼ਬਤ ਜ਼ਿੰਦਗੀ ਦੇ ਉਸ ਸ਼ੌਕ ਦੇ ਬੇਮੁਹਾਰੇ ਹੁਸਨ ਨੂੰ ਤਰਾਸ਼ ਦਿੰਦੇ ਹਨ ਜਿਸ ਦੀ ਇਲਾਹੀ ਸਲਤਨਤ ਅਤੇ ਫ਼ਕੀਰੀ ਵਿਚ ਕੁਫ਼ਰ ਕਰਨ ਦੇ ਹੱਕ ਵੀ ਪ੍ਰਾਪਤ ਹਨ। ਕੁਫ਼ਰ ਦੀ ਸੁੰਦਰਤਾ ਬਿਨਾਂ ਜੀਵਨ ਦੀ ਤਸਵੀਰ ਅਧੂਰੀ ਹੈ।

ਗੁਰੂ ਨਾਨਕ ਸਾਹਿਬ ਦੇ 'ਸਚਿ ਖੰਡਿ' ਵਿਚ ਵੇਦਾਂਤ ਦੇ ਜ਼ਬਤ ਅਤੇ ਯੋਗ ਮੱਤ ਦੇ ਜੁਹਦ ਦੀ ਅਪਾਰ ਸ਼ਕਤੀ ਛੁਪੀ ਹੋਈ ਹੈ, ਪਾਕ ਕੁਰਾਨ ਦਾ ਗ਼ਜ਼ਬ ਵੀ ਹੈ, ਪਰ ਨਾਲ ਹੀ ਸੂਫ਼ੀ ਵਾਲੀ ਲੱਜ਼ਤ ਅਤੇ ਮਾਂ ਦੇ ਦਿਲ ਜਿਹੀ ਮਿਹਰ ਹੈ। ਮਨੁੱਖ ਦਾ ਪੈਗ਼ੰਬਰੀ ਇਮਾਨ (ਸੱਚ ਖੰਡ) ਵੇਦਾਂਤ ਵਾਲੇ ਪਰਵਾਜ਼ ਵਿਚ ਹੈ, ਪਰ ਉਸ ਦੇ ਆਪਣੇ ਸੀਨੇ ਨਾਲ ਧਰਤੀ ਦਾ ਮੂੰਹ ਜ਼ੋਰ ਸੁਆਦ ਬੰਨਿਆ ਹੋਇਆ ਹੈ। 'ਜਪੁਜੀ', 'ਮਾਰੂ ਸੋਹਲੇ' ਅਤੇ 'ਸਿਧ ਗੋਸਟਿ' ਦੇ ਪ੍ਰਬਲ ਨਾਟ ਦੇ ਕੇਂਦਰੀ ਬਿੰਬ ਦੀ ਜੇ ਸਰਸਰੀ ਜਹੀ, ਨਸਰ ਦੇ ਰੰਗ ਵਾਲੀ ਅਤੇ ਨਿਰਮਾਣ ਥਾਂ ਉੱਤੇ ਖਲੋਤੀ ਤਸਵੀਰ ਹੋਵੇ ਤਾਂ ਗੁਰੂ ਜੀ ਦੇ ਇਹ ਸ਼ਬਦ ਧਿਆਨ-ਯੋਗ ਹਨ।

**ਅਮਲੁ ਕੁਰ ਧਰਤੀ ਬੀਜੁ ਸਬਦੋ**
**ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।**
**ਹੋਇ ਕਿਰਸਾਣੁ, ਈਮਾਨੁ ਜੰਮਾਇ ਲੈ**
**ਭਿਸਤੁ ਦੋਜ਼ਕੁ ਮੂੜੇ ਏਵ ਜਾਣੀ॥**
**ਮਤ ਜਾਣ ਸਹਿ ਗਲੀ ਪਾਇਆ॥**
**(ਗੁਰੂ ਗ੍ਰੰਥ ਸਾਹਿਬ, ਅੰਗ 24)**

ਇਕੱਲੇ ਇਹ ਸ਼ਬਦ ਐਨੇ ਜਾਨਦਾਰ ਨਹੀਂ, ਪਰ ਗੁਰੂ ਸਾਹਿਬ ਦੇ ਮਹਾਨ ਅਮਲ ਅਤੇ ਵੇਗ-ਭਰੇ ਇਲਾਹੀ ਸੁਖਨ ਨਾਲ ਮਿਲ ਕੇ ਇਨਾਂ ਸ਼ਬਦਾਂ ਵਿਚ ਜਾਨ ਹੈ, ਹੁਕਮ ਹੈ, ਮੁਹੱਬਤ ਅਤੇ ਯਕੀਨ ਹੈ।

ਮੱਧਕਾਲੀਨ ਭਗਤੀ ਲਹਿਰ ਜਿਸ ਰੂਹਾਨੀ ਮੰਜ਼ਲ ਦਾ ਪਤਾ ਦੇਂਦੀ ਹੈ, ਉਸ ਵਿਚ ਗੁਰੂ ਨਾਨਕ ਸਾਹਿਬ ਦਾ 'ਪਾਲੀ ਨੂੰ ਪਾਤਸ਼ਾਹੀ ਬਖ਼ਸ਼ਣੀ' (ਪੁਰਾਤਨ ਜਨਮ ਸਾਖੀ) ਜਿਹਾ ਸ਼ਹਿਨਸ਼ਾਹੀ ਅੰਦਾਜ਼ ਨਹੀਂ। ਗੁਰੂ ਸਾਹਿਬ ਪਿਤਾ ਰੂਪ ਦੇ ਜੇਤੂ ਜਲਾਲ ਵਿਚ ਆ ਕੇ ਗਰਬ ਗੁਮਾਨੀ ਸ਼ਾਹਾਂ ਦੇ ਧੌਂਸਿਆਂ, ਦੁਨੀਆ ਦੀਆਂ ਦੌਲਤਾਂ, ਕਰਮ ਕਾਂਡ ਦੀਆਂ ਸ਼ਕਲਾਂ, ਭਾਰਤੀਆਂ ਦੀਆਂ ਅਨੇਕ ਪੌਰਾਣਿਕ ਸੰਕਲਪਾਂ, ਧਾਰਮਿਕ ਗਿਆਨ ਦੀਆਂ ਪੁਸਤਕਾਂ ਧਰਤੀ ਦੇ ਪੈਗ਼ੰਬਰਾਂ, ਰੂਹਾਨੀ ਤਜਰਬਿਆਂ, ਅਕਾਸ਼ਾਂ ਅਤੇ ਬ੍ਰਹਿਮੰਡਾਂ ਨੂੰ ਵੱਡੇ ਸੱਚ ਦੇ ਸਾਹਮਣੇ ਬਲਹੀਣ ਲਹਿਰਾਂ ਬਣਾ ਕੇ ਰੱਖ ਦਿੰਦੇ ਹਨ, ਜਾਂ ਕਿਸੇ ਮਹਾਂ ਨਾਦ ਦੀਆਂ ਮਸਕੀਨ ਸੁਰਾਂ ਬਣਾ ਦਿੰਦੇ ਹਨ।

ਯੋਗ ਮੱਤ ਦੇ ਅਨੇਕ ਰਾਹ, ਵੇਦਾਂਤ ਦੇ ਦਾਰਸ਼ਨਿਕ ਸੂਤਰ ਅਤੇ ਪੌਰਾਣਿਕ ਨਾਇਕ ਕਿਸੇ ਗ਼ਜ਼ਬਨਾਕ ਗਰਜ ਦੇ ਭੈਅ ਵਿਚ ਚੱਲ ਰਹੇ ਹਨ। 'ਆਸਾ ਦੀ ਵਾਰ' ਦੇ 'ਭੈਅ ਵਿਚਿ' ਅਤੇ 'ਵਿਸਮਾਦੁ' ਜਿਹੇ ਸ਼ਲੋਕਾਂ ਅਤੇ 'ਜਪੁਜੀ' ਸਾਹਿਬ ਵਿਚ 'ਹੁਕਮ' ਦਾ ਇਕ ਐਸਾ ਚੱਕਰ ਚੱਲ ਰਿਹਾ ਹੈ, ਜਿਸ ਵਿਚ ਵਕਤ ਦੇ ਕਿਸੇ ਵੀ ਜਲਾਲ ਨੂੰ ਤੋੜ ਸੁੱਟਣ ਦੀ ਸ਼ਕਤੀ ਹੈ, ਪਰ ਇਸ ਜਬਰ ਦੇ ਓਹਲੇ ਬਹੁਤ ਵੱਡਾ ਰਹਿਮ ਲੁਕਿਆ ਹੋਇਆ ਹੈ ਅਤੇ ਸ੍ਰਿਸ਼ਟੀ ਦੇ ਅਮੁੱਕ ਭੰਡਾਰ ਛੁਪੇ ਹੋਏ ਹਨ:

**ਦੇਦਾ ਦੇ ਲੈਦੇ ਥਕਿ ਪਾਹਿ**
**ਜੁਗਾ ਜੁਗੰਤਰਿ ਖਾਹੀ ਖਾਹਿ॥**

ਇਸ ਦੇ ਉਲਟ ਭਗਤੀ ਲਹਿਰ ਭਾਰਤੀ ਪੌਰਾਣਿਕ ਸੰਕਲਪਾਂ, ਨਾਇਕਾਂ ਅਤੇ ਪ੍ਰਾਚੀਨ ਦਾਰਸ਼ਨਿਕ ਸੂਤਰਾਂ ਵਿਚ ਹੀ ਦਿਲ ਦੀ ਤਾਜ਼ਗੀ ਪੈਦਾ ਕਰਦੀ ਹੈ। ਗਿਆਰਵੀਂ ਸਦੀ ਦੇ ਜੈ ਦੇਵ (ਕਰਤਾ : ਗੀਤ ਗੋਬਿੰਦ) ਚੈਤਨਯ, ਮੀਰਾਂ ਬਾਈ ਆਦਿ ਵੈਰਾਗ ਰੂਹਾਨੀ ਸੁਹਜ ਅਤੇ ਇਲਾਹੀ ਸਾਂਝ ਦੇ ਰੰਗਾਂ ਨੂੰ ਅਤਿ ਵੀਣਿਕ ਸੁਰਾਂ ਵਿਚ ਅਲਾਪਦੇ ਹਨ, ਪਰ ਉਹ ਪਿਤਾ-ਰੂਪ ਦੀ ਅਸੀਮ ਛਤਰ ਛਾਇਆ ਹੇਠ ਮਨੁੱਖੀ ਚੇਤਨਾ ਨੂੰ ਰੱਬੀ ਰਹਿਤ, ਰੱਬੀ ਗ਼ਜ਼ਬ ਅਤੇ ਰੱਬੀ ਯਕੀਨ ਦੀ ਬਖ਼ਸ਼ੀਸ਼ ਨਹੀਂ ਕਰ ਸਕੇ। ਉਨਾਂ ਕੋਲ ਭਾਰਤੀ ਪੁਰਾਣ, ਇਤਿਹਾਸ ਅਤੇ ਚਿੰਤਨ ਦੀ ਸੀਮਾ ਵਿਚ ਖਲੋਤੇ ਬਹੁਤ ਹੀ ਸੂਖਮ ਬੁੱਤਾਂ ਸਾਹਮਣੇ ਬਉਰਾਨੇ ਹੋਣ ਜੋਗਾ ਨਸ਼ਾ ਤਾਂ ਹੈ ਪਰ ਇਨਾਂ ਸੂਖਮ ਬੁੱਤਾਂ ਨੂੰ ਤੋੜ ਕੇ ਅਤੇ ਫੇਰ 'ਹੁਕਮ' ਦਾ ਮੰਡਲ ਸਾਜ ਕੇ 'ਕਰਮ ਖੰਡ ਕੀ ਬਾਣੀ ਜੋਰੁ। ਤਿਥੈ ਹੋਰੁ ਨ ਕੋਈ ਹੋਰੁ' ਜਿਹਾ ਰੂਹਾਨੀ ਪੈਗ਼ਾਮ ਦੇਣ ਦੀ ਤਾਕਤ ਉਨਾਂ ਵਿਚ ਨਹੀਂ।

ਗੁਰੂ ਸਾਹਿਬ ਜ਼ਿੰਦਗੀ ਵਿਚ ਵੀ ਅਤੇ ਆਪਣੀ ਰੱਬੀ ਬਾਣੀ ਵਿਚ ਵੀ ਸੱਚ ਦੀ ਇਕ ਦਾਰਸ਼ਨਿਕ ਸੁੰਦਰਤਾ ਸਾਜ ਕੇ ਤੁਰ ਦੇ ਜਲਵੇ ਵਾਂਗ ਕਿਸੇ ਸਰੂਰ ਦੀ ਹਨੇਰੀ ਝੁਲਾਉਂਦੇ ਹਨ, ਜਿਸ ਦੇ ਪਿਤਾ-ਬਿੰਬ ਸਾਹਮਣੇ ਹਰ ਕਮਜ਼ੋਰੀ ਸ਼ਰਮਸਾਰ ਹੋ ਜਾਂਦੀ ਹੈ। ਜਪੁਜੀ ਸਾਹਿਬ ਤੋਂ ਜ਼ਫ਼ਰਨਾਮਾ (ਜਾਪੁ ਸਾਹਿਬ ਜਾਂ ਸਵੱਯੇ-ਪਾਤਸ਼ਾਹੀ 10) ਦਾ ਪੰਧ ਸਿਖਰ ਦੁਪਹਿਰ ਵੱਲ ਵਧਦੇ ਸੂਰਜ ਵਾਂ ਕਿਸੇ ਅਜਿਹੇ ਕਹਿਰ ਦੀ ਦਾਸਤਾਨ ਹੀ ਹੈ, ਜਿਸ ਵਿਚ ਸੱਚ ਅਤੇ ਸੱਚ ਤੋਂ ਅਗਲੇ 'ਆਚਾਰੁ' ਦੀ ਆਭਾ ਤੋਂ ਮੁਨਕਰ ਹਉਮੈਂ ਦੇ ਨਿਰਾਕਾਰ ਦੀਆਂ ਤਫ਼ਸੀਲਾਂ ਬੰਨ ਕੇ ਸਮਕਾਲੀ ਪਾਤਸ਼ਾਹਾਂ ਦੇ ਸਿਰ ਉੱਤੇ ਕਟਕਦੇ ਰੋਹ ਦਾ ਇਲਹਾਮ ਉਤਰਦਾ ਹੈ।

ਮਹਾਤਮਾ ਗਾਂਧੀ (Young India, 1925 ਵਿਚ), ਪੰਡਤ ਨਹਿਰੂ (Discovery of India ਵਿਚ) ਅਤੇ ਸੁਆਮੀ ਵਿਵੇਕਾਨੰਦ (Collected Works ਵਿਚ) ਗੁਰੂ ਸਾਹਿਬ ਨੂੰ ਜਦ ਹਿੰਦੂ ਧਰਮ ਦੀ ਇਕ ਸ਼ਾਖ਼ ਹੀ ਮਿਥਦੇ ਹਨ ਤਾਂ ਉਹ ਇਹ ਨਹੀਂ ਸਮਝਦੇ ਕਿ :

(ੳ) ਗੁਰੂ ਸਾਹਿਬ ਦੇ ਪੈਗ਼ੰਬਰੀ ਦ੍ਰਿਸ਼ ਵਿਚ ਅਸੰਖ ਸਾਲਾਂ ਦੀ ਉਮਰ ਦੇ ਪੌਰਾਣਿਕ ਸੰਕਲਪ, ਚੱਕਰਵਰਤੀ ਸ਼ਹਿਨਸ਼ਾਹਾਂ ਦੇ ਘੁਮੰਡ, ਗਿਆਨ-ਧਿਆਨ ਦੇ ਉੱਚੇ ਦਾਅਵੇ ਅਤੇ ਯੋਗ ਮੱਤ ਦੇ ਕਠਿਨ ਪੈਂਡੇ ਅਕਾਲ ਸਾਹਮਣੇ ਤੁੱਛ ਖੇਡਾਂ ਤੋਂ ਬਿਨਾਂ ਕੁਝ ਵੀ ਨਹੀਂ। ਜੇ ਇਨਾਂ ਨੂੰ ਸਿਮਰ ਕੇ ਮਨੁੱਖ ਦੇ ਮਨ ਵਿਚ ਕਿਸੇ ਵੀ ਪ੍ਰਕਾਰ ਦੀ ਹਉਮੈਂ, ਅਭਿਮਾਨ ਜਾਂ ਓਪਰੇ ਸੁਆਦ ਉਪਜਦੇ ਹਨ ਤਾਂ ਪੈਗ਼ੰਬਰੀ ਹਾਸਾ ਕਿਸੇ ਵੰਗਾਰ, ਹੁਕਮ ਅਤੇ ਸਰਬੋਤਮ ਹਾਊਸਾਂ ਵਾਂਗ ਗਰਜ ਦਾ ਹੈ :

**'ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ।'**
**'ਜੇ ਤਿਸੁ ਨਦਰਿ ਨ ਆਵਈ**
**ਤਾ ਵਾਤ ਨ ਪੁਛੈ ਕੇ।'**

(ਅ) ਵੱਡੀ ਤੋਂ ਵੱਡੀ ਦੌਲਤ ਸ਼ੁਹਰਤ ਅਤੇ ਗਿਆਨ ਦੀ ਹਉਮੈਂ ਸੀਮਾ ਵਿਚ ਆਇਆ ਵਿਅਕਤੀ ਜਿੱਥੇ ਗੁਰੂ ਸਾਹਿਬ ਲਈ ਕੀਟ ਹੈ, ਉੱਥੇ ਉਸ ਦਾ ਦੂਜਾ ਸੱਚ ਖੰਡ ਰੂਪ ਵਿਜੈ ਅਤੇ ਮਿਹਰ ਦਾ ਸਾਕਾਰ ਚਿੱਤਰ ਵੀ ਹੈ। ਭਗਤੀ ਲਹਿਰ ਦੇ ਵੈਰਾਗ ਵਿਚ ਵਿਜੈ ਦੀ ਉਹ ਸੀਮਾ ਨਹੀਂ ਆਈ, ਜਦੋਂ ਕਿ ਮਿਹਰ ਦੀ ਤਾਕਤ ਆਉਂਦੀ ਹੈ। ਭਗਤੀ ਲਹਿਰ ਪੌਰਾਣਿਕ ਨਾਇਕ-ਲੜੀ ਅਤੇ ਪ੍ਰਾਚੀਨ ਚਿੰਤਨ ਸੁਰਾਂ ਵਿਚੋਂ ਹੀ ਕਿਸੇ ਸੱਚ ਦਾ ਨਿਤਾਰਾ ਕਰਦੀ ਹੈ, ਪਰ ਗੁਰੂ ਸਾਹਿਬ ਮਨੁੱਖੀ ਚੇਤਨਾ ਨੂੰ ਨਿਰਭੈ-ਪਦ ਉੱਤੇ ਸੁਸ਼ੋਭਿਤ ਕਰਦੇ ਹਨ। ਉਹ ਆਪਣੇ ਨਿਰਭੈ ਅਲਾਪ ਨੂੰ ਐਸੀ ਵਿਰਾਟ ਲੈ ਵਿਚ ਬੰਨਦੇ ਹਨ ਕਿ ਪ੍ਰਾਚੀਨ ਦਾ ਸਨਮਾਨ ਤਾਂ ਕਾਇਮ ਰਹਿੰਦਾ ਹੈ, ਪਰ ਉਸ ਦੀਆਂ ਬਲਵਾਨ ਆਵਾਜ਼ਾਂ ਇਸ ਨਿਰਭੈ ਅਲਾਪ ਹੇਠ ਨਿੱਕੀਆਂ ਨਿੱਕੀਆਂ ਲਹਿਰਾਂ ਬਣ ਕੇ ਖਿੰਡ ਜਾਂਦੀਆਂ ਹਨ।

(ੲ) ਰਿਗਵੇਦ ਵਿਚ ਰਸ ਸੰਘਣਤਾ ਸੀ, ਪਰ ਦਰਸ਼ਨ ਦੀ ਮਨੁੱਖ ਦੇ ਲਹੂ ਨਾਲ ਜੁੜੀ ਤਸਵੀਰ ਨਹੀਂ ; ਉਪਨਿਸ਼ਦਾਂ ਅਤੇ ਵੇਦਾਂਤ ਵਿਚ ਪਾਰਦਰਸ਼ੀ ਦ੍ਰਿਸ਼ ਦੀ ਸਿਰਜਣਾ ਗਣਿਤ ਵਿਧੀ ਨਾਲ ਹੋਈ ਸੀ। ਇਹ ਗੁਰੂ ਨਾਨਕ ਸਾਹਿਬ ਹੀ ਸਨ, ਜਿਨਾਂ ਪਾਰਦਰਸ਼ੀ ਦ੍ਰਿਸ਼ ਦੇ ਅਨੰਤ ਦਰਵਾਜ਼ੇ ਵੀ ਵਿਖਾਏ, ਪਰ ਨਾਲ ਹੀ ਮਨੁੱਖੀ ਚੇਤਨਾ ਨੂੰ ਇਨਾਂ ਦਾ ਸੰਗੀ ਬਣਾ ਕੇ ਪੈਗ਼ੰਬਰੀ ਇਮਾਨ ਨੂੰ ਪੈਦਾ ਕੀਤਾ। ਇਹੋ ਕਾਰਨ ਹੈ ਕਿ ਡਾਕਟਰ ਇਕਬਾਲ ਬੁੱਧ ਜੀ ਪਿੱਛੋਂ 'ਬਾਰਿਸ਼-ਰਹਿਮਤ' ਕਰਨ ਵਾਲੇ ਅਤੇ 'ਤੌਹੀਦ' ਦਾ ਪੈਗ਼ਾਮ ਦੇਣ ਵਾਲੇ ਸਿਰਫ਼ ਗੁਰੂ ਨਾਨਕ ਸਾਹਿਬ ਨੂੰ ਹੀ ਮੰਨਦੇ ਹਨ।

ਭਾਈ ਗੁਰਦਾਸ ਪਹਿਲੀ ਵਾਰ ਵਿਚ ਜਦ ਗੁਰੂ ਸਾਹਿਬ ਦੀ ਕਲਪਨਾ 'ਸੂਰਜ' ਅਤੇ ਸ਼ੇਰ ਦੇ ਬਿੰਬਾਂ ਵਿਚ ਕਰਦੇ ਹਨ ਤਾਂ ਇਸ ਦੇ ਪਿੱਛੇ ਇਕ ਸਦੀ ਦੇ ਪ੍ਰਭਾਵਾਂ ਦੇ ਸਮੂਹ ਦਾ ਜ਼ੋਰ ਸੀ, ਜਿਨਾਂ ਦਾ ਕਾਵਿਮਈ ਵਿਸਤਾਰ ਪੁਰਾਤਨ ਜਨਮ ਸਾਖੀ ਅਤੇ ਹੋਰ ਜਨਮ ਸਾਖੀਆਂ ਵਿਚ ਹੋਇਆ। ਗੁਰੂ ਸਾਹਿਬ ਦੀ ਰੂਹਾਨੀ ਚੜਤਲ ਲੋਕਾਂ ਲਈ ਇਕ ਕ੍ਰਿਸ਼ਮਾ ਸੀ, ਜਿਸ ਦੀ ਕਾਵਿ-ਤਾਸੀਰ ਕਿਸੇ ਜਿੱਤ ਦਾ ਅਵਤਾਰ ਧਾਰ ਕੇ ਭਾਈ ਗੁਰਦਾਸ ਦੀ ਵਾਰ ਵਿਚ ਉੱਭਰਦੀ ਹੈ। ਗੁਰੂ ਸਾਹਿਬ ਦੇ ਵਿਜੈ-ਚਿੱਤਰ ਵਿਚ ਐਨੀ ਗਰਮੀ ਅਤੇ ਕਹਿਰ ਹੈ ; ਆਪ ਦੀ ਚਾਲ ਵਿਚ ਐਸੀ ਧਮਕ ਹੈ ਅਤੇ ਆਪ ਦੇ ਅੰਦਾਜ਼ੇ ਵਿਚ ਐਸਾ ਮਘਦਾ ਸੱਚ ਹੈ ਕਿ ਸੂਰਜ ਅਤੇ ਸ਼ੇਰ ਪਰੰਪਰਾਗਤ ਨਹੀਂ ਰਹੇ, ਸਗੋਂ ਇਨਾਂ ਬਿੰਬਾਂ ਦੁਆਲੇ ਲਿਪਟਿਆਂ ਜ਼ਿੰਦਗੀ ਦਾ ਖਰਵਾ ਪਰ ਉਪਜਾਊ ਕਿਸਾਨੀ ਰੂਪ ਵੇਦ ਪੁਰਾਣਾਂ ਦੀ ਗਿਆਨ-ਅਸਚਰਜਤਾ, ਸ਼ਾਸਤਰਾਂ ਦਾ ਕਠਨ ਨਿਆਂ, ਸਿੱਧਾ-ਜੋਗੀਆਂ ਦੀ ਸ਼ਕਤੀ ਪਕੜ ਅਤੇ ਵੰਗਾਰ ਦਾ ਹਠ ਸਮੇਂ ਦੇ ਪਾਤਸ਼ਾਹਾਂ ਦੇ ਅਭਿਮਾਨ ਅਤੇ ਤ੍ਰੈ-ਗੁਣੀ ਸੰਸਾਰ ਦੇ ਦੰਭਾਂ ਸਮੇਤ ਚਹੁੰ ਯੁੱਗਾਂ ਦੇ ਰਣਵਾਸ ਦੀ ਆਮਦ ਨੂੰ ਅਗਿਆਨ-ਹਨੇਰ ਦੇ ਵੱਢ-ਕੋਟ ਖਲੋਤਾ ਉਡੀਕ ਰਿਹਾ ਹੈ।

ਭਾਈ ਗੁਰਦਾਸ ਜੀ ਪ੍ਰਿਥਮ ਵਾਰ ਵਿਚ ਕਾਵਿ-ਅਤਿ ਕਥਨੀ ਦਾ ਮਾਮੂਲੀ ਅਣਸੁਖਾਵਾਂ ਰੰਗ ਵੀ ਨਹੀਂ, ਸਗੋਂ ਇਹ ਵਾਰ ਇਕ ਸਦੀ ਦੇ ਲੋਕ ਮਨ ਦਾ ਬਿਬੇਕ ਦੀ ਤੀਬਰ ਸਿਖਰ ਤੋਂ ਉਚਾਰਿਆ ਇਕ ਐਸਾ ਆਵੇਸ਼ ਹੈ, ਜਿਸ ਦੀ ਗਰਜ ਨੂੰ ਕਲਾ ਦੇ ਵੱਡੇ ਸੰਕੋਚ ਨੇ ਹੋਰ ਵੀ ਪ੍ਰਚੰਡ ਅਤੇ ਤੀਖਣ ਕਰ ਦਿੱਤਾ ਹੈ।

'ਸਚੁ' ਦੇ ਅਚੰਭਿਤ ਜਲਵਿਆਂ ਨੂੰ ਤੱਕ ਕੇ ਉੱਠੀ ਚੇਤਨਾ ਦੀ ਸਮੂਹਿਕ ਪ੍ਰਤੀ ਧੁਨੀ ਡੇਢ ਸਦੀ ਤੱਕ ਸੰਘਣੀ, ਗੰਭੀਰ ਅਤੇ ਭਰਪੂਰ ਹੁੰਦੀ ਰਹੀ, ਕਿਸੇ ਵੀ ਉਚੇਚ ਨੇ ਇਸ ਨੂੰ ਵਲੂੰਧਰਿਆ ਨਹੀਂ। ਬੇਸ਼ੱਕ ਜਨਮ ਸਾਖੀਆਂ ਵਿਚ ਹੋਰਨਾਂ ਧਰਮਾਂ ਦੀਆਂ ਉੱਪਰ-ਪਰਾਸਰੀਰਕ ਰੰਗ ਵਾਲੀਆਂ ਕਥਾਵਾਂ ਵੀ ਹਨ, ਪਰ ਇਹ ਕਿਸੇ ਆਦਤ ਅਤੇ ਲਾਲਚ ਦੀ ਪ੍ਰੇਰਨਾ ਅਧੀਨ ਸੰਗ੍ਰਹਿਤ ਨਹੀਂ ਕੀਤੀਆਂ ਗਈਆਂ, ਸਗੋਂ ਇਹ ਗੁਰੂ ਨਾਨਕ ਸਾਹਿਬ ਤੋਂ ਉਪਜੇ ਉਜਾਲੇ ਦੇ ਆਕਰਸ਼ਣ ਦਾ ਸਿੱਟਾ ਹਨ। ਗੁਰੂ ਗ੍ਰੰਥ ਦੇ ਪੈਗ਼ੰਬਰੀ ਜਲਵੇ ਨੂੰ ਬੰਨਣ ਦਾ ਹੁੱਬ ਲੈ ਕੇ ਇਨਾਂ ਜਨਮ ਸਾਖੀਆਂ ਵਿਚ ਲੋਕ-ਪ੍ਰਤਿਭਾ ਨੇ ਕੋਈ ਟਿਕਵਾਂ, ਸੰਘਣਾ ਅਤੇ ਇਕਾਗਰ ਉਛਾਲਾਂ ਮਾਰਿਆ ਹੈ, ਜਾਂ ਇਉਂ ਆਖੋ ਅਤੀਤ ਦੇ ਪਰਦੇ ਪਿੱਛੇ ਖਲੋਤੀਆਂ ਹਜ਼ਾਰਾਂ ਅਦ੍ਰਿਸ਼ਟ ਅਤੇ ਗੁਮਨਾਮ ਰੂਹਾਂ ਨੇ ਗੁਰੂ ਸਾਹਿਬ ਨੂੰ ਰੱਬੀ ਗ਼ਜ਼ਬ, ਰੱਬੀ ਯਕੀਨ ਅਤੇ ਰੱਬੀ ਰਹਿਮ ਦੀ ਸਾਂਝੀ ਅੱਗ ਨਾਲ ਲਿਸ਼ਕ ਰਿਹਾ ਸਿੱਜਦਾ ਕਿਸੇ ਵੱਡੇ ਸਹਿਜ ਵਿਚ ਕੀਤਾ।

## ਰੱਬੀ ਗ਼ਜ਼ਬ

ਭਾਈ ਗੁਰਦਾਸ ਨੇ ਕਿਸਾਨ ਦੀ ਭਰਪੂਰ ਸਾਦਗੀ ਦੇ ਦ੍ਰਿਸ਼ ਵਿਚ ਚਹੁੰ ਯੁੱਗਾਂ ਦੇ ਰਣਵਾਸ ਨੂੰ ਪੇਸ਼ ਕੀਤਾ। 'ਸੂਰਜ' ਅਤੇ 'ਸਿੰਘ' ਦੇ ਬਿੰਬਾਂ ਦੇ ਓਹਲੇ ਇਕ ਮਹਾਂ ਗਰਜ ਉੱਠ ਰਹੀ ਹੈ, ਜਿਸ ਦੀ ਅੰਤਰੀਵ ਅਤੇ ਪ੍ਰਤੀਨਿਧ ਸ਼ਕਤੀ ਗੁਰੂ ਸਾਹਿਬ ਦੀਆਂ ਅਜਿਹੀਆਂ ਅਨੇਕ ਤੁਕਾਂ ਤੇ ਅਜਿੱਤ ਤਾਣ ਨਾਲ ਇਕਸੁਰ ਹੈ : 'ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।' ਬਾਬਰ ਦੀ ਸਾਖੀ ਗੁਰੂ ਸਾਹਿਬ ਦੀ ਵਿਜੈ ਦੇ ਅਨੇਕ ਪੱਖਾਂ ਦੀ ਕੋਈ ਕੇਂਦਰੀ ਪਛਾਣ ਹੈ, ਜਿਸ ਦੇ ਯਕੀਨ ਚਮਤਕਾਰ ਨੂੰ ਜੇ ਇਕੱਠਾ ਕਰ ਦੇਈਏ ਤਾਂ ਕਿਸੇ ਰੂਹਾਨੀ ਹੁਕਮ ਦੀ ਸਿਰਜਣਾ ਹੁੰਦੀ ਹੈ।

ਇਹ ਰੂਹਾਨੀ ਹੁਕਮ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੇਂਦਰ ਤੋਂ ਬਿਬੇਕ ਦੀ ਕੋਈ ਬਲਵਾਨ ਰੁਮਕ ਚੁਫੇਰੇ ਸੁੱਟ ਰਿਹਾ ਹੈ। ਕਲਯੁਗ, ਕਾਉਡਾ ਰਾਖਸ਼, ਸੱਜਣ ਠੱਗ, ਨੂਰ ਸ਼ਾਹ ਅਤੇ ਮੱਕਾ ਫੇਰਨ ਦੀਆਂ ਸਾਖੀਆਂ ਕਿਸੇ ਰੱਬੀ ਗ਼ਜ਼ਬ ਦੀ ਦਾਸਤਾਨ ਹੀ ਹਨ, ਜਿਨਾਂ ਪਿੱਛੇ ਪਹਾੜ ਵਾਂਗ ਅਡੋਲ ਟਿਕਿਆ, ਬਾਬਰ ਅਤੇ ਵਲੀ ਕੰਧਾਰੀ ਨੂੰ ਵੰਗਾਰਦਾ, ਮੁਕਤੀ ਦੀ ਖ਼ੁਮਾਰੀ ਵਿਚ ਅਨੰਦਿਤ, ਸੁਤੰਤਰ, ਨਿਰਲੇਪਤਾ ਦੇ ਜਲੌ ਨਾਲ ਭਰਪੂਰ ਅਤੇ ਜਿੱਤ ਦੇ ਸੁਆਦ ਵਿਚ ਡੁੱਬਿਆ ਕੋਈ ਦੈਵੀ ਰੋਹ ਸਾਗਰ ਵਾਂਗ ਫੈਲਿਆ ਹੋਇਆ ਹੈ। ਗੁਰੂ ਸਾਹਿਬ ਦੇ ਗ਼ਜ਼ਬ ਵਿਚ ਧਰਤੀ ਜਿਹਾ ਸਬਰ ਅਤੇ ਸੂਰਜ ਜਿਹਾ ਤਪ ਉਪਜਣ ਪਿੱਛੋਂ ਹੀ ਰਹਿਮ ਉਪਜਦਾ ਹੈ। ਸੋ ਬੁੱਧ ਜੀ ਵਾਂਗ ਨਾਗ ਉਨਾਂ ਦੇ ਸਿਰ ਉੱਤੇ ਵੀ ਛਾਵਾਂ ਕਰ ਸਕਦੇ ਹਨ, ਇਹ ਲੋਕ ਪ੍ਰਤਿਭਾ ਦਾ ਵਹਿਮ ਨਹੀਂ, ਸਾਂਝੇ ਇਮਾਨ ਦੀ ਸ਼ਕਤੀ ਵਿਚੋਂ ਉਪਜੀ ਬਹੁਤ ਹੀ ਸੱਚੀ ਅਤੇ ਸਹੀ ਗਵਾਹੀ ਹੈ।

ਇਹ ਰੱਬੀ ਗ਼ਜ਼ਬ ਆਪਣੇ ਟਿਕਾ, ਮਾਸੂਮੀ, ਯਕੀਨ ਦੀ ਚੜਤਲ ਅਤੇ ਬਿਨ ਮੰਗੀ ਮਿਹਰ ਨਾਲ ਜਦੋਂ ਕਪਟ ਦੀ ਕਿਸੇ ਸਮਾਜਿਕ, ਰਾਜਸੀ ਅਤੇ ਧਾਰਮਿਕ ਸ਼ਕਲ ਨੂੰ ਵੇਖਦਾ ਹੈ, ਤਾਂ ਉਸ ਸ਼ਕਲ ਵਿਚ ਚੇਤਨਾ ਦੀ ਹਿਲਜੁਲ ਕਰਨ ਕਈ ਪ੍ਰਕਾਰ ਦੀਆਂ ਤਰੇੜਾਂ ਪੈਦਾ ਹੋ ਜਾਂਦੀਆਂ ਹਨ। ਅਗਲੀਆਂ ਸਦੀਆਂ ਵਿਚ ਇਹ ਰੱਬੀ ਗ਼ਜ਼ਬ ਜਦ ਸ਼ਹੀਦੀ ਦੇ ਅਨੇਕ ਵੇਸਾਂ ਵਿਚ ਪ੍ਰਗਟ ਹੋਇਆ ਤਾਂ ਕਪਟ ਦੀਆਂ ਸ਼ਕਤੀਆਂ ਨੂੰ ਜ਼ਮੀਰ ਦਾ ਇਕ ਨਵਾਂ ਸਬਕ ਮਿਲਿਆ। ਬਾਬਰ ਦੇ ਕੁਹਰਾਮ ਨੂੰ ਤੱਕ ਕੇ ਗੁਰੂ ਸਾਹਿਬ ਦੇ ਸੀਨੇ ਵਿਚ ਜਿਹੜਾ ਰੋਸ ਉਪਜਿਆ ਸੀ, ਉਹ ਸਿੱਖਾਂ ਦੀ ਦੂਸਰੀ ਜੰਗ ਦੇ ਸਮੇਂ ਤੱਕ ਕਾਇਮ ਰਿਹਾ।

## ਰੱਬੀ ਯਕੀਨ

'ਸਿਧ ਗੋਸਟਿ' ਰੱਬੀ ਯਕੀਨ ਦਾ ਸਾਕਾਰ ਚਿੱਤਰ ਹੀ ਹੈ। ਯਕੀਨ ਵਿਚ ਗ਼ਜ਼ਬ ਵਾਂਗ ਹੁੰਦਾ ਤਾਂ ਇਕ ਪ੍ਰਬਲ ਟਿਕਾ ਹੀ ਹੈ, ਪਰ ਇਸ ਟਿਕਾ ਦੇ ਸਕੂਨ ਵਿਚੋਂ ਜੋ ਜ਼ੋਰ ਉਪਜਦਾ ਹੈ, ਉਹ 'ਸਚਿ ਖੰਡ' ਅਤੇ 'ਹੁਕਮ' ਦੀਆਂ ਇਲਾਹੀ ਹਰਕਤਾਂ ਨਾਲੋਂ ਵੱਖਖਰੀ ਕਿਸਮ ਦਾ ਹੁੰਦਾ ਹੈ। ਯਕੀਨ ਦੀ ਗਤੀ ਦਾ ਕਹਿਰ ਮਨੁੱਖੀ ਚੇਤਨਾ ਨੂੰ ਤੂਰ ਵਾਂਗ ਚੁੰਧਿਆਉਂਦਾ ਨਹੀਂ, ਨਾਂਹ ਹਠ ਦੇ ਬੁੱਤ ਨੂੰ ਚਕਨਾ ਚੂਰ ਕਰਦਾ ਹੈ, ਸਗੋਂ ਦਲੀਲ ਦੀ ਬੱਜਰ ਚੁੱਪ ਵਿਚ ਜਿੱਤ ਦੀ ਥਰਥਰਾਹਟ ਦਾ ਕੋਈ ਝੱਖੜ ਝੁਲਾ ਦਿੰਦਾ ਹੈ। 'ਸਚਿ ਖੰਡ' ਵਾਂਗ ਇਹ ਥਰਥਰਾਹਟ ਅਨ-ਚਿਹਨ ਦ੍ਰਿਸ਼ ਵਿਚ ਨਹੀਂ ਉੱਤਰਦੀ, ਸਗੋਂ ਇਸ ਦੇ ਖੇਤਰ ਦੀ ਸੀਮਾ ਦ੍ਰਿਸ਼ਟਮਾਨ ਕੁਦਰਤ, ਮਨੁੱਖੀ ਸਰੀਰ ਅਤੇ ਉਸ ਦੀ ਸਮਾਜਿਕ ਚੇਤਨਾ ਤੱਕ ਹੀ ਮਹਿਦੂਦ ਹੁੰਦੀ ਹੈ। 'ਜਨਮ ਸਾਖੀਆਂ' ਵਿਚ ਸਿੱਧ ਗੋਸ਼ਟਾਂ ਦੇ ਜਿੰਨੇ ਵੀ ਕਥਾ-ਰੂਪ ਪ੍ਰਚਲਿਤ ਹਨ, ਉਨਾਂ ਦਾ ਵਜੂਦ ਨਿਰੋਲ ਇਨਸਾਨੀ ਹੈ, ਅਤੇ ਇਸ ਵਜੂਦ ਦੀ ਵੱਖਰੀ ਹਰ ਪਾਸਿਉਂ ਮਨੁੱਖੀ ਜਿਸਮ ਦੀ ਛੋਹ ਵਿਚ ਡੁੱਬੀ ਹੋਈ ਅਤੇ ਯੋਗ ਮੱਤ ਦੀ ਤੁੰਦ-ਪਥਰੀਲੀ ਪੁਸ਼ਾਕ ਵਿਚ ਲਿਪਟੀ ਹੋਈ ਪ੍ਰਾਣ-ਸ਼ਕਤੀ ਦੇ ਕਿਸੇ ਸੁਆਸ ਵਿਚ ਅਧਿਆਤਮਕ ਜਗਤ ਦਾ ਰਹੱਸ ਵੀ ਹੈ। ਸਿੱਧਾਂ ਨਾਲ ਕੀਤੇ ਯੁੱਧ, ਦੌਲਤ ਖ਼ਾਨ ਲੋਧੀ ਨਾਲ ਹੋਈ ਵਾਰਤਾ ਅਤੇ ਮਲਕ ਭਾਗੋ ਦੇ ਪੂੜੇ ਵਿਚੋਂ ਲਹੂ ਕੱਢਣ ਦੇ ਸਮਾਚਾਰ ਇਕ ਐਸੇ ਰੱਬੀ ਯਕੀਨ ਦੀ ਤਸਵੀਰ ਹਨ, ਜਿਸ ਨੂੰ ਹਠ, ਸੀਨਾ ਜ਼ੋਰੀ ਅਤੇ ਹੁਕਮ ਦੇਣ ਦੀ ਆਦਤ ਨਹੀਂ, ਸਗੋਂ ਜਿਹੜਾ ਜ਼ਿੰਦਗੀ ਦੀ ਕੁੜੱਤਣ ਅਤੇ ਸ਼ਰੀਣੀ, ਧਰਤੀ ਦੇ ਖਰਵੇ ਅਤੇ ਮੁਲਾਇਮ ਅੰਗਾਂ, ਵਿਸ਼ਾਲ ਅਤੇ ਖੇੜੇ, ਅਧਿਆਤਮਕ ਅਤੇ ਮਨੁੱਖੀ ਪ੍ਰਸ਼ਨਾਂ ਨੂੰ ਸੰਯੋਗ ਵਿਯੋਗ ਤੋਂ ਕਿਸੇ ਉਤਲੀ ਘੜੀ ਵਿਚ ਕਿਸੇ ਸੁਆਦ ਅਤੇ ਵਜਦ ਨਾਲ ਘੁੱਟ ਰਿਹਾ ਹੈ।

ਇਹ ਰੱਬੀ ਯਕੀਨ ਵਜਦ, ਵੈਰਾਗ ਅਤੇ ਰੋਸ ਦੀਆਂ ਤਿੰਨ ਸ਼ਕਲਾਂ ਸਮੇਂ ਸਮੇਂ ਸਿਰ ਧਾਰਨ ਕਰਦਾ ਹੈ। ਬਾਬੇ ਦਾ ਬੀਬੀ ਨਾਨਕੀ ਦੀ ਯਾਦ ਕਰਨ ਉੱਤੇ ਵਾਰ ਵਾਰ ਸੁਲਤਾਨਪੁਰ ਪੁੱਜਣਾ, ਮਰਦਾਨੇ ਦਾ ਓਦਰ ਕੇ ਤਲਵੰਡੀ ਨੂੰ ਵਾਰ ਵਾਰ ਨੱਸਣਾ ਪਰ ਫਿਰ ਵਾਪਸ ਆ ਜਾਣਾ, ਗੁਰੂ ਸਾਹਿਬ ਦਾ ਬਜ਼ੁਰਗ ਰਾਇ ਬੁਲਾਰ ਨੂੰ ਆਖ਼ਰੀ ਦਰਸ਼ਨ ਦੇਣ ਜਾਣ ਅਤੇ ਮਰਦਾਨੇ ਦੀ ਆਖ਼ਰੀ ਖ਼ਾਹਿਸ਼ ਵੈਰਾਗ ਅਤੇ ਯਕੀਨ ਨਾਲ ਭਰੇ ਹੋਏ ਕੁਝ ਐਸੇ ਦੈਵੀ ਨਜ਼ਾਰੇ ਹਨ, ਜਿਹੜੇ ਖ਼ਾਲਸਾ ਇਤਿਹਾਸ ਵਿਚ ਵੱਖ ਵੱ ਰੂਪਾਂ ਵਿਚ ਮੁੜ ਮੁੜ ਦੁਹਰਾਏ ਗਏ ਹਨ। ਬਾਬਰ ਦੇ ਜ਼ੁਲਮ ਸਬੰਧੀ ਗੁਰੂ ਨਾਨਕ ਬਾਣੀ ਵਿਚ ਕੀਤਾ ਰੋਸ ਰੱਬੀ ਯਕੀਨ ਦਾ ਉਹ ਪਾਸਾ ਹੈ, ਜਿਹੜਾ ਕਪਟ ਦੇ ਸੀਨੇ ਵਿਚ ਬਲਵਾਨ ਸਰਾਪ ਦੀ ਅਦ੍ਰਿਸ਼ਟ ਚੋਭ ਲਾਉਂਦਾ ਹੈ।

(ਚਲਦਾ...)




# ਪਾਠਕਾਂ ਦਾ ਨਜ਼ਰੀਆ

## ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਅਤੇ ਵੋਟ ਦੀ ਕੀਮਤ

ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਵੇਲੇ ਲੀਡਰ ਜਨਤਾ ਦੇ ਸੇਵਕ ਵਜੋਂ, ਉਨ੍ਹਾਂ ਦੇ ਹਮਦਰਦ ਵਜੋਂ, 'ਵਿਕਾਸ ਪੁਰਸ਼' ਦੇ ਰੂਪ ਵਿੱਚ ਆਪਣੇ ਆਪ ਨੂੰ ਪੇਸ਼ ਕਰਕੇ ਲੋਕਾਂ ਦੀਆਂ ਵੋਟਾਂ ਬਟੋਰਨ ਦਾ ਯਤਨ ਕਰਦੇ ਹਨ। ਉਸ ਵੇਲੇ ਉਹ ਉੱਥੇ ਵੀ ਪੁਲ ਉਸਾਰਨ ਦਾ ਵਾਅਦਾ ਕਰਦੇ ਹਨ, ਜਿੱਥੇ ਨੇੜੇ-ਤੇੜੇ ਕੋਈ ਨਦੀ ਜਾਂ ਰਜਵਾਹਾ ਨਹੀਂ ਹੁੰਦਾ। ਨਿੱਜੀ ਹਿਤਾਂ ਦੀ ਪੂਰਤੀ ਲਈ ਅਤੇ ਰਾਜ ਸਤਾ ਦੀ ਪੌੜੀ ਦੇ ਸਿਖਰਲੇ ਡੰਡੇ ਉੱਤੇ ਪੁੱਜਣ ਲਈ ਉਹ ਲੋਕਾਂ ਨੂੰ ਤਰਾਂ ਤਰਾਂ ਦੇ ਲਾਲਚ ਦੇ ਕੇ ਆਪਣੇ ਵੱਲ ਖਿੱਚਦੇ ਹਨ। ਸਿਲੰਡਰ, ਭਾਂਡੇ, ਸਾਈਕਲ, ਸ਼ਰਾਬ, ਔਰਤਾਂ ਲਈ ਸੂਟ, ਸਿਲਾਈ ਮਸ਼ੀਨਾਂ, ਨਗਦ ਰਾਸ਼ੀ ਆਦਿ ਲਾਲਚ ਦੇ ਕੇ ਉਹ ਆਪਣਾ ਵੋਟ ਬੈਂਕ ਮਜ਼ਬੂਤ ਕਰਦੇ ਹਨ। ਅਗਾਂਹ ਲੋਕਾਂ ਨੂੰ ਵੀ ਇਹ ਗਿਆਨ ਹੋ ਗਿਆ ਹੈ ਕਿ ਸਫ਼ਿਹਾਂ ਮਾਰਦੀ ਸਿਆਸਤ ਵਿੱਚ ਸਿਆਸਤਦਾਨਾਂ ਨੇ ਰੱਜ ਕੇ ਲੁੱਟ ਮਚਾਈ ਹੈ। ਜਿਹੜਾ ਕੁਝ ਦਿੰਦੇ ਨੇ, ਲੈ ਲਵੋ। ਜਾਂਦੇ ਚੋਰ ਦੀ ਲੰਗੋਟੀ ਹੀ ਸਹੀ। ਉਂਜ ਵੀ ਲੋਕਾਂ ਦਾ ਯਕੀਨ ਬਣ ਚੁੱਕਿਆ ਹੈ ਕਿ ਜਿਹਨੂੰ ਮਰਜ਼ੀ ਵੋਟ ਪਾਈਏ, ਸਾਡਾ ਇਨ੍ਹਾਂ ਨੇ ਕੱਖ ਨਹੀਂ ਸੰਵਾਰਨਾ।

ਦਰਅਸਲ ਲੋਕਤੰਤਰ ਦੀ ਪਹਿਚਾਣ ਜਾਇਦਾਦ ਅਤੇ ਦਬਦਬੇ ਵਾਲਿਆਂ ਦੀ ਹਕੂਮਤ ਨਾਲ ਨਹੀਂ ਹੁੰਦੀ, ਸਗੋਂ ਪ੍ਰਤਿਭਾਸ਼ੀਲ, ਲੋਕਾਂ ਦੇ ਦੁੱਖਾਂ ਨੂੰ ਆਪਣੇ ਮਨ ਦੇ ਪਿੰਡੇ 'ਤੇ ਹੰਢਾਉਣ ਵਾਲਿਆਂ ਨੂੰ ਹਕੂਮਤ ਦੇਣ ਵਿੱਚ ਹੁੰਦੀ ਹੈ। ਭਲਾ ਇਸ ਕਸਵੱਟੀ 'ਤੇ ਸਾਡਾ ਪ੍ਰਾਂਤ ਅਤੇ ਦੇਸ਼ ਕਿੰਨਾ ਕੁ ਪੂਰਾ ਉੱਤਰਦਾ ਹੈ? ਲਾਰਿਆਂ, ਵਾਅਦਿਆਂ ਅਤੇ ਹਵਾਈ ਕਿਲੇ ਉਸਾਰਨ ਦੀ ਨੀਤੀ ਨਾਲ ਜਿੱਥੇ ਲੋਕਾਂ ਦੇ ਆਜ਼ਾਦੀ ਪ੍ਰਤੀ ਸੁਪਨੇ ਚਕਨਾਚੂਰ ਹੋਏ ਹਨ, ਉੱਥੇ ਹੀ ਗ਼ਰੀਬੀ ਰੇਖਾ ਅਤੇ ਵਿਕਾਸ ਦਰ ਦੋਨਾਂ ਦਾ ਗਿਰਾਫ਼ ਹੇਠਾਂ ਨੂੰ ਹੀ ਗਿਆ ਹੈ। ਆਜ਼ਾਦੀ ਪ੍ਰਾਪਤ ਕਰਨ ਲਈ ਕੁੱਲ 127 ਸ਼ਹੀਦਾਂ ਨੇ ਫਾਂਸੀ ਦਾ ਰੱਸਾ ਹੱਸ ਕੇ ਚੁੰਮਿਆ। ਇਨ੍ਹਾਂ ਵਿੱਚੋਂ 94 ਪੰਜਾਬੀ ਸਨ। ਘੋਖਵੀਂ ਨਜ਼ਰ ਮਾਰਦਿਆਂ ਪਤਾ ਲੱਗਦਾ ਹੈ ਕਿ ਉਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਵਿੱਚੋਂ ਇੱਕ ਵੀ ਹਕੂਮਤ ਵਿੱਚ ਭਾਈਵਾਲ ਨਹੀਂ ਹੈ। ਦਰਅਸਲ ਵਰਤਮਾਨ ਸਿਆਸਤਦਾਨਾਂ ਨੇ ਲੋਕਾਂ ਨਾਲ ਇੰਜ ਧ੍ਰੋਹ ਕਮਾਇਆ ਹੈ:

**ਸਿਆਸਤ ਇਸ ਕਦਰ ਆਵਾਮ ਪੇ ਅਹਿਸਾਨ ਕਰਤੀ ਹੈ।**
**ਆਂਖੇ ਛੀਨ ਲੇਤੀ ਹੈ ਔਰ ਚਸ਼ਮੇ ਦਾਨ ਕਰਤੀ ਹੈ।**

ਕਦੇ-ਕਦੇ ਇਨ੍ਹਾਂ ਸਿਆਸਤਦਾਨਾਂ ਦੀ ਜ਼ਮੀਰ ਨੂੰ ਝੰਜੋੜਨ ਵਾਲੇ ਵੀ ਟੱਕਰ ਜਾਂਦੇ ਨੇ। ਇੰਜ ਹੀ ਵੋਟਾਂ ਵਿੱਚ ਕੋਈ ਉਮੀਦਵਾਰ ਲੋਕਾਂ ਨੂੰ ਸਮਾਨ ਵੰਡ ਰਿਹਾ ਸੀ। ਆਪਣੇ ਕਾਫ਼ਲੇ ਨਾਲ ਜਦੋਂ ਉਸ ਨੇ ਇੱਕ ਵਿਅਕਤੀ ਦੇ ਦਰ 'ਤੇ ਦਸਤਕ ਦੇ ਕੇ ਉਸ ਨੂੰ ਰਾਸ਼ਨ ਪਾਣੀ ਅਤੇ ਹੋਰ ਸਮਾਨ ਦੇਣਾ ਚਾਹਿਆ ਤਾਂ ਵਿਅਕਤੀ ਦਾ ਜਵਾਬ ਸੀ, ਇਹ ਸਮਾਨ ਰਹਿਣ ਦਿਉ। ਮੈਨੂੰ ਤਾਂ ਇੱਕ ਰਿਸ਼ਟ-ਪੁਸ਼ਟ ਗਧਾ ਹੀ ਲੈ ਦਿਉ। ਘਰ ਦੀਆਂ ਨੌਂ ਵੋਟਾਂ ਥੋਡੀਆਂ ਪੱਕੀਆਂ। ਆਗੂ ਨੇ ਅਗਲੇ ਦਿਨ ਗਧਾ ਲਿਆਉਣ ਦਾ ਵਾਅਦਾ ਕਰ ਲਿਆ। ਉਸ ਨੇ ਜਦੋਂ ਆਲੇ-ਦੁਆਲਿਓਂ ਗਧਾ ਖ਼ਰੀਦਣਾ ਚਾਹਿਆ ਤਾਂ ਗਧਾ 30 ਹਜ਼ਾਰ ਤੋਂ ਘੱਟ ਨਹੀਂ ਸੀ ਮਿਲ ਰਿਹਾ। ਉਸ ਨੇ ਗਧਾ ਖ਼ਰੀਦਣ ਦੀ ਸਕੀਮ ਕੈਂਸਲ ਕਰਕੇ ਉਸ ਨੂੰ ਪੰਜ-ਚਾਰ ਹਜ਼ਾਰ ਰੁਪਏ ਦੇਣੇ ਚਾਹੇ ਅਤੇ ਨਾਲ ਹੀ ਦੱਸ ਦਿੱਤਾ ਕਿ ਗਧਾ ਤਾਂ ਜ਼ਿਆਦਾ ਮਹਿੰਗਾ ਹੈ। ਵਿਅਕਤੀ ਨੇ ਚੋਣ ਲੜ ਰਹੇ ਉਮੀਦਵਾਰ 'ਤੇ ਵਿਅੰਗ ਕਰਦਿਆਂ ਕਿਹਾ, ਬੱਲੇ ਓ ਤੇਰੇ, ਤੂੰ ਤਾਂ ਸਾਡੇ ਟੱਬਰ ਦੀ ਕੀਮਤ ਗਧੇ ਤੋਂ ਵੀ ਘੱਟ ਪਾ ਰਿਹਾ ਹੈਂ। ਇੰਨਾ ਸਸਤਾ ਨਾ ਸਮਝ ਮੈਨੂੰ। ਮੈਂ ਵਿਕਾਊ ਨਹੀਂ ਹਾਂ। ਕਹਿੰਦਿਆਂ ਉਸ ਨੇ ਬੂਹਾ ਬੰਦ ਕਰ ਲਿਆ।

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕੁਝ ਸਮਾਂ ਰਹਿੰਦਾ ਹੈ। ਸਿਆਸਤਦਾਨਾਂ ਨੇ ਆਪਣੇ ਕਮਰਕੱਸੇ ਕੱਸ ਲਏ ਹਨ। ਜੇ ਲੋਕ ਸਿਆਣੇ ਅਤੇ ਗੰਭੀਰ ਹੋਣਗੇ, ਵਿਕਾਊ ਨਹੀਂ ਹੋਣਗੇ ਤਾਂ ਹੋ ਸਕਦਾ ਹੈ ਕਿ ਸਿਆਸਤਦਾਨ ਵਾਅਦਿਆਂ ਅਤੇ ਲਾਰਿਆਂ ਦੀ ਫ਼ਸਲ ਬੀਜਣ ਦੀ ਥਾਂ ਨਿੱਜੀ ਹਿਤਾਂ ਨੂੰ ਛੱਡ ਕੇ ਲੋਕ ਹਿਤਾਂ ਨੂੰ ਪਹਿਲ ਦੇ ਦੇਣ। ਫਿਰ ਕਾਂ-ਚਿੜੀ ਵਾਲੀ ਕਹਾਣੀ ਵੀ ਝੁਠਲਾਈ ਜਾ ਸਕਦੀ ਹੈ।

**ਮੋਹਨ ਸ਼ਰਮਾ**

## ਕੀ ਅਸੀਂ ਸੱਚਮੁੱਚ ਸੁਤੰਤਰ ਹਾਂ ?

ਆਜ਼ਾਦੀ ਸ਼ਬਦ ਦਾ ਅਰਥ ਭਾਰਤੀਆਂ ਨੇ ਕੀ ਸਮਝਿਆ ਹੈ? ਸਾਡੇ ਕੋਲ ਰਿਸ਼ਵਤ ਲੈਣ ਦੀ ਆਜ਼ਾਦੀ ਹੈ, ਸਾਨੂੰ ਸਾਰੇ ਨਿਯਮਾਂ ਨੂੰ ਤੋੜਨ ਦੀ ਆਜ਼ਾਦੀ ਹੈ, ਸਾਡੇ ਕੋਲ ਸਾਰੇ ਉਪ-ਮਿਆਰੀ ਉਤਪਾਦਾਂ ਨੂੰ ਵੇਚਣ ਦੀ ਆਜ਼ਾਦੀ ਹੈ, ਸਾਨੂੰ ਜਨਤਕ ਜਾਇਦਾਦ ਨੂੰ ਨਸ਼ਟ ਕਰਨ ਦੀ ਆਜ਼ਾਦੀ ਹੈ ਅਤੇ ਸਾਨੂੰ ਲੋਕਾਂ ਨੂੰ ਮਾਰਨ ਅਤੇ ਲੁੱਟਣ ਦੀ ਆਜ਼ਾਦੀ ਹੈ। ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਨੌਜਵਾਨ ਪੀੜ੍ਹੀ ਬੇਰੁਜ਼ਗਾਰੀ ਵੱਸ ਸੜਕਾਂ 'ਤੇ ਘੁੰਮ ਰਹੀ ਹੈ ਅਤੇ ਉਹ ਲੋਕ ਜਿਨ੍ਹਾਂ ਨੂੰ ਸਾਡੇ ਦੇਸ਼ ਦੇ ਨੇਤਾ ਕਿਹਾ ਜਾਂਦਾ ਹੈ, ਜਿਨ੍ਹਾਂ ਪ੍ਰਤੀ ਸਾਨੂੰ ਵਿਸ਼ਵਾਸ ਹੈ ਕਿ ਉਹ ਸਾਡੇ ਦੇਸ਼ ਦੀ ਚੰਗੀ ਅਗਵਾਈ ਕਰਦੇ ਹਨ, ਇੱਕ ਦੂਜੇ ਉੱਤੇ ਬੈਂਚ ਅਤੇ ਕੁਰਸੀਆਂ ਵੀ ਸੁੱਟਦੇ ਹਨ, ਇਹ ਉਹੀ ਕੁਝ ਹੈ ਜੋ ਅਸੀਂ ਪਿਛਲੇ 72 ਸਾਲਾਂ ਵਿੱਚ ਪ੍ਰਾਪਤ ਕੀਤਾ ਹੈ।

ਹਾਂ, ਇਹ ਉਹ ਪ੍ਰਸ਼ਨ ਹੈ ਜਿਸਦੀ ਸਾਨੂੰ ਆਪਣੇ ਆਪ ਨੂੰ ਪੁੱਛਣ ਦੀ ਜ਼ਰੂਰਤ ਹੈ। ਅਸੀਂ ਇੱਕ ਅਜਿਹੇ ਯੁੱਗ ਵਿੱਚ ਰਹਿੰਦੇ ਹਾਂ ਜਿਸ ਵਿੱਚ ਭ੍ਰਿਸ਼ਟਾਚਾਰ, ਭ੍ਰਿਸ਼ਟਾਚਾਰ ਅਤੇ ਸਿਰਫ ਭ੍ਰਿਸ਼ਟਾਚਾਰ ਦਾ ਸ਼ਾਸਨ ਹੈ। ਝੰਡਾ ਲਹਿਰਾਉਣਾ ਅਤੇ ਰਾਸ਼ਟਰੀ ਗੀਤ ਗਾਉਣਾ ਸਿਰਫ ਇੱਕ ਰਸਮ ਬਣ ਗਿਆ ਹੈ। ਕੀ ਸਾਨੂੰ ਇਨ੍ਹਾਂ ਦਿਨਾਂ ਤੋਂ ਇਲਾਵਾ ਕਿਸੇ ਹੋਰ ਦਿਨ ਵੀ ਕੋਈ ਕ੍ਰਾਂਤੀਕਾਰੀ ਯਾਦ ਆਉਂਦਾ ਹੈ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਸੀਂ ਆਪਣੇ ਆਲ਼ੇ ਦੁਆਲੇ ਦੇ ਭ੍ਰਿਸ਼ਟਾਚਾਰ ਵਿਰੁੱਧ ਲੜਨ ਲਈ ਕੀ ਕੀਤਾ ਹੈ? ਸਿਸਟਮ 'ਤੇ ਟਿੱਪਣੀ ਕਰਨ ਤੋਂ ਇਲਾਵਾ ਕੁਝ ਨਹੀਂ। ਅਸੀਂ ਸਿਸਟਮ ਨੂੰ ਸਾਫ਼ ਸੁਥਰਾ ਬਣਾਉਣ ਲਈ ਆਪਣੇ ਹੱਥ ਚਿੱਕੜ ਵਿੱਚ ਨਹੀਂ ਪਾਉਣਾ ਚਾਹੁੰਦੇ। ਹਾਲਾਂਕਿ ਇਹ ਸ਼ੁਰੂ ਕਰਨ ਵਿੱਚ ਕਦੇ ਵੀ ਦੇਰ ਨਹੀਂ ਹੁੰਦੀ. ਆਓ ਕੋਸ਼ਿਸ਼ ਕਰੀਏ।

ਅਸੀਂ ਹਮੇਸ਼ਾ ਆਪਣੇ ਅਖੌਤੀ ਸਭਿਆਚਾਰ, ਕਦਰਾਂ ਕੀਮਤਾਂ 'ਤੇ ਮਾਣ ਕਰਦੇ ਹਾਂ ਅਤੇ ਪੱਛਮੀ ਸਭਿਆਚਾਰ ਦੀ ਹਮੇਸ਼ਾ ਆਲੋਚਨਾ ਕਰਦੇ ਹਾਂ। ਮੈਂ ਤੁਹਾਨੂੰ ਇੱਕ ਉਦਾਹਰਨ ਦਿੰਦਾ ਹਾਂ! ਮੇਰੀ ਇੱਕ ਪੰਜਾਬੀ ਮਿੱਤਰ ਦੀ ਕੈਨੇਡੀਅਨ (ਬੇਸਕਲੀ ਪੰਜਾਬੀ) ਲੜਕੇ ਨਾਲ ਵਿਆਹ ਹੋਇਆ, ਪਰ ਕੁਝ ਸਮੇਂ ਬਾਅਦ ਉਨ੍ਹਾਂ ਨੇ ਦਾਜ ਕਾਰਨ ਉਸ ਨੂੰ ਘਰੋਂ ਬਾਹਰ ਸੁੱਟ ਦਿੱਤਾ। ਉਹ ਬਿਲਕੁਲ ਇੱਕ ਨਵੇਂ ਦੇਸ਼ ਵਿੱਚ ਇਕੱਲੀ ਸੀ। ਪਰ ਗੋਰੇ ਲੋਕ, ਜਿਨ੍ਹਾਂ ਦੇ ਪਰਿਵਾਰ ਪ੍ਰਤੀ ਸੰਸਕਾਰਾਂ ਨੂੰ ਅਸੀਂ ਅਕਸਰ ਨਿੰਦਦੇ ਹਾਂ, ਸਮਾਜਿਕ ਕਦਰਾਂ ਕੀਮਤਾਂ ਤੋਂ ਦੂਰ ਹੋਣ ਦੀ ਗੱਲ ਕਰਦੇ ਹਾਂ, ਉਹਨਾਂ ਗੋਰਿਆਂ ਨੇ ਹੀ ਉਸ ਪੰਜਾਬ ਦੀ ਧੀ ਨੂੰ ਜ਼ਮੀਨ ਤੋਂ ਚੁੱਕਿਆ। ਉਸ ਨੂੰ ਪਨਾਹ ਦਿੱਤੀ। ਬੇਇਨਸਾਫ਼ੀ ਵਿਰੁੱਧ ਲੜਨ ਲਈ ਉਸ ਨੂੰ ਤਾਕਤਵਰ ਬਣਾਇਆ ਅਤੇ ਕੈਨੇਡੀਅਨ ਸਰਕਾਰ ਨੇ ਉਸ ਨੂੰ ਪੈਸੇ ਵੀ ਦਿੱਤੇ।

ਭਾਰਤ ਦੇ ਹਰ ਕੋਨੇ ਵਿੱਚ ਗ਼ਰੀਬ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਅਸੀਂ ਮਾਣ ਨਾਲ ਕਹਿੰਦੇ ਹਾਂ, ਅਸੀਂ ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥ ਵਿਵਸਥਾ ਹਾਂ, ਪਰ ਅਸੀਂ ਇਹ ਕਿਉਂ ਭੁੱਲ ਜਾਂਦੇ ਹਾਂ ਕਿ ਅਸੀਂ ਉਹਨਾਂ ਦੇਸ਼ਾਂ ਵਿੱਚ ਵੀ ਮੋਹਰੀ ਹਾਂ ਜਿਨ੍ਹਾਂ ਦੀ ਕੁਲ ਅਬਾਦੀ ਦਾ ਵੱਡਾ ਹਿੱਸਾ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦਾ ਹੈ। ਲੋਕ ਕਹਿਣਗੇ ਕਿ ਸਰਕਾਰ ਨੂੰ ਨਿਯਮ ਬਣਾਉਣੇ ਚਾਹੀਦੇ ਹਨ ਤਾਂ ਜੋ ਗ਼ਰੀਬ ਲੋਕਾਂ ਦਾ ਸ਼ੋਸ਼ਣ ਨਾ ਹੋਵੇ। ਮੈਂ ਇਸ ਨਾਲ ਪੂਰੀ ਤਰਾਂ ਸਹਿਮਤ ਹਾਂ, ਪਰ ਸਾਡੇ ਬਾਰੇ ਕੀ? ਦੂਜੇ ਭਾਰਤੀਆਂ ਦਾ ਸ਼ੋਸ਼ਣ ਰੋਕਣ ਲਈ ਸਾਨੂੰ ਨਿਯਮ ਦੀ ਕਿਉਂ ਲੋੜ ਹੈ? ਅਸੀਂ ਕਿਉਂ ਨਹੀਂ ਸੋਚ ਸਕਦੇ ਕਿ ਜ਼ਿੰਦਗੀ ਉਨ੍ਹਾਂ ਦੇ ਨਜ਼ਰੀਏ ਤੋਂ ਕਿੰਨੀ ਮੁਸ਼ਕਲ ਹੈ? ਜਾਂ ਕੀ ਅਸੀਂ ਇੰਨੇ ਸਵਾਰਥੀ ਹੋ ਗਏ ਹਾਂ ਕਿ ਆਪਣੇ ਫ਼ਾਇਦੇ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਦੇਖ ਸਕਦੇ?

ਅਸਲ ਵਿੱਚ ਸਾਨੂੰ ਖ਼ੁਦ ਨੂੰ ਬਦਲਣ ਅਤੇ ਕਾਰਜ ਕਰਨ ਦੀ ਜ਼ਰੂਰਤ ਹੈ! ਅਜੇ ਵੀ ਸਮਾਂ ਹੈ ਭਵਿੱਖ ਨੂੰ ਬਦਲਣ ਦਾ, ਆਪਣੀਆਂ ਜੜਾਂ ਨਾਲ ਜੁੜਨ ਦਾ।

**ਡਾ. ਮਨਮੀਤ ਕੱਕੜ**

## ਇੰਨ ਬਿੰਨ ਬੁੱਧ ਧਰਮ ਵਾਂਗ ਹੀ ਸਿੱਖ ਧਰਮ ਨੂੰ ਵੀ ਕੀਤਾ ਜਾ ਰਿਹਾ ਹੈ

ਜਦੋਂ ਮੈਂ ਬੁੱਧ ਧਰਮ ਦੇ ਖ਼ਾਤਮੇ ਬਾਰੇ ਪੜ੍ਹ ਰਿਹਾ ਸੀ ਕਿਵੇਂ ਕੀਤਾ ਗਿਆ ਮੇਰੇ ਅੱਖਾਂ ਦੇ ਸਾਹਮਣੇ ਸਿੱਖ ਧਰਮ ਦਾ ਕਿਵੇਂ ਖ਼ਤਮ ਕੀਤਾ ਜਾ ਰਿਹਾ ਉਹ ਇੱਕ ਵੀਡੀਉ ਦੀ ਤਰਾਂ ਘੁੰਮ ਗਿਆ ਕਿਵੇਂ ਬ੍ਰਾਹਮਣ ਭਿਖਸ਼ੂ ਬਣ ਕੇ ਬੁੱਧ ਦੇ ਪ੍ਰਚਾਰਕ ਬਣ ਗਏ ਪਰ ਅੰਦਰੋਂ ਬ੍ਰਾਹਮਣਵਾਦ ਨੂੰ ਮਾਰ ਨਾ ਸਕੇ ਕਿਸ ਤਰਾਂ ਬੁੱਧ ਧਰਮ ਦਾ ਹਿੰਦੂ ਕਾਰਨ ਕੀਤਾ ਗਿਆ। ਇੰਨਾ ਦਾ ਬੁੱਧ ਧਰਮ ਇੰਨੀ ਧਾਕ ਜੰਮ ਗਈ ਇਨਾਂ ਦਾ ਵਿਰੋਧ ਕਰਨ ਵਾਲਿਆਂ ਅਸਲੀ ਬੁੱਧ ਪ੍ਰਚਾਰਕਾਂ ਦੀ ਕੋਈ ਪੇਸ਼ ਨਾ ਗਈ ਇਨਾਂ ਦੇ ਧਰਮ ਗ੍ਰੰਥਾਂ ਦਾ ਹਿੰਦੂਕਰਨ ਕੀਤਾ ਗਿਆ। ਬੁੱਧ ਧਰਮ ਨੂੰ ਸਮਰਾਟ ਅਸ਼ੋਕ ਨੇ ਪੂਰੇ ਭਾਰਤ ਆਲ਼ੇ ਦੁਆਲੇ ਦੇ ਦੇਸ਼ਾਂ ਤੱਕ ਫੈਲਾਇਆ ਰਾਜਨੀਤਿਕ ਤਾਕਤ ਵੀ ਬੁੱਧ ਧਰਮ ਦੀ ਸੀ ਇੰਜ ਕਹਿ ਲਵੋ ਬ੍ਰਾਹਮਣਵਾਦ ਧਰਮ ਦੇ ਕੋਲੋਂ ਰਾਜਨੀਤਿਕ ਵੀ ਤਾਕਤ ਖ਼ਤਮ ਹੋ ਗਈ ਸੀ ਜਿਹੜਾ ਸਮਰਾਟ ਅਸ਼ੋਕ ਬੁੱਧ ਧਰਮ ਦਾ ਆਪ ਬੁੱਧ ਧਰਮ ਦਾ ਪ੍ਰਚਾਰ ਕਰ ਰਿਹਾ ਸੀ ਪਰ ਉਹ ਭਿਕਸ਼ੂ ਬਣੇ ਬ੍ਰਾਹਮਣ ਪ੍ਰਚਾਰਕਾਂ ਅੱਗੇ ਬੇਵੱਸ ਸੀ ਇੱਥੋਂ ਤੱਕ ਕਿ ਕਿਹਾ ਜਾਂਦਾ ਕਿ ਸਮਰਾਟ ਅਸ਼ੋਕ ਜਦੋਂ ਬ੍ਰਾਹਮਣ ਬਣੇ ਭਿਕਸ਼ੂ ਕੋਲ ਜਾਂਦਾ ਉਹ ਉਹਨਾ ਦੇ ਪੈਰਾ ਨੂੰ ਵੀ ਹੱਥ ਨਹੀਂ ਸੀ ਲਗਾ ਸਕਦਾ ਕਿਉਂ ਕਿ ਸਮਰਾਟ ਅਸ਼ੋਕ ਸ਼ੂਦਰ ਜਾਤ ਦਾ ਸੀ ਜੇ ਕਿਤੇ ਉਸ ਦਾ ਹੱਥ ਲੱਗ ਜਾਂਦਾ ਤਾਂ ਬ੍ਰਾਹਮਣ ਬਣੇ ਭਿਕਸ਼ੂ ਨੂੰ ਸਰੀਰ ਇਸ਼ਨਾਨ ਕਰਨਾ ਪੈਂਦਾ ਸੀ ਭਾਵ ਸੁੱਚਾ ਹੋਣ ਲਈ ਕਿਉਂ ਕਿ ਉਹ ਸ਼ੂਦਰ ਦੇ ਹੱਥ ਲਾਉਣ ਨਾਲ ਭਿੱਟ ਜਾਂਦੇ ਸਨ ਅੱਜ ਵੀ ਸਿੱਖਾਂ ਵਿਚ ਉਹ ਸਭ ਕੁਝ ਹੋ ਰਿਹਾ ਹੈ।

ਗੱਲ ਕਰਦੇ ਹਾਂ ਸਿੱਖ ਧਰਮ ਦੀ ਪਤਾ ਵੀ ਲੱਗ ਗਿਆ ਪਰ ਬ੍ਰਾਹਮਣ ਨਿਰਮਲੇ ਬਣੇ ਪ੍ਰਚਾਰਕਾਂ ਅੱਗੇ ਕੌਮ ਦੇ ਅਸਲੀ ਪ੍ਰਚਾਰਕਾਂ ਦੀ ਪੇਸ਼ ਨਹੀਂ ਜਾ ਰਹੀ

ਬ੍ਰਾਹਮਣ ਬਣੇ ਨਿਰਮਲੇ ਸਾਧਾ ਲੇਖਕਾਂ ਦੇ ਲਿਖੇ ਹੋਏ ਗ੍ਰੰਥ ਅੱਜ ਸਾਡੇ ਇੱਕ ਨਹੀਂ ਸੈਂਕੜੇ ਹਨ। ਤੁਸੀਂ ਇਨਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਉ ਦੂਜੇ ਪਾਸੇ ਹਜ਼ਾਰਾ ਦੀ ਗਿਣਤੀ ਤੁਹਾਡੇ ਖ਼ਿਲਾਫ਼ ਹੋ ਜਾਂਦੀ ਹੈ। ਕਈ ਦਰਦ ਰੱਖਣ ਵਾਲੇ ਵਿਦਵਾਨ ਸਕਾਲਰ ਸਭ ਕੁਝ ਜਾਣਦੇ ਹੋਏ ਵੀ ਚੁੱਪ ਹਨ। ਉਹਨਾ ਦੀਆਂ ਮਜਬੂਰੀਆਂ ਹੋਣਗੀਆਂ ਭਾਵ ਕਿ ਬਹੁ ਗਿਣਤੀ ਨਿਰਮਲੇ ਸਾਧਾ ਦੇ ਚੇਲਿਆ ਦੀ ਹੈ ਜਿਹੜਾ ਉਹਨਾ ਦਾ ਸਤਿਕਾਰ ਮਿਲਦਾ ਸੀ ਉਹ ਨਹੀਂ ਮਿਲਣਾ ਹਰ ਇੱਕ ਆਪਣੀ ਸਾਖ ਬਚਾਉਣ ਲਈ ਚੁੱਪ ਚਾਪ ਬੈਠੇ ਹਨ।

ਨਿਰਮਲੇ ਇਤਿਹਾਸਕਾਰ ਨਿਰਮਲੇ ਸਾਧ ਨਿਰਮਲੇ ਪ੍ਰਚਾਰਕ ਉਹੀ ਹਨ ਜਿਹੜੇ ਬੁੱਧ ਧਰਮ ਨੂੰ ਖ਼ਤਮ ਕਰਨ ਲਈ ਬ੍ਰਾਹਮਣ ਭਿਕਸ਼ੂ ਬਣੇ ਸਨ।

**ਹਰਜਿੰਦਰ ਪਾਲ ਸਿੰਘ**

## ਪੂਰੀ ਸਿੱਖਿਆ ਨੀਤੀ ਸੰਘ ਤੇ ਕਾਰਪੋਰੇਟ ਸੈਕਟਰ ਦੇ ਏਜੰਡੇ ਨੂੰ ਪੂਰਾ ਕਰਦੀ ਹੈ

ਨਵੀਂ ਸਿੱਖਿਆ ਨੀਤੀ ਵਿਚ 2030 ਤੱਕ ਸਾਰੇ ਕਾਲਜਾਂ ਨੂੰ ਖ਼ੁਦਮੁਖ਼ਤਿਆਰ ਕਰਨ ਦਾ ਟੀਚਾ ਮਿਥਿਆ ਗਿਆ ਹੈ। ਇਹ ਕਾਲਜ ਪੇਪਰਾਂ, ਸਿਲੇਬਸ, ਫ਼ੀਸਾਂ ਬਾਰੇ ਫ਼ੈਸਲੇ ਖ਼ੁਦ ਕਰਨਗੇ, ਪੀਐੱਚਡੀ ਕਰਵਾਉਣ ਤੇ ਡਿਗਰੀ ਦੇਣ ਦਾ ਅਧਿਕਾਰ ਕਾਲਜਾਂ ਨੂੰ ਹੋਵੇਗਾ। ਸੋਚ ਕੇ ਦੇਖੀਏ ਤਾਂ ਦੇਸ਼ ਵਿਚ ਯੂਨੀਵਰਸਿਟੀਆਂ ਦਾ ਕੰਮ ਕੀ ਰਹਿ ਜਾਵੇਗਾ? ਯੂਨੀਵਰਸਿਟੀਆਂ ਦਾ ਕੰਮ ਤਾਂ ਕਾਲਜ ਕਰਨਗੇ। ਇਸ ਦਾ ਮਕਸਦ ਸਰਕਾਰੀ ਯੂਨੀਵਰਸਿਟੀਆਂ ਬੰਦ ਕਰਕੇ ਪ੍ਰਾਈਵੇਟ ਕਾਲਜਾਂ ਨੂੰ ਯੂਨੀਵਰਸਿਟੀਆਂ ਦੇ ਬਰਾਬਰ ਖੜ੍ਹੇ ਕਰਨਾ ਹੈ।

ਨੀਤੀ ਵਿਚ ਥਾਂ ਥਾਂ ਪੁਰਾਤਨ ਭਾਰਤੀ ਸੰਸਕ੍ਰਿਤੀ ਅਤੇ ਗੁਰੂਕੁਲ ਸਿੱਖਿਆ ਪ੍ਰਣਾਲੀ ਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਆਸ਼ਰਮ ਸਿੱਖਿਆ ਪ੍ਰਣਾਲੀ ਨੂੰ ਮਾਨਤਾ ਦੇ ਦਿੱਤੀ ਗਈ। ਇਨ੍ਹਾਂ ਆਸ਼ਰਮਾਂ ਵਿਚ ਉਹੀ ਗੁਰੂਕੁਲ ਸਿੱਖਿਆ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਗੁਰੂਕੁਲ ਸਿੱਖਿਆ ਪ੍ਰਣਾਲੀ ਵਿਚ ਦਲਿਤਾਂ ਨੂੰ ਸਿੱਖਿਆ ਲੈਣ ਦਾ ਅਧਿਕਾਰ ਨਹੀਂ ਸੀ। ਸੇਵਾਮੁਕਤ ਅਧਿਆਪਕਾਂ ਤੇ ਵਲੰਟੀਅਰ ਭਾਵਨਾ ਤਹਿਤ ਕਿਸੇ ਵੀ ਵਿਅਕਤੀ ਨੂੰ ਸਿੱਖਿਆ ਦੇਣ ਦੀ ਖੁੱਲ੍ਹ ਦਿੱਤੀ ਗਈ ਹੈ। ਕੌਣ ਹੋਣਗੇ ਇਹ ਵਿਅਕਤੀ, ਇਨ੍ਹਾਂ ਦੀ ਨਿਯੁਕਤੀ ਦਾ ਆਧਾਰ ਕੀ ਹੋਵੇਗਾ? ਇਸ ਬਾਰੇ ਕੋਈ ਸਪਸ਼ਟਤਾ ਨਹੀਂ। ਇਹ ਸੰਘ ਦੇ ਵਰਕਰ ਹੋਣਗੇ ਜੋ ਫ਼ਿਰਕੂ ਜਨੂਨ ਵਿਦਿਆਰਥੀਆਂ ਦੇ ਦਿਮਾਗਾਂ ਵਿਚ ਭਰਨਗੇ। ਮਿਥਿਹਾਸਿਕ ਘਟਨਾਵਾਂ ਨੂੰ ਇਤਿਹਾਸ ਬਣਾਉਣ ਦੀਆਂ ਕੋਸ਼ਿਸ਼ਾਂ ਤਾਂ ਪਹਿਲਾਂ ਤੋਂ ਹੀ ਹੋ ਰਹੀਆਂ ਹਨ, ਰਾਮ ਮੰਦਰ ਦੀ ਉਸਾਰੀ ਵੇਲੇ ਮੋਦੀ ਦੇ ਮੂੰਹੋਂ ਭਗਵੇਂ ਕਰਨ ਦੇ ਦਰਸ਼ਨ ਪੂਰੇ ਮੁਲਕ ਨੇ ਕਰ ਲਏ ਹਨ ਜਦੋਂ ਉਸ ਨੇ ਗੁਰੂ ਗੋਬਿੰਦ ਸਿੰਘ ਕੋਲੋਂ ਹੀ ਰਾਮਾਇਣ 'ਲਿਖਵਾ' ਦਿੱਤੀ।ਕੇਂਦਰ ਸਰਕਾਰ ਇੱਕ ਦੇਸ਼, ਇੱਕ ਪਾਰਟੀ, ਇੱਕ ਨੇਤਾ, ਇੱਕ ਧਰਮ, ਇੱਕ ਭਾਸ਼ਾ ਦੀ ਨੀਤੀ ਨੂੰ ਲਾਗੂ ਕਰ ਕੇ ਵੰਨ-ਸਵੰਨਤਾ ਖ਼ਤਮ ਕਰਨਾ ਚਾਹੁੰਦੀ ਹੈ। ਸਿੱਖਿਆ ਨੀਤੀ ਵਿਚ ਕਾਲਜਾਂ, ਯੂਨੀਵਰਸਿਟੀਆਂ ਦੀ ਆਪਣੀ ਗਵਰਨਿੰਗ ਬਾਡੀ ਹੋਵੇਗੀ ਜੋ ਸਿਰਫ਼ ਕੇਂਦਰ ਦੀ ਰੈਗੂਲੇਟਰੀ ਕਮੇਟੀ ਪ੍ਰਤੀ ਹੀ ਜਵਾਬਦੇਹ ਹੋਵੇਗੀ, ਸੂਬਿਆਂ ਦਾ ਕੋਈ ਦਖ਼ਲ ਨਹੀਂ ਹੋਵੇਗਾ।

ਸਿੱਖਿਆ ਨੀਤੀ ਦੀ ਦਿਸ਼ਾ ਰੁਜ਼ਗਾਰ ਮੁਖੀ ਨਹੀਂ, ਬਲਕਿ ਨੀਤੀ ਦੇ ਪਹਿਰਾ ਨੰਬਰ ਚਾਰ ਪੁਆਇੰਟ ਦੋ ਪਿੱਛੇ ਤੋਂ ਸਵੈ ਰੁਜ਼ਗਾਰ ਦੇ ਨਾਮ ਹੇਠ ਪਕੌੜੇ ਤਲਣ ਦੀ ਲੱਗ ਰਹੀ ਹੈ। ਪੂਰੀ ਸਿੱਖਿਆ ਨੀਤੀ ਵਿਚ ਰਿਜ਼ਰਵੇਸ਼ਨ ਦਾ ਇਕ ਵਾਰ ਵੀ ਜ਼ਿਕਰ ਨਹੀਂ ਕੀਤਾ ਗਿਆ। ਦਲਿਤ ਵਿਦਿਆਰਥੀਆਂ ਦੇ ਭਵਿੱਖ ਲਈ ਨਵੀਂ ਸਿੱਖਿਆ ਨੀਤੀ ਖ਼ਤਰੇ ਦੀ ਘੰਟੀ ਹੈ।ਪੂਰੀ ਸਿੱਖਿਆ ਨੀਤੀ ਸੰਘ ਤੇ ਕਾਰਪੋਰੇਟ ਸੈਕਟਰ ਦੇ ਏਜੰਡੇ ਨੂੰ ਪੂਰਾ ਕਰਦੀ ਹੈ। ਨਰਿੰਦਰ ਮੋਦੀ ਨੇ ਆਪਣੇ ਸੰਬੋਧਨ ਵਿਚ ਵੀ ਕਿਹਾ ਹੈ ਕਿ ਸਿੱਖਿਆ ਨੀਤੀ, ਕਿਵੇਂ ਸੋਚਣਾ ਹੈ, ਇਹ ਤੈਅ ਕਰੇਗੀ ਜਿਸ ਦਾ ਕਿ ਸਪਸ਼ਟ ਮਤਲਬ ਹੈ, ਸੰਘ ਦੀ ਵਿਚਾਰਧਾਰਾ ਅਨੁਸਾਰ ਹੀ ਸੋਚਣਾ। ਕਿਸਾਨ ਵਿਰੋਧੀ ਆਰਡੀਨੈਂਸ, ਕਿਰਤ ਕਾਨੂੰਨਾਂ ਵਿਚ ਸੋਧਾਂ ਤੋਂ ਬਾਅਦ ਨਵੀਂ ਸਿੱਖਿਆ ਨੀਤੀ ਪਾਸ ਕਰ ਕੇ ਫਾਸ਼ੀਵਾਦੀ ਸਰਕਾਰ ਨੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਹਨ ਕਿ ਇਹ ਪਿੱਛੇ ਹਟਣ ਵਾਲੀ ਨਹੀਂ ਹੈ।

**ਰਣਵੀਰ ਰੰਧਾਵਾ**

## ਨਸ਼ੇ ਅਤੇ ਪੰਜਾਬ ਦਾ ਭਵਿੱਖ

ਇਹ ਬੜੀ ਹੀ ਚਿੰਤਾ ਤੇ ਹੈਰਾਨੀ ਵਾਲੀ ਗੱਲ ਹੈ ਕਿ ਸਾਡੇ ਪੰਜਾਬੀ ਹਰ ਸਾਲ ਛੇ ਹਜ਼ਾਰ ਕਰੋੜ ਰੁਪਏ ਤੋਂ ਵੀ ਵੱਧ ਦੀ ਸ਼ਰਾਬ ਆਪਣੇ ਗਲੇ ਤੋਂ ਥੱਲੇ ਉਤਾਰ ਰਹੇ ਹਨ ਅਤੇ ਇਸ ਅਵੱਲੇ ਸ਼ੌਕ ਦਾ ਭਿਆਨਕ ਨਤੀਜਾ ਇਹ ਨਿਕਲਿਆ ਕਿ ਪਿਛਲੇ ਦਿਨੀਂ ਅਨੇਕਾਂ ਪਿੰਡਾਂ ਨੂੰ ਸਿਵਿਆਂ ਦੀ ਅੱਗ ਦਾ ਸੇਕ ਝੱਲਣਾ ਪਿਆ ਅਤੇ ਘਰ ਘਰ ਵਿਚ ਮੌਤ ਦੇ ਸੱਥਰ ਵਿਛ ਗਏ। ਇਸ ਸਾਰੇ ਘਟਨਾਕ੍ਰਮ ਦਾ ਮੁੱਢ ਤਾਂ ਉਸ ਦਿਨ ਤੋਂ ਹੀ ਬੱਝ ਗਿਆ ਸੀ ਜਿਸ ਦਿਨ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਸੂਬਾ ਸਰਕਾਰ ਨੇ ਕੇਂਦਰ ਸਰਕਾਰ ਕੋਲ ਅਰਜ਼ ਕੀਤੀ ਕਿ ਸੂਬੇ ਦੀ ਆਰਥਿਕ ਵਿਵਸਥਾ ਨੂੰ ਕਾਇਮ ਰੱਖਣ ਲਈ ਸਾਨੂੰ ਸ਼ਰਾਬ ਦੇ ਕਾਰੋਬਾਰ ਦੀ ਮਨਜ਼ੂਰੀ ਦਿੱਤੀ ਜਾਵੇ। ਭਾਵੇਂ ਜ਼ਹਿਰੀਲੀ ਸ਼ਰਾਬ ਦੀ ਵਜ੍ਹਾ ਨਾਲ ਕਈ ਔਰਤਾਂ ਵਿਧਵਾ ਤੇ ਬੱਚੇ ਯਤੀਮ ਹੋ ਗਏ ਹਨ ਪਰ ਸ਼ਰਾਬ ਦੇ ਇਸ ਕਾਰੋਬਾਰ ਵਿਚ ਹੋਏ ਵਾਧੇ ਨੂੰ ਆਬਕਾਰੀ ਵਿਭਾਗ ਵੀ ਆਪਣੀ ਅਹਿਮ ਪ੍ਰਾਪਤੀ ਮੰਨ ਰਿਹਾ ਹੈ।

ਇਹ ਗੱਲ ਤੈਅ ਹੈ ਕਿ ਇਹ ਇਕ ਹੱਥ ਨਾਲ ਵੱਜਣ ਵਾਲੀ ਤਾੜੀ ਨਹੀਂ ਕਿਉਂਕਿ ਇੱਥੇ ਨਸ਼ਾ ਤਸਕਰ, ਭ੍ਰਿਸ਼ਟ ਅਫ਼ਸਰ ਅਤੇ ਮਤਲਬਪ੍ਰਸਤ ਸਿਆਸਤਦਾਨ ਸਭ ਆਪੋ-ਆਪਣੇ ਨਿੱਜੀ ਸੁਆਰਥਾਂ ਲਈ ਰਲ ਮਿਲ ਕੇ ਪੰਜਾਬ ਦੀ ਜਵਾਨੀ ਦਾ ਘਾਣ ਕਰ ਰਹੇ ਹਨ। ਮੌਤ ਦਾ ਹੋਇਆ ਇਹ ਨੰਗਾ ਨਾਚ ਉਂਜ ਕੋਈ ਨਵੀਂ ਗੱਲ ਨਹੀਂ, ਕਿਉਂਕਿ ਸੰਨ ਸੰਤਾਲੀ ਤੋਂ ਲੈ ਕੇ ਹੁਣ ਤੱਕ ਪੰਜਾਬ ਨੇ ਵੱਡੇ ਤੋਂ ਵੱਡਾ ਸੰਤਾਪ ਆਪਣੇ ਤਨ ਤੇ ਬੜੇ ਹੀ ਸਬਰ ਨਾਲ ਹੰਢਾਇਆ, ਜਿਸ ਦੇ ਜ਼ਿੰਮੇਵਾਰ ਸ਼ੁਰੂ ਤੋਂ ਮਤਲਬਪ੍ਰਸਤ ਸਿਆਸਤਦਾਨ ਹੀ ਰਹੇ ਹਨ। ਸਮੇਂ ਦੀਆਂ ਸਰਕਾਰਾਂ ਤੋਂ ਕਿਸਾਨ ਵਰਗ, ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਤੇ ਆਮ ਜਨਤਾ ਆਪਣੀਆਂ ਜਾਇਜ਼ ਮੰਗਾਂ ਨੂੰ ਮਨਵਾਉਂਦੇ ਹੋਏ ਜਿਸ ਵਿਚ ਸੈਂਕੜੇ ਹਜ਼ਾਰਾਂ ਖ਼ੁਦਕੁਸ਼ੀਆਂ ਵੀ ਸ਼ਾਮਿਲ ਹਨ, ਅਨੇਕਾਂ ਹੀ ਕੀਮਤੀ ਜਾਨਾਂ ਤੋਂ ਹੱਥ ਧੋ ਚੁੱਕੇ ਹਨ ਪਰ ਪੰਜਾਬ ਦੀ ਧਰਤੀ ਉੱਪਰ ਜਦ ਤੋਂ ਸਿੰਥੈਟਿਕ ਨਸ਼ੇ ਨੇ ਆਪਣੇ ਪੈਰ ਪਸਾਰੇ ਹਨ, ਉਸ ਸਮੇਂ ਤੋਂ ਲੈ ਕੇ ਨੌਜਵਾਨੀ ਦੀ ਅਜਿਹੀ ਬਰਬਾਦੀ ਹੋਈ ਕਿ ਅੱਜ ਮਰਨ ਵਾਲਿਆਂ ਦੀ ਗਿਣਤੀ ਲੱਖਾਂ ਦੇ ਅੰਕੜੇ ਨੂੰ ਪਾਰ ਕਰ ਚੁੱਕੀ ਹੈ। ਨਸ਼ਾ ਚਾਹੇ ਕਿਸੇ ਵੀ ਕਿਸਮ ਦਾ ਹੋਵੇ, ਉਸ ਦਾ ਕਾਰੋਬਾਰ ਸਰਕਾਰੀ ਸ਼ਹਿ ਤੋਂ ਬਿਨਾਂ ਬਿਲਕੁਲ ਸੰਭਵ ਨਹੀਂ ਹੈ ਤੇ ਇਸ ਵਿਚ ਭ੍ਰਿਸ਼ਟ ਅਫ਼ਸਰਸ਼ਾਹੀ ਆਪਣਾ ਬਰਾਬਰ ਰੋਲ ਅਦਾ ਕਰ ਰਹੀ ਹੈ। ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ ਇਹ ਗੱਲ ਕੋਈ ਬਹੁਤੇ ਮਾਅਨੇ ਨਹੀਂ ਰੱਖਦੀ ਕਿਉਂਕਿ ਰਾਜਸੀ ਨੇਤਾਵਾਂ ਦਾ ਥਾਪੜਾ ਹੋਣ ਕਾਰਨ ਇਸ ਅਫ਼ਸਰਸ਼ਾਹੀ ਦਾ ਸਦਾ ਹੀ 'ਸੱਤੀ ਵੀਹੀਂ ਸੌ' ਰਿਹਾ ਹੈ।

ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕਰ ਕੇ ਸੱਤਾ ਵਿਚ ਆਈ ਮੌਜੂਦਾ ਸਰਕਾਰ ਉਨ੍ਹਾਂ ਦੀਆਂ ਉਮੀਦਾਂ 'ਤੇ ਪੂਰਾ ਨਹੀਂ ਉਤਰ ਸਕੀ। ਪੰਜਾਬ ਵਿਚ ਨਸ਼ੇ ਦੇ ਮੁੱਦੇ ਨੂੰ ਲੈ ਕੇ ਬੇਸ਼ੱਕ ਉਸ ਵਕਤ ਪਵਿੱਤਰ ਗੁਰਬਾਣੀ ਦੀ ਕਸਮ ਖਾਧੀ ਗਈ ਪਰ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਨਸ਼ੇ ਦਾ ਕਾਰੋਬਾਰ ਏਨਾ ਵਧਿਆ ਕਿ ਸਾਰੀ ਕਹਾਣੀ ਦੀ ਰੂਪ ਰੇਖਾ ਹੀ ਬਦਲ ਗਈ ਤੇ ਇਸ ਦੇ ਭੈੜੇ ਤੋਂ ਭੈੜੇ ਹੀ ਨਤੀਜੇ ਸਾਹਮਣੇ ਆਏ। ਹਾਲੀਆ ਦੁਖਦਾਈ ਘਟਨਾ ਪ੍ਰਤੀ ਸਰਕਾਰ ਬਣਦੀ ਗੰਭੀਰਤਾ ਨਹੀਂ ਦਿਖਾ ਰਹੀ ਤੇ ਮੁੱਖ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਾ ਕਰ ਕੇ ਆਪਣੀ ਜ਼ਿੰਮੇਵਾਰੀ ਤੋਂ ਪਾਸਾ ਵੱਟ ਰਹੀ ਹੈ। ਸਰਕਾਰ ਵੱਲੋਂ ਚਾਹੇ ਇਸ ਮੌਕੇ ਉੱਚ ਪੱਧਰੀ ਜਾਂਚ ਦਾ ਭਰੋਸਾ ਦਿਵਾਇਆ ਗਿਆ ਹੈ ਪਰ ਜਦੋਂ ਪੂਰੀ ਤਸਵੀਰ ਸ਼ੀਸ਼ੇ ਵਾਂਗ ਸਾਫ਼ ਦਿਖਾਈ ਦੇ ਰਹੀ ਹੈ ਤਾਂ ਮੁੱਖ ਦੋਸ਼ੀਆਂ ਤੱਕ ਪਹੁੰਚ ਕਰਨ ਲਈ ਕਿਸੇ ਵਿਸ਼ੇਸ਼ ਜਾਂਚ ਦੀ ਕੀ ਜ਼ਰੂਰਤ ?ਅਸੀਂ ਮਾਨਸਿਕ ਤੌਰ 'ਤੇ ਇੰਨੇ ਕਮਜ਼ੋਰ ਹੋ ਚੁੱਕੇ ਹਾਂ ਕਿ ਆਪਣੇ ਛੋਟੇ ਛੋਟੇ ਸਵਾਰਥਾਂ ਲਈ ਆਪਣੇ ਹੱਕ ਇਨ੍ਹਾਂ ਰਾਜਸੀ ਤਾਕਤਾਂ ਦੇ ਰਹਿਮੋ ਕਰਮ ਅੱਗੇ ਗਿਰਵੀ ਰੱਖ ਦਿੱਤੇ ਹਨ। ਸਰਕਾਰਾਂ ਦੀ ਚੋਣ ਕਰਨ ਵੇਲੇ ਅਸੀਂ ਅਸਲ ਮੁੱਦਿਆਂ ਨੂੰ ਧਿਆਨ ਵਿਚ ਨਾ ਰੱਖਦੇ ਹੋਏ ਤੇ ਲਾਲਚ ਵੱਸ ਆਪਣਾ ਕੀਮਤੀ ਵੋਟ ਕੁਰਬਾਨ ਕਰ ਦਿੰਦੇ ਹਾਂ ਤੇ ਫਿਰ ਪੰਜ ਸਾਲ ਆਪਣੀਆਂ ਮੰਗਾਂ ਤੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਲੜਦੇ ਮਰਦੇ ਰਹਿੰਦੇ ਹਾਂ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਕਦੇ ਨਹੀਂ ਵਿਚਾਰਿਆ ਕਿ ਸਾਡਾ ਸੰਵਿਧਾਨ, ਸਾਡੇ ਮਸਲੇ, ਸਾਡੀਆਂ ਬੁਨਿਆਦੀ ਲੋੜਾਂ ਇਹ ਸਭ ਕੁਝ ਇਕ ਹੋਣ ਦੇ ਬਾਵਜੂਦ ਸਾਰੇ ਇਕ ਝੰਡੇ ਹੇਠ ਇਕੱਠੇ ਨਹੀਂ ਹੋ ਸਕੇ ਅਤੇ ਇਹ ਸਿਆਸੀ ਪਾਰਟੀਆਂ ਇਕ ਦੂਜੇ ਦੀਆਂ ਵਿਰੋਧੀ ਧਿਰਾਂ ਹੋਣ 'ਤੇ ਵੀ ਸਭ ਇੱਕ-ਮਿੱਕ ਹਨ। ਸਾਡੀ ਇਹ ਸ਼ੁਰੂ ਤੋਂ ਹੀ ਤ੍ਰਾਸਦੀ ਰਹੀ ਹੈ ਕਿ ਸਰਕਾਰਾਂ ਵੱਲੋਂ ਨਵੀਆਂ ਨੀਤੀਆਂ ਨੂੰ ਤਰਾਸ਼ਣ ਵੇਲੇ ਸ਼ਾਹੀ ਘਰਾਣਿਆਂ ਤੇ ਸਰਮਾਏਦਾਰਾਂ ਦੇ ਹਿੱਤਾਂ ਨੂੰ ਹੀ ਧਿਆਨ ਵਿਚ ਰੱਖਿਆ ਜਾਂਦਾ ਹੈ ਤੇ ਇਹ ਕਦੇ ਵੀ ਮੱਧ ਵਰਗ ਦੇ ਹੱਕਾਂ ਦੀ ਪੂਰਤੀ ਨਹੀਂ ਕਰਦੀਆਂ। ਸਾਨੂੰ ਚਾਹੀਦਾ ਹੈ ਕਿ ਅਸੀਂ ਹਮੇਸ਼ਾ ਪੰਜਾਬ ਦੀ ਕਿਸਾਨੀ, ਦਲਿਤਾਂ, ਗ਼ਰੀਬਾਂ, ਸਿਹਤ ਪ੍ਰਣਾਲੀ, ਤੇ ਸਿੱਖਿਆ ਸਬੰਧੀ ਅਹਿਮ ਮੁੱਦੇ ਹੀ ਸਰਕਾਰ ਅੱਗੇ ਰੱਖੀਏ ਤਾਂ ਜੋ ਉਹ ਸੱਤਾ ਵਿਚ ਆਉਣ ਵੇਲੇ ਇਨ੍ਹਾਂ ਨੀਤੀਆਂ ਦੇ ਅਧਾਰ 'ਤੇ ਹੀ ਆਪਣੇ ਚੋਣ ਮੈਨੀਫੈਸਟੋ ਤਿਆਰ ਕਰਨ। ਅਸਾਨੂੰ ਇਕ ਦੂਰ ਅੰਦੇਸ਼ੀ ਤੇ ਉਸਾਰੂ ਸੋਚ ਰੱਖਦੇ ਹੋਏ ਨਸ਼ਾ ਮਾਫ਼ੀਆ ਗਰੋਹ ਤੇ ਭ੍ਰਿਸ਼ਟ ਅਫ਼ਸਰਸ਼ਾਹੀ ਖ਼ਿਲਾਫ਼ ਲਾਮਬੰਦ ਹੋਣਾ ਪਵੇਗਾ ਤਾਂ ਜੋ ਆਉਣ ਵਾਲੇ ਸਮੇਂ ਵਿਚ ਇਸ ਤਰਾਂ ਦੀਆਂ ਮੰਦਭਾਗੀਆਂ ਘਟਨਾਵਾਂ ਨੂੰ ਸਦਾ ਲਈ ਠੱਲ ਪਾਈ ਜਾ ਸਕੇ।

**ਗੁਰਦੀਪ ਸਿੰਘ 'ਭੁੱਲਰ'**

# ਸ਼ੁਰੂਆਤ ਗਈ ਆ ਮਾਏ ਹੋ ਨੀ......



- ਡਾ. ਸਿਮਰਨ ਸੇਠੀ

ਸੋਨੇ ਦੀਆਂ ਜੁੱਤੀਆਂ ਪਾਉਣ ਵਾਲੇ ਕਦੇ ਭੱਜ ਕੇ ਮਾਰੂਥਲ ਪਾਰ ਨਹੀਂ ਕਰ ਸਕਦੇ। ਜੇ ਸਰਮਾਏ ਦੇ ਜ਼ੋਰ ਨਾਲ ਕਰ ਵੀ ਲੈਣ ਤਾਂ ਇਹ ਉਨਾਂ ਦੀ ਪਹਿਲੀ ਅਤੇ ਅਖੀਰਲੀ ਦੌੜ ਹੋਵੇਗੀ। ਪਰ ਜੋ ਲੋਕ ਗ਼ੁਰਬਤ ਦੀ ਜ਼ਿੰਦਗੀ ਦੇ ਸਾਰੇ ਅੜਿੱਕਿਆਂ ਨੂੰ ਲੰਘ ਕੇ ਸਹਿਰਾ ਨੂੰ ਆਪਣੀ ਮੰਜ਼ਿਲ ਬਣਾ ਕੇ ਤੁਰਦੇ ਹਨ, ਉਨਾਂ ਲਈ ਸੂਰਜ ਦੀ ਤਪਸ਼ ਵੀ ਨਿੱਘ 'ਚ ਬਦਲ ਜਾਂਦੀ ਹੈ। ਕੁਝ ਇਹੋ-ਜਿਹੀ ਵਿਧਾ ਬਣਦੀ ਦਿਸ ਰਹੀ ਹੈ ਪੋਹ ਦੀ ਕੋਸੀ ਕੋਸੀ ਧੁੱਪ ਵਰਗੇ ਮਾਸੂਮ ਜਿਹੇ ਮਾਂ ਦੇ ਪ੍ਰੀਤ, ਨਾਨਕਿਆਂ ਦੇ ਹੈਪਨ, ਦੋਸਤਾਂ ਦੇ ਬਿੱਲੇ ਅਤੇ 'ਸੌਂਹ' ਗੀਤ ਨਾਲ ਚਰਚਾ 'ਚ ਆਏ ਨੌਜਵਾਨ ਹਰਪ ਹੰਜਰਾ ਦੀ। ਗ਼ੁਰਬਤ ਦੇ ਢੇਰ 'ਚ ਰੁਲੀ ਪਈ ਕੁਦਰਤੀ ਗੁਣਾਂ ਦੀ ਗੁਥਲੀ ਹੈ ਹਰਪ। ਹਾਲੇ ਚੌਦਾਂ ਅਗਸਤ 2020 ਨੂੰ ਚੌਵੀਵਾਂ ਸੂਰਜ ਚੜਿਆ ਉਹਦੀ ਜ਼ਿੰਦਗੀ ਦਾ। ਉਸ ਦੇ ਮੂੰਹੋਂ ਉਸ ਦੀ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਸੁਣ ਪਿੰਡੇ 'ਤੇ ਲੂੰ-ਕੰਢੇ ਖੜੇ ਹੋ ਗਏ ਤੇ ਨੈਣਾਂ ਦੇ ਖੂਹਾਂ ਵਿਚ ਡੱਕਿਆ ਪਾਣੀ ਕਦੋਂ ਆਪ-ਮੁਹਾਰਾ ਵਹਿ ਤੁਰਿਆ, ਪਤਾ ਹੀ ਨਾ ਲੱਗਾ।

ਪਟਿਆਲੇ ਜ਼ਿਲੇ ਦੇ ਪਿੰਡ ਨਕਟਾ ਦੇ ਰਹਿਣ ਵਾਲੇ ਅਤੇ ਸ਼ੂਗਰ ਮਿੱਲ 'ਚ ਕੰਮ ਕਰਨ ਵਾਲੇ, ਇਕ ਕਿਲਾ ਜ਼ਮੀਨ ਦੇ ਮਾਲਕ ਗ਼ਰੀਬ ਕਿਰਸਾਨ, ਸੁਰਿੰਦਰ ਸਿੰਘ ਹੰਜਰਾ ਅਤੇ ਗੁਰਜੀਤ ਕੌਰ ਦੇ ਘਰ ਪੈਦਾ ਹੋਣ ਵਾਲੇ ਇਕਲੌਤੇ ਪੁੱਤਰ ਹਰਪ੍ਰੀਤ ਨੂੰ ਜੰਮਦਿਆਂ ਹੀ ਜ਼ਿੰਦਗੀ ਨੇ ਜਨੂੰਨ ਦੀ ਗੁੜਤੀ ਤਾਂ ਦਿੱਤੀ ਪਰ ਬਹੁਤ ਜਲਦ ਉਮਰ ਤੋਂ ਪਹਿਲਾਂ ਹੀ ਗ਼ਰੀਬੀ ਵਰਗੇ ਸਰਾਪ ਦੇ ਅਸਲ ਅਰਥ ਸਮਝਾਉਣੇ ਆਰੰਭ ਦਿੱਤੇ ਸਨ। ਸ਼ੂਗਰ ਮਿੱਲ ਦੀ ਮਿਠਾਸ ਵੀ ਗ਼ਰੀਬੀ ਦੀ ਜ਼ਹਿਰ ਨੂੰ ਘੱਟ ਨਾ ਕਰ ਸਕੀ ਅਤੇ ਮਾਂ ਵੱਲੋਂ ਚੱਕੀ ਤੇ ਆਟਾ ਪੀਹ ਕੇ ਕੀਤੀ ਮਿਹਨਤ ਵੀ ਪਰਿਵਾਰ ਨੂੰ ਗ਼ੁਰਬਤ ਚੋਂ ਨਾ ਕੱਢ ਸਕੀ ਉਲਟਾ ਪਰਵਾਰ ਦੀ ਹਾਲਤ ਦਿਨੋਂ-ਦਿਨ ਵਿਗੜਦੀ ਗਈ। ਪਰ ਪਿਤਾ ਦੇ ਪਿਆਰ ਅਤੇ ਮਾਂ ਦੀ ਮਮਤਾ ਦੇ ਕਵਚ ਨੇ ਹਮੇਸ਼ਾ ਪੰਜਾਬ ਦੇ ਅਤਿ ਵਿਗੜੇ ਮਾਹੌਲ ਤੋਂ ਹਰਪ ਨੂੰ ਬਚਾਈ ਰੱਖਿਆ।

ਕੁਦਰਤੀ ਕਲਾ/ਗੁਣਾਂ ਦੀ ਸੌਗਾਤ ਹਰ ਕਿਸੇ ਦੇ ਹਿੱਸੇ ਨਹੀਂ ਆਉਂਦੀ। ਹਰਪ ਨੂੰ ਭਾਵੇਂ ਕੁਦਰਤ ਨੇ ਖੁੱਲਾ ਜੁੱਸਾ ਨਹੀਂ ਦਿੱਤਾ ਪਰ ਕੁਦਰਤੀ ਖਿਡਾਰੀਆਂ ਵਾਲਾ ਸਾਰਾ ਢਾਂਚਾ ਦੇ ਕੇ ਤੋਰਿਆ। ਸੁਰਤ ਸੰਭਾਲੀ ਤਾਂ ਜਨੂੰਨ ਦਾ ਬੀਜ ਫੁੱਟਣਾ ਸ਼ੁਰੂ ਹੋਇਆ ਤੇ ਖੇਡਾਂ ਵੱਲ ਹੋ ਤੁਰਿਆ। ਸਕੂਲ ਦੌਰਾਨ ਗਿਆਰਾਂ ਅਤੇ ਚੌਦਾਂ ਸਾਲ ਦੇ ਵਰਗ ਵਿਚ ਖੋ-ਖੋ 'ਚ ਰਾਜ ਪੱਧਰ 'ਤੇ ਜਿੱਤਣਾ ਕੋਈ ਛੋਟੀ ਗੱਲ ਨਹੀਂ ਸੀ। ਜਿਵੇਂ-ਜਿਵੇਂ ਵੱਡਾ ਹੁੰਦਾ ਗਿਆ ਮਹਿੰਗੀ ਖੇਡ ਕ੍ਰਿਕੇਟ 'ਚ ਵੀ ਹੱਥ ਅਜ਼ਮਾਉਣ ਲੱਗ ਪਿਆ। ਵੱਡੇ-ਵੱਡੇ ਖਿਡਾਰੀਆਂ ਨਾਲ ਖੇਡਣ ਦੇ ਇਸ ਦੇ ਜਨੂੰਨ ਨੂੰ ਦੇਖਦਿਆਂ ਛੋਟੇ-ਛੋਟੇ ਖੰਭਾਂ ਨੂੰ ਲੰਬੀਆਂ ਪਰਵਾਜ਼ਾਂ ਦੀ ਤਿਆਰੀ ਲਈ ਪਟਿਆਲਾ ਸ਼ਹਿਰ ਦੇ ਸਰਕਾਰੀ ਮਲਟੀ-ਪਰਪਜ਼ ਸੀਨੀਅਰ ਸੈਕੰਡਰੀ ਸਕੂਲ ਵਿਚ ਭੇਜ ਦਿੱਤਾ। ਕੁਲਦੀਪ ਸਿੰਘ ਜੋ ਕਿ ਦੀਪ ਭਾਜੀ ਦੇ ਨਾਂ ਨਾਲੇ ਜਾਣੇ ਜਾਂਦੇ ਸਨ ਨੇ ਕੋਚ ਦੇ ਤੌਰ ਤੇ ਪਹਿਲੀ ਵਾਰ ਹਰਪ ਦੀ ਬਾਂਹ ਫੜੀ। ਘਰ ਦਾ ਹਰ ਜੀਅ ਸਖ਼ਤ ਪ੍ਰੀਖਿਆ ਵਿਚੋਂ ਗੁਜ਼ਰ ਰਿਹਾ ਸੀ। ਜਨੂੰਨੀ ਹਰਪ੍ਰੀਤ ਹੋਸਟਲ ਰਹਿੰਦਾ ਕਈ ਕਈ ਦਿਨ ਢਿੱਡੋਂ ਭੁੱਖਾ ਰਹਿ ਕੇ ਦੇਸ਼ ਲਈ ਖੇਡਣ ਦੇ ਸੁਪਨੇ ਲੈ ਰਿਹਾ ਸੀ। ਆਖ਼ਿਰ ਸੁਪਨਿਆਂ ਦੇ ਕ੍ਰਿਕੇਟ ਸਟੇਡੀਅਮ ਦੀ ਚੌਖਟ 'ਤੇ ਕਦਮ ਧਰਿਆ ਤਾਂ ਬਹੁਤੀਆਂ ਦੀਆਂ ਅੱਖਾਂ ਚ ਰੜਕਣਾ ਸ਼ੁਰੂ ਹੋ ਗਿਆ।

ਪਹਿਲੀ ਵਾਰ ਹਰਪ ਦੇ ਮੂੰਹੋਂ ਸੁਣਿਆ ਕੌੜਾ ਸੱਚ ਦੇਸ਼ ਅੰਦਰ ਖਿਡਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਨੂੰ ਪ੍ਰਸ਼ਨਾਂ ਦੇ ਘੇਰੇ ਵਿਚ ਖੜਾ ਕਰ ਗਿਆ। ਇਕ ਖਿਡਾਰੀ ਨੂੰ ਆਮ ਨਾਲੋਂ ਜ਼ਿਆਦਾ ਖ਼ੁਰਾਕ ਤਾਂ ਮਿਲਣੀ ਕੀ ਸੀ, ਉਲਟਾ ਉਹ ਤਿੰਨ ਸੌ ਰੁਪਿਆ ਬਚਾਉਣ ਲਈ ਮਹੀਨੇ ਦੇ ਤੀਹ ਦਿਨਾਂ ਚੋਂ ਦਸ ਦਿਨ ਭੁੱਖਾ ਰਹਿ ਲੈਂਦਾ ਸੀ। ਭੁੱਖੇ ਢਿੱਡ ਰਹਿ ਕੇ ਇਕ ਖਿਡਾਰੀ ਵਜੋਂ ਰਾਜ ਪੱਧਰ ਦੀ ਸਰੀਰਕ ਸਮਰੱਥਾ ਬਣਾਉਣੀ ਤੇ ਕਾਇਮ ਰੱਖਣੀ ਉਸ ਲਈ ਸਭ ਤੋਂ ਵੱਡੀ ਚੁਨੌਤੀ ਸੀ। ਉਸ ਨੂੰ ਖੇਡ ਦੇ ਮੈਦਾਨ 'ਤੇ ਚੰਗਾ ਖੇਡਣ ਲਈ ਜੇ ਕੋਈ ਚੀਜ਼ ਅੜਿੱਕੇ ਲਾਉਂਦੀ ਸੀ ਤਾਂ ਉਹ ਬਿਨਾਂ ਖ਼ੁਰਾਕ ਦੇ ਆਈ ਸਰੀਰਕ ਕਮਜ਼ੋਰੀ ਸੀ। ਉਸ ਦੀ ਖੇਡ ਦੇਖ ਕੇ ਹਰਭਜਨ ਸਿੰਘ ਅਤੇ ਯੁਵਰਾਜ ਨੇ ਵੀ ਰਾਜ ਪੱਧਰ ਦੇ ਪ੍ਰਬੰਧਕਾਂ ਨੂੰ ਕਿਹਾ ਕਿ ਇਸ ਮੁੰਡੇ ਨੂੰ ਸੰਭਾਲ ਕੇ ਰੱਖੋ। ਉਹ ਇਕ ਚੁਸਤ ਵਿਕਟ ਕੀਪਰ ਦੇ ਨਾਲ ਨਾਲ ਇਕ ਬਹੁਤ ਵਧੀਆ ਬੱਲੇਬਾਜ਼ ਸੀ। ਉਸ ਦੇ ਸਿਦਕ ਨੂੰ ਜ਼ਿਲਾ ਖੇਡ ਅਫ਼ਸਰ ਸ਼ਾਸ਼ਵਤ ਰਾਜਦਾਨ, ਭੁਪਿੰਦਰ ਭੁੱਪੀ (ਐੱਨ.ਆਈ.ਐੱਸ.), ਮੁਨੀਸ਼ ਬਾਲੀ(ਐੱਨ. ਸੀ.ਏ.)ਅਤੇ ਦਰੋਣਾਚਾਰੀਆ ਐਵਾਰਡੀ ਗੁਰਚਰਨ ਸਿੰਘ ਵਰਗੀਆਂ ਨੇ ਪਛਾਣਿਆ। ਇਹਨਾਂ ਨੇਕਦਿਲ ਅਤੇ ਮਿਹਨਤ, ਲਗਨ ਦੀ ਇੱਜ਼ਤ ਕਰਨ ਵਾਲਿਆਂ ਵੱਲੋਂ ਮਿਲੇ ਹੌਸਲੇ ਨੇ ਛੋਟੇ-ਛੋਟੇ ਖੰਭਾਂ ਨੂੰ ਲੰਮੀ ਪਰਵਾਜ਼ ਲਈ ਤਿਆਰ ਕਰ ਦਿੱਤਾ। ਪਰ ਇਸ ਸਫ਼ਰ ਵਿਚ ਪਿੱਛੇ ਧੱਕਣ ਵਾਲੇ ਜ਼ਿਆਦਾ ਆਏ। ਅਕਸਰ ਵੱਡੇ ਮੁਕਾਬਲਿਆਂ ਤੋਂ ਪਹਿਲਾਂ ਉਸ ਦਾ ਸਰੀਰ ਜਵਾਬ ਦੇ ਜਾਂਦਾ। ਕਦੇ ਟਾਈਫ਼ਾਈਡ ਹੋ ਜਾਂਦਾ ਕਦੀ ਕੁਝ ਹੋਰ, ਪਰ ਉਸ ਦੇ ਜਨੂੰਨ ਮੂਹਰੇ ਸਭ ਫਿੱਕੇ ਪੈ ਜਾਂਦੇ।

ਕੁਦਰਤ ਆਪਣੀ ਖੇਡ ਖੇਡ ਰਹੀ ਸੀ, ਅੰਤਰਰਾਸ਼ਟਰੀ ਖੇਡ ਮੈਦਾਨ 'ਚ ਚਮਕਣ ਤੋਂ ਪਹਿਲਾਂ ਹੀ ਉਸ ਦੇ ਸਿਤਾਰੇ ਉਦੋਂ ਡੁੱਬ ਗਏ ਜਦੋਂ ਮੁਹਾਲੀ 'ਚ ਹੋਣ ਵਾਲੇ ਇਕ ਮੈਚ ਤੋਂ ਪਹਿਲਾਂ ਹਰਪ ਇਕ ਗੇਂਦ ਨੂੰ ਰੋਕਣ ਦੇ ਚੱਕਰ 'ਚ ਆਪਣਾ ਪੈਰ ਤੁੜਵਾ ਬੈਠਾ। ਹਰਪ ਨੂੰ ਜਾਣਨ ਵਾਲੇ ਦੱਸਦੇ ਹਨ ਕਿ ਉਸ ਦੇ ਜਨੂੰਨ ਮੂਹਰੇ ਉਸ ਦਾ ਸਰੀਰ ਜਵਾਬ ਦੇ ਗਿਆ।

ਲੁਕਾਈ ਭਾਣੇ ਇਹ ਉਸ ਦੀ ਨਹੀਂ ਬਲਕਿ ਹਰ ਉਸ ਬੰਦੇ ਦੀ ਹਾਰ ਸੀ ਜੋ ਰੋਜ਼ ਸਵੇਰੇ ਉੱਠ ਕੇ ਪ੍ਰਮਾਤਮਾ ਦਾ ਨਾਲ ਲੈਂਦਾ, ਪਾਠ ਕਰਦਾ 'ਸਭਿ ਮਹਿ ਜੋਤਿ ਜੋਤਿ ਹੈ ਸੋਇ' ਉਚਾਰਦਾ। ਪਰਮ ਸ਼ਕਤੀ ਨੂੰ ਮੰਨਦਾ। ਪਰ ਇਨਸਾਨ ਤਾਂ ਇਕ ਇਨਸਾਨ ਹੈ ਉਸ ਦੀ ਸੋਚ ਸੀਮਤ ਹੈ। ਉਹ ਕਿੱਥੇ ਜਾਣਦਾ ਹੈ ਕਿ ਅਕਾਲ ਪੁਰਖ ਨੇ ਭਵਿੱਖ ਦੇ ਗਰਭ ਵਿਚ ਉਸ ਲਈ ਕੀ-ਕੀ ਸਾਂਝ ਰੱਖਿਆ ਹੈ। ਕਿਉਂਕਿ ਰੱਬ ਦੀਆਂ ਰਹਿਮਤਾਂ ਅਦਿੱਖ ਹੁੰਦੀਆਂ ਹਨ ਤੇ ਉਹ ਕਦੇ ਕਿਸੇ ਦੇ ਮੋਢੇ 'ਤੇ ਹੱਥ ਰੱਖ ਇਹ ਨਹੀਂ ਆਖਦਾ- 'ਕੋਈ ਨਾ ਤੂੰ ਫ਼ਿਕਰ ਨਾ ਕਰ , ਮੈਂ ਤੇਰੇ ਨਾਲ ਆ।'

ਆਖ਼ਿਰ ਇਕ ਦਰਵਾਜ਼ਾ ਬੰਦ ਹੋਣ 'ਤੇ ਜਨੂੰਨੀ ਲੋਕ ਟਿੱਕ ਕੇ ਕਿੱਥੇ ਬਹਿੰਦੇ ਹੁੰਦੇ ਹਨ। ਉਸ ਦਾ ਬਚਪਨ ਤੋਂ ਦੂਜਾ ਜਨੂੰਨ ਗਾਉਣਾ ਸੀ। ਸ਼ੂਗਰ ਮਿੱਲ ਦੀ ਨੌਕਰੀ ਚਲੀ ਜਾਣ ਪਿੱਛੋਂ ਪਿਤਾ ਗੁਰੂਘਰ 'ਚ ਸੇਵਾ ਨਿਭਾਉਣ ਲੱਗ ਪਏ। ਹਰਪ ਨੇ ਜਦੋਂ ਇਸ ਗਾਇਕੀ ਦੇ ਬੀਜਾਂ ਨੂੰ ਪਿਆਰ ਤੇ ਮਿਹਨਤ ਨਾਲ ਸਿੰਜਣ ਦੀ ਜ਼ਿੱਦ ਕੀਤੀ ਕਿ ਮੈਂ ਵੀ ਵਾਜਾ ਵਜਾਉਣਾ ਸਿੱਖਣਾ ਹੈ ਤਾਂ ਉੱਥੇ ਵੀ ਗ਼ਰੀਬੀ ਆੜੇ ਆ ਗਈ। ਸਿਖਾਉਣ ਵਾਲਾ ਮੁਨਕਰ ਹੋ ਗਿਆ। ਹਰਪ ਦੱਸਦਾ ਹੈ ਕਿ ਉਹ ਫੇਰ ਆਪ ਹੀ ਵਾਜੇ ਨਾਲ ਅਠਖੇਲੀਆਂ ਕਰਨ ਲੱਗ ਪਿਆ ਤੇ ਇਕ ਦਿਨ ਲੋੜ ਮੁਤਾਬਿਕ ਵਜਾਉਣਾ ਸਿੱਖ ਗਿਆ। ਕੁਝ ਕੁ ਸਮੇਂ 'ਚ ਗੀਤਾਂ ਦੇ ਬੀਜ ਪੁੰਗਰਨੇ ਆਰੰਭ ਹੋ ਗਏ। ਗੀਤਕਾਰੀ ਦੇ ਨਾਜ਼ੁਕ ਬੂਟਿਆਂ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਤਿਆਰ ਕਰਦਾ ਤੇ ਤੁਰ ਪੈਂਦਾ ਨਵੇਂ ਸਫ਼ਰ ਤੇ। ਜਿੱਥੇ ਜਾਂਦਾ ਅਗਲਾ ਗਾਣੇ ਸੁਣਦਾ, ਕਾਪੀ ਰੱਖ ਲੈਂਦਾ ਤੇ ਕਹਿ ਦਿੰਦਾ ਬਈ, ਪੈਸੇ ਲੈ ਆਵੀਂ ਕਰਾ ਦੇਵਾਂਗੇ ਤੇਰੇ ਗੀਤ। ਦੁਨੀਆਦਾਰੀ ਦੀ ਪੜਾਈ ਦਾ ਹਰ ਰੋਜ਼ ਨਵਾਂ ਸਬਕ ਸਿੱਖ ਘਰ ਪਰਤਦਾ। ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਆਖ਼ਿਰ ਕੁਦਰਤ ਨੇ ਉਹ ਖੇਡ ਖੇਡੀ, ਵੱਡੇ-ਵੱਡੇ ਗ੍ਰਹਿਆਂ ਤੇ ਜਾਣ ਦੇ ਦਾਅਵੇ ਕਰਨ ਵਾਲੇ ਪਲਾਂ ਵਿਚ ਹੀ ਚਾਰ ਦੀਵਾਰੀ 'ਚ ਡੱਕ ਦਿੱਤੇ। ਡਰ ਅਤੇ ਸੁੰਨਸਾਨ ਪਸਰ ਗਈ ਹਰ ਤਰਫ਼। ਦਿਲੋਂ ਆਵਾਜ਼ ਆਈ :-



'ਹਰਪ੍ਰੀਤ, ਇਹ ਲਾੱਕ ਡਾਊਨ ਤੇਰੇ ਲਈ ਬਣਿਆ।'

ਬਾਹਰੀ ਸਫ਼ਰ ਰੁਕ ਜਾਣ 'ਤੇ ਸ਼ੁਰੂ ਹੋਇਆ ਆਪਣੇ ਆਪ ਨੂੰ ਕੁਦਰਤ ਦੇ ਹਵਾਲੇ ਕਰ ਆਤਮ-ਚਿੰਤਨ ਦਾ ਸਫ਼ਰ, ਅੰਦਰ ਦੀ ਯਾਤਰਾ। ਅੰਦਰੂਨੀ ਸਫ਼ਰ ਦੌਰਾਨ ਜੋ ਕੁਝ ਸ਼ਬਦਾਂ ਰੂਪੀ ਮੋਤੀ ਚੁਣ ਕੇ ਪੰਨਿਆਂ 'ਤੇ ਉੱਕਰੇ ਉਹ ਸਨ:-

ਮੈਂ ਬੰਦ ਦਰਵਾਜ਼ਿਆਂ 'ਚੋਂ ਗੁਨਾਹਗਾਰ ਰੂਹ ਬੋਲਦੀ,
ਤੇਰੇ ਬੇ ਜ਼ੁਬਾਨਾਂ ਨੂੰ ਜੋ ਸੀ ਤੱਕੜੀ 'ਚ ਤੋਲਦੀ।
ਬੰਦ ਕੀਤੇ ਧੰਦੇ ਮੇਰੇ, ਜੋ ਵੀ ਚੰਗੇ ਮੰਦੇ ਮੇਰੇ
ਮਾਣ ਦੇ ਨੇ ਪੰਛੀ ਹਵਾ, ਸਮੇਂ ਆਲ਼ੇ ਦੌਰ ਦੀ
ਝੂਠੀਆਂ ਜੋ ਦੌਲਤਾਂ ਦੇ ਨਿੱਘ ਵਿਚ ਸੁੱਤਿਆਂ ਦੀ
ਇਕ ਦਮ ਕੁੰਡੀ ਖੜਕਾਈ, ਤੇਰੀ ਰਜ਼ਾ ਪਾਤਸ਼ਾਹ ਮੈਨੂੰ ਬੜੀ ਰਾਸ ਆਈ।

ਆਤਮ-ਚਿੰਤਨ ਜਾਰੀ ਸੀ। ਸੋ ਕੁਦਰਤ ਨੇ ਉਂਗਲਾਂ ਦੇ ਪੋਟਿਆਂ 'ਚ ਹਲਚਲ ਕੀਤੀ 'ਤੇ ਫ਼ੋਨ ਦੀ ਸਕਰੀਨ 'ਤੇ ਜੋ ਪਵਿੱਤਰ ਸ਼ਬਦ ਲਿਖਿਆ ਗਿਆ, ਉਹ ਸੀ 'ਪ੍ਰੋਫ਼ੈਸਰ'।'ਤੇ ਜਿਸ ਪਾਕ ਰੂਹ ਦੇ ਬੋਲਾਂ ਨੇ ਕੰਨਾਂ ਵਿਚ ਅੰਮ੍ਰਿਤ ਘੋਲਿਆ ਤੇ ਵਕਤ ਰੁਕ ਗਿਆ ਜਾਪਿਆ, ਉਹ ਇਕ ਦਰਵੇਸ਼ ਰੂਪੀ, ਚਿੱਟੀ ਸਫ਼ੇਦ ਭਰਵੀਂ ਦਾੜੀ, ਸਕੂਨ ਨਾਲ ਦਮਕਦੇ ਚਿਹਰੇ 'ਤੇ ਮਿੱਠੀ ਜਿਹੀ ਮੁਸਕਾਨ, ਸ਼ਾਂਤ, ਵਿਸ਼ਾਲ, ਗਹਿਰ ਗੰਭੀਰ ਸਾਗਰ ਪ੍ਰੋ: ਹਰਪਾਲ ਸਿੰਘ ਪੰਨੂ ਜੀ। ਜੋ 'ਪੇਂਡੂ ਆਸਟ੍ਰੇਲੀਆ' ਨਾਂ ਦੇ ਚੈਨਲ ਤੇ ਆਪਣੀ ਜ਼ਿੰਦਗੀ ਵਿਚ ਲਿਖਣ ਨਾਲੋਂ ਸੁਣਨ ਨੂੰ ਮਹੱਤਤਾ ਦੇਣ ਦੀਆਂ ਗਿਆਨ ਭਰਪੂਰ ਗੱਲਾਂ ਦੱਸ ਰਹੇ ਸਨ। ਬੱਸ ਉਸ ਤੋਂ ਬਾਅਦ ਹਰਪ ਕਹਿੰਦਾ, "ਮੈਂ ਅਗਲੇ ਕੁਝ ਕੁ ਦਿਨਾਂ ਵਿਚ ਪੇਂਡੂ ਆਸਟ੍ਰੇਲੀਆ ਦਾ ਸਾਰਾ ਚੈਨਲ ਦੇਖ ਕੇ ਸਾਹ ਲਿਆ। ਮੈਨੂੰ ਲੱਗਿਆ ਕਿ ਇਨਾਂ ਨੂੰ ਸੰਪਰਕ ਕਰਨਾ ਚਾਹੀਦਾ ਹੈ। ਇਹ ਜ਼ਰੂਰ ਮਦਦ ਕਰਨਗੇ।ਆਖ਼ਿਰ ਅਨੇਕਾਂ ਜ਼ਿੰਦਗੀਆਂ ਨੂੰ ਸਫਲਤਾ ਦੀਆਂ ਮੰਜ਼ਿਲਾਂ ਦੇ ਸਿਰਨਾਵੇਂ ਦੇਣ ਵਾਲੇ ਪਿਆਰੇ ਮਿੰਟੂ ਬਰਾੜ ਜੀ ਦਾ ਨੰਬਰ ਮਿਲਿਆ, ਉਨਾਂ ਨੂੰ ਅਤੇ ਪ੍ਰੋ: ਪੰਨੂ ਜੀ ਨੂੰ ਆਪਣੀ ਰਚਨਾ ਭੇਜੀ। ਪਾਕ ਰੂਹਾਂ ਦੇ ਦਰ ਮੇਰੀ ਅਰਜ਼ ਕਬੂਲ ਹੋ ਚੁੱਕੀ ਸੀ। "

ਇਕ ਸੰਕਲਪ/ਇਕ ਵਾਅਦਾ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਵੇਲੇ ਕਿ ਜੇ ਚੰਗਾ ਲਿਖਿਆਂ ਏਨੀਆਂ ਦੁਆਵਾਂ ਤਾਂ ਮਾੜਾ ਕਿਉਂ ਲਿਖਣਾ ? ਸ਼ੁਹਰਤ ਹਾਸਿਲ ਕਰਨ ਲਈ ਚੰਗਿਆਂ ਨੂੰ ਮਾੜੇ ਬਣਦੇ ਬਹੁਤ ਦੇਖਿਆ ਪਰ ਹਰਪ ਦਾ ਸੰਪੂਰਨ ਰੂਪ ਵਿਚ ਮਾੜੀ/ਕਮਰਸ਼ੀਅਲ ਗੀਤਕਾਰੀ ਨੂੰ ਛੱਡ ਕੇਵਲ ਤੇ ਕੇਵਲ ਚੰਗਾ ਲਿਖਣ ਦਾ ਪ੍ਰਣ ਹੈਰਾਨ ਕਰਨ ਵਾਲਾ ਸੀ, ਉਹ ਵੀ ਇਹੋ ਜਿਹੇ ਸਮੇਂ ਜਦੋਂ ਉਸ ਨੂੰ ਅੱਜ ਦੇ ਮਾਹੌਲ ਵਿਚ ਪੈਸੇ ਲਈ ਚੱਲ ਰਹੇ ਭੜਕਾਊ ਗੀਤਾਂ ਬਾਰੇ ਚੰਗੀ ਤਰਾਂ ਪਤਾ ਹੈ।

ਪੇਂਡੂ ਆਸਟ੍ਰੇਲੀਆ ਚੈਨਲ ਦੇ ਡਾਇਰੈਕਟਰ ਮਨਪ੍ਰੀਤ ਸਿੰਘ ਢੀਂਡਸਾ ਦੀ ਸੰਗਤ ਨੇ ਕੁਦਰਤੀ ਸਬਰ ਅਤੇ ਸੰਤੋਖ ਉਸ ਦੀ ਨਵੀਂ ਜ਼ਿੰਦਗੀ ਦਾ ਆਧਾਰ ਬਣਾ ਦਿੱਤਾ। ਇਕ ਦਿਨ ਮਨਪ੍ਰੀਤ ਪਿਆਰ ਨਾਲ ਕਹਿੰਦੇ, "ਯਾਰ, ਤੁਸੀਂ ਕੁਝ ਵੰਡ ਦੇ ਸੰਤਾਪ 'ਤੇ ਵੀ ਲਿਖਿਆ ?" ਹਾਲਾਂਕਿ ਉਸ ਦੇ ਦਾਦਕੇ ਵੰਡ ਦਾ ਸੰਤਾਪ ਭੋਗ ਚੁੱਕੇ ਸਨ ਪਰ ਉਸ ਲਈ 1947 ਆਜ਼ਾਦੀ ਜਸ਼ਨਾਂ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੀ। ਮਨਪ੍ਰੀਤ ਦੇ ਮੂੰਹੋਂ ਅਸਲੀਅਤ ਸੁਣੀ ਤਾਂ ਸੁੰਨ ਹੋ ਗਿਆ ਸੀ ਹਰਪ। ਉਸ ਨੂੰ ਆਪਣੇ ਆਪ ਤੇ ਗ਼ੁੱਸਾ ਆਇਆ ਕਿ ਅਸੀਂ ਕਾਹਦੇ ਜਸ਼ਨ ਮਨਾਉਂਦੇ ਰਹੇ ਹਾਂ ਹੁਣ ਤੱਕ ?

ਮਨਪ੍ਰੀਤ ਦੇ ਕਹਿਣ 'ਤੇ ਅਗਲੇ ਕੁਝ ਦਿਨ ਇਸ ਬਾਰੇ ਜਿੰਨਾ ਜਾਣ ਸਕਦਾ ਸੀ ਖੋਜ ਕੀਤੀ। ਏਨਾ ਵਿਸ਼ਾਲ, ਸੰਵੇਦਨਸ਼ੀਲ, ਨਾਜ਼ੁਕ ਵਿਸ਼ਾ, ਏਨੀ ਵੱਡੀ ਤ੍ਰਾਸਦੀ, ਏਨਾ ਵੱਡਾ ਕਤਲੇਆਮ, ਚਾਰੇ ਪਾਸੇ ਬੰਦਿਆਂ ਦੀਆਂ ਸ਼ਕਲਾਂ ਵਾਲੇ ਹੈਵਾਨ, ਲੱਖਾਂ ਲੋਕ ਸੱਤਾ ਦੇ ਲਾਲਚੀਆਂ ਦੀਆਂ ਕੋਝੀਆਂ ਚਾਲਾਂ ਦੀ ਭੇਂਟ ਚੜ ਗਏ, ਇਨਸਾਨੀਅਤ ਸ਼ਰਮਸਾਰ ਹੋਈ, ਹਿੰਦੁਸਤਾਨ-ਪਾਕਿਸਤਾਨ ਦੇ ਨਾਂ 'ਤੇ ਪੰਜਾਬ ਦਾ ਉਜਾੜਾ ਹੋਇਆ। ਆਖ਼ਿਰ ਏਨਾ ਕੁਝ ਦੇਖ ਆਤਮਾ ਵਲੂੰਧਰੀ ਗਈ ਸੀ ਹਰਪ ਦੀ।ਆਪਣੀ ਜਨਮ-ਭੋਇੰ ਅਤੇ ਆਪਣਿਆਂ ਲਈ ਤਰਸਦਿਆਂ ਦੇ ਹੰਝੂਆਂ, ਹੌਂਕਿਆਂ, ਤਰਸੇਵਿਆਂ ਨੂੰ ਦਿਲ ਦੀ ਕੁਠਾਲੀ ਪਾ ਰੂਹ ਦੇ ਲਹੂ 'ਚ ਤਪਾਇਆ ਤਾਂ ਵਰਿਆ ਤੋਂ ਟਸ-ਟਸ ਕਰਦੇ ਦਿਲਾਂ ਨੂੰ ਠੰਢਕ ਦੇਣ ਵਾਲਾ 'ਸੌਂਹ' ਨਾਮੀ ਚੰਦਰਮਾ ਚੜਿਆ। ਹੁਣ ਜ਼ਖ਼ਮੀ ਖੰਭ ਪੂਰੀ ਤਰਾਂ ਨਾਲ ਲੰਬੀ ਪਰਵਾਜ਼ ਲਈ ਬਿਲਕੁਲ ਤਿਆਰ ਸਨ।

ਫਿਰ ਉਹ ਦਿਨ ਆਇਆ ਜਦੋਂ 'ਪੇਂਡੂ ਆਸਟ੍ਰੇਲੀਆ' ਦੀ ਟੀਮ ਵੱਲੋਂ ਤਿਆਰ ਕੀਤਾ ਗੀਤ 'ਸੌਂਹ' ਲੋਕਾਂ ਦੇ ਦਿਲਾਂ 'ਤੇ ਦਸਤਕ ਦੇਣ ਪਹੁੰਚ ਗਿਆ। ਭਾਵੇਂ ਦੇਖਣ ਵਾਲਿਆਂ ਦੀ ਗਿਣਤੀ ਹਜ਼ਾਰਾਂ 'ਚ ਰਹਿ ਗਈ ਪਰ ਜੋ ਮਸ਼ਹੂਰ ਅਤੇ ਸੁਲਝੇ ਹੋਏ ਲੋਕਾਂ ਦੇ ਸੁਨੇਹੇ ਆਏ ਉਨਾਂ ਨੇ ਗ਼ੁਰਬਤ ਨਾਲ ਬੋਦੇ ਹੋ ਚੁੱਕੇ ਸਰੀਰ 'ਚ ਫੇਰ ਜਾਨ ਪਾ ਦਿੱਤੀ। ਹਰਪ ਕਹਿੰਦਾ ਅੱਗੇ ਵਧਣ ਦੇ ਬਹੁਤ ਮੌਕੇ ਮਿਲੇ ਪਰ ਮੰਜ਼ਿਲ ਦੇ ਨੇੜੇ ਆ ਕੇ ਤਿਲਕ ਜਾਂਦਾ। ਪਰ ਕਦੇ ਉਦਾਸ ਨਹੀਂ ਸੀ ਹੁੰਦਾ। ਆਪਣੇ ਆਪ ਨੂੰ ਕਹਿੰਦਾ ਕਿ ਇਕ ਹੋਰ ਹਾਦਸਾ ਜੁੜ ਗਿਆ ਤੇਰੇ ਤੇ ਬਣਨ ਵਾਲੀ ਫ਼ਿਲਮ ਲਈ। ਭਾਵੇਂ ਹਰਪ ਕਈ ਬਾਰ ਟੀਸੀ ਦੇ ਨੇੜਿਉਂ ਮੁੜਿਆ ਪਰ ਉਸ ਨਾਲ ਗੱਲ ਕਰਦਿਆਂ ਨੂੰ ਕਿਤੇ ਅਹਿਸਾਸ ਨਹੀਂ ਹੋਇਆ ਕਿ ਇਹ ਇਕ ਹਾਰਿਆ ਹੋਇਆ ਖਿਡਾਰੀ ਹੈ। ਸਗੋਂ ਹਰ ਬਾਰ ਉਹ ਇਕ ਨਵੇਂ ਜੋਸ਼ 'ਚ ਕੁਝ ਸੁਣਾਉਂਦਾ। ਉਹ ਦੱਸਦਾ ਹੈ ਕਿ ਜਦੋਂ ਵੀ ਉਸ ਨੇ ਆਪਣੀ ਮਾਂ ਨੂੰ ਕਹਿਣਾ ਕਿ ਵੱਡੇ ਮੈਚਾਂ 'ਚ ਖੇਡਣ ਲਈ ਸਿਫ਼ਾਰਿਸ਼ ਚਾਹੀਦੀ ਹੈ ਤਾਂ ਮਾਂ ਨੇ ਕਹਿਣਾ "ਪ੍ਰੀਤ ਤੈਨੂੰ ਕਿਸੇ ਸਿਫ਼ਾਰਿਸ਼ ਦੀ ਲੋੜ ਨਹੀਂ ਤੂੰ ਤਾਂ ਖ਼ੁਦ ਹੀ ਇਕ ਸਿਫ਼ਾਰਿਸ਼ ਏਂ। " ਪਹਿਲਾਂ ਗੀਤ ਆਉਣ ਉਸ ਦੀ ਕਲਮ ਆਪਣੀ ਮਾਂ ਨੂੰ ਸੰਬੋਧਨ ਹੁੰਦੀ ਕਹਿੰਦੀ ਹੈ ਕਿ:

ਸ਼ੁਰੂਆਤ ਗਈ ਏ ਮਾਏ ਹੋ ਨੀ
ਕੰਨ ਪਿੱਛੇ ਲਾ ਦੇ ਰਤਾ ਲੋਅ ਨੀ
ਰਹਿਮਤਾਂ ਨੇ ਕੁੰਡਾ ਖੜਕਾ ਲਿਆ
ਬੂਹੇ 'ਚ ਖਲੋ ਕੇ ਤੇਲ ਚੋਅ ਨੀ
ਲੰਘਿਆ ਜੋ ਮਾੜਾ ਕਿਵੇਂ ਕਹਿ ਦੇਵਾਂ
ਉਸੇ ਦੀਆਂ ਉਹ ਵੀ ਸੀ ਰਜਾਵਾਂ
ਹਵਾਲਾਤ ਕੈਦ ਸੀ ਜੋ ਨਜ਼ਮਾਂ
ਕਰ ਗਈਆਂ ਪੂਰੀਆਂ ਸਜ਼ਾਵਾਂ।
ਦੇਖ ਲੈ ਜ਼ੁਬਾਨਾਂ ਲਿਆ ਛੋਹ ਨੀ
ਕੰਨ ਪਿੱਛੇ ਲਾ ਦੇ ਰਤਾ ਲੋਅ ਨੀ

ਅਸਿਸਟੈਂਟ ਪ੍ਰੋਫੈਸਰ, ਰਾਮਾਨੁਜਨ ਕਾਲਜ
ਦਿੱਲੀ ਯੂਨੀਵਰਸਿਟੀ
simraaj13@gmail.com

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ...

ਸ਼੍ਰੋਮਣੀ ਕਮੇਟੀ ਨੇ ਇਸ ਮੁਸ਼ਕਲ ਤੋਂ ਛੁਟਕਾਰਾ ਪਾਉਣ ਲਈ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤਰਤਾ ਬੁਲਾ ਕੇ ਇਸ ਦੀ ਪੜਤਾਲ ਕਿਸੇ ਰਿਟਾਇਰਡ ਜੱਜ (ਹਾਈ ਕੋਰਟ) ਤੋਂ ਕਰਵਾਉਣ ਲਈ ਜਾਂਚ ਅਕਾਲ ਤਖ਼ਤ ਸਾਹਿਬ ਦੇ ਹਵਾਲੇ ਕਰ ਦਿੱਤੀ ਹੈ। ਜਥੇਦਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ’ਤੇ ਪਹਿਲਾਂ ਤਾਂ ਕਿੰਤੂ-ਪ੍ਰੰਤੂ ਹੋਇਆ ਅਤੇ ਹੁਣ ਜਾਂਚ ਲਈ ਦਿੱਤੇ ਗਏ ਇਕ ਮਹੀਨੇ ਦੇ ਸਮੇਂ ਵਿਚੋਂ 15 ਦਿਨ ਗੁਜ਼ਰ ਜਾਣ ’ਤੇ ਜਾਂਚ ਕਮੇਟੀ ਦੀ ਅਗਵਾਈ ਕਰਨ ਵਾਲੀ ਔਰਤ ਜੱਜ ਵੱਲੋਂ ਜਾਂਚ ਕਰਨ ਤੋਂ ਕੀਤੀ ਗਈ ਨਾਂਹ ਉਪਰੰਤ ਜਥੇਦਾਰ ਸਾਹਿਬ ਨੇ ਉਸੇ ਜੱਜ ਦੇ ਪਹਿਲਾਂ ਤੋਂ ਸਹਾਇਕ ਬਣਾਏ ਗਏ ਭਾਈ ਈਸ਼ਰ ਸਿੰਘ ਨੂੰ ਹੀ ਕਮੇਟੀ ਦਾ ਮੁਖੀ ਬਣਾ ਦਿੱਤਾ ਹੈ। ਵਾਪਸ ਮੁੜਦੇ ਹਾਂ ਅਤੇ ਗੱਲ ਕਰਦੇ ਹਾਂ ਕਿ ਸ਼੍ਰੋਮਣੀ ਕਮੇਟੀ ਨੂੰ ਦੋਸ਼ੀ ਕਿਉਂ ਗਰਦਾਨਿਆ ਜਾ ਰਿਹਾ ਹੈ ਅਤੇ ਇਹ ਕਿੱਥੇ-ਕਿੱਥੇ ਦੋਸ਼ੀ ਹੈ? ਸੰਨ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਹੀ ਸ਼੍ਰੋਮਣੀ ਕਮੇਟੀ ਨੇ ਕੁਝ ਸਬਕ ਲਿਆ ਹੁੰਦਾ ਤਾਂ ਕੁਝ ਹੀ ਮਹੀਨੇ ਬਾਅਦ ਗੁਰਦੁਆਰਾ ਰਾਮਸਰ ਸਾਹਿਬ ਵਾਲੀ ਘਟਨਾ ਤੋਂ ਸ਼ਾਇਦ ਬਚਾਅ ਹੋ ਜਾਂਦਾ।

ਸ਼੍ਰੋਮਣੀ ਕਮੇਟੀ ਜੇਕਰ ਇਹ ਕਹਿੰਦੀ ਹੈ ਕਿ ਘਟਨਾ ਬਿਜਲੀ ਦੇ ਸ਼ਾਰਟ-ਸਰਕਟ ਕਾਰਨ ਵਾਪਰੀ ਤਾਂ ਸਮਾਂ ਰਹਿੰਦੇ ਬਿਜਲੀ ਦਾ ਕੁਨੈਕਟਿਡ ਲੋਡ ਚੈੱਕ ਕਰਵਾ ਕੇ ਘੱਟ ਸਮਰੱਥਾ ਵਾਲੀਆਂ ਪਾਈਆਂ ਬਿਜਲੀ ਦੀਆਂ ਤਾਰਾਂ ਨੂੰ ਵੱਧ ਸਮਰੱਥਾ ਵਾਲੀਆਂ ਚੰਗੀ ਕੁਆਲਿਟੀ ਦੀਆਂ ਤਾਰਾਂ ਨਾਲ ਬਦਲ ਲੈਣਾ ਚਾਹੀਦਾ ਸੀ। ਅਕਸਰ ਇਹ ਹੁੰਦਾ ਹੈ ਕਿ ਜਦੋਂ ਕੋਈ ਇਮਾਰਤ ਬਣਾਈ ਜਾਂਦੀ ਹੈ ਤਾਂ ਬਿਜਲੀ ਦੇ ਲੋਡ ਅਨੁਸਾਰ ਤਾਰ ਪਾ ਦਿੱਤੀ ਜਾਂਦੀ ਹੈ ਪਰ ਬਾਅਦ ਵਿਚ ਕਦੇ ਦੋ ਏਸੀ ਲਾ ਲਏ, ਕਦੇ ਚਾਰ ਹੋਰ ਲਾ ਲਏ ਜਾਣ ਕਾਰਨ ਰਨਿੰਗ ਲੋਡ ਵੱਧ ਜਾਣ ਕਾਰਨ ਤਾਰਾਂ ਦੀ ਰਬੜ ਕਮਜ਼ੋਰ ਹੋ ਜਾਂਦੀ ਹੈ ਤੇ ਤਾਰਾਂ ਸਪਾਰਕ ਕਰ ਜਾਂਦੀਆਂ ਹਨ ਅਤੇ ਹਾਦਸੇ ਵਾਪਰ ਜਾਂਦੇ ਹਨ। ਜਿੱਥੇ ਸਤਿਗੁਰਾਂ ਦੇ ਏਨੇ ਪਾਵਨ ਸਰੂਪ ਬਿਰਾਜਮਾਨ ਸਨ, ਉੱਥੋਂ ਦੀ ਸੁਰੱਖਿਆ ਲਈ ਕੋਈ ਸੇਵਾਦਾਰ/ਚੌਕੀਦਾਰ ਮੌਜੂਦ ਨਹੀਂ ਸੀ। ਜੇ ਹੁੰਦੀ ਤਾਂ ਇਹ ਬੇਅਦਬੀ ਹੋਣ ਤੋਂ ਬਚਾਅ ਲੈਂਦੀ। ਅੱਗ ਲੱਗੀ ਦਾ ਪਤਾ ਤਾਂ ਸਵੇਰੇ ਲੱਗਿਆ ਦੱਸਿਆ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੇ 2015 ਦੀਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਸਬਕ ਨਹੀਂ ਸਿੱਖਿਆ ਸੀ ਅਤੇ 2016 ਵਾਲੀ ਇਸ ਮੰਦਭਾਗੀ ਘਟਨਾ ਤੋਂ ਵੀ ਨਹੀਂ ਸਿੱਖਿਆ ਕਿਉਂਕਿ ਇਸ ਘਟਨਾ ਦੀ ਜਾਂਚ ਲਈ ਬਣਾਈ ਗਈ ਕਮੇਟੀ ਨੇ ਇਕ ਰਿਪੋਰਟ ਦਿੱਤੀ ਸੀ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਦੇ ਨਾਲ-ਨਾਲ ਸੁਰੱਖਿਆ ਲਈ ਵੀ ਪ੍ਰਕਾਸ਼ ਵਾਲੀ ਜਗਾ ’ਤੇ ਸੀਸੀਟੀਵੀ ਕੈਮਰੇ, ਰਾਤ-ਦਿਨ ਇਕ ਸੇਵਾਦਾਰ ਹਾਜ਼ਰ ਰਹਿਣ, ਫਾਇਰ ਸੈਂਸਰ ਅਤੇ ਸਮੋਕ ਸੈਂਸਰ ਲਗਵਾਉਣ ਵਰਗੀਆਂ ਸਿਫ਼ਾਰਸ਼ਾਂ ਕੀਤੀਆਂ ਗਈਆਂ ਸਨ। ਇਸ ਰਿਪੋਰਟ ’ਤੇ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਉਪਰੰਤ ਸ਼੍ਰੋਮਣੀ ਕਮੇਟੀ ਵੱਲੋਂ ਸਮੁੱਚੇ ਸਿੱਖ ਜਗਤ ਨੂੰ ਇਨਾਂ ਹਦਾਇਤਾਂ ਦੀ ਪਾਲਣਾ ਕਰਨ ਲਈ ਅਖ਼ਬਾਰੀ ਬਿਆਨਾਂ ਦੇ ਨਾਲ-ਨਾਲ ਅਖ਼ਬਾਰਾਂ ਵਿਚ ਇਸ਼ਤਿਹਾਰ ਵੀ ਪ੍ਰਕਾਸ਼ਿਤ ਕਰਵਾਏ ਗਏ ਕਿ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸੀਸੀਟੀਵੀ ਕੈਮਰੇ, ਫਾਇਰ ਅਤੇ ਸਮੋਕ ਸੈਂਸਰ ਲਗਵਾਉਣ ਅਤੇ ਇਕ ਸੇਵਾਦਾਰ ਦਿਨ-ਰਾਤ ਹਾਜ਼ਰ ਰੱਖਣ ਦਾ ਪ੍ਰਬੰਧ ਕਰਨ।

ਇਸ ਤੋਂ ਇਲਾਵਾ ਇਹ ਵੀ ਪੇਸ਼ਕਸ਼ ਕੀਤੀ ਗਈ ਕਿ ਜਿਹੜੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਉਕਤ ਕਾਰਜਾਂ ’ਤੇ ਖ਼ਰਚ ਨਹੀਂ ਕਰ ਸਕਦੀਆਂ, ਸ਼੍ਰੋਮਣੀ ਕਮੇਟੀ ਆਪਣੇ ਖ਼ਰਚੇ ’ਤੇ ਇਹ ਉਪਕਰਨ ਲਗਵਾ ਕੇ ਦੇਵੇਗੀ ਅਤੇ ਸ਼੍ਰੋਮਣੀ ਕਮੇਟੀ ਨੇ ਇਹ ਲਗਵਾ ਕੇ ਵੀ ਦਿੱਤੇ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਪਾਵਨ ਸਰੂਪ ਛਪਦੇ, ਜਿਲਦਬੰਦੀ ਹੁੰਦੇ ਅਤੇ ਹੋਰ ਵੀ ਗੁਰਮਤਿ ਲਿਟਰੇਚਰ ਛਪਦਾ ਅਤੇ ਸਟਾਕ ਹੁੰਦਾ ਹੈ, ਉੱਥੇ ਨਾ ਤਾਂ ਕੋਈ ਸੀਸੀਟੀਵੀ ਕੈਮਰਾ, ਨਾ ਸਮੋਕ ਸੈਂਸਰ, ਨਾ ਫਾਇਰ ਸੈਂਸਰ ਅਤੇ ਨਾ ਹੀ ਕੋਈ ਰਾਤ ਦਾ ਸੇਵਾਦਾਰ ਸੀ। ਇਹ ਸਭ ਕੁਝ ਸ਼੍ਰੋਮਣੀ ਕਮੇਟੀ ਦੀ ਅਣਗਹਿਲੀ, ਪ੍ਰਬੰਧਕੀ ਘਾਟ ਜਾਂ ਕੁਦਰਤੀ ਕਰੋਪੀ ਵਿਚੋਂ ਕੀ ਸਾਬਤ ਕਰਦਾ ਹੈ? ਇਹ ਅਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਕਰਵਾਈ ਜਾ ਰਹੀ ਜਾਂਚ ਵਿਚ ਸਾਹਮਣੇ ਆਵੇਗਾ ਪਰ ਸ਼੍ਰੋਮਣੀ ਕਮੇਟੀ ਦੇ ਸ਼ਤਾਬਦੀ ਵਰੇ ਅਜਿਹਾ ਕੁਝ ਉਜਾਗਰ ਹੋਣਾ ਮੰਦਭਾਗਾ ਜ਼ਰੂਰ ਹੈ।

**- ਸਾਬਕਾ ਸਕੱਤਰ, ਸ਼੍ਰੋਮਣੀ ਕਮੇਟੀ,**
**98148-98123**

## ਯੂ.ਏ.ਪੀ.ਏ. ਰੱਦ ਕਰੋ...

**ਗੁਰਦਾਸਪੁਰ:** ਦਲ ਖ਼ਾਲਸਾ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਦੀ ਅਗਵਾਈ ਹੇਠ ਪ੍ਰਦਰਸ਼ਨਕਾਰੀਆਂ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਉਠਾਈ ਅਤੇ ਭਾਰਤ ਅੰਦਰ ਲੜ ਰਹੀਆਂ ਦੂਜੀਆਂ ਕੌਮਾਂ ਨਾਲ ਇੱਕਜੁੱਟਤਾ ਪ੍ਰਗਟਾਈ।

**ਪਟਿਆਲਾ:** ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਆਗੂ ਪ੍ਰੋ. ਮਹਿੰਦਰਪਾਲ ਸਿੰਘ ਨੇ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਸਟੇਟ ਆਪਣੀਆਂ ਦਮਨਕਾਰੀ ਨੀਤੀਆਂ ਨੂੰ ਛੱਡ ਕੇ ਪੰਜਾਬ ਦੇ ਲੋਕਾਂ ਨੂੰ ਸਵੈ-ਨਿਰਨੇ ਦਾ ਹੱਕ ਦੇਵੇ ਤਾਂ ਹੀ ਇਸ ਖ਼ਿੱਤੇ ਵਿੱਚ ਸਦੀਵੀ ਸ਼ਾਂਤੀ ਬਣੀ ਰਹਿ ਸਕਦੀ ਹੈ। ਉਨਾਂ ਯੂ.ਏ.ਪੀ.ਏ ਨੂੰ ਘੱਟ-ਗਿਣਤੀਆਂ ਉੱਤੇ ਜਬਰ ਤੇ ਜ਼ੁਲਮ ਕਰਨ ਦਾ ਸਰਕਾਰੀ ਹਥਿਆਰ ਦੱਸਿਆ।

**ਮੋਹਾਲੀ:** ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ ਅਤੇ ਦਲ ਖ਼ਾਲਸਾ ਦੇ ਆਗੂ ਸਤਿਨਾਮ ਸਿੰਘ ਪਾਉਂਟਾ ਸਾਹਿਬ ਦੀ ਅਗਵਾਈ ਹੇਠ ਰੋਸ ਮੁਜ਼ਾਹਰਾ ਕੀਤਾ ਗਿਆ। ਜਿਵੇਂ ਹੀ ਪ੍ਰਦਰਸ਼ਨਕਾਰੀ ਹੱਥਾਂ ਵਿੱਚ ਤਖ਼ਤੀਆਂ ਅਤੇ ਕਾਲੇ ਝੰਡੇ ਲੈ ਕੇ ਗੁਰਦੁਆਰਾ ਅੰਬ ਸਾਹਿਬ ਤੋਂ ਬਾਹਰ ਨਿਕਲੇ ਪੁਲਿਸ ਨੇ ਉਨਾਂ ਨੂੰ ਰੋਕ ਲਿਆ ਜਿਸ ਤੇ ਉਨਾਂ ਉੱਤੇ ਹੀ ਧਰਨਾ ਲਾ ਦਿੱਤਾ। ਉਨਾਂ ਚੇਤੇ ਕਰਵਾਇਆ ਕਿ ਕਿਵੇਂ ਖੌਫ਼ਜ਼ਦਾ ਹੋ ਕੇ ਕੁਝ ਦਿਨ ਪਹਿਲਾਂ ਇਸੇ ਹੀ ਗੁਰਦੁਆਰਾ ਸਾਹਿਬ ਅੰਦਰ ਨੌਜਵਾਨ ਲਵਪ੍ਰੀਤ ਸਿੰਘ ਨੇ ਖ਼ੁਦਕੁਸ਼ੀ ਕੀਤੀ ਸੀ ਕਿਉਂਕਿ ਉਸ ਨੂੰ ਐਨ. ਆਈ.ਏ ਨੇ ਕਾਲੇ ਕਾਨੂੰਨ ਯੂ.ਏ.ਪੀ.ਏ ਤਹਿਤ ਇੱਕ ਕੇਸ ਵਿੱਚ ਜਾਂਚ ਲਈ ਆਪਣੇ ਦਫ਼ਤਰ ਬੁਲਾਇਆ ਸੀ। ਉਨਾਂ ਅਫ਼ਸੋਸ ਜਿਤਾਇਆ ਕਿ ਪੰਥਕ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਨੂੰ ਲਵਪ੍ਰੀਤ ਸਿੰਘ ਦੀ ਭੇਦਭਰੀ ਖ਼ੁਦਕੁਸ਼ੀ ਲਈ ਨਿਆਇਕ ਜਾਂਚ ਲਈ ਸੌਂਪੇ ਗਏ ਪੱਤਰ ’ਤੇ ਅੱਜ ਤੱਕ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਪੰਥਕ ਜਥੇਬੰਦੀਆਂ ਵੱਲੋਂ ਪੰਜਾਬ ਦੇ ਸਾਰੇ ਜ਼ਿਲਿਆਂ ਵਿੱਚ ਕੀਤੇ ਗਏ ਇਹਨਾਂ ਮੁਜ਼ਾਹਰਿਆਂ ’ਚ ਚਾਰ ਪ੍ਰਮੁੱਖ ਮੁੱਦੇ ਉਠਾਏ ਗਏ ਜਿਨਾਂ ਵਿੱਚ ਯੂ.ਏ.ਪੀ.ਏ. ਤਹਿਤ ਸਿੱਖ ਨੌਜਵਾਨਾ ਦੀਆ ਅੰਨੇਵਾਹ ਗ੍ਰਿਫ਼ਤਾਰੀਆਂ ਤੇ ਰੈਫ਼ਰੰਡਮ 2020 ਦੀ ਆੜ ਹੇਠ ਪੰਜਾਬ ਦੇ ਨੌਜਵਾਨਾਂ ਦੀਆਂ ਥਾਣਿਆਂ ਵਿੱਚ ਖੱਜਲਖੁਆਰੀ ਅਤੇ 9 ਖ਼ਾਲਿਸਤਾਨ ਸਿੱਖਾਂ ਨੂੰ ਭਾਰਤੀ ਕਾਲ਼ੇ ਕਾਨੂੰਨ ਤਹਿਤ ਅੱਤਵਾਦੀ ਗਰਦਾਨਣ ਅਤੇ ਰਾਜਨੀਤਿਕ ਕੈਦੀਆ ਨੂੰ ਰਿਹਾਅ ਨਾ ਕਰਨ ਅਤੇ ਮੋਦੀ ਹਕੂਮਤ ਦੇ ਕਿਸਾਨ-ਵਿਰੋਧੀ ਖੇਤੀ ਆਰਡੀਨੈਂਸਾਂ ਦਾ ਵਿਰੋਧ ਕਰਨਾ ਆਦਿ ਸ਼ਾਮਲ ਸੀ।

## ਮੈਂ ਜਾਣ ਗਿਆ ਕਿ ਸੱਚ ਅਤੇ...

ਹੁਣ ਤਕ ਜਿਵੇਂ ਸੁਣਦੇ ਰਹੇ, ਕਿਰਪਾ ਕਰਕੇ ਮੇਰੀ ਆਖ਼ਰੀ ਕਹਾਣੀ ਵੀ ਬਰਦਾਸ਼ਤ ਕਰ ਲਵੋ। ਮੁੱਦਤ ਪਹਿਲਾਂ ਮੇਰੇ ਬਾਬੇ ਨੇ ਇਹ ਕਹਾਣੀ ਆਪਣੀ ਗੋਦ ਵਿਚ ਬਿਠਾ ਕੇ ਮੈਨੂੰ ਸੁਣਾਈ ਸੀ। ਅੱਠ ਪਥੇਰੇ ਭੱਠੇ ਉੱਪਰ ਕੰਮ ਕਰ ਰਹੇ ਸਨ। ਹਨੇਰੀ ਆਈ, ਘਟਾ ਛਾਈ, ਪਹਿਲਾਂ ਮੀਂਹ ਫਿਰ ਗੜੇ ਪੈਣ ਲੱਗੇ। ਭੱਜ ਕੇ ਸਾਰੇ ਜਣੇ ਇਕ ਉੱਜੜੇ ਪੁਰਾਣੇ ਮੰਦਰ ਵਿਚ ਜਾ ਲੁਕੇ। ਬਿਜਲੀ ਇਉਂ ਕੜਕਣ ਲੱਗੀ ਜਿਵੇਂ ਮੰਦਰ ਉੱਪਰ ਡਿੱਗੀ ਕਿ ਡਿੱਗੀ। ਲੱਗਾ ਜਿਵੇਂ ਆਲੇ ਦੁਆਲੇ ਪ੍ਰੇਤ ਚੰਘਾੜ ਰਹੇ ਹੋਣ। ਸਾਰੇ ਭੈਭੀਤ ਹੋ ਗਏ, ਚਿਹਰੇ ਪੀਲੇ ਪੈ ਗਏ। ਇਕ ਨੇ ਕਿਹਾ- ਸਾਡੇ ਵਿਚ ਕੋਈ ਇਕ ਹੈ ਜਿਸ ਨੇ ਪਾਪ ਕੀਤਾ ਹੈ, ਤਾਂ ਹੀ ਦੇਵਤੇ ਨਾਰਾਜ਼ ਹਨ। ਜਿਸ ਨੇ ਪਾਪ ਕੀਤਾ ਹੈ ਉਹ ਆਪੇ ਮੰਦਰੋਂ ਬਾਹਰ ਚਲਾ ਜਾਵੇ, ਬਾਕੀ ਨਿਰਦੋਸ਼ ਬਚ ਜਾਣ। ਕੋਈ ਬਾਹਰ ਜਾਣ ਲਈ ਤਿਆਰ ਨਾ ਹੋਇਆ। ਇਕ ਬੰਦਾ ਬੋਲਿਆ- ਇਉਂ ਕਰਦੇ ਹਾਂ, ਦੇਖੋ ਅਹੁ ਉੱਪਰ ਝਰੋਖਾ ਹੈ, ਆਪੋ ਆਪਣੀਆਂ ਟੋਪੀਆਂ ਉਸ ਵਿੱਚੋਂ ਬਾਹਰ ਵਗਾਹੋ, ਜਿਸ ਦੀ ਟੋਪੀ ਬਾਹਰ ਚਲੀ ਗਈ, ਉਹੀ ਪਾਪੀ। ਸੱਤ ਜਣਿਆਂ ਦੀਆਂ ਟੋਪੀਆਂ ਅੰਦਰ ਗਿਰੀਆਂ, ਇਕ ਜਣੇ ਦੀ ਬਾਹਰ ਨਿਕਲ ਗਈ। ਜਿਸ ਦੀ ਟੋਪੀ ਬਾਹਰ ਡਿੱਗੀ, ਸੱਤੇ ਉਸ ਨੂੰ ਬਾਹਰ ਨਿਕਲਣ ਲਈ ਮਜਬੂਰ ਕਰਨ ਲੱਗੇ। ਉਹ ਨਾ ਮੰਨਿਆ ਤਾਂ ਸੱਤਾਂ ਨੇ ਲੱਤਾਂ ਬਾਂਹਾਂ ਫੜ ਕੇ ਬਾਹਰ ਵਗਾਹ ਮਾਰਿਆ। ਗੜਿਆਂ ਤੋਂ ਬਚਣ ਲਈ ਭੱਜ ਕੇ ਉਹ ਵੱਡੇ ਦਰੱਖਤ ਹੇਠ ਜਾ ਖਲੋਤਾ।

ਮੇਰੇ ਨਾਲ ਸ਼ਰਤ ਲਾ ਲਓ ਬੇਸ਼ੱਕ, ਤੁਹਾਨੂੰ ਪਤੈ ਕਹਾਣੀ ਦਾ ਅੰਤ ਕੀ ਹੋਇਆ। ਜਦੋਂ ਸੱਤਾਂ ਨੇ ਮਾਸੂਮ ਨੂੰ ਬਾਹਰ ਸੁੱਟਿਆ, ਬਿਜਲੀ ਮੰਦਰ ਤੇ ਡਿੱਗੀ, ਸੱਤੇ ਮਲਬੇ ਹੇਠ ਦੱਬ ਕੇ ਮਰ ਗਏ।

ਮੈਂ ਕਥਾਕਾਰ ਹਾਂ।

ਕਹਾਣੀਆਂ ਸੁਣ ਕੇ ਤੁਸੀਂ ਮੈਨੂੰ ਨੋਬਲ ਇਨਾਮ ਦੇ ਦਿੱਤਾ।

ਇਨਾਮ ਤੋਂ ਪਹਿਲਾਂ ਬੜੀਆਂ ਦਿਲਚਸਪ ਘਟਨਾਵਾਂ ਘਟੀਆਂ। ਮੈਂ ਜਾਣ ਗਿਆ ਕਿ ਸੱਚ ਅਤੇ ਇਨਸਾਫ਼ ਜਿਉਂਦੇ ਰਹਿਣਗੇ। ਸੁਣਾਉਂਦਾ ਰਹਾਂਗਾ ਆਉਂਦੇ ਦਿਨੀਂ ਤੁਹਾਨੂੰ ਹੋਰ ਕਹਾਣੀਆਂ। ਸਾਰਿਆਂ ਦਾ ਸ਼ੁਕਰਾਨਾ।

## ਕੌਮੀ ਸੁਰੱਖਿਆ ਲਈ ਖ਼ਤਰਾ...

ਸਰਵ ਉੱਚ ਅਦਾਲਤ ਨੇ ਪੰਜਾਬ ਨੂੰ ਨਹਿਰ ਦਾ ਨਿਰਮਾਣ ਪੂਰਾ ਕਰਨ ਦਾ ਆਦੇਸ਼ ਦਿੱਤਾ ਪਰ ਸੂਬੇ ਨੇ ਇਸ ਨੂੰ ਮੁਕੰਮਲ ਕਰਨ ਵਿਚ ਆਪਣੀ ਅਸਮਰਥਤਾ ਪ੍ਰਗਟ ਦਿੱਤੀ। ਇਸ ਤੋਂ ਬਾਅਦ ਸਰਵ ਉੱਚ ਅਦਾਲਤ ਨੇ ਆਖਿਆ ਕਿ ਜੇਕਰ ਪੰਜਾਬ ਨਿਰਮਾਣ ਕਰਨ ਵਿਚ ਅਸਮਰਥ ਹੈ ਤਾਂ ਕੇਂਦਰ ਇਸ ਨੂੰ ਪੂਰਾ ਕਰੇ।

ਇਸ ਤੋਂ ਬਾਅਦ ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ 12 ਜੁਲਾਈ 2004 ਨੂੰ ਪੰਜਾਬ ਨਾਲ ਪਾਣੀ ਸਬੰਧੀ ਹੋਈ ਸਾਰੇ ਸਮਝੌਤੇ ਰੱਦ ਕਰਨ ਦਾ ਮਤਾ ਵਿਧਾਨ ਸਭਾ ਵਿਚ ਪਾਸ ਕਰ ਦਿੱਤਾ। ਉਸ ਸਮੇਂ ਤੋਂ ਲੈ ਕੇ ਇਹ ਮਾਮਲਾ ਸੁਪਰੀਮ ਕੋਰਟ ਦੇ ਕੋਲ ਹੈ ਅਤੇ ਅੰਤਿਮ ਫ਼ੈਸਲਾ ਉਸ ਵੱਲੋਂ ਲਾਗੂ ਕੀਤਾ ਜਾਣਾ ਹੈ।

### ਪੰਜਾਬ ਦੇ ਪਾਣੀਆਂ ’ਤੇ ਪੰਜਾਬੀ ਲੋਕਾਂ ਦਾ ਹੱਕ ਹੀ ਕਿਉਂ ?

ਇਸਦੇ ਲਈ ਸਾਨੂੰ ਰਿਪੇਰੀਅਨ ਹੱਕਾਂ ਬਾਰੇ ਜਾਣਨਾ ਹੋਵੇਗਾ। ਇਤਿਹਾਸਿਕ ਤੌਰ ’ਤੇ ਸਭ ਤੋ ਪੁਰਾਣਾ ਸਿਧਾਂਤ ਜੋ ਸੱਤਾ ਦੁਆਰਾ ਪਾਣੀ ਦੇ ਮਸਲਿਆਂ ਨੂੰ ਹੱਲ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਸੰਸਾਰ ਭਰ ’ਚ ਬਹੁਤ ਮਸਲਿਆਂ ਅੰਦਰ ਇਸ ਦੀ ਵਰਤੋਂ ਹੋ ਚੁੱਕੀ ਹੈ ਅਤੇ ਇਸਦੀ ਮਾਨਤਾ ਹਮੇਸ਼ਾ ਬਣੀ ਰਹੀ ਹੈ। ਇਸ ਅਨੁਸਾਰ ਦਰਿਆ ਰਿਪੇਰੀਅਨ ਸੂਬੇ ਦਾ ਹਿੱਸਾ ਅਤੇ ਅੰਸ਼ ਹਨ ਅਤੇ ਰਿਪੇਰੀਅਨ ਸੂਬੇ ਦਾ ਇਸ ’ਤੇ ਖ਼ਾਸ ਹੱਕ ਹੈ। ਇਸ ਸਿਧਾਂਤ ਦਾ ਭਾਰਤੀ ਸੰਵਿਧਾਨ ਅੰਦਰ ਵੀ ਜ਼ਿਕਰ ਹੈ। ਇਸ ਲਈ ਪੰਜਾਬੀ ਪਾਣੀਆਂ ’ਤੇ ਸਿਰਫ਼ ਪੰਜਾਬੀ ਲੋਕਾਂ ਦਾ ਹੱਕ ਹੈ। ਇਸ ਦਾ ਮਤਲਬ ਹੈ ਕਿ ਹਰਿਆਣਾ ਅਤੇ ਰਾਜਸਥਾਨ ਰਿਪੇਰੀਅਨ ਸੂਬੇ ਨਹੀਂ ਹਨ ਅਤੇ ਨਾ ਹੀ ਕੋਈ ਹਿੱਸਾ ਦਰਿਆਵਾਂ ਦੇ ਬੇਸਿਨ ’ਚ ਆਉਂਦਾ ਹੈ ਇਸ ਲਈ ਇਹਨਾਂ ਸੂਬਿਆਂ ਦਾ ਪੰਜਾਬ ਦੇ ਪਾਣੀਆਂ ’ਤੇ ਕੋਈ ਹੱਕ ਨਹੀਂ ਬਣਦਾ। ਇਹ ਸੂਬੇ ਪਾਣੀ ਇਸਤੇਮਾਲ ਕਰ ਸਕਦੇ ਹਨ ਪਰ ਇਹ ਉਨਾਂ ਦਾ ਹੱਕ ਨਹੀਂ ਹੈ; ਅਤੇ ਵਰਤੋਂ ਬਾਰੇ ਫ਼ੈਸਲਾ ਵੀ ਪੰਜਾਬੀ ਲੋਕਾਂ ਨੇ ਹੀ ਕਰਨਾ ਹੈ। ਰਿਪੇਰੀਅਨ ਸਿਧਾਂਤ ਰਾਹੀਂ ਹੀ ਰਾਜਸਥਾਨ ਦੇ ਨਰਮਦਾ ਉੱਪਰ ਦਾਅਵੇ ਨੂੰ ਰੱਦ ਕੀਤਾ ਗਿਆ ਸੀ। ਇੱਕ ਹੋਰ ਉਦਾਹਰਨ ਅੰਦਰ ਕਰਨਾਟਕਾ ਅਤੇ ਆਂਧਰਾ ਪ੍ਰਦੇਸ ਨੂੰ ਰਿਪੇਰੀਅਨ ਸੂਬੇ ਘੋਸ਼ਿਤ ਕਰ ਮਸਲੇ ਨੂੰ ਹੱਲ ਕੀਤਾ ਗਿਆ। ਪਰ ਪੰਜਾਬ ਦੇ ਮਾਮਲੇ ’ਚ ਗੈਰ-ਸੰਵਿਧਾਨਿਕ 78, 79, 80 ਜਿਹੀਆਂ ਧਾਰਾਵਾਂ ਲਾ ਕੇ ਪਹਿਲਾਂ ਕੇਂਦਰ ਨੇ ਪੰਜਾਬ ਨਾਲ ਧੱਕਾ ਕੀਤਾ ਅਤੇ ਫਿਰ ਅਦਾਲਤਾਂ ਨੇ ਇਹਨਾਂ ਧਾਰਾਵਾਂ ਨੂੰ ਆਧਾਰ ਬਣਾ ਕੇ ਲੋਕਾਂ ਨੂੰ ਇਨਸਾਫ਼ ਤੋ ਵਾਂਝਾ ਰੱਖਿਆ।

### ਪਾਣੀਆਂ ਤੋ ਵਾਂਝਾ ਰੱਖਣ ਦੇ ਨੁਕਸਾਨ

ਪੰਜਾਬ ਕੋਲ ਸਿਰਫ਼ ਇੱਕ ਹੀ ਕੁਦਰਤੀ ਸੋਮਾ ਹੈ; ਉਹ ਹੈ ਦਰਿਆਈ ਪਾਣੀ। ਜਦੋਂ ਇਸ ਸੋਮੇ ਨੂੰ ਕੇਂਦਰ ਦੀਆਂ ਗ਼ਲਤ ਨੀਤੀਆਂ ਰਾਹੀਂ ਮੁਫ਼ਤ ’ਚ ਵੰਡਿਆ ਜਾਂਦਾ ਹੈ ਇਹ ਪੰਜਾਬੀ ਅਰਥਚਾਰੇ ਦਾ ਲੱਕ ਤੋੜ ਰਿਹਾ ਸੀ, ਹੈ ਅਤੇ ਰਹੇਗਾ। ਇਸ ਕਾਰਨ ਪੰਜਾਬੀ ਆਰਥਿਕਤਾ ’ਚ ਦਰਿਆਈ ਪਾਣੀ ਦਾ ਬਹੁਤ ਮਹੱਤਵ ਹੈ। ਕਿਸ ਤਰਾਂ:

1. ਪੰਜਾਬ ਦੀ ਬਿਜਲੀ ਦੀ ਪੂਰਤੀ ਕੋਲੇ ਰਾਹੀਂ ਪੈਦਾ ਕੀਤੀ ਬਿਜਲੀ ਤੋਂ ਹੁੰਦੀ ਹੈ। ਇਸ ਲਈ ਪੰਜਾਬ ਨੂੰ ਕੋਲਾ ਅਤੇ ਡੀਜ਼ਲ ਮਹਿੰਗੇ ਮੁੱਲ ’ਤੇ ਬਾਹਰੀ ਸੂਬਿਆਂ/ਮੁਲਕਾਂ ਤੋਂ ਮੰਗਵਾਉਣਾ ਪੈਂਦਾ ਹੈ। ਪੰਜਾਬੀ ਲੋਕ ਇਹਨਾਂ ਦੋਨੋਂ ਕੁਦਰਤੀ ਸਰੋਤਾਂ ਲਈ ਭੁਗਤਾਨ ਕਰਦੇ ਹਨ। ਬਣਾਉਣ ਦੀ ਲਾਗਤ ਵੱਧ ਅਤੇ ਫਿਰ ਇਸ ਨੂੰ ਮਹਿੰਗੇ ਭਾਅ ਲੋਕਾਂ ਨੂੰ ਵੇਚਿਆ ਜਾਂਦਾ ਹੈ। ਜਦਕਿ ਪੰਜਾਬੀ ਪਾਣੀਆਂ ਨੂੰ ਮੁਫ਼ਤ ’ਚ ਵਰਤਿਆ ਜਾਂਦਾ ਹੈ। ਦਰਿਆਈ ਪਾਣੀਆਂ ਤੋ ਪਣ-ਬਿਜਲੀ ਤਿਆਰ ਕੀਤੀ ਜਾਵੇ ਜੋ ਕੋਲੇ ਰਾਹੀਂ ਪੈਦਾ ਬਿਜਲੀ ਤੋਂ ਕਾਫ਼ੀ ਸਸਤੀ ਹੋਵੇਗੀ।
2. ਪੰਜਾਬ ’ਚ ਸਿੰਚਾਈ ਦਾ ਮੁੱਖ ਸਰੋਤ ਨਹਿਰੀ ਪਾਣੀ ਨਾ ਹੋ ਕੇ ਟਿਊਬਵੈੱਲ ਨੇ। ਸਾਮਰਾਜੀ ਪ੍ਰਭਾਵ ਹੇਠ ਲਿਆਂਦੀ ਹਰੀ ਕ੍ਰਾਂਤੀ ਦੀਆਂ ਫ਼ਸਲਾਂ ਨੇ ਰਵਾਇਤੀ ਫ਼ਸਲ-ਚੱਕਰ ਨੂੰ ਤਬਾਹ ਕਰ ਪਾਣੀ ਦੀ ਖਪਤ ਨੂੰ ਵਧਾ ਦਿੱਤਾ ਹੈ। ਇਸ ਕਰਕੇ ਕਿਸਾਨਾਂ ਨੂੰ ਸਾਮਰਾਜੀ ਵਿਦੇਸ਼ੀ ਕੰਪਨੀਆਂ ਦੀਆਂ ਮੋਟਰਾਂ, ਇੰਜਣਾਂ ਅਤੇ ਜੁੜਵਾਂ ਸਮਾਨ ਖ਼ਰੀਦਣ ਅਤੇ ਬੋਰ ਕਰਨ ’ਤੇ ਖਰਚਾ ਕਰਨਾ ਪੈ ਰਿਹਾ ਹੈ। ਬਿਜਲੀ ਦੇ ਖ਼ਰਚ ਤੇ ਕਿੱਲਤ ਤੋਂ ਬਿਨਾਂ ਪਾਣੀ ਪੂਰਤੀ ਲਈ ਡੀਜ਼ਲ ਇੰਜਣਾਂ ਦੇ ਖ਼ਰਚ ਨਾਲ ਜੂਝਣਾ ਪੈਂਦਾ ਹੈ। ਇਸ ਸਭ ਦਾ ਮੁਨਾਫ਼ਾ ਔਜ਼ਾਰ ਵੇਚਣ ਵਾਲੀਆਂ ਬਹੁਕੌਮੀ ਕੰਪਨੀਆਂ ਅਤੇ ਤੇਲ ਵੇਚਣ ਵਾਲੀਆਂ ਕੰਪਨੀਆਂ ਨੂੰ ਹੋ ਰਿਹਾ ਹੈ।
3. ਡੂੰਘੇ ਹੁੰਦੇ ਪਾਣੀ ਪੱਧਰ ਕਾਰਨ ਬੋਰ ਕਰਨ ਲਈ ਖ਼ਰਚ ਵੱਧ ਰਿਹਾ ਹੈ ਜਿਸ ਦੇ ਚਲਦੇ ਕਿਸਾਨ ਕਰਜ਼ ਦੇ ਜਾਲ ’ਚ ਫਸ ਰਹੇ ਹਨ। ਦੂਜੇ ਹੱਥ ਇਹ ਲੋਟੂਆਂ ਲਈ ਖੇਤੀਬਾੜੀ ਦੇ ਲੋਨ ਲਈ ਬਜ਼ਾਰ ਖੜਾ ਕਰਨ ’ਚ ਸਹਾਈ ਹੈ। ਸਭ ਜਾਣੂ ਨੇ - ਕਰਜ਼ਾ ਹੀ ਇੱਕ ਵੱਡਾ ਕਾਰਨ ਹੈ ਵਾਪਰ ਰਹੀਆਂ ਕਿਸਾਨ ਖ਼ੁਦਕੁਸ਼ੀਆਂ ਦਾ।
4. ਉਦਯੋਗਿਕ ਜ਼ਰੂਰਤਾਂ ਲਈ ਵੀ ਪਾਣੀ ਬਹੁਤ ਅਹਿਮ ਹੁੰਦਾ ਹੈ। ਰੋਜ਼ਾਨਾ ਦੀ ਜ਼ਰੂਰਤ ਲਈ ਪਾਣੀ ਨੂੰ ਧਰਤੀ ‘ਚੋਂ ਕੱਢਿਆ ਜਾ ਰਿਹਾ ਹੈ। ਧਰਤੀ ਹੇਠਲੇ ਪਾਣੀ ਦੀ ਲਗਾਤਾਰ ਵਰਤੋਂ ਕਾਰਨ ਪਾਣੀ ਦੀ ਗੁਣਵੱਤਾ ਹੇਠ ਨੂੰ ਜਾ ਰਹੀ ਹੈ। ਜਿਸ ਕਾਰਨ ਪਾਣੀਆਂ ਨਾਲ ਜੁੜੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸਾਫ਼ ਪੀਣ ਵਾਲੇ ਪਾਣੀ ਦੀ ਕਮੀ ਹੋ ਰਹੀ ਹੈ। ਇਸ ਕਾਰਨ ਹੀ ਅਸੀਂ ਦੇਖਦੇ ਹਾਂ ਕਿ ਪੰਜ ਦਰਿਆਵਾਂ ਦੀ ਧਰਤੀ ’ਤੇ ਬੋਤਲ ਬੰਦ ਪਾਣੀ ਵੇਚਣ ਵਾਲੀਆਂ ਕੰਪਨੀਆਂ ਆ ਰਹੀਆਂ ਹਨ ਅਤੇ ਦੂਜੇ ਪਾਸੇ ਆਰ.ਓ. ਫ਼ਿਲਟਰ ਦਾ ਧੰਦਾ ਵੱਧ ਰਿਹਾ ਹੈ। ਜ਼ਮੀਨ ਹੇਠਲੇ ਪਾਣੀ ਦਾ ਪੱਧਰ ਅਤੇ ਗੁਣਵੱਤਾ ਵੀ ਦਰਿਆਈ ਪਾਣੀ ਦੇ ਧਰਤੀ ਅੰਦਰ ਸਮਾਉਣ ਨਾਲ ਹੀ ਬਰਕਰਾਰ ਰਹਿੰਦਾ ਹੈ। ਪਰ ਜਦੋਂ ਪਾਣੀ ਤਾਂ ਕੰਕਰੀਟ ਦੀ ਨਹਿਰ ਰਾਹੀਂ ਬਾਹਰ ਜਾ ਰਿਹਾ; ਫਿਰ ਕੀ ਪਾਣੀ ਦਾ ਪੱਧਰ ਬਰਕਰਾਰ ਰਹੇ ਅਤੇ ਕੀ ਗੁਣਵੱਤਾ।
5. ਦਰਿਆਈ ਪਾਣੀ ਤਾਂ ਮੁਫ਼ਤ ਲੁੱਟੇ ਹੀ ਜਾਂਦੇ ਨੇ; ਰਿਪੇਰੀਅਨ ਸੂਬਿਆਂ ਦੇ ਪਾਣੀਆਂ ਤੋਂ ਪੈਦਾ ਹੋਣ ਵਾਲੀ ਬਿਜਲੀ ’ਤੇ ਵੀ ਸੂਬਿਆਂ ਨੂੰ ਕੋਈ ਰੋਆਇਲਟੀ ਨਹੀਂ ਮਿਲਦੀ। ਪਰ ਦੂਜੇ ਪਾਸੇ ਨਾੱਨ ਰਿਪੇਰੀਅਨ ਸੂਬਿਆਂ ਦੀਆਂ ਸਰਕਾਰਾਂ ਪਾਣੀ ਅਤੇ ਬਿਜਲੀ ਦੇ ਬਦਲੇ ਆਪਣੀ ਜਨਤਾ ਤੋਂ ਲਗਾਨ ਵਸੂਲਦੀਆਂ ਹਨ ਜੋ ਪੰਜਾਬ ਤੋਂ ਮੁਫ਼ਤ ਮਿਲਿਆ ਹੈ; ਇਹ ਸਭ ਮੋਟੇ ਤੌਰ ’ਤੇ ਕੇਂਦਰੀ ਸੱਤਾ ਦੇ ਲੋਕ-ਵਿਰੋਧੀ ਚਿਹਰੇ ਨੂੰ ਨੰਗਾ ਕਰਦਾ ਹੈ।

ਹੁਣ ਅਸੀਂ ਪੰਜਾਬ ਦੇ ਪਾਣੀ ਦੀ ਲੋੜ ਵੱਲ ਨਜ਼ਰ ਮਾਰਦੇ ਹਾਂ। ਪੰਜਾਬ ਕੋਲ ਖੇਤੀ ਯੋਗ 105-106 ਲੱਖ ਏਕੜ ਜ਼ਮੀਨ ਹੈ ਜਿਸ ‘ਚੋਂ 35 ਲੱਖ ਏਕੜ ਨੂੰ ਨਹਿਰੀ ਪਾਣੀ ਨਾਲ ਸਿੰਚਾਈ ਹੁੰਦੀ ਹੈ। 13 ਲੱਖ ਟਿਊਬਵੈੱਲ ਰਾਹੀਂ 50 ਲੱਖ ਏਕੜ ਦੀ ਸਿੰਚਾਈ ਹੁੰਦੀ ਹੈ ਅਤੇ ਹਾਲੇ ਵੀ 20 ਲੱਖ ਏਕੜ ਜ਼ਮੀਨ ਕਿਸੇ ਵੀ ਕਿਸਮ ਦੀ ਸਿੰਚਾਈ ਤੋ ਵਾਂਝੀ ਹੈ। ਅਸੀਂ ਦੇਖਦੇ ਹਾਂ ਕਿ 70 ਲੱਖ ਏਕੜ ਜ਼ਮੀਨ ਨੂੰ ਨਹਿਰੀ ਪਾਣੀ ਨਹੀਂ ਮਿਲ ਰਿਹਾ। ਪੰਜਾਬ ਦੀ ਸਾਰੀ ਜ਼ਮੀਨ ਨੂੰ ਸਿੰਚਾਈ ਲਈ 43.5 (MAF) ਦੀ ਲੋੜ ਹੈ। ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਕੁੱਲ ਜੋੜ 34.08 (MAF) ਬਣਦਾ ਹੈ। ਮਤਲਬ ਪੰਜਾਬੀ ਜ਼ਮੀਨ ਨੂੰ ਸਿੰਚਣ ਲਈ ਸਾਰਾ ਦਰਿਆਈ ਪਾਣੀ ਵਰਤਣ ਤੋਂ ਬਾਅਦ ਵੀ ਹੋਰ ਪਾਣੀ ਦੀ ਲੋੜ ਬਣੀ ਰਹੇਗੀ।

ਪੰਜਾਬ ਜਿਸ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਅਤੇ ਜਿਸਦੇ ਉਪਜਾਊ ਮੈਦਾਨਾਂ ਦੀ ਪੈਦਾਵਾਰ ਕਰਕੇ ਇਸਨੂੰ ‘ਫੂਡ ਬਾਸਕਿਟ’ ਕਿਹਾ ਜਾਂਦਾ ਹੈ। ਪਰ ਅਸੀਂ ਦੇਖਦਿਆਂ ਕਿ ਪੰਜਾਬ ਆਪਣੇ ਕੁਦਰਤੀ ਸੋਮੇ ਦਰਿਆਈ ਪਾਣੀ ਨੂੰ ਛੱਡ ਸਿੰਚਾਈ ਲਈ ਟਿਊਬਵੈੱਲ ’ਤੇ ਨਿਰਭਰ ਹੈ; ਜਿਨਾਂ ਦਾ ਖ਼ਰਚ ਖੇਤੀ ਨੂੰ ਲਾਹੇਵੰਦ ਪੇਸ਼ਾ ਨਹੀਂ ਰਹਿਣ ਦੇ ਰਿਹਾ। ਜ਼ਮੀਨ ਹੇਠਲੇ ਪਾਣੀ ਦੀ ਲਗਾਤਾਰ ਵਰਤੋਂ ਕਾਰਨ ਇਸ ਦਾ ਪੱਧਰ ਹੇਠਾਂ ਜਾ ਰਿਹਾ ਹੈ। ਸੂਬੇ ਦੇ 128 ਬਲਾਕਾਂ ਵਿਚੋਂ 109 ਨੂੰ ਅਧਿਕਾਰਤ ਤੌਰ ’ਤੇ ‘ਡਾਰਕ ਜ਼ੋਨ’ ਐਲਾਨਿਆ ਗਿਆ ਹੈ। ਹਰ ਸਾਲ ਬੋਰ ਕਰਾਉਣ ਦੇ ਖ਼ਰਚ ’ਚ ਵਾਧਾ ਆ ਰਿਹਾ ਹੈ। ਦੂਜੇ ਪਾਸੇ ਡੈਮਾਂ ਅੰਦਰ ਵੀ ਪਾਣੀ ਦੀ ਕਮੀ ਕਾਰਨ; ਕਈ ਸਾਲ ਤਾਂ ਨਹਿਰੀ ਪਾਣੀ ਦੀ ਸਪਲਾਈ ਅੱਧੀ ਤੱਕ ਹੁੰਦੀ ਰਹੀ ਹੈ। ਨਹਿਰੀ ਪਾਣੀ ਨੇ ਲਗਾਤਾਰ ਕਮੀ ਦੇਖੀ ਹੈ। ਇਸ ਸਭ ’ਚ ਪੰਜਾਬ ਦੇ ਲੋਕਾਂ ਨੂੰ ਹੀ ਮਾਰ ਝੱਲਣੀ ਪੈ ਰਹੀ ਹੈ ਕਿਉਂਕਿ ਹਰਿਆਣਾ ਅਤੇ ਰਾਜਸਥਾਨ ਦੀ ਪਾਣੀ ਸਪਲਾਈ ’ਤੇ ਕੋਈ ਕੱਟ ਨਹੀਂ ਲੱਗਦਾ। ਦਰਿਆਈ ਪਾਣੀ ਦੇ ਧਰਤੀ ਹੇਠ ਨਾ ਸਮਾਉਣ ਕਰਕੇ ਅਤੇ ਦੂਜੇ ਪਾਸੇ ਹਰੀ ਕ੍ਰਾਂਤੀ ਰਾਹੀਂ ਥੋਪੇ ਫ਼ਸਲੀ-ਚੱਕਰ ਅਤੇ ਕੀਟਨਾਸ਼ਕਾਂ ਨੇ ਪੰਜਾਬੀ ਧਰਤੀ ਹੇਠਲੇ ਪਾਣੀ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਦਰਿਆਵਾਂ ਦੇ ਕਾਰਨ ਹੀ ਪੰਜਾਬੀ ਡੈਲਟਾ ਬਣਿਆ; ਮਿੱਟੀ ਉਪਜਾਊ ਹੈ ਤੇ ਜੇ ਹੁਣ ਦਰਿਆ ਹੀ ਖੋਹ ਲਏ ਤਾਂ ਪੰਜਾਬ ਦੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਚਾਉਣਾ ਮੁਸ਼ਕਿਲ ਹੋ ਜਾਣਾ ਅਤੇ ਜਲਦ ਹੀ ਇਸ ਨੇ ਮਾਰੂਥਲ ਬਣਨ ਵੱਲ ਵਧਣਾ ਹੈ। ਮਤਲਬ ਇਹ ਕਹਿਣਾ ਗ਼ਲਤ ਨਹੀਂ ਕਿ ਪੰਜਾਬ ਪੂਰੇ ਤਰਾਂ ਪਾਣੀ ਸੰਕਟ ’ਚ ਫਸ ਚੁੱਕਾ ਹੈ।

ਪੰਜਾਬ ਅੰਦਰ ਛੋਟੀ ਅਤੇ ਦਰਮਿਆਨੀ ਕਿਸਾਨੀ ਦੀ ਗਿਣਤੀ ਵੱਧ ਹੈ। ਜੋ ਪਹਿਲਾਂ ਹੀ ਖੇਤੀ ਦੀਆਂ ਵੱਧ ਰਹੀਆਂ ਲਾਗਤਾਂ ਦੀ ਮਾਰ ਹੇਠ ਘਿਰੀ ਹੈ; ਉਹਨੂੰ ਪਾਣੀ ਸੰਕਟ ਪੂਰੀ ਤਰਾਂ ਤਬਾਹ ਕਰ ਦੇਵੇਗਾ।

ਹੁਣ ਇਸ ਮਸਲੇ ਦੇ ਹੱਲ ਲਈ ਲੋਕਾਂ ਨੂੰ ਖ਼ੁਦ ਅੱਗੇ ਆਉਣਾ ਪਵੇਗਾ। ਲੋਕਾਂ ਦੀਆਂ ਇਨਕਲਾਬੀ ਅਤੇ ਜਮਹੂਰੀ ਧਿਰਾਂ ਨੂੰ ਇਸ ਮਸਲੇ ’ਤੇ ਆਵਾਜ਼ ਬੁਲੰਦ ਕਰਨੀ ਪਵੇਗੀ। ਸਾਨੂੰ 78-80 ਜਿਹੀਆਂ ਧਾਰਾਵਾਂ ਨੂੰ ਗੈਰ ਸੰਵਿਧਾਨਿਕ ਐਲਾਨਦੇ ਹੋਏ ਰੱਦ ਕਰਨ ਦੀ ਮੰਗ ਕਰਨੀ ਚਾਹੀਦੀ ਹੈ।

## ਭਾਰਤ-ਪਾਕ ਵੰਡ ਲਈ ਜਿਨਾਹ

ਸ਼ਰਤ ਇਹ ਸੀ, "ਮੁਸਲਿਮ ਲੀਗ ਅਤੇ ਮੁਸਲਮਾਨਾਂ ਦੇ ਸਰੋਕਾਰਾਂ ਪ੍ਰਤੀ ਵਫ਼ਾਦਾਰੀ ਦਾ ਇਹ ਅਰਥ ਨਹੀਂ ਹੋਵੇਗਾ ਕਿ ਉਸ ਦਾ ਪਰਛਾਵਾਂ ਵੀ ਦੇਸ ਪ੍ਰਤੀ ਉਨਾਂ ਦੀ ਨਿਸ਼ਠਾ 'ਤੇ ਪਵੇ ਜਿਸ ਲਈ ਉਨਾਂ ਨੇ ਆਪਣਾ ਜੀਵਨ ਸਮਰਪਿਤ ਕੀਤਾ ਹੈ।" ਉਹ ਮੁਸਲਿਮ ਗੋਖਲੇ ਬਣਨਾ ਚਾਹੁੰਦੇ ਸਨ।

ਜਦੋਂ ਉਹ 1916 ਵਿੱਚ ਕਾਂਗਰਸ ਅਤੇ ਮੁਸਲਿਮ ਲੀਗ ਨੂੰ ਇਕੱਠੇ ਕਰਨ ਵਿੱਚ ਕਾਮਯਾਬ ਹੋਏ ਤਾਂ ਉਨਾਂ ਦਾ ਸੁਫ਼ਨਾ ਲਗਭਗ ਪੂਰਾ ਹੋ ਗਿਆ ਸੀ। ਇਹ ਸੁਫ਼ਨਾ ਚਾਰ ਸਾਲ ਬਾਅਦ ਉਸ ਸਮੇਂ ਟੁੱਟਿਆ ਜਦੋਂ ਉਨਾਂ ਨੇ ਉਤਾਵਲੇਪਣ ਵਿੱਚ ਮਹਾਤਮਾ ਗਾਂਧੀ ਅਤੇ ਉਨਾਂ ਦੀ ਅਸਹਿਯੋਗ ਦੀ ਸਿਆਸਤ, ਜਿਸ ਬਾਰੇ ਉਨਾਂ ਦੀ ਧਾਰਨਾ ਸੀ ਕਿ ਇਹ ਅਰਾਜਕਤਾ ਤੇ ਹਿੰਸਾ ਫੈਲਾਏਗੀ, ਦਾ ਵਿਰੋਧ ਕੀਤਾ। ਇਸ ਕਰਕੇ ਉਨਾਂ ਨੂੰ ਕਾਂਗਰਸ ਵਿੱਚੋਂ ਕੱਢ ਦਿੱਤਾ ਗਿਆ।

ਕਾਂਗਰਸ ਛੱਡਣ ਲਈ ਮਜਬੂਰ ਹੋਣ ਮਗਰੋਂ ਵੀ ਉਨਾਂ ਵਿੱਚ ਹਿੰਦੂ-ਮੁਸਲਿਮ ਏਕਤਾ ਦੀ ਉਮੀਦ ਨਹੀਂ ਮਰੀ ਸੀ। ਉਨਾਂ ਨੇ ਮੁਸਲਮਾਨਾਂ ਦੀਆਂ ਫ਼ਿਰਕੂ ਤਾਕਤਾਂ ਨਾਲ ਸੁਲਾਹ ਕਰਨ ਤੋਂ ਇਨਕਾਰ ਕਰ ਦਿੱਤਾ। ਕਾਂਗਰਸ ਛੱਡਣ ਮਗਰੋਂ ਵੀ ਉਨਾਂ ਦਾ ਕੌਮੀ ਲੀਡਰ ਵਾਲਾ ਵਕਾਰ ਕਾਇਮ ਰਿਹਾ। ਉਨਾਂ ਨੇ ਆਪਣੇ ਭਾਈਚਾਰੇ ਦੇ ਹਿੱਤਾਂ ਨੂੰ ਦੇਸ ਦੇ ਹਿੱਤਾਂ ਤੋਂ ਉੱਪਰ ਰੱਖਣ ਤੋਂ ਇਨਕਾਰ ਕਰ ਦਿੱਤਾ। ਮਹਿਮੂਦਾਬਾਦ ਦੇ ਰਾਜਾ ਯਾਦ ਕਰਦਿਆਂ ਕਹਿੰਦੇ ਹਨ। ਸਾਲ 1926 ਵਿੱਚ ਜਦੋਂ ਉਹ ਬੱਚੇ ਸਨ ਤਾਂ ਜਿਨਾਹ ਨੇ ਉਨਾਂ ਨੂੰ ਪੁੱਛਿਆ, "ਤੁਸੀਂ ਪਹਿਲਾਂ ਕੀ ਹੋ, ਮੁਸਲਮਾਨ ਜਾਂ ਭਾਰਤੀ?" ਉਨਾਂ ਕਿਹਾ ਕਿ ਮੈਂ ਪਹਿਲਾਂ ਮੁਸਲਮਾਨ ਹਾਂ ਤੇ ਬਾਅਦ ਵਿੱਚ ਭਾਰਤੀ। ਇਸ ਗੱਲ 'ਤੇ ਜਿਨਾਹ ਨੇ ਝਿੜਕਿਆ ਤੇ ਕਿਹਾ, "ਮੇਰੇ ਬੱਚੇ, ਨਹੀਂ, ਤੁਸੀਂ ਪਹਿਲਾਂ ਭਾਰਤੀ ਹੋ ਫਿਰ ਮੁਸਲਮਾਨ।"

ਕਾਂਗਰਸ ਵਿੱਚੋਂ ਕੱਢੇ ਜਾਣ ਮਗਰੋਂ ਉਨਾਂ ਨੇ ਆਪਣੀ ਸਾਰੀ ਊਰਜਾ ਅਸੈਂਬਲੀ ਦੇ ਅੰਦਰੋਂ ਹੀ ਬਰਤਾਨਵੀ ਸਾਮਰਾਜ ਖ਼ਿਲਾਫ਼ ਲੜਨ ਵਿੱਚ ਲਾ ਦਿੱਤੀ। ਉਨਾਂ ਨੇ ਆਜ਼ਾਦ ਉਮੀਦਵਾਰਾਂ ਦੀ ਪਾਰਟੀ ਬਣਾਈ ਅਤੇ ਗਾਂਧੀ ਦੀ ਸਿਆਸਤ ਦੇ ਵਿਰੋਧੀਆਂ ਨਾਲ ਸਹਿਯੋਗ ਕੀਤਾ। ਉਹ ਸਵਰਾਜ ਪਾਰਟੀ ਦੇ ਮੈਂਬਰ ਵਜੋਂ ਅਸੈਂਬਲੀ ਵਿੱਚ ਦਾਖਲ ਹੋਏ ਪਰ ਇਸ ਸਭ ਦੌਰਾਨ ਉਹ ਲਗਾਤਾਰ ਕਾਂਗਰਸ ਵਿੱਚ ਰਲੇਵੇਂ ਦੇ ਮੌਕੇ ਤਲਾਸ਼ਦੇ ਰਹੇ।

ਜਿੰਨੇ ਸਾਲ ਵੀ ਉਹ ਅਸੈਂਬਲੀ ਵਿੱਚ ਰਹੇ ਉਹ ਸਰਕਾਰ ਦੇ ਕੱਟੜ ਵਿਰੋਧੀ ਵਜੋਂ ਜਾਣੇ ਜਾਂਦੇ ਸਨ। ਉਨਾਂ ਵੱਲੋਂ ਚੁੱਕੇ ਮਸਲਿਆਂ ਨੇ ਭਵਿੱਖ ਦੇ ਭਾਰਤ ਨੂੰ ਆਕਾਰ ਦਿੱਤਾ। ਜਿਵੇਂ- ਮੁੱਢਲੀ ਸਿੱਖਿਆ, ਫ਼ੌਜ ਦਾ ਭਾਰਤੀਕਰਨ, ਸਿਵਲ ਸੇਵਾ ਅਤੇ ਆਰਥਿਕ ਆਜ਼ਾਦੀ ਵਰਗੇ ਮਸਲੇ। ਉਨਾਂ ਨੇ ਰੌਲਟ ਐਕਟ ਖ਼ਿਲਾਫ਼ ਅੰਤ ਤੱਕ ਲੜਾਈ ਲੜੀ। ਇਸ ਦੇ ਪਾਸ ਹੋਣ ਦੇ ਵਿਰੋਧ ਵਜੋਂ ਉਨਾਂ ਨੇ ਆਪਣੀ ਸੀਟ ਤੋਂ ਅਸਤੀਫ਼ਾ ਦਿੱਤਾ। ਉਹ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਵਾਲੇ ਪਹਿਲੇ ਸ਼ਖ਼ਸ ਸਨ। ਇਸ ਵਿੱਚ ਕੋਈ ਭਾਰਤੀ ਨਹੀਂ ਸੀ ਜਦਕਿ ਇਸ ਨੂੰ ਸਰਕਾਰ ਵਿੱਚ ਸੁਧਾਰ ਕਰਨ ਲਈ ਭੇਜਿਆ ਗਿਆ ਸੀ। ਇਸ ਦੀ ਕੀਮਤ ਉਨਾਂ ਨੂੰ ਮੁਸਲਿਮ ਲੀਗ ਦੀ ਵੰਡ ਨਾਲ ਚੁਕਾਉਣੀ ਪਈ। ਮੁਹੰਮਦ ਸ਼ਫੀ ਦੀ ਅਗਵਾਈ ਵਿੱਚ ਮੁਸਲਿਮ ਲੀਗ ਦੇ ਇੱਕ ਧੜੇ ਨੇ ਲੀਗ ਛੱਡ ਦਿੱਤੀ ਅਤੇ ਸਾਈਮਨ ਕਮਿਸ਼ਨ ਦਾ ਸਹਿਯੋਗ ਕਰ ਰਹੀ ਹਿੰਦੂ ਮਹਾਂ ਸਭਾ ਨਾਲ ਹੱਥ ਮਿਲਾ ਕੇ ਨਵੀਂ ਪਾਰਟੀ ਬਣਾ ਲਈ।

ਇੱਕ ਸਰਬ ਪਾਰਟੀ ਸੰਮੇਲਨ ਵਿੱਚ ਹਿੰਦੂ ਮਹਾਂ ਸਭਾ ਨੇ ਉਨਾਂ ਦੇ ਮੁਸਲਿਮ ਲੀਗ ਅਤੇ ਕਾਂਗਰਸ ਦੇ ਏਕੇ ਦੇ ਯਤਨਾਂ ਨੂੰ ਨਾਕਾਮ ਕਰ ਦਿੱਤਾ। ਸਮਾਗਮ ਤੋਂ ਬਾਅਦ ਉਹ ਰੋਏ ਅਤੇ ਇਸ ਘਟਨਾ ਨੂੰ ਉਨਾਂ ਨੇ ਕਾਂਗਰਸ ਤੋਂ ਵੱਖ ਹੋਣਾ ਦੱਸਿਆ। ਜਦਕਿ ਉਨਾਂ ਨੂੰ 8 ਸਾਲ ਪਹਿਲਾਂ ਹੀ ਕਾਂਗਰਸ ਵਿੱਚੋਂ ਕੱਢਿਆ ਜਾ ਚੁੱਕਿਆ ਸੀ।

ਭਾਰਤ ਦੀ ਵੰਡ ਦੇ ਸਮੇਂ ਦੀ ਹਿਜਰਤ ਦੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਹਿਜਰਤਾਂ ਵਿੱਚ ਗਿਣੀ ਜਾਂਦੀ ਹੈ। ਇਸ ਮਗਰੋਂ ਵੀ ਉਹ ਰਾਸ਼ਟਰਵਾਦੀ ਬਣੇ ਰਹੇ ਅਤੇ ਉਨਾਂ ਨੇ ਇਕਬਾਲ ਦੀ ਪਾਕਿਸਤਾਨ ਵਾਲੀ ਗੱਲ ਨੂੰ ਇੱਕ ਕਵੀ ਦਾ ਸੁਫ਼ਨਾ ਕਿਹਾ। ਅਜਿਹੇ ਸਮਕਾਲੀ ਲੋਕ ਵੀ ਹਨ ਜੋ ਵੰਡ ਲਈ ਕਾਂਗਰਸ ਨੂੰ ਜ਼ਿੰਮੇਵਾਰ ਮੰਨਦੇ ਹਨ, ਜਿਨਾਹ ਨੂੰ ਨਹੀਂ। ਉਨਾਂ ਦੇ ਕਰੀਬੀ ਦੋਸਤ ਕਾਂਜੀ ਰਾਮ ਦਵਾਰਕਾ ਦਾਸ ਨੇ ਆਪਣੀ ਕਿਤਾਬ "ਟੈਨ ਈਅਰਜ਼ ਟੂ ਫਰੀਡਮ" ਵਿੱਚ 28 ਅਗਸਤ 1942 ਦੀ ਹੋਈ ਆਪਣੀ 90 ਮਿੰਟਾਂ ਦੀ ਮੁਲਾਕਾਤ ਦਾ ਜ਼ਿਕਰ ਕੀਤਾ ਹੈ। ਉਨਾਂ ਲਿਖਿਆ ਹੈ ਕਿ ਜਿਨਾਹ ਨੇ ਕਦੇ ਕਲਪਨਾ ਨਹੀਂ ਕੀਤੀ ਸੀ ਕਿ ਪਾਕਿਸਤਾਨ ਕਦੇ ਹੋਂਦ ਵਿੱਚ ਆਵੇਗਾ।

# ਭਾਜਪਾ ਵਿਧਾਇਕ 'ਤੇ ਬਲਾਤਕਾਰ ਦਾ ਦੋਸ਼

**ਦੇਹਰਾਦੂਨ/ਏ.ਟੀ.ਨਿਊਜ਼:** ਇਕ ਮਹਿਲਾ ਨੇ ਉਤਰਾਖੰਡ ਦੇ ਭਾਜਪਾ ਵਿਧਾਇਕ ਉੱਤੇ ਉਸ ਨਾਲ 2016 ਤੋਂ 2018 ਤੱਕ ਕਈ ਵਾਰ ਬਲਾਤਕਾਰ ਕਰਨ ਦਾ ਦੋਸ਼ ਲਾਉਂਦਿਆਂ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ। ਦੂਜੇ ਪਾਸੇ ਵਿਧਾਇਕ ਦੀ ਪਤਨੀ ਨੇ ਮਹਿਲਾ ਵਿਰੁੱਧ ਉਸ ਦੇ ਪਤੀ ਨੂੰ ਬਲੈਕਮੇਲ ਕਰਨ ਦੀ ਸ਼ਿਕਾਇਤ ਦੇ ਦਿੱਤੀ ਹੈ।

ਡੀ ਜੀ (ਲਾਅ ਐਂਡ ਆਰਡਰ) ਅਸ਼ੋਕ ਕੁਮਾਰ ਨੇ ਦੱਸਿਆ ਕਿ ਵਿਆਹੁਤਾ ਮਹਿਲਾ ਨੇ ਦਵਾਰਹਾਟ ਦੇ ਭਾਜਪਾ ਵਿਧਾਇਕ ਮਹੇਸ਼ ਯੋਗੀ ਵਿਰੁੱਧ ਨਹਿਰੂ ਕਾਲੋਨੀ ਥਾਣੇ ਵਿਚ ਐਤਵਾਰ ਸ਼ਿਕਾਇਤ ਦਿੱਤੀ। ਮਹਿਲਾ ਮੁਤਾਬਿਕ ਵਿਧਾਇਕ ਨੇ ਉਸ ਨੂੰ ਮਸੂਰੀ, ਨੈਨੀਤਾਲ, ਦਿੱਲੀ, ਹਿਮਾਚਲ ਤੇ ਨੇਪਾਲ ਲਿਜਾ ਕੇ ਬਲਾਤਕਾਰ ਕੀਤਾ। ਉਸ ਦੀ ਬੱਚੀ ਦਾ ਪਿਤਾ ਉਹ ਹੈ। ਡੀ ਐੱਨ ਏ ਟੈੱਸਟ ਕਰਵਾ ਕੇ ਤਸੱਲੀ ਕਰ ਲਈ ਜਾਵੇ। ਵਿਧਾਇਕ ਦੇ ਘਰ ਕੋਲ ਰਹਿਣ ਵਾਲੀ ਮਹਿਲਾ ਨੇ ਕਿਹਾ ਕਿ ਉਹ 2016 ਵਿਚ ਮਾਂ ਦੀ ਬਿਮਾਰੀ ਦੇ ਸੰਬੰਧ ਵਿਚ ਵਿਧਾਇਕ ਨੂੰ ਮਿਲੀ ਸੀ। ਵਿਧਾਇਕ ਦੀ ਪਤਨੀ ਨੇ ਚੁੱਪ ਰਹਿਣ ਲਈ ਉਸ ਨੂੰ 25 ਲੱਖ ਰੁਪਏ ਦੇਣ ਦੀ ਗੱਲ ਕਹੀ ਸੀ। ਵਿਧਾਇਕ ਦੀ ਪਤਨੀ ਵੱਲੋਂ ਨਹਿਰੂ ਕਾਲੋਨੀ ਥਾਣੇ ਵਿਚ ਦਰਜ ਕਰਾਈ ਗਈ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਪੰਜ ਕਰੋੜ ਲੈਣ ਮਹਿਲਾ ਉਸ ਦੇ ਪਤੀ ਨੂੰ ਬਲੈਕਮੇਲ ਕਰ ਰਹੀ ਹੈ।

ਭਾਜਪਾ ਵਿਧਾਇਕ ਖ਼ਿਲਾਫ਼ ਦੋਸ਼ ਨੇ ਸੂਬੇ ਦਾ ਸਿਆਸੀ ਪਾਰਾ ਚੜਾਅ ਦਿੱਤਾ ਹੈ। ਕਾਂਗਰਸ ਪ੍ਰਧਾਨ ਪ੍ਰੀਤਮ ਸਿੰਘ ਨੇ ਕਿਹਾ ਹੈ ਕਿ ਡੀ ਐੱਨ ਏ ਟੈੱਸਟ ਕਰਵਾ ਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕੀਤਾ ਜਾਣਾ ਚਾਹੀਦਾ ਹੈ।




jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com